ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free

ਸਾਲ: 2 ਅੰਕ : 1 Phone : 780 465 9118, 403 775 2100 Fax: 780 465 0661, e-mail: info@nawidunia.com ਜਨਵਰੀ-2011




ਪ੍ਰਕਾਸ਼ ਦਿਹਾੜਾ - 11 ਜਨਵਰੀ - ਸ੍ਰੀ ਗੁਰੂ ਗੋਬਿੰਦ ਸਿੰਘ ਜੀ


ਦੋ ਮਿਲੀਅਨ ਲੋਕਾਂ ਦੀ ਸਿਹਤ ਦਾ ਜਾਇਜ਼ਾ ਲੈਣ ਦੀ ਤਿਆਰੀ ਪੰਨਾ-3

ਲੀਡਰ ਲਸ਼ਕਰ ਲੈ ਲਾਮਬੰਦੀ ਲਈ ਨਿਕਲ ਤੁਰੇ ਪੰਨਾ-9

ਅਰਥ ਤੋਂ ਬੇਅਰਥ ਤੱਕ ਦਾ ਪੈਂਡਾ ਪੰਨਾ-28

ਨਵੀਂ ਦੁਨੀਆ ਦਾ ਇਕ ਸਾਲ ਦਾ ਸਫਰ ਪੰਨਾ-38






## ਬੇਕਾਬੂ ਹੋਈ ਮਹਿੰਗਾਈ

# ਮੰਤਰੀ ਉਲਝੇ, ਮਹਿੰਗਾਈ ਉਪਰ ਪ੍ਰਧਾਨ ਮੰਤਰੀ ਦੀ ਮੀਟਿੰਗ ਬੇਸਿੱਟਾ

ਨਵੀਂ ਦਿੱਲੀ (ਨ.ਦ.ਬ) ਮਹਿੰਗਾਈ ਦੀ ਦਰ ਉਪਰ ਵਧਣ ਅਤੇ ਸਰਕਾਰ ਦਾ ਗ੍ਰਾਫ ਹੇਠਾਂ ਜਾਣ ਕਾਰਨ ਚਿੰਤਤ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਚਿੰਤਨ ਕਾਂਗਰਸ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਵਿਚਾਲੇ ਸਿਆਸਤ ਦੀ ਭੇਟ ਚੜ੍ਹ ਗਿਆ। ਪਿਆਜ਼ ਦੀਆਂ ਕੀਮਤਾਂ ਨੂੰ ਲੈ ਕੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਅਤੇ ਖੇਤੀ ਮੰਤਰੀ ਸ਼ਰਦ ਪਵਾਰ ਵਿਚਾਲੇ ਹੋਈ ਤਕਰਾਰ ਨੇ ਅਜਿਹੀ ਨੌਬਤ ਲਿਆ ਦਿੱਤੀ ਕਿ ਦੋ ਘੰਟੇ ਦੀ ਮੀਟਿੰਗ ਮਹਿੰਗਾਈ ਦੀ ਰਫ਼ਤਾਰ ਘਟਾਉਣ ਦਾ ਕੋਈ ਮੰਤਰ ਕੱਢੇ ਬਿਨਾਂ ਹੀ ਖਤਮ ਕਰਨੀ ਪਈ। ਕੀਮਤਾਂ ਵਿੱਚ ਵਾਧੇ ਦਾ ਠੀਕਰਾ ਪਵਾਰ ਸਿਰ ਭੰਨਣ ਦੀ ਪ੍ਰਣਬ ਦੀ ਕੋਸ਼ਿਸ਼ ਕਾਰਨ ਦੋਵੇਂ ਆਗੂਆਂ ਵਿਚਾਲੇ ਗਰਮਾ-ਗਰਮ ਬਹਿਸ ਹੋ ਗਈ।

ਸੂਤਰਾਂ ਮੁਤਾਬਕ ਪ੍ਰਣਬ ਨੇ ਉਤਪਾਦਨ ਭਰਪੂਰ ਹੋਣ ਦੇ ਬਾਵਜੂਦ ਪਿਆਜ਼ ਦੀਆਂ ਕੀਮਤਾਂ ਵਿੱਚ ਵਾਧੇ ਦੇ ਰਹੱਸ ਨੂੰ ਲੈ ਕੇ ਸਵਾਲ ਉਠਾਏ ਤਾਂ ਪਵਾਰ ਨੇ ਇਸ ਉਪਰ ਤਲਖੀ ਨਾਲ ਜਵਾਬ ਦਿੱਤਾ। ਖੰਡ ਦੀਆਂ ਕੀਮਤਾਂ ਨਿਸਚਿਤ ਕਰਨ ਨੂੰ ਲੈ ਕੇ ਵੀ ਪ੍ਰਣਬ ਦਾ ਸਵਾਲ ਕਰਨਾ ਪਵਾਰ ਨੂੰ ਕੌੜਾ ਲੱਗਿਆ।

ਹਾਲੇ ਤਕ ਆਮ ਆਦਮੀ ਨੂੰ ਰਾਹਤ ਦਿਵਾਉਣ ਵਿੱਚ ਨਾਕਾਮ ਰਹੇ ਪ੍ਰਧਾਨ ਮੰਤਰੀ ਨੂੰ ਸਾਰਿਆਂ ਨਾਲੋਂ ਜ਼ਿਆਦਾ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ ਕਿ ਖੁਰਾਕੀ ਵਸਤੂਆਂ ਦੀ ਮਹਿੰਗਾਈ ਦਰ 18 ਫੀਸਦੀ ਤੋਂ ਪਾਰ ਜਾ ਚੁੱਕੀ ਹੈ। ਜਨਤਾ ਦੀ ਪ੍ਰੇਸ਼ਾਨੀ ਅਤੇ ਉਠ ਰਹੇ ਸਵਾਲਾਂ ਦਾ ਜਵਾਬ ਦੇਣਾ ਮੁਸ਼ਕਲ ਹੋ ਰਿਹਾ ਹੈ।

# ਸਿਆਸਤਦਾਨਾਂ, ਅਫਸਰਸ਼ਾਹੀ ਤੇ ਪ੍ਰਾਈਵੇਟ ਬਿਲਡਰਾਂ ਦੀ ਹੋਵੇਗੀ ਚਾਂਦੀ

## ਪੀ ਜੀ ਆਈ ਦੀ ਵੱਖੀ ’ਚ ਨਵਾਂ ਚੰਡੀਗੜ੍ਹ ਉਸਾਰਨ ਦੀ ਤਿਆਰੀ

ਚੰਡੀਗੜ੍ਹ (ਰਾਜਮੀਤ ਸਿੰਘ) : ਕੌਮੀ ਤੇ ਕੌਮਾਂਤਰੀ ਪੱਧਰ ’ਤੇ ਖਾਸ ਮੁਕਾਮ ਰੱਖਣ ਵਾਲੇ ਚੰਡੀਗੜ੍ਹ ਦੇ ਨਾਂ ਦਾ ਲਾਹਾ ਲੈਣ ਲਈ ਪੰਜਾਬ ਸਰਕਾਰ ਪੱਬਾਂ ਭਾਰ ਹੋ ਗਈ ਹੈ। ਉਸ ਨੇ ਪੀ.ਜੀ.ਆਈ. ਨਾਲ ਇਕ ਨਵਾਂ ਚੰਡੀਗੜ੍ਹ ਬਣਾਉਣ ਦਾ ਫੈਸਲਾ ਕਰ ਲਿਆ ਹੈ। ਸਰਕਾਰ ਦੀ ਇਸ 'ਕਾਰਵਾਈ' ਦਾ ਬਹੁਤਾ ਲਾਭ ਸਿਆਸਤਦਾਨਾਂ, ਅਫਸਰਸ਼ਾਹੀ ਤੇ ਪ੍ਰਾਈਵੇਟ ਬਿਲਡਰਾਂ ਨੂੰ ਮਿਲਣਾ ਤੈਅ ਹੈ। ਇਹ ਵੱਡੇ ਲੋਕ ਜ਼ਮੀਨਾਂ ਖਰੀਦ ਕੇ ਚੰਡੀਗੜ੍ਹ ਦਾ ਨਾਂ ਵਰਤਣਗੇ, ਜਿਸ ਨਾਲ ਉਨ੍ਹਾਂ ਦੀ ਪ੍ਰਾਜੈਕਟਾਂ ਤੋਂ ’ਚਾਂਦੀ ਹੀ ਚਾਂਦੀ’ ਹੋਵੇਗੀ। ਪੰਜਾਬ ਖੇਤਰੀ ਤੇ ਸ਼ਹਿਰੀ ਯੋਜਨਾ ਤੇ ਵਿਕਾਸ ਬੋਰਡ ਦੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਵਿਚ ਮੀਟਿੰਗ ਹੋਈ, ਜਿਸ ਵਿਚ ਉਨ੍ਹਾਂ ਨੇ ਨਵੇਂ ਚੰਡੀਗੜ੍ਹ ਨੂੰ ਵਸਾਉਣ ਦੀ ਪ੍ਰਵਾਨਗੀ ਦੇ ਦਿੱਤੀ।

ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਸਕੱਤਰ ਡਾ. ਐਸ.ਐਸ. ਸੰਧੂ ਮੁਤਾਬਕ ਕਿਸੇ ਵੱਡੇ ਸ਼ਹਿਰ ਦੇ ਨਾਲ ਨਵਾਂ ਸ਼ਹਿਰ ਵਸਾਉਣ ਵੇਲੇ ਉਸ ਦਾ ਨਾਂ ਲਾਉਣਾ ਆਮ ਗੱਲ ਹੈ। ਜਿਵੇਂ ਨਵੀਂ ਮੁੰਬਈ ਦਾ ਨਾਂ ਮੁੰਬਈ ਤੋਂ ਲਿਆ ਗਿਆ ਜੇਕਰ ਨਵਾਂ ਚੰਡੀਗੜ੍ਹ ਨਾਂ ਰੱਖ ਲਿਆ ਤਾਂ ਕੀ ਹਰਜ਼ ਹੈ। ਉਨ੍ਹਾਂ ਕਿਹਾ ਕਿ ਨਵਾਂ ਚੰਡੀਗੜ੍ਹ ਨਾਂ ਸਰਕਾਰ ਨੇ ਆਪ ਨਹੀਂ ਸਗੋਂ ਵੱਖ-ਵੱਖ ਵਰਗਾਂ ਵੱਲੋਂ ਦਿੱਤੇ ਸੁਝਾਆਂ ’ਤੇ ਰੱਖਿਆ ਗਿਆ ਹੈ।

ਬੋਰਡ ਦੀ ਮੀਟਿੰਗ ਵਿਚ ਵਿਚ ਫੈਸਲਾ ਕੀਤਾ ਗਿਆ ਕਿ ਮੁੱਲਾਂਪੁਰ ਲੋਕਲ ਵਿਕਾਸ ਖੇਤਰ ਮਾਸਟਰ ਪਲਾਨ ਨੂੰ ਨਵਾਂ ਚੰਡੀਗੜ੍ਹ ਦਾ ਨਾਂ ਦੇ ਦਿੱਤਾ ਜਾਵੇ।

ਵਰਨਣਯੋਗ ਹੈ ਕਿ 1993 ਵਿਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੇ ਚੰਡੀਗੜ੍ਹ ਦੀ ਉਤਰੀ ਪੈਰੀਫੇਰੀ ਲਈ ਨਵਾਂ ਚੰਡੀਗੜ੍ਹ ਪ੍ਰਾਜੈਕਟ ਤਿਆਰ ਕੀਤਾ ਸੀ। ਲਗਦਾ ਹੈ ਕਿ ਅਕਾਲੀ ਸਰਕਾਰ ਨੇ ਉਸ ਪ੍ਰਾਜੈਕਟ ਦੇ ਨਾਂ ਨੂੰ ਆਪਣੇ ਖਾਤੇ ਵਿਚ ਪਾ ਲਿਆ। 1993 ਦੇ ਪ੍ਰਾਜੈਕਟ ਦੇ ਵਿਰੋਧ ਵਿਚ ਸਥਾਨਕ ਲੋਕਾਂ ਨੇ ਆਵਾਜ਼ ਉਠਾਈ ਸੀ ਤੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਨੇ ਪ੍ਰਾਜੈਕਟ ਦੀ ਫਾਈਲ ਬੰਦ ਕਰ ਦਿੱਤੀ ਸੀ। ਉਦੋਂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਖੁਦ ਨਵੇਂ ਚੰਡੀਗੜ੍ਹ, ਪ੍ਰਾਜੈਕਟ ਦਾ ਵਿਰੋਧ ਕੀਤਾ ਸੀ। ਮੁੱਲਾਂਪੁਰ ਦਾ ਨਾਂਅ ’ਨਵਾਂ ਚੰਡੀਗੜ੍ਹ’ ਰੱਖਣ ਸਬੰਧੀ ਇੰਡੀਅਨ ਇੰਸਟੀਚਿਊਟ ਆਫ ਆਰਕੀਟੈਕਟ (ਆਈ.ਆਈ.ਏ.) ਦੇ ਕੌਮੀ ਮੀਤ ਪ੍ਰਧਾਨ ਜੀਤ ਕੁਮਾਰ ਗੁਪਤਾ ਨੇ ਕਿਹਾ, ’’ਪੰਜਾਬ ਸਰਕਾਰ ਦੀ ਯੋਜਨਾ ’ਚ ’ਦਾਲ ਵਿਚ ਕਾਲਾ’ ਨਜ਼ਰ ਆਉਂਦਾ ਹੈ। ਉਹ ਅਜਿਹਾ ਕਰਕੇ ਜਿੱਥੇ ਪ੍ਰਾਈਵੇਟ ਕਲੋਨਾਈਜ਼ਰਾਂ ਦੀ ਮਦਦ ਕਰ ਰਹੀ ਹੈ, ਉਥੇ ਉਸ ਦੇ ਆਪਣੇ ਵੀ ਹਿੱਤ ਨਜ਼ਰ ਆਉਂਦੇ ਹਨ। ਇਸ ਪ੍ਰਾਜੈਕਟ ਲਈ ਹਾਲੇ ਤਕ ਕੋਈ ਅਧਿਐਨ ਨਹੀਂ ਹੋਇਆ, ਸਰਕਾਰ ਸਿਰਫ ਇਸ ਸੁੰਦਰ ਸ਼ਹਿਰ ਦਾ ਨਾਂਅ ਵਰਤ ਰਹੀ ਹੈ।’’



ਇਸ ਨਵੇਂ ਵਰ੍ਹੇ ਦੇ ਨਾਲ ਹੀ ‘ਨਵੀਂ ਦੁਨੀਆ’ ਨੇ ਦੂਸਰੇ ਵਰ੍ਹੇ ਵਿਚ ਪ੍ਰਵੇਸ਼ ਕਰ ਲਿਆ ਹੈ। ਇਸ ਵਰ੍ਹੇ ’ਚ ਅਸੀਂ ਨਵੇਂ ਅਹਿਦ, ਨਵੇਂ ਸਕੰਲਪਾਂ ਨਾਲ ਪਾਠਕਾਂ ਨੂੰ ਮੁਖਾਤਬ ਹਾਂ। ਅਦਾਰਾ ‘ਨਵੀਂ ਦੁਨੀਆ’ ਸਮੂਹ ਚੁਣੌਤੀਆਂ ਨੂੰ ਕਬੂਲ ਕਰਦੇ ਹੋਏ, ਪਾਠਕਾਂ, ਇਸ਼ਤਿਹਾਰਦਾਤਾਵਾਂ ਅਤੇ ਸਮੂਹ ਸਹਿਯੋਗੀਆਂ ਨੂੰ ਨਵੇਂ ਵਰ੍ਹੇ, ਕ੍ਰਿਸਮਿਸ ਅਤੇ ਲੋਹੜੀ ਦੀਆਂ ਮੁਬਾਰਕਾਂ ਭੇਟ ਕਰਦਾ ਹੈ।

# ਐਰੀਜ਼ੋਨਾ ਗੋਲੀ ਕਾਂਡ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀਆਂ

ਅਮਰੀਕਾ (ਨ.ਦ.ਬ) ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਐਰੀਜ਼ੋਨਾ ਵਿੱਚ ਮਾਰੇ ਗਏ 20 ਵਿਅਕਤੀਆਂ ਨੂੰ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀਆਂ ਦਿੱਤੀਆਂ। ਓਬਾਮਾ ਨੇ ਇਸ ਗੋਲੀ ਕਾਂਡ ਵਿੱਚ ਹਮਲਾਵਰ ਨੂੰ ਰੋਕਣ ਦਾ ਸਾਹਸ ਦਿਖਾਉਣ ਵਾਲੇ ਕਰਨਲ ਅਤੇ ਗਿਫਰਡਜ਼ ਦੀ ਸਹਾਇਕ ਮਹਿਲਾ ਦੀ ਸ਼ਲਾਘਾ ਕੀਤੀ। ਇਨ੍ਹਾਂ ਵਿਅਕਤੀਆਂ ਦੀ ਯਾਦ ਵਿੱਚ ਅੱਧੇ ਝੰਡੇ ਝੁਕਾ ਕੇ ਸਰਧਾਂਜਲੀ ਦਿੱਤੀ ਗਈ। ਇਥੇ ਜੁੜੇ ਕਾਂਗਰਸ ਦੇ ਸੈਂਕੜੇ ਮੰਤਰੀਆਂ ਤੇ ਸਹਾਇਕਾਂ ਨੇ ਗੋਲੀ ਕਾਂਡ ਦੇ ਪੀੜਤਾਂ ਨੂੰ ਇਕ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਦਿੱਤੀ। ਡੈਮੋਕਰੈਟਿਕ ਪਾਰਟੀ ਦੇ ਪ੍ਰਤੀਨਿਧ ਈ. ਕਲੀਵਰ ਨੇ ਵੀ ਇਸ ਮੌਕੇ ਸੰਬੋਧਨ ਕੀਤਾ।



ਜ਼ਿਕਰਯੋਗ ਹੈ ਕਿ ਸੰਸਦ ਮੈਂਬਰ ਗੈਬਰੇਲ ਗਿਫਰਡਜ਼ ਜਦੋਂ ਆਪਣੇ ਹਲਕੇ ਦੇ ਲੋਕਾਂ ਨੂੰ ਸੰਬੋਧਨ ਕਰ ਰਹੀ ਸੀ ਤਾਂ ਇਕ ਨੌਜਵਾਨ ਲੌਗਨਰ ਨੇ ਆਪਣੀ ਸੈਮੀ-ਆਟੋਮੈਟਿਕ ਪਿਸਤੌਲ ਰਾਹੀਂ 31 ਗੋਲੀਆਂ ਦਾਗੀਆਂ ਜਿਸ ਵਿੱਚ ਗਿਫਰਡਜ਼ ਗੰਭੀਰ ਜ਼ਖਮੀ ਹੋ ਗਈ। ਇਸ ਗੋਲੀ ਕਾਂਡ ਵਿੱਚ 20 ਜਣੇ ਮਾਰੇ ਗਏ ਜਿਨ੍ਹਾਂ ਵਿੱਚ ਇਕ ਨੌ ਸਾਲਾ ਬੱਚੀ ਅਤੇ ਫੈਡਰਲ ਜੱਜ ਵੀ ਸ਼ਾਮਲ ਹਨ। ਗਿਫਰਡਜ਼ ਨੂੰ ਗੰਭੀਰ ਹਾਲਤ ਵਿੱਚ ਟਿਊਕਸਨ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿਥੇ ਉਹ ਜ਼ਿੰਦਗੀ ਮੌਤ ਨਾਲ ਜੂਝ ਰਹੀ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਲੌਗਨਰ ਜਦੋਂ ਆਪਣੀ ਪਿਸਤੌਲ ਨੂੰ ਦੂਜੀ ਵਾਰ ਲੋਡ ਕਰਨ ਲੱਗਾ ਤਾਂ ਉਥੇ ਮੌਜੂਦ ਸੇਵਾ ਮੁਕਤ ਕਰਨਲ ਬਿਲ ਬੈਡਗਰ (74) ਨੇ ਹਮਲਾਵਰ ਨੂੰ ਦਬੋਚ ਲਿਆ। ਇਸ ਕਾਂਡ ਵਿੱਚ ਕਰਨਲ ਖੁਦ ਵਾਲ ਵਾਲ ਬਚਿਆ। ਓਬਾਮਾ ਨੇ ਟਕਸਨ ਵਿੱਚ ਵਾਪਰੀ ਇਸ ਘਟਨਾ ਦੀ ਜਾਂਚ ਲਈ ਐਫ.ਬੀ.ਆਈ. ਦੇ ਡਾਇਰੈਕਟਰ ਰੋਬਰਟ ਮਿਊਲਰ ਨੂੰ ਨਿਰਦੇਸ਼ ਦਿੱਤੇ ਹਨ। ਲੌਗਨਰ ਦੇ ਘਰ ਦੀ ਤਲਾਸ਼ੀ ਦੌਰਾਨ ਕੁਝ ਸਬੂਤ ਵੀ ਹੱਥ ਲੱਗੇ ਹਨ। ਇਨ੍ਹਾਂ ਵਿੱਚ ਉਹ ਖ਼ਤ ਵੀ ਸ਼ਾਮਲ ਹੈ ਜੋ ਗਿਫਰਡਜ਼ ਨੇ ਲੌਗਨਰ ਨੂੰ ਲਿਖਿਆ ਸੀ ਜਿਸ ਵਿੱਚ ਉਸ ਦਾ ਅਗਸਤ 2007 ਦੀ ਜਨਤਕ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਗਿਆ ਸੀ। ਓਬਾਮਾ ਦੀ ਡੈਮੋਕਰੈਟਿਕ ਪਾਰਟੀ ਦੇ ਮੈਂਬਰ ਸ਼ੈਰਿਫ ਕਲੈਰੰਸ ਡੂਪਨਿਕ ਨੇ ਐਰੀਜ਼ੋਨਾ ਵਿੱਚ ਵਾਪਰ ਰਹੇ ਸਿਆਸੀ ਘਟਨਾ ਕ੍ਰਮ ਦੀ ਸਖ਼ਤ ਆਲੋਚਨਾ ਕੀਤੀ ਹੈ। ਯਾਦ ਰਹੇ ਕਿ ਡੂਪਨਿਕ ਨੇ ਮੈਕਸਿਕੋ ਤੋਂ ਹੋ ਰਹੀ ਗੈਰ ਕਾਨੂੰਨੀ ਘੁਸਪੈਠ ਨੂੰ ਠੱਲਣ ਲਈ ਸਖ਼ਤ ਕਾਨੂੰਨ ਘੜਨ ਦੀ ਜ਼ੋਰਦਾਰ ਵਕਾਲਤ ਕੀਤੀ ਸੀ। ਗਿਫਰਡਜ਼ ਨੇ ਵੀ ਸਰਹੱਦੀ ਸੁਰੱਖਿਆ ਵਧਾਉਣ ਦਾ ਸਮਰਥਨ ਕੀਤਾ ਸੀ।

ਗਿਫਰਡਜ਼ ਦੇ ਪਤੀ ਮਾਰਕ ਕੈਲੇ, ਜੋ ਕਿ ਅਮਰੀਕੀ ਜਲ ਸੈਨਾ ਦੇ ਕਪਤਾਨ ਹਨ, ਦਾ ਕਹਿਣਾ ਹੈ ਕਿ ਗੈਬੀ ਉਹੀ ਕਰ ਰਹੀ ਸੀ ਜੋ ਉਹ ਬੇਹਤਰ ਸਮਝਦੀ ਹੈ। ਇਸ ਸਮੇਂ ਉਹਦੇ ਨਾਇਕਾ ਵਜੋਂ ਉਭਰਨ ਦੀਆਂ ਕਹਾਣੀਆਂ ਚਰਚਾ ਵਿੱਚ ਹਨ ਜੋ ਇਸ ਔਖੀ ਘੜੀ ਵਿੱਚ ਸਾਨੂੰ ਸਹਾਰਾ ਦੇ ਰਹੀਆਂ ਹਨ। ਅਸੀਂ ਹਮੇਸ਼ਾ ਲੋਕਾਂ ਦੇ ਸ਼ੁਕਰਗੁਜ਼ਾਰ ਰਹਾਂਗੇ।


MILLWOODS PIZZA & INDIAN CUISINE
4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
Faryad Pannu
Take Out Buffets starting from $ 7.99
780 462 4313 Cell: 780 504 5600
Out door Catering at reasonable rates
www.millwoodspizza.com

LUTHRA LAW OFFICE
* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
SARJAN LUTHRA
B.Sc, LL.B.
Barrister Solicitor
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
780-466-4660

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services
Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
ਮੋਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੋਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੋਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

A&K DRYWALL LTD.
Best Quality at reasonable rates
ਹੋਟਲ, ਮੋਟਲ, ਬਿਜਨਿਸ ਰੈਜ਼ੀਡੈਂਸ਼ੀਅਲ ਤੇ ਹਰ ਤਰ੍ਹਾਂ ਦੇ ਇੰਸੁਲੇਸ਼ਨ, ਡਰਾਈਵਾਲ, ਟੇਪਿੰਗ, ਟੈਕਸਚਰ ਦੇ ਕੰਮ ਲਈ ਐਡਮਿੰਟਨ/ਕੈਲਗਰੀ ਚ ਸੰਪਰਕ ਕਰੋ
Rana, Edmonton : 780 245 5192
Joga, Calgary : 403 616 2329

www.aj-drivingschool.com
A & J DRIVING SCHOOL
Hybrid Cars
In house Simulators
Fully Equipped Classroom
"Where your safety comes first"
Government Approved Driving Education Programs
Raj Bajwa (Senior Instructor)
raj@aj-drivingschool.com
780.486.5090
17523 - 100 Ave. Edmonton, AB

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
Call: Shalu Badesha
Phone:780-660-3071



*Sponsor by Canada Life & Access to all Major Insurance Companies in Canada*

# STP ELECTRIC LTD.

stpelectric@hotmail.com
Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895

## EAGLE ROCK GOLF COURSE




50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments

# ALPHA Tent Rentals

All Events Big or Small
We are in this Business Since 2001



**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**



Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
Rana Pandher: 780 498 6375
Office: 780 490 5354
www.alphatentrentals.com



# PASH DRIVING SCHOOL LTD.

"Learn to drive for life...accident free with confidence"

- ✓Government Approved
- Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week







ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ
ਵਿਚ ਸੇਵਾਵਾਂ ਹਾਜ਼ਰ ਹਨ।
Shalu Badesha 780-660-3071
Jas Badesha 780-908-2296
pashdrivingschool@ymail.com

Eat-In Take-Out

# Shan-E-Punjab
## Sweets & Restaurant

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
Business Hours: 11am-9pm

Lunch Buffet & Dinner Buffet
9393-34 Avenue, Edmonton, AB.
Phone (780) 434-7373

Concept, Design and Installation
# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ
ਅੰਗਰੇਜ਼ੀ ਵਿਚ ਵਧੀਆ
ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9



www.cambridgewindow.com
Better Business Bureau ਦੇ ਮੈਂਬਰ

# ਅਮਰੀਕੀ ਡਰੱਗ ਐਨਫੋਰਸਮੈਂਟ ਐਡਮਿਨਿਸਟ੍ਰੇਸ਼ਨ ਕਰਦੀ ਹੈ ਸਿਆਸਤਦਾਨਾਂ ਦੀ ਜਾਸੂਸੀ

ਲੰਡਨ (ਨ.ਦ.ਬ.) : ਵਿਕੀਲੀਕਸ ਦੇ ਸਨਸਨੀਖੇਜ਼ ਖੁਲਾਸੇ ਜਾਰੀ ਹਨ। ਹੁਣ ਹੀ ਅਮਰੀਕੀ ਅਤੇ ਕੁੱਝ ਹੋਰ ਮੁਲਕਾਂ ਦੀਆਂ ਡਰੱਗ ਏਜੰਸੀਆਂ ਦੀ ਪੋਲ ਖੁਲ੍ਹੀ ਹੈ, ਜੋ ਨਸ਼ਿਆਂ ਦੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਅਤੇ ਆਪਣੇ ਆਪਣੇ ਮੁਲਕਾਂ ਦੇ ਮੁਖੀਆਂ ਦੇ ਕਹਿਣ 'ਤੇ ਰਾਜਨੀਤਿਕ ਹਸਤੀਆਂ ਦੀ ਜਾਸੂਸੀ ਦਾ ਕੰਮ ਕਰ ਰਹੀਆਂ ਹਨ। ਵਿਕੀਲੀਕਸ ਵਲੋਂ ਜਾਰੀ ਕੀਤੀਆਂ ਗਈਆਂ ਕੇਬਲਸ ਤੋਂ ਪਤਾ ਲਗਿਆ ਹੈ ਕਿ ਅਮਰੀਕੀ ਡਰੱਗ ਐਨਫੋਰਸਮੈਂਟ ਐਡਮਿਨਿਸਟ੍ਰੇਸ਼ਨ ਇਕ ਅੰਤਰ-ਰਾਸ਼ਟਰੀ ਜਾਸੂਸੀ ਅਤੇ ਜਾਂਚ ਸੰਸਥਾ ਦਾ ਰੂਪ ਧਾਰਨ ਕਰ ਚੁੱਕੀ ਹੈ। ਕੇਬਲਸ ਵਿਚਲੀ ਗੱਲਬਾਤ ਤੋਂ ਇਹ ਪਤਾ ਲਾਉਣਾ ਮੁਸ਼ਕਿਲ ਹੈ ਕਿ ਬੋਲਣ ਵਾਲਾ ਇਨਸਾਨ ਕੋਈ ਨੇਤਾ ਹੈ ਜਾਂ ਡਰੱਗ ਮਾਫੀਆ ਦਾ ਸਰਗਨਾ। ਪਨਾਮਾ ਵਿਖੇ ਰਾਸ਼ਟਰਪਤੀ ਨੇ ਬਲੈਕ ਬੇਰੀ ਰਾਹੀਂ, ਇਕ ਅਮਰੀਕੀ ਰਾਜਦੂਤ ਨੂੰ ਸੰਦੇਸ਼ ਭੇਜਿਆ ਕਿ ਉਹ ਡਰੱਗ ਐਨਫੋਰਸਮੈਂਟ ਐਡਮਿਨਿਸਟ੍ਰੇਸ਼ਨ ਨੂੰ ਆਖੇ ਕਿ ਉਹ ਰਾਸ਼ਟਰਪਤੀ ਦੇ ਦੁਸ਼ਮਣਾਂ ਦੀ ਜਾਸੂਸੀ ਕਰਨ ਅਤੇ ਉਨ੍ਹਾਂ ਦੇ ਫੋਨਾਂ ਤੇ ਨਿਗਾਹ ਰੱਖੇ।

ਇਕ ਹੋਰ ਕੇਬਲ ਦੇ ਵੇਰਵੇ ਤੋਂ ਪਤਾ ਲਗਦਾ ਹੈ ਕਿ ਕਿਵੇਂ ਸੀਅਰਾ ਲੀਉਨ ਵਿਖੇ ਇਕ ਅਟੋਰਨੀ ਜਨਰਲ ਨੇ 2.5 ਮਿਲੀਅਨ ਡਾਲਰ ਦੀ ਰਿਸ਼ਵਤ ਲੈ ਕੇ ਇਕ ਕੋਕੇਨ ਟ੍ਰੈਫਿਕਿੰਗ ਜਾਂਚ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ। ਗਿਨੀ ਵਿਖੇ ਜਾਂਚ ਅਧਿਕਾਰੀ ਉਸ




ਵੇਲੇ ਹੈਰਾਨ ਰਹਿ ਗਏ ਜਦੋਂ ਮੁਲਕ ਦਾ ਸਭ ਤੋਂ ਵੱਡਾ ਨਸ਼ਿਆਂ ਦਾ ਸਰਗਨਾ ਅਸਲ ਵਿਚ ਉਥੋਂ ਦੇ ਰਾਸ਼ਟਰਪਤੀ ਦਾ ਪੁੱਤਰ ਹੀ ਨਿਕਲਿਆ। ਇਸ ਤੋਂ ਪਹਿਲਾਂ ਕਿ ਅਧਿਕਾਰੀ ਨਸ਼ਿਆਂ ਦੀ ਇਕ ਵੱਡੀ ਮਾਤਰਾ ਜ਼ਬਤ ਕਰਕੇ ਨਸ਼ਟ ਕਰਦੇ, ਸਾਰੇ ਨਸ਼ੀਲੇ ਪਦਾਰਥਾਂ ਨੂੰ ਆਟੇ ਨਾਲ ਬਦਲ ਦਿਤਾ ਗਿਆ। ਮੈਕਸੀਕਨ ਫੌਜ ਦੇ ਮੁਖੀ ਨੇ ਅਮਰੀਕੀ ਡਰੱਗ ਏਜੰਸੀ ਤੋਂ ਇਹ ਕਹਿ ਕੇ ਮਦਦ ਮੰਗੀ ਕਿ ਉਸ ਨੂੰ ਅਪਣੇ ਮੁਲਕ ਦੀ ਪੁਲਿਸ ਉਪਰ ਰੱਤੀ ਭਰ ਵੀ ਭਰੋਸਾ ਨਹੀਂ।

ਉਧਰ ਅਮਰੀਕੀ ਰੋਕਾਂ ਦੇ ਨਿਸ਼ਾਨੇ ਉਪਰ ਚਲ ਰਹੇ ਮਿਆਂਮਾਰ ਤੋਂ ਆਈਆਂ ਕੇਬਲਸ ਖੁਲਾਸਾ ਕਰਦੀਆਂ ਹਨ ਕਿ ਸਰਕਾਰ ਨਸ਼ਿਆਂ ਤੋਂ ਮੁਨਾਫ਼ਾ ਕਮਾ ਰਹੀ ਹੈ ਤੇ ਇਹ ਸਾਰੀ ਖੁਫ਼ੀਆ ਜਾਣਕਾਰੀ ਦੇਣ ਵਾਲੀ ਹੋਰ ਕੋਈ ਨਹੀਂ ਬਲਕਿ ਅਮਰੀਕੀ ਡਰੱਗ ਏਜੰਸੀ ਹੈ। ਵਿਕੀਲੀਕਸ ਦੇ ਇਨ੍ਹਾਂ ਖੁਲਾਸਿਆਂ ਨੇ ਉਨ੍ਹਾਂ ਕਈ ਅੰਤਰਰਾਸ਼ਟਰੀ ਰਾਜਨੀਤਿਕ ਸ਼ਖ਼ਸੀਅਤਾਂ ਨੂੰ ਬੇਨਕਾਬ ਕਰ ਦਿਤਾ ਹੈ ਜੋ ਖ਼ਤਰਨਾਕ ਨਸ਼ਿਆਂ ਨਾਲ ਸਬੰਧਿਤ ਗਿਰੋਹਾਂ ਦੇ ਹੱਥਾਂ ਦੀਆਂ ਕਠਪੁਤਲੀਆਂ ਬਣੇ ਹੋਏ ਹਨ। ਅਮਰੀਕੀ ਡਰੱਗ ਏਜੰਸੀ ਦੇ ਐਸ ਵੇਲੇ 63 ਮੁਲਕਾਂ ਵਿਚ 87 ਦਫਤਰ ਹਨ। ਅਮਰੀਕੀ ਡਰੱਗ ਏਜੰਸੀ ਉਨ੍ਹਾਂ ਮੁਲਕਾਂ ਉਪਰ ਵੀ ਕਰੜੀ ਨਜ਼ਰ ਰੱਖਦੀ ਹੈ ਜਿਨ੍ਹਾਂ ਦੇ ਸਬੰਧ ਅਮਰੀਕਾ ਨਾਲ ਬਹੁਤੇ ਸੁਖਾਵੇਂ ਨਹੀਂ। ਅਮਰੀਕੀ ਡਰੱਗ ਏਜੰਸੀ ਨੇ ਅਪਣੀ ਜਾਸੂਸੀ ਦਾ ਜਾਲ ਲਗਭਗ ਪੂਰੇ ਵਿਸ਼ਵ ਉਪਰ ਫੈਲਾ ਲਿਆ ਹੈ। ਏਜੰਸੀ ਮੁਤਾਬਕ ਨਸ਼ੇ ਅਤੇ ਅੱਤਵਾਦ ਮਿਲ ਕੇ ਪੂਰੀ ਦੁਨੀਆ ਉਪਰ ਆਪਣੀ ਪਕੜ ਮਜ਼ਬੂਤ ਕਰ ਰਹੇ ਹਨ।

## ਸਾਬਕਾ ਪ੍ਰੀਮੀਅਰ ਦੇ ਬੇਟੇ ਦੇ ਸਟੰਟ ਨੇ ਲਈ ਦੋਸਤ ਦੀ ਜਾਨ

ਔਟਵਾ (ਨ.ਦ.ਬ.):ਨਿਊ ਫਾਊਂਡਲੈਂਡ ਦੇ ਸਾਬਕਾ ਪ੍ਰੀਮੀਅਰ, ਬ੍ਰਾਇਨ ਟੋਬਿਨ ਦੇ 24 ਸਾਲਾ ਬੇਟੇ ਜੌਨ ਟੋਬਿਨ ਨੂੰ ਕ੍ਰਿਸਮਿਸ ਦੀ ਸਵੇਰ ਇਕ ਲੱਖ ਡਾਲਰ ਦੀ ਜ਼ਮਾਨਤ 'ਤੇ ਰਿਹਾਅ ਕਰ ਦਿਤਾ ਗਿਆ। ਉਸ ਉਪਰ ਸ਼ਰਾਬ ਪੀ ਕੇ ਗੱਡੀ ਚਲਾਉਣ ਦਾ ਦੋਸ਼ ਹੈ। ਜਿਸ ਕਾਰਨ ਔਟਵਾ ਵਿਖੇ ਉਸ ਦੇ ਸਟੰਟ ਦੌਰਾਨ ਉਸ ਦੇ ਕਰੀਬੀ ਦੋਸਤ ਐਲੈਕਸ ਜੋਲਪਿਸ ਦੀ ਮੌਤ ਹੋ ਗਈ ਸੀ। ਜੌਨ ਟੋਬਿਨ ਨੂੰ ਜ਼ਮਾਨਤ ਦੇ ਕਾਲ ਦੌਰਾਨ ਆਪਣੇ ਮਾਂ-ਬਾਪ ਨਾਲ ਔਟਵਾ ਵਿਖੇ ਉਨ੍ਹਾਂ ਦੇ ਘਰ ਵਿਚ ਹੀ ਰਹਿਣਾ ਪਵੇਗਾ। ਇਸ ਤੋਂ ਇਲਾਵਾ ਅਦਾਲਤ ਨੇ ਉਸ ਵਲੋਂ ਬਹੁਤੇ ਲੋਕਾਂ ਨਾਲ ਗੱਲ ਕਰਨ ਤੇ ਸ਼ਰਾਬ ਪੀਣ ਉਪਰ ਵੀ ਪਾਬੰਦੀ ਲਾਈ ਹੈ। ਹਾਦਸੇ ਵਾਲੀ ਰਾਤ ਜੌਨ ਟੋਬਿਨ ਨੇ ਦੋਸਤਾਂ ਨਾਲ ਰਲ ਕੇ ਰੱਜ ਕੇ ਸ਼ਰਾਬ ਪੀਤੀ ਸੀ ਅਤੇ ਇਸ ਮਗਰੋਂ ਪਿਕਅੱਪ ਟਰੱਕ ਵਿਚ ਬਹਿ ਕੇ ਉਸ ਨੂੰ ਗੋਲ ਗੋਲ ਘੁੰਮਾਉਣਾ ਸ਼ੁਰੂ ਕਰ ਦਿੱਤਾ, ਜਿਸ ਦੌਰਾਨ ਮ੍ਰਿਤਕ ਐਲੇਕਸ ਜੋਲਪਿਸ ਪਸੰਜਰ ਸੀਟ ਤੋਂ ਹੇਠਾਂ ਡਿੱਗ ਪਿਆ ਅਤੇ ਉਸੇ ਟਰੱਕ ਹੇਠਾਂ ਆ ਕੇ ਮਰ ਗਿਆ। ਟੋਬਿਨ 27 ਜਨਵਰੀ ਨੂੰ ਮੁੜ ਅਦਾਲਤ ਵਿਚ ਪੇਸ਼ ਹੋਵੇਗਾ।

## 2 ਮਿਲੀਅਨ ਲੋਕਾਂ ਦੀ ਸਿਹਤ ਦਾ ਜਾਇਜ਼ਾ ਲੈਣ ਦੀ ਤਿਆਰੀ



ਉਨਟੈਰੀਓ (ਨ.ਦ.ਬ.) : ਉਨਟੈਰੀਓ ਵਿਖੇ ਆਉਂਦੇ ਦਿਨਾਂ ਵਿਚ ਪੂਰੇ ਉਤਰੀ ਅਮਰੀਕਾ ਹੀ ਨਹੀਂ ਸਗੋਂ ਦੁਨੀਆ ਦੀ ਅੱਜ ਤਕ ਦੀ ਸਭ ਤੋਂ ਮਹੱਤਵਪੂਰਨ ਤੇ ਵੱਡੀ "ਲੌਂਗ ਟਰਮ ਹੈਲਥ ਸਟੱਡੀ" ਸ਼ੁਰੂ ਹੋਣ ਵਾਲੀ ਹੈ। ਇਸ ਕੰਮ ਲਈ ਉਨਟੈਰੀਓ 'ਚ ਸਵੈ-ਇੱਛਾ ਨਾਲ ਇਸ ਮੁਹਿੰਮ 'ਚ ਹਿੱਸਾ ਲੈਣ ਵਾਲੇ 2 ਮਿਲੀਅਨ ਲੋਕ ਲੋੜੀਂਦੇ ਹਨ ਜਿਨ੍ਹਾਂ ਦੀ ਸਿਹਤ ਦਾ ਇਸ ਖੋਜ ਦੌਰਾਨ ਜਾਇਜ਼ਾ ਲਿਆ ਜਾਵੇਗਾ ਤੇ ਇਹ ਜਾਣਕਾਰੀ ਉਨ੍ਹਾਂ ਦੀ ਮੌਤ ਤਕ ਲਗਾਤਾਰ ਸਮੇਂ ਸਮੇਂ 'ਤੇ ਅੱਪਡੇਟ ਕੀਤੀ ਜਾਂਦੀ ਰਹੇਗੀ।

ਇਕ ਲੱਖ ਵਲੰਟੀਅਰਾਂ ਨੂੰ ਵੱਖ-ਵੱਖ ਹੈਲਥ ਕੇਂਦਰਾਂ ਤੇ ਭੇਜਿਆ ਜਾਵੇਗਾ ਜਿਥੇ ਉਨ੍ਹਾਂ ਦੀ ਨਜ਼ਰ, ਸੁਣਨ ਸ਼ਕਤੀ, ਫੇਫੜਿਆਂ ਸਬੰਧੀ ਅਤੇ ਬਲੱਡ ਸ਼ੂਗਰ ਲੈਵਲ ਦੀ ਜਾਂਚ ਹੋਵੇਗੀ। ਯੋਜਨਾ ਉਲੀਕਣ ਵਾਲਿਆਂ ਨੂੰ ਆਸ ਹੈ ਕਿ ਉਨਟੈਰੀਓ ਦੀ 9.5 ਮਿਲੀਅਨ ਜਨਸੰਖਿਆ ਵਿਚੋਂ 29 ਫੀਸਦੀ ਜ਼ਰੂਰ ਇਸ ਲਈ ਨਾਮ ਦਰਜ ਕਰਵਾਉਣਗੇ।

ਦੁਨੀਆ ਭਰ ਵਿਚ ਇਸ ਤੋਂ ਪਹਿਲਾਂ ਅਜਿਹੀ ਕੋਈ ਸਰਗਰਮੀ ਨਹੀਂ ਕੀਤੀ ਗਈ। ਵੱਖ-ਵੱਖ ਵਪਾਰਕ ਸੰਸਥਾਵਾਂ ਅਤੇ ਯੂਨੀਅਨਾਂ ਨੂੰ ਵੀ ਦਰਖਾਸਤ ਕੀਤੀ ਗਈ ਹੈ ਕਿ ਇਸ ਜਾਂਚ ਲਈ ਉਹ ਆਪਣੇ ਵਰਕਰਾਂ ਨੂੰ ਭੇਜਣ। ਇਹ ਸਾਰੀ ਜਾਣਕਾਰੀ ਸਿਹਤ ਖੋਜੀਆਂ ਲਈ ਸੋਨੇ ਦੀ ਖਾਣ ਤੋਂ ਘੱਟ ਨਹੀਂ ਹੋਵੇਗੀ। 1948 'ਚ ਅਜਿਹੀ ਹੀ ਇਕ ਸਟੱਡੀ ਦੌਰਾਨ ਤਮਾਕੂਨੋਸ਼ੀ ਅਤੇ ਫੇਫੜਿਆਂ ਦੇ ਕੈਂਸਰ ਵਿਚਲਾ ਸਿੱਧਾ ਸਬੰਧ ਸਾਹਮਣੇ ਆਇਆ ਸੀ।

## ਦੋ ਬਚਿਆਂ ਦੇ ਕਤਲ ਦੇ ਦੋਸ਼ ਚ ਪਿਓ ਗ੍ਰਿਫਤਾਰ

ਐਡਮਿੰਟਨ (ਨ.ਦ.ਬ.) : ਬੀਤੇ ਦਿਨ ਉਤਰੀ ਐਡਮਿੰਟਨ ਦੇ ਇਕ ਘਰ ਵਿੱਚ ਦੋ ਛੋਟੇ ਲੜਕਿਆਂ ਦੀਆਂ ਲਾਸ਼ਾਂ ਮਿਲੀਆਂ ਅਤੇ ਇਨ੍ਹਾਂ ਦੇ ਕਤਲ ਵਾਸਤੇ ਉਨ੍ਹਾਂ ਦੇ ਹੀ 31 ਸਾਲਾ ਬਾਪ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕਤਲ ਹੋਏ ਲੜਕਿਆਂ ਦੀ ਉਮਰ 3 ਸਾਲ ਅਤੇ 6 ਸਾਲ ਹੈ। ਐਲਬਰਟਾ ਬਾਲ ਅਤੇ ਯੁਵਾ ਸੇਵਾਵਾਂ ਬਾਰੇ ਮੰਤਰੀ ਵੌਨ ਫ੍ਰਿਟਜ਼ ਨੇ ਆਖਿਆ ਹੈ ਕਿ ਉਨ੍ਹਾਂ ਦਾ ਵਿਭਾਗ ਮਾਮਲੇ ਦੀ ਜਾਂਚ ਨਹੀਂ ਕਰੇਗਾ। ਫ੍ਰਿਟਜ਼ ਮੁਤਾਬਕ ਬੱਚੇ ਆਪਣੇ ਬਾਪ ਨਾਲ ਰਹਿੰਦੇ ਸਨ ਅਤੇ ਉਨ੍ਹਾਂ ਦਾ ਵਿਭਾਗ ਯਕੀਨਨ ਉਨ੍ਹਾਂ ਨੂੰ ਬਣਦੀ ਸੇਵਾ ਦਿੰਦਾ ਰਿਹਾ ਹੈ। ਇਸ ਲਈ ਅੰਦਰੂਨੀ ਮਦਦ ਦੀ ਕੋਈ ਲੋੜ ਨਹੀਂ ਹੈ। ਫ੍ਰਿਟਜ਼ ਨੇ ਇਹ ਦੱਸਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ ਕਿ ਇਹ ਪਰਿਵਾਰ ਕਿਨ੍ਹਾਂ ਹਾਲਤਾਂ ਵਿਚ ਮਦਦ ਵਾਸਤੇ ਉਨ੍ਹਾਂ ਦੇ ਮਹਿਕਮੇ ਦੇ ਸੰਪਰਕ ਵਿਚ ਆਇਆ ਸੀ।

ਇਨ੍ਹਾਂ ਦੋਵਾਂ ਬੱਚਿਆਂ ਦੀਆਂ ਲਾਸ਼ਾਂ ਐਬਟਸਫੀਲਡ ਰੋਡ ਅਤੇ 118 ਐਵੀਨਿਊ ਦੇ ਨਜ਼ਦੀਕ ਇਕ ਘਰ 'ਚੋਂ ਮਿਲੀਆਂ ਸਨ। ਲਾਸ਼ਾਂ ਬਰਾਮਦ ਹੋਣ ਵੇਲੇ ਬੱਚਿਆਂ ਦਾ ਬਾਪ ਵੀ ਘਰ ਵਿਚ ਮੌਜੂਦ ਸੀ ਤੇ ਉਸ ਦੇ ਮਾਮੂਲੀ ਸੱਟਾਂ ਲੱਗੀਆਂ ਹੋਈਆਂ ਸਨ। ਅਦਾਲਤੀ ਰਿਕਾਰਡ ਤੋਂ ਪਤਾ ਲੱਗਿਆ ਹੈ ਕਿ ਬੱਚਿਆਂ ਦੇ ਬਾਪ ਨੂੰ ਉਹਨਾਂ ਦੀ ਮਾਂ ਨੂੰ ਹਰ ਸਾਲ 12 ਹਜ਼ਾਰ ਡਾਲਰ ਦੇਣ ਦਾ ਹੁਕਮ ਸੀ। ਕਾਨੂੰਨ ਮੁਤਾਬਕ ਬੱਚਿਆਂ ਅਤੇ ਬਾਪ ਦਾ ਨਾਮ ਜਨਤਕ ਤੌਰ 'ਤੇ ਜ਼ਾਹਰ ਨਹੀਂ ਕੀਤਾ ਜਾ ਸਕਦਾ।

# ਨਸ਼ਿਆਂ ਦੀ ਤਸਕਰੀ ਦੀ ਦੋਸ਼ੀ ਔਰਤ ਨੂੰ ਫ਼ਲਾਈਟ ਅਟੈਂਡੈਂਟ ਰੱਖਣ ਕਾਰਨ ਟ੍ਰਾਂਸਪੋਰਟ ਕੈਨੇਡਾ ਸਵਾਲਾਂ ਦੇ ਘੇਰੇ ਵਿਚ

ਐਡਮਿੰਟਨ (ਨ.ਦ.ਬ.): ਟ੍ਰਾਂਸਪੋਰਟ ਕੈਨੇਡਾ ਆਪਣੇ ਏਅਰਲਾਈਨ ਇੰਪਲਾਈ ਸਕ੍ਰੀਨਿੰਗ ਸਿਸਟਮ ਬਾਰੇ ਸਫ਼ਾਈਆਂ ਦਿੰਦੀ ਨਹੀਂ ਥੱਕ ਰਹੀ। ਦਰਅਸਲ ਇਸ ਸਕ੍ਰੀਨਿੰਗ ਸਿਸਟਮ ਦੀ ਕੋਤਾਹੀ ਕਾਰਨ ਇਕ ਅਜਿਹੀ ਲੜਕੀ ਨੂੰ ਏਅਰ ਕੈਨੇਡਾ ਫ਼ਲਾਈਟ ਅਟੈਂਡੈਂਟ ਵਜੋਂ ਚੁਣ ਲਿਆ ਗਿਆ ਜਿਸ ਨੂੰ ਕੁੱਝ ਹਫ਼ਤੇ ਪਹਿਲਾਂ ਹੀ ਬ੍ਰਿਟੇਨ ਵਿਖੇ 8 ਸਾਲ ਦੀ ਕੈਦ ਸੁਣਾਈ ਗਈ ਹੈ।

27 ਸਾਲਾ ਮਨਦੀਪ ਸ਼ਾਹੀ ਨਾਮਕ ਇਸ ਲੜਕੀ ਉਪਰ ਪੀਅਰਸਨ ਅਤੇ ਹੀਥਰੋ ਹਵਾਈ ਅੱਡਿਆਂ ਵਿਚਾਲੇ ਨਸ਼ਿਆਂ ਦੀ ਸਮਗਲਿੰਗ ਕਰਨ ਦਾ ਦੋਸ਼ ਸਾਬਤ ਹੋਇਆ ਹੈ। ਮਨਦੀਪ ਸ਼ਾਹੀ ਨੂੰ ਬੀਤੇ ਸਾਲ ਅਗੱਸਤ ਮਹੀਨੇ ਲੰਡਨ ਵਿਖੇ ਗ੍ਰਿਫ਼ਤਾਰ ਕੀਤਾ ਗਿਆ ਸੀ ਬਰਤਾਨਵੀ ਜਾਂਚ ਅਧਿਕਾਰੀਆਂ ਮੁਤਾਬਕ 27 ਸਾਲਾ ਸ਼ਾਹੀ ਉਸ ਡਰੱਗ ਨੈਟਵਰਕ ਦਾ ਹਿੱਸਾ ਹੈ ਜੋ ਕੈਨੇਡਾ ਤੋਂ ਕੋਕੀਨ ਅਤੇ ਹੋਰ ਨਸ਼ੀਲੀਆਂ ਵਸਤਾਂ ਬ੍ਰਿਟੇਨ ਭੇਜਦਾ ਹੈ ਤੇ ਫਿਰ ਥਾਂ-ਥਾਂ ਇਸ ਦੀ ਵਿਕਰੀ ਹੁੰਦੀ ਹੈ।

ਟ੍ਰਾਂਸਪੋਰਟ ਕੈਨੇਡਾ ਵਲੋਂ ਜਦੋਂ ਵੀ ਕੋਈ ਕਰਮਚਾਰੀ ਕੰਮ 'ਤੇ ਰਖਿਆ ਜਾਂਦਾ ਹੈ ਤਾਂ ਉਸ ਜਹਾਜ਼ੀ ਕੰਪਨੀ ਵਲੋਂ ਮੈਂਬਰ ਦੀ ਭਰੋਸੇਯੋਗਤਾ ਜਾਂਚੀ ਜਾਂਦੀ ਹੈ ਤੇ ਪੂਰੇ ਮੁਲਕ ਵਿਚ ਉਸ ਦਾ ਪੁਲਿਸ ਰਿਕਾਰਡ ਜਾਂਚਿਆ ਜਾਂਦਾ ਹੈ ਪਰ ਮਨਦੀਪ ਸ਼ਾਹੀ ਨੂੰ ਕੰਮ 'ਤੇ ਰੱਖਣ ਵੇਲੇ ਜਦੋਂ ਅਜਿਹੀ ਜਾਂਚ ਕੀਤੀ ਗਈ ਸੀ ਤਾਂ ਸ਼ੱਕ ਕਰਨ ਯੋਗ ਕੋਈ ਗੱਲ ਸਾਹਮਣੇ ਨਹੀਂ ਸੀ ਆਈ।



# ਸਟੈਲਮੈਕ ਸਮਾਂਬੱਧ ਸੰਤੁਲਿਤ ਬਜਟ ਤੋਂ ਪਿੱਛੇ ਹਟੇ

**ਗ੍ਰਾਹਮ ਥਾਮਸਨ**

ਪ੍ਰੀਮੀਅਰ ਐਡ ਸਟੈਲਮੈਕ ਨੇ ਪਿਛਲੇ ਦਿਨੀਂ ਚੇਤਾਵਨੀ ਦਿੱਤੀ ਕਿ ਅਲਬਰਟਾ ਵਾਸੀ ਅਗਲੇ ਵਰ੍ਹੇ ਸਖ਼ਤ ਬਜਟ ਦੀ ਆਸ ਰੱਖ ਸਕਦੇ ਹਨ ਕਿਉਂਕਿ ਜਦੋਂ ਜਹਿਦ ਕਰ ਰਹੀ ਵਿਸ਼ਵ ਆਰਥਿਕਤਾ ਸੂਬੇ ਨੂੰ ਘਾਟੇ ਦੀ ਅਵਸਥਾ ਵਿਚ ਰੱਖਣ ਦੀ ਧਮਕੀ ਦੇ ਰਹੀ ਹੈ। ਅਲਬਰਟਾ ਨੂੰ 2012-2013 ਤੱਕ ਸੰਤੁਲਿਤ ਅਵਸਥਾ ਵਿਚ ਲੈ ਆਉਣ ਦਾ ਵਾਅਦਾ ਦੁਹਰਾਉਣ ਦੇ ਬਾਵਜੂਦ ਪ੍ਰੀਮੀਅਰ ਆਪਣੇ ਉਸ ਵਚਨ ਤੋਂ ਮੁੱਕਰ ਗਿਆ ਹੈ ਜਿਹੜਾ ਉਸਨੇ 'ਦ ਜਨਰਲ' ਨਾਲ ਸਾਲ ਦੀ ਅੰਤਲੀ ਮੁਲਾਕਾਤ ਦੌਰਾਨ ਕੀਤਾ ਸੀ। ਉਸਨੇ ਕਿਹਾ ਕਿ ਬਾਹਰੀ ਆਰਥਿਕ ਕਾਰਨ ਸੂਬੇ ਦੇ ਮਾਲੀਆ ਸਰੋਤਾਂ ਨੂੰ ਨਿਚੋੜ ਰਹੇ ਹਨ, ਜਿਸ ਕਾਰਨ ਸਰਕਾਰ ਲਈ ਤੇਜੀ ਨਾਲ ਸਮਸਿਆਵਾਂ ਨੂੰ ਹੱਲ ਕਰਨਾ ਔਖਾ ਹੋ ਗਿਆ ਹੈ।

''ਅਸੀਂ ਨਿਸ਼ਚੇ ਹੀ (2012-2013 ਤੱਕ) ਸੰਤੁਲਨ ਵੱਧ ਵੱਧਣ ਦਾ ਰੁਝਾਨ ਦਿਖਾਵਾਂਗੇ ਕੀ ਇਹ ਪੂਰੀ ਤਰ੍ਹਾਂ ਸੰਤੁਲਿਤ ਹੋ ਜਾਵੇਗਾ? ਜੇਕਰ ਮਾਲੀਆ ਉਗਰਾਹੀ ਵਿਚ ਕੋਈ ਸੁਧਾਰ ਨਾ ਹੋਇਆ, ਅਸੀਂ ਸੰਤੁਲਨ ਦੇ ਬਹੁਤ ਨੇੜੇ ਹੋਵਾਂਗੇ।'' ਉਸਨੇ ਕਿਹਾ ''ਭਾਵੇਂ ਰੁਜ਼ਗਾਰ ਦਰ ਉਚੀ ਹੈ, ਫਿਰ ਵੀ ਸਾਨੂੰ ਕੁਦਰਤੀ ਗੈਸ ਕੀਮਤਾਂ ਦੇ ਘੱਟ ਹੋਣ, ਕੈਨੇਡੀਅਨ ਡਾਲਰ ਦੇ ਮੁੱਲ ਵਿਚ ਹੋਏ ਵਾਧੇ ਅਤੇ ਸੰਘਰਸ਼ ਕਰ ਰਹੀ ਅਮਰੀਕਨ ਆਰਥਿਕਤਾ ਦੀ ਮਾਰ ਪਈ ਹੈ ਅਤੇ ਹੁਣ ਤੁਸੀਂ ਨਾਲ ਹੀ ਇਹ ਤੱਥ ਸ਼ਾਮਲ ਕਰ ਸਕਦੇ ਹੋ ਕਿ ਯੂਰਪ ਵੀ ਕੁਝ ਮੁਸ਼ਕਿਲ ਵਿਚੋਂ ਗੁਜ਼ਰ ਰਿਹਾ ਹੈ।''

ਸਟੈਲਮੈਕ ਨੇ ਕਿਹਾ, ਇਸਦੇ ਨਾਲ ਹੀ ਸੰਘੀ ਸਰਕਾਰ ਸੂਬਿਆਂ ਦੇ ਫੰਡ ਵਿਚ ਆਪਣੀ ਵਿੱਤੀ ਸਥਿਤੀ ਸੁਧਾਰਨ ਵਜੋਂ ਕਟੌਤੀ ਵੀ ਕਰ ਸਕਦੀ ਹੈ। ਅਲਬਰਟਾ ਇਸ ਸਮੇਂ ਤਿੰਨ ਸਾਲਾਂ ਦੇ ਯੋਜਨਾਬੱਧ ਘਾਟੇ ਵਿਚਕਾਰ ਫਸਿਆ ਹੋਇਆ ਹੈ। ਘਾਟੇ ਦੇ ਰਾਹ ਪਿਆ ਹੋਇਆ ਸੂਬਾ ਪਹਿਲੇ ਸਾਲ ਦੇ ਇਕ ਬਿਲੀਅਨ ਦੇ ਘਾਟੇ ਤੋਂ ਵੱਧ ਕੇ 2010-11 ਦੇ ਅੰਤ ਤੱਕ ਪੰਜ ਬਿਲੀਅਨ ਘਾਟੇ ਤੱਕ ਪੁੱਜ ਜਾਵੇਗਾ।

ਸਟੈਲਮੈਕ ਨੇ ਕਿਹਾ ਕਿ 2011-12 ਵਰ੍ਹੇ ਵਿਚ ਘਾਟੇ ਦੇ ਖਰਚਿਆਂ ਦੇ ਖਾਤਮੇ ਦੀ ਆਸ ਕੀਤੀ ਜਾ ਸਕਦੀ ਹੈ, ਪ੍ਰੰਤੂ ਅਜੇ ਵੀ ਰੁਝਾਨ ਬਣੇ ਰਹਿਣ ਦੀ ਸੰਭਾਵਨਾ ਵੀ ਮੌਜੂਦ ਹੈ, ਸਰਕਾਰ ਖਰਚਿਆਂ ਉਪਰ ਕਾਬੂ ਪਾ ਕੇ ਰੱਖਣ ਦੇ ਦਬਾਅ ਹੇਠ ਹੈ। ਉਸਨੇ ਕਿਹਾ ਕਿ ਊਰਜਾ ਖੇਤਰ ਵਿਚੋਂ ਕੁਝ ਆਸ ਦੀ ਕਿਰਨ ਦਿਖਾਈ ਦਿੰਦੀ ਹੈ। ਕੰਪਨੀਆਂ ਪਾਈਪਾਂ ਤੇ ਸਾਜ਼ੋ ਸਮਾਨ ਦੀ ਸਪਲਾਈ ਵਧਾ ਰਹੀਆਂ ਹਨ, ਪ੍ਰੰਤੂ ਸਰਕਾਰ ਨੂੰ ਇਸਦਾ ਲਾਭ ਇਕ ਜਾਂ ਦੋ ਸਾਲ ਤੱਕ ਮਿਲਦਾ ਦਿਖਾਈ ਨਹੀਂ ਦਿੰਦਾ।

''ਸਾਰੇ ਸੰਕੇਤ ਦਿਖਾਉਂਦੇ ਹਨ ਕਿ 2012-13 ਤੱਕ ਮਾਲੀਆ ਵਸੂਲੀ ਸੁਧਰੇਗੀ, ਪ੍ਰੰਤੂ ਕਿਸ ਪੱਧਰ ਤੱਕ ਸੁਧਰੇਗੀ ਇਹ ਭਵਿੱਖਬਾਣੀ ਕਰਨੀ ਕਠਿਨ ਹੈ।'' ਪ੍ਰੀਮੀਅਰ ਨੇ ਕਿਹਾ। ''ਮੈਂ ਕੇਵਲ ਖਰਚ ਨੂੰ ਕਾਬੂ ਕਰ ਸਕਦਾ ਹਾਂ, ਅਸੀਂ ਕਮਜ਼ੋਰਾਂ ਨੂੰ ਮਦਦ ਪ੍ਰਦਾਨ ਕਰਨਾ ਜਾਰੀ ਰੱਖਾਂਗੇ, ਪ੍ਰੰਤੂ ਇਹ ਇਕ ਕੱਸਵਾਂ ਬਜਟ ਹੋਵੇਗਾ।''

ਉਸਨੇ ਕਿਹਾ ਕਿ ਸਰਕਾਰ ਨੇ ਆਪਣੇ ਵਿਵਹਾਰਿਕ ਬਜਟ ਨੂੰ ਸੰਤੁਲਿਤ ਬਣਾਉਣ ਲਈ ਚੰਗਾ ਕੰਮ ਕੀਤਾ ਹੈ, ਪ੍ਰੰਤੂ ਨਵੇਂ ਸਰਮਾਇਆਕਾਰੀ ਯੋਜਨਾਵਾਂ ਦੇ ਮਾਮਲੇ ਵਿਚ ਮੁਸ਼ਕਲ ਹੈ। ਉਸਨੇ ਕਿਹਾ ਕਿ ਉਸਨੂੰ ਉਮੀਦ ਹੈ ਇਮਾਰਤੀ ਸਾਜ਼ ਸਮਾਨ ਦੀ ਢੋਆ ਢੁਆਈ ਦਾ ਕੰਮ ਨਵੇਂ ਸਕੂਲਾਂ ਅਤੇ ਸਿਹਤ ਸੇਵਾਵਾਂ ਲਈ ਵਧੇਗਾ ਕਿਉਂਕਿ ਕੀਮਤਾਂ ਚੰਗੀਆਂ ਹਨ ਅਤੇ ਅਜਿਹੇ ਪ੍ਰੋਜੈਕਟ ਲੋਕਾਂ ਨੂੰ ਕੰਮ ਦੇਈ ਰੱਖਣਗੇ। ਸਟੈਲਮੈਕ ਨੇ ਕਿਹਾ, ''ਕਈਆਂ ਨੇ 90ਵਿਆਂ ਦੇ ਪ੍ਰਦਰਸ਼ਨ ਦੇ ਕਰਜ਼ਿਆਂ ਦੀ ਅਦਾਇਗੀ ਦੇ ਮਾਮਲੇ ਵਿਚ ਸਾਡੀ ਔਖਿਆਈ ਦੇਖੀ ਹੋਵੇਗੀ, ਮੈਂ ਤੁਹਾਨੂੰ ਕਹਿ ਸਕਦਾ ਹਾਂ ਕਿ ਤੁਸੀਂ ਉਥੇ ਵਾਪਸ ਨਹੀਂ ਜਾਓਗੇ।''

ਉਸਨੇ ਕਿਹਾ ਕਿ ਅਲਬਰਟਾ ਵਾਸੀਆਂ ਨੂੰ 2011 ਵਿਚ ਵਾਪਸ ਕੰਮ 'ਤੇ ਲਿਆਉਣਾ ਉਸਦੀ ਪਹਿਲੀ ਤਰਜੀਹ ਹੈ, ਨਵੀਆਂ ਪਾਈਪ ਲਾਈਨਾਂ ਦੇ ਵਿਛਣ ਨਾਲ ਇਕ ਕੰਮ ਆਸਾਨ ਹੋ ਜਾਵੇਗਾ ਜਿਹੜੀਆਂ ਅਲਬਰਟਾਂ ਦੇ ਸਰੋਤਾਂ ਨੂੰ ਏਸ਼ੀਆ ਦੇ ਨਵੇਂ ਬਜ਼ਾਰਾਂ ਤੱਕ ਲਿਜਾਣ ਵਿਚ ਸਹਾਈ ਹੋ ਸਕਦੀਆਂ ਹਨ।

ਅਰਥਚਾਰੇ ਤੋਂ ਇਲਾਵਾ, ਸਟੈਲਮੈਕ ਨੇ ਕਿਹਾ ਕਿ ਉਹ ਆਪਣੀ ਪਾਰਟੀ ਤੇ ਵੀ ਹੋਣ ਜਾ ਰਹੀਆਂ ਅਗਲੀਆਂ ਚੋਣਾਂ ਦੇ ਮੱਦੇਨਜ਼ਰ ਧਿਆਨ ਕੇਂਦਰਿਤ ਕਰ ਰਿਹਾ ਹੈ। ਹੁਣੇ ਹੁਣੇ ਹੋਈਆਂ ਚੋਣਾਂ ਦਿਖਾਉਂਦੀਆਂ ਹਨ, ਕਿ ਕੰਜ਼ਰਵੇਟਾਂ ਅਤੇ ਵਾਈਲਡਰੋਜ਼ ਗੱਠਜੋੜ ਨੂੰ ਨਿਰਣਾਇਕ ਵੋਟਰਾਂ ਵਿਚ ਇਕੋ ਜਿੰਨੀ ਸਮਰਥਾ ਹਾਸਲ ਹੈ। ਟੋਰੀਆਂ ਨੂੰ 32ਫੀਸਦੀ ਦੇ ਮੁਕਾ-ਬਲੇ 34ਫੀਸਦੀ ਦੀ ਮਾਮੂਲੀ ਬੜਤ ਹਾਸਲ ਹੈ। ਇਕ ਮੁਸ਼ਕਿਲ ਭਰੇ ਸ਼ੈਸ਼ਨ ਦੇ ਬਾਵਜੂਦ ਜਿਸ ਵਿਚ ਸਿਹਤ ਸੰਭਾਲ ਪ੍ਰਬੰਧ ਦੇ ਮੁੱਦਿਆਂ ਨੂੰ ਲੈ ਕੇ ਸਰਕਾਰ ਦੀ ਜ਼ੋਰਦਾਰ ਖਿਚਾਈ ਹੋਈ ਸੀ,ਸਟੈਲਮੈਕ ਵਾਈਲਡਰੋਜ਼ ਦੀ ਚੁਣੌਤੀ ਸਬੰਧੀ ਸਵਾਲਾਂ ਨੂੰ ਟਾਲ ਗਏ, ਇਹ ਕਹਿੰਦਿਆਂ ਕਿ ਉਹ ਅਜਿਹੀਆਂ ਨੀਤੀਆਂ ਲਾਗੂ ਕਰਨ ਲਈ ਕੰਮ ਕਰ ਰਹੇ ਹਨ, ਜਿਹੜੀਆਂ ਰਾਜਸੀ ਸਿਲਸਿਲੇ ਦੇ ਸੱਜੇ ਖੱਬੇ ਪੱਖਾਂ ਦਾ ਢੁਕਵਾਂ ਸੰਯੋਗ ਹੋਣਗੀਆਂ। ਉਹਨਾਂ ਕਿਹਾ ਕਿ ਚੋਣਾਂ ਲਈ ਯੋਜਨਾਵਾਂ ਚਲਾ ਰਹੇ ਮੈਂਬਰਾਂ ਨਾਲ ਸਲਾਹ-ਮਸ਼ਵਰੇ ਉਪਰੰਤ 2011 ਵਿਚ ਮੰਤਰੀ ਮੰਡਲ ਵਿਚ ਅਦਲਾ ਬਦਲੀ ਕੀਤੀ ਜਾਵੇਗੀ, ਕੁਝ ਸੀਨੀਅਰ ਵਿਧਾਇਕ ਜਿੰਨ੍ਹਾਂ ਨੇ ਸੇਵਾ ਮੁਕਤ ਹੋਣ ਦਾ ਫੈਸਲਾ ਕੀਤਾ ਹੈ, ਹਟਾਏ ਜਾ ਸਕਦੇ ਹਨ ਅਤੇ ਉਹਨਾਂ ਦੀ ਥਾਂ ਨਵਿਆਂ ਨੂੰ ਆਪਣੀ ਸਮਰੱਥਾ ਸਾਬਤ ਕਰਨ ਦਾ ਮੌਕਾ ਦਿੱਤਾ ਜਾ ਸਕਦਾ ਹੈ।

''ਸਾਡੀਆਂ ਵਧੀਆ ਗੱਲਾਂ ਬਾਤਾਂ ਹੋ ਚੁੱਕੀਆਂ ਹੋਣਗੀਆਂ ਅਤੇ ਅਸੀਂ ਹਰ ਇਕ ਦੇ ਭਵਿੱਖ ਬਾਰੇ ਗੱਲਾਂ ਕਰਦੇ ਹਾਂ, ਹੋ ਸਕਦਾ ਹੈ ਕੁਝ ਸੇਵਾ ਮੁਕਤ ਹੋ ਰਹੇ ਹੋਣ ਤੇ ਜੇਕਰ ਉਹ ਅਜਿਹਾ ਕਰਦੇ ਹਨ ਤਾਂ ਸਾਫ਼ ਤੌਰ ਤੇ ਅਸੀਂ ਕੁਝ ਤਬਦੀਲੀਆਂ ਕਰਾਂਗੇ।'' ਅਗਲੀ ਚੋਣ ਮਾਰਚ 2012 ਵਿਚ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਵਿਰੋਧੀ ਆਗੂਆਂ ਦੀਆਂ ਇਹਨਾਂ ਟਿੱਪਣੀਆਂ ਦੇ ਬਾਵਜੂਦ ਕਿ ਉਹ ਛੇਤੀ ਚੋਣ ਕਰਵਾਏਗਾ, ਸਟੈਲਮੈਕ ਨੇ ਕਿਹਾ ਕਿ ਉਸ ਦੀ ਚੋਣਾਂ ਦੇ ਸਮੇਂ ਵਿਚ ਤਬਦੀਲੀ ਕਰਨ ਦੀ ਕੋਈ ਯੋਜਨਾ ਨਹੀਂ ਬਸ਼ਰਤੇ ਕੋਈ ਵੱਡੇ ਮੁੱਦੇ ਨਾ ਉੱਭਰਨ, ਜਿਵੇਂ ਕਿ ਸੰਘੀ ਸਰਕਾਰ ਮਾਲਕੀ ਜਾਂ ਅਲਬਰਟਾ ਦੇ ਸਰੋਤਾਂ ਦੇ ਵਿਕਾਸ ਵਿਚ ਦਖ਼ਲ ਦੇਣ ਲਈ ਯਤਨਸ਼ੀਲ ਹੈ।

# ਅਧਿਆਪਕਾਂ, ਡਾਕਟਰਾਂ, ਡਰਾਈਵਰਾਂ ਅਤੇ ਪਾਇਲਟਾਂ ਉਪਰ ਕੈਨੇਡੀਅਨ ਜਨਤਾ ਨੂੰ ਹੁਣ ਪਹਿਲਾਂ ਵਾਲਾ ਭਰੋਸਾ ਨਹੀਂ ਰਿਹਾ







ਐਡਮਿੰਟਨ (ਨਦਬ): ਬੀਤੇ ਦਿਨੀਂ ਕੈਨੇਡਾ ਭਰ ਵਿਚ ਕੀਤੇ ਗਏ ਇਕ ਸਰਵੇਖਣ ਤੋਂ ਪਤਾ ਲਗਿਆ ਹੈ ਕਿ ਹੁਣ ਲੋਕਾਂ ਨੂੰ ਕੁੱਝ ਪੇਸ਼ਿਆਂ ਉਪਰ ਪਹਿਲਾਂ ਜਿੰਨਾ ਯਕੀਨ ਅਤੇ ਫ਼ਖ਼ਰ ਨਹੀਂ ਰਿਹਾ। ਡਾਕਟਰਾਂ, ਪਾਇਲਟਾਂ, ਫਾਰਮਾਸਿਸਟਾਂ ਅਤੇ ਅਧਿਆਪਕਾਂ ਦੀ ਭਰੋਸੇਯੋਗਤਾ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਦੀ ਇੱਜ਼ਤ ਵਿਚ ਭਾਰੀ ਗਿਰਾਵਟ ਆਈ ਹੈ। ਕੈਨੇਡਾ ਵਾਸੀ ਸਭ ਤੋਂ ਵੱਧ ਭਰੋਸਾ ਆਪਣੇ ਸੈਨਿਕਾਂ 'ਤੇ ਕਰਦੇ ਹਨ। ਇਕ ਪੀ.ਐਸ.ਓ.ਐਸ.-ਰੀਆਇਡ ਦੇ ਬੁਲਾਰੇ ਮੁਤਾਬਕ ਸਾਲ 2003 ਦੇ ਮੁਕਾਬਲੇ ਤਕਰੀਬਨ ਹਰ ਕਿੱਤੇ ਦੀ ਮਕਬੂਲੀਅਤ ਵਿਚ ਕੁੱਝ ਨਾ ਕੁੱਝ ਗਿਰਾਵਟ ਦਰਜ ਹੋਣੀ ਹੀ ਹੈ। ਜਿਨ੍ਹਾਂ ਲੋਕਾਂ ਕੋਲੋਂ ਸਵਾਲ ਪੁੱਛੇ ਗਏ ਸੀ ਉਨ੍ਹਾਂ ਦਸਿਆ ਕਿ ਜਦੋਂ ਸਾਹਮਣੇ ਵਾਲਾ ਇਹ ਕਹੇ ਕਿ ਉਹ ਡਾਕਟਰ ਹੈ ਤਾਂ, ਉਨ੍ਹਾਂ ਨੂੰ ਉਸ ਦੀ ਕਹੀ ਹਰ ਗੱਲ 'ਤੇ ਯਕੀਨ ਕਰਨ ਵਿਚ ਪ੍ਰੇਸ਼ਾਨੀ ਪੇਸ਼ ਆਉਣ ਲੱਗ ਪੈਂਦੀ ਹੈ। ਬੀਤੇ ਸਾਲਾਂ ਦੌਰਾਨ ਡਾਕਟਰਾਂ ਨੂੰ ਸਮਾਜ ਦਾ ਅਧਾਰ ਅਤੇ ਇੱਜ਼ਤ ਦੇ ਪਾਤਰ ਸਮਝਿਆ ਜਾਂਦਾ ਸੀ,



ਪਰ ਹੁਣ ਲੋਕ ਡਾਕਟਰਾਂ ਨੂੰ ਸਿਹਤ ਸੰਭਾਲ ਢਾਂਚੇ ਦੀਆਂ ਸਮੂਹ ਕਮੀਆਂ ਨਾਲ ਜੋੜ ਕੇ ਵੇਖਦੇ ਹਨ। ਇਸ ਸੂਚੀ ਵਿਚ ਸੱਭ ਤੋਂ ਹੇਠਾਂ ਹਨ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.)। ਸਰਵੇਖਣ ਤੋਂ ਸਪੱਸ਼ਟ ਹੋ ਗਿਆ ਹੈ ਕਿ ਅੱਜ-ਕੱਲ ਗਾਹਕ ਜਾਂ ਆਮ ਲੋਕ ਸਿਰਫ਼ ਸ਼ਕਲ ਵੇਖ ਕੇ ਭਰੋਸਾ ਨਹੀਂ ਕਰਦੇ ਅਤੇ ਉਹ ਪਹਿਲਾਂ ਨਾਲੋਂ ਵਧੇਰੇ ਜਾਗਰੂਕ ਹਨ ਤੇ ਜ਼ਿਆਦਾ ਸਵਾਲ ਕਰਦੇ ਹਨ।

# ਜੀ-20 ਦਾ ਵਿਰੋਧ ਕਰਨ ਵਾਲੇ ਨਾਲ ਬਦਸਲੂਕੀ ਬਦਲੇ ਪੁਲਿਸ ਅਧਿਕਾਰੀ ਵਿਰੁੱਧ ਕੇਸ

ਟੋਰਾਂਟੋ (ਨਦਬ): ਜੀ-20 ਦਾ ਵਿਰੋਧ ਕਰਨ ਵਾਲੇ ਇਕ ਵਿਅਕਤੀ ਦੀ ਮਾਰ ਕੁਟਾਈ ਕਰਨ ਦਾ ਦੋਸ਼ੀ, ਟੋਰਾਂਟੋ ਪੁਲਿਸ ਕਾਂਸਟੇਬਲ ਬਾਬਕ ਅਨਦਲੀਬ ਗੁਰਤਾਨੀ ਪਹਿਲਾ ਅਤੇ ਇਕੱਲਾ ਅਫ਼ਸਰ ਬਣ ਗਿਆ ਹੈ ਜੋ ਸ਼ਕਤੀ ਦੇ ਲਤ ਇਸਤੇਮਾਲ ਦਾ ਦੋਸ਼ੀ ਪਾਇਆ ਗਿਆ ਹੈ। ਇਸ ਉਪਰ ਐਡਮ ਨੋਬਡੀ ਨਾਲ ਮਾਰ ਕੁਟਾਈ ਕਰਨ ਦਾ ਦੋਸ਼ ਸਾਬਤ ਹੋਇਆ ਹੈ। ਐਡਮ ਨੋਬਡੀ ਜੀ-20 ਸੰਮੇਲਨ ਦੌਰਾਨ ਕੁਈਨਜ਼ ਪਾਰਕ ਵਿਖੇ ਸ਼ਾਂਤਮਈ ਢੰਗ ਨਾਲ ਰੋਸ ਮੁਜ਼ਾਹਰਾ ਕਰ ਰਿਹਾ ਸੀ। ਵਿਸ਼ੇਸ਼ ਜਾਂਚ ਦਲ ਅੱਗੇ ਪੇਸ਼ ਕੀਤੀ ਗਈ ਟੇਪ ਵਿਚ ਸਾਫ਼ ਦਿਸਦਾ ਹੈ ਕਿ ਕਿਵੇਂ ਕਾਂਸਟੇਬਲ ਗੁਰਤਾਨੀ ਨੇ ਐਡਮ ਨੋਬੁਡੀ ਨੂੰ ਮੁੱਕੇ ਮਾਰੇ। ਐਡਮ ਨੋਬਡੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਸ ਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਜਿਸ ਵੇਲੇ ਇਹ ਕਾਂਸਟੇਬਲ ਉਸ ਨੂੰ ਮਾਰ ਰਿਹਾ ਸੀ ਉਸ ਵੇਲੇ ਐਡਮ ਦੇ ਆਲੇ ਦੁਆਲੇ 12 ਪੁਲਿਸ ਵਾਲੇ ਹੋਰ ਵੀ ਖੜੇ ਸਨ ਪਰ ਗਵਾਹੀ ਦੇਣ ਵੇਲੇ 12 ਦੇ 12 ਹੀ ਕਾਂਸਟੇਬਲ ਬਾਬਕ ਗੁਰਤਾਨੀ ਨੂੰ ਪਛਾਣਨ ਤੋਂ ਸਾਫ਼ ਮੁਕਰ ਗਏ।

ਕੁੱਝ ਮਹੀਨੇ ਪਹਿਲਾਂ ਵਿਸ਼ੇਸ਼ ਜਾਂਚ ਦਲ ਨੇ ਇਹ ਕਹਿ ਕੇ ਐਡਮ ਨੋਬਡੀ ਦਾ ਕੇਸ ਬੰਦ ਕਰ ਦਿਤਾ ਸੀ ਕਿ ਕਿਸੇ ਵੀ ਅਫ਼ਸਰ ਦੀ ਪਛਾਣ ਨਹੀਂ ਹੋ ਸਕੀ ਜਿਨ੍ਹਾਂ ਉਪਰ ਦੋਸ਼ ਲੱਗੇ ਸਨ। ਪਰ ਯੂ ਟਿਊਬ ਉਪਰ ਇਸ ਸਾਰੀ ਘਟਨਾ ਦੀ ਵੀਡਿਓ ਫੁਟੇਜ਼ ਚੜ੍ਹਦੇ ਹੀ ਮਾਮਲਾ ਬਦਲ ਗਿਆ।

ਪੁਲਿਸ ਕਾਂਸਟੇਬਲ ਗੁਰਤਾਨੀ ਦਾ ਅਸਲੀ ਚਿਹਰਾ ਸਾਹਮਣੇ ਆਉਣ 'ਤੇ ਟੋਰਾਂਟੋ ਪੁਲਿਸ ਮੁਖੀ ਬਿਲ ਬਲੇਅਰ ਨੇ ਗੁੱਸੇ ਵਿਚ ਵਿਸ਼ੇਸ਼ ਜਾਂਚ ਦਲ ਨੂੰ ਕਾਫ਼ੀ ਕੁਝ ਆਖਦਿਆਂ ਨਿੰਦਿਆ ਸੀ ਕਿ ਉਹ ਇਕ ਵੀਡਿਓ ਉਪਰ ਭਰੋਸਾ ਕਰ ਕੇ ਉਸ ਦੇ ਅਧਿਕਾਰੀ ਉਪਰ ਸ਼ੱਕ ਕਰ ਰਹੀ ਹੈ ਜਦੋਂ ਕਿ ਹੋ ਸਕਦਾ ਹੈ ਕਿ ਵੀਡਿਓ ਨਾਲ ਛੇੜਛਾੜ ਕੀਤੀ ਗਈ ਹੋਵੇ। ਵੀਡਿਓ ਦੀ ਸਚਾਈ ਸਾਹਮਣੇ ਆਉਣ 'ਤੇ ਬਲੇਅਰ ਨੂੰ ਜਨਤਕ ਤੌਰ 'ਤੇ ਮਾਫ਼ੀ ਮੰਗਣੀ ਪਈ ਸੀ ਪਰ ਬਲੇਅਰ ਦੀ ਗਰਮ ਬਿਆਨੀ ਨੇ ਵਿਸ਼ੇਸ਼ ਜਾਂਚ ਦਲ ਨੂੰ ਕੇਸ ਮੁੜ ਖੋਲ੍ਹਣ ਲਈ ਮਜਬੂਰ ਕੀਤਾ ਤੇ ਸਿੱਟਾ ਸਾਹਮਣੇ ਹੈ।

## ਮੈਟਿਸ ਭਾਈਚਾਰੇ ਵਲੋਂ ਜੁਰਮਾਨੇ ਵਿਰੁਧ ਅਪੀਲ

ਅਲਬਰਟਾ (ਨਦਬ): ਸ਼ਿਕਾਰ ਅਤੇ ਮੱਛੀਆਂ ਫੜਨ ਸਬੰਧੀ ਅਧਿਕਾਰਾਂ ਲਈ ਸੰਘਰਸ਼ ਕਰ ਰਹੇ ਅਲਬਰਟਾ ਮੈਟਿਸ ਭਾਈਚਾਰੇ ਨੇ ਅਦਾਲਤ ਵਿਚ ਜੁਰਮਾਨੇ ਵਿਰੁਧ ਅਪੀਲ ਕੀਤੀ ਹੈ। ਬੀਤੇ ਦਸੰਬਰ ਮਹੀਨੇ ਮੈਡੀਸਿਨ ਹੈਟ ਜੱਜ, ਟੈੱਡ ਫ਼ਿਸ਼ਰ ਨੇ ਆਪਣੇ ਫ਼ੈਸਲੇ ਵਿਚ ਆਖਿਆ ਸੀ ਕਿ ਮੈਟਿਸ ਭਾਈਚਾਰੇ ਨੂੰ ਨਿਰਧਾਰਿਤ ਸਮੇਂ ਤੋਂ ਇਲਾਵਾ ਸ਼ਿਕਾਰ ਕਰਨ ਦਾ ਕੋਈ ਹੱਕ ਨਹੀਂ। ਇਸ ਮਗਰੋਂ ਮੈਟਿਸ ਹੰਟਰ, ਗੈਰੀ ਹਰਸੀਕੋਰਨ ਨੂੰ 700 ਡਾਲਰ ਦਾ ਜ਼ੁਰਮਾਨਾ ਕੀਤਾ ਗਿਆ। ਜੱਜ ਦਾ ਕਹਿਣਾ ਹੈ ਕਿ ਮੈਟਿਸ ਦੱਖਣੀ ਅਲਬਰਟਾ ਦੇ ਨਿਵਾਸੀ ਨਹੀਂ ਰਹੇ ਅਤੇ ਇਹ ਲੋਕ 1874 ਵਿਚ ਇਥੇ ਆਏ ਸੀ ਜਦੋਂ ਨੌਰਥ ਵੈਸਟ ਮਾਊਂਟਿਡ ਪੁਲਿਸ ਇਥੇ ਆਈ। ਇਸ ਕਰ ਕੇ ਇਨ੍ਹਾਂ ਲੋਕਾਂ ਨੂੰ ਕਾਨੂੰਨੀ ਤੌਰ 'ਤੇ ਇਥੇ ਸ਼ਿਕਾਰ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਮਾਮਲੇ ਉਪਰ ਸੁਣਵਾਈ ਆਉਂਦੀ ਪਹਿਲੀ ਮਾਰਚ ਨੂੰ ਹੋਵੇਗੀ।



ਨਰੇਸ਼ ਭਾਰਦਵਾਜ ਐਮ.ਐਲ.ਏ. ਐਡਮਿੰਟਨ-ਐਲਰਸਲੀ ਵਲੋਂ ਆਯੋਜਿਤ ਬਾਰਬੀ ਕਿਊ ਸਮੇਂ ਨਰੇਸ਼ ਭਾਰਦਵਾਜ ਸੰਬੋਧਨ ਕਰਦੇ ਹੋਏ ਅਤੇ ਹੇਠਾਂ ਹਾਜ਼ਰ ਹਲਕਾ ਨਿਵਾਸੀ।

# ਮੌਸਮ ਵਿਚ ਆਈ ਭਾਰੀ ਤਬਦੀਲੀ ਬਦਲ ਸਕਦੀ ਹੈ ਸਾਡੇ ਜੀਊਣ ਦਾ ਤਰੀਕਾ

ਓਟਾਵਾ (ਨਦਬ): ਕੈਨੇਡਾ ਦੇ ਵਾਤਾਵਰਣ ਮਹਿਕਮੇ ਮੁਤਾਬਕ ਅੱਜਕਲ ਮੌਸਮ ਦੇ ਹਰ ਪਲ ਬਦਲਦੇ ਮਿਜ਼ਾਜ ਕਾਰਨ ਅਜਿਹਾ ਬਹੁਤ ਕੁੱਝ ਵਾਪਰ ਰਿਹਾ ਹੈ ਜੋ ਪਹਿਲਾਂ ਕਦੀ ਨਹੀਂ ਸੀ ਵੇਖਿਆ ਗਿਆ। ਅਜਿਹੀਆਂ ਕਈ ਅਣਹੋਣੀਆਂ ਘਟਨਾਵਾਂ ਨੂੰ ਹੁਣ ਲੋਕਾਂ ਨੇ 'ਨਾਰਮਲ' ਕਹਿਣਾ ਸ਼ੁਰੂ ਕਰ ਦਿਤਾ ਹੈ। ਜਿਵੇਂ ਕਿ ਬੇਮੌਸਮ ਬਰਸਾਤ, ਹੜ੍ਹ, ਅੱਗੇ ਨਾਲੋਂ ਕਿਤੇ ਵਧ ਗਰਮੀ ਤੇ ਰਿਕਾਰਡ ਤੋੜ ਠੰਢ। ਇਕ ਹੀ ਸਾਲ ਵਿਚ ਇਕ ਹੀ ਇਲਾਕੇ ਵਿਚ ਹੜ੍ਹ ਵੀ ਆ ਜਾਂਦੇ ਹਨ ਤੇ ਸੋਕਾ ਵੀ ਪੈ ਜਾਂਦਾ ਹੈ। ਮੁਲਕ ਦਾ ਇਕ ਹਿੱਸਾ ਪਾਣੀ ਵਿਚ ਡੁੱਬਿਆ ਹੁੰਦਾ ਹੈ ਤੇ ਦੂਜੇ ਹਿੱਸੇ ਵਿਚ ਗਰਮੀ ਜੰਗਲਾਂ ਵਿਚ ਅੱਗ ਲਾ ਦਿੰਦੀ ਹੈ। ਪਰ ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਸਭ ਕੁੱਝ ਸਧਾਰਨ ਵਰਤਾਰੇ ਹਨ। ਫ਼ਰਕ ਸਿਰਫ਼ ਇਹ ਹੈ ਕਿ ਸਾਨੂੰ ਇਹ ਤਬਦੀਲੀਆਂ ਇਸ ਰਫ਼ਤਾਰ ਨਾਲ ਵੇਖਣ ਦੀ ਆਦਤ ਨਹੀਂ ਹੈ। ਇਹਦਾ ਮਤਲਬ ਇਹ ਨਹੀਂ ਕਿ ਐਡਮਿੰਟਨ ਵਿਖੇ ਕੈਲੀਫ਼ੋਰਨੀਆ ਸਟਾਈਲ ਘਰ ਬਣਾਉਣੇ ਸ਼ੁਰੂ ਕਰ ਦੇਈਏ।

ਮੌਸਮ ਦੀ ਪਲ-ਪਲ ਬਦਲਦੀ ਸੂਰਤ ਦਾ ਜੇ ਕਿਸੇ ਨੂੰ ਸੱਭ ਤੋਂ ਵੱਧ ਨੁਕਸਾਨ ਹੋਣ ਵਾਲਾ ਹੈ ਤਾਂ ਉਹ ਨੇ ਬੀਮਾ ਕਰਨ ਵਾਲੇ। ਆਉਂਦੇ ਸਮੇਂ ਵਿਚ ਉਨ੍ਹਾਂ ਨੂੰ ਓਨੇ ਪ੍ਰੀਮੀਅਮ ਨਹੀਂ ਮਿਲਣਗੇ ਜਿੰਨੇ ਪੇਅ ਆਊਟ ਕਰਨੇ ਪੈਣਗੇ।

ਸਮੱਸਿਆ ਮੌਸਮੀ ਬਦਲਾਅ ਦੀ ਨਹੀਂ ਸਗੋਂ ਜਿਸ ਤੇਜ਼ੀ ਨਾਲ ਇਹ ਵਾਪਰ ਰਿਹਾ ਹੈ, ਉਸ ਦੀ ਹੈ। ਘੱਟ ਲੰਮੀ ਸਰਦੀ ਦਾ ਮਤਲਬ ਹੈ ਘਰਾਂ ਨੂੰ ਗਰਮ ਰੱਖਣ ਦੇ ਖਰਚਿਆਂ 'ਚ ਕਟੌਤੀ ਅਤੇ ਲੋਕਾਂ ਲਈ ਬਾਹਰ ਘੁੰਮਣ ਵਿਚ ਘੱਟ ਪ੍ਰੇਸ਼ਾਨੀ। ਪਰ ਇਸ ਦਾ ਇਕ ਮਤਲਬ ਇਹ ਵੀ ਹੈ ਕਿ ਪੂਰਬੀ ਭਾਗ ਦੀਆਂ ਖਰਾਬ ਸੜਕਾਂ, ਸਰਦੀਆਂ ਵਿਚ ਪੈਦਾ ਹੋਣ ਵਾਲੇ ਕੀੜੇ ਜ਼ਿਆਦਾ ਦੇਰ ਤਕ ਜ਼ਿੰਦਾ ਰਹਿਣਗੇ ਤੇ ਸਰਦੀਆਂ ਵਿਚ ਬਰਫ਼ਬਾਰੀ ਦੀ ਘਾਟ ਹੋਵੇਗੀ, ਜਦੋਂ ਕਿ ਸਾਡੀਆਂ ਨਦੀਆਂ, ਨਹਿਰਾਂ ਵਿਚਲਾ 80 ਫੀਸਦੀ ਪਾਣੀ ਪਿਘਲੀ ਹੋਈ ਬਰਫ਼ ਤੋਂ ਹੀ ਆਉਂਦਾ ਹੈ। ਕਿਸਾਨਾਂ ਨੂੰ ਅਜਿਹੀਆਂ ਫਸਲਾਂ ਲਾਉਣੀਆਂ ਪੈਣਗੀਆਂ ਜੋ ਘੱਟ ਬਾਰਿਸ਼ ਵਿਚ ਜ਼ਿੰਦਾ ਰਹਿ ਸਕਣ। ਫਸਲਾਂ ਦੇ ਬੀਮੇ ਅਤੇ ਹੋਰ ਅਜਿਹੇ ਪ੍ਰੋਗਰਾਮਾਂ ਵਿਚ ਵੀ ਵਾਧਾ ਕਰਨਾ ਪਵੇਗਾ। ਹਰ ਕਿਸੇ ਨੂੰ ਉਪਰੋਕਤ ਤੋਂ ਪੈਦਾ ਹੋਣ ਵਾਲੀ ਕਰੋਪੀ ਝੱਲਣ ਲਈ ਤਿਆਰ ਰਹਿਣਾ ਪਵੇਗਾ।



# ਅਵਸ਼ੇਸ਼ਾਂ ਤੋਂ ਮੁਢਲੇ ਲੋਕਾਂ ਦੇ ਚਿਰ-ਗੁਆਚੇ ਚਚੇਰਿਆਂ ਦਾ ਭੇਤ ਖੁਲ੍ਹਿਆ

ਖੋਜੀਆਂ ਦੀ ਇਕ ਅੰਤਰਰਾਸ਼ਟਰੀ ਟੋਲੀ, ਜਿਸ ਵਿਚ ਕੈਨੇਡੀਅਨ ਵੀ ਸ਼ਾਮਲ ਸੀ, ਦੁਆਰਾ ਪ੍ਰਕਾਸ਼ਿਤ ਇਕ ਵਿਸ਼ੇਸ਼ ਅਧਿਐਨ ਅਨੁਸਾਰ ਸਾਇਬਰੇਰੀਆ ਦੀ ਇਕ ਗੁਫਾ ਵਿਚੋਂ ਇਕ ਦੰਦ ਤੇ ਉਂਗਲਾਂ ਦੀ ਹੱਡੀ ਮਿਲਣ ਨਾਲ ਮਨੁੱਖੀ ਪਰਿਵਾਰ ਬਾਰੇ ਇਕ ਅਜਿਹੀ ਖੋਜ ਹੋਈ ਹੈ, ਜਿਸ ਬਾਰੇ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ। ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦਾ ਮਾਨਵ ਵਿਗਿਆਨੀ ਉਨ੍ਹਾਂ 28 ਸਹਿਲੇਖਕਾਂ ਵਿਚੋਂ ਇਕ ਹੈ, ਜਿਨ੍ਹਾਂ ਨੇ 'ਨੇਚਰ' ਰਸਾਲੇ ਵਿਚ ਇਕ ਖੋਜ ਪੱਤਰ ਪ੍ਰਕਾਸ਼ਿਤ ਕੀਤਾ ਹੈ। ਇਹ ਖੋਜ ਪੱਤਰ ਲੰਮਾ ਸਮਾਂ ਪਹਿਲਾਂ ਖ਼ਤਮ ਹੋ ਗਈਆਂ ਮੁਢਲੀਆਂ ਮਨੁੱਖੀ ਪ੍ਰਜਾਤੀਆਂ 'ਡੈਨੀਸੋਵਨਜ਼' ਦੀ ਵਿਸਤ੍ਰਿਤ ਜਾਣਕਾਰੀ ਦਿੰਦਾ ਹੈ। ਇਹ ਪ੍ਰਜਾਤੀਆਂ 30,000 ਸਾਲ ਪਹਿਲਾਂ ਖ਼ਤਮ ਹੋ ਗਈਆਂ ਪਰ ਇਨ੍ਹਾਂ ਦੇ ਵਿਰਾਸਤੀ ਲੱਛਣ ਅੱਜ ਵੀ ਦੱਖਣ-ਪੱਛਮੀ ਏਸ਼ੀਆ ਦੀ ਵਸੋਂ ਵਿਚ ਦੇਖੇ ਜਾ ਸਕਦੇ ਹਨ। 'ਡੈਨੀਸੋਵਨ' ਦੰਦ ਤੇ ਉਂਗਲ ਦੱਖਣੀ ਰੂਸ ਵਿਚ 'ਅਲਤਾਈ ਪਹਾੜ' ਨਾਮੀ ਗੁਫਾ ਵਿਚੋਂ ਮਿਲੇ ਹਨ। ਪ੍ਰਜਾਤੀ ਦੇ ਦੋ ਵੱਖ-ਵੱਖ ਮੈਂਬਰਾਂ ਦੇ ਇਹ ਅਵਸ਼ੇਸ਼ ਅਜਿਹਾ ਹੈਰਾਨਕੁੰਨ ਵਧੀਆ ਡੀ.ਐਨ.ਏ. ਰਖਦੇ ਹਨ ਜਿਹੜਾ ਵਿਗਿਆਨੀਆਂ ਨੂੰ ਡੈਨੀਸੋਵਨਜ਼ ਦੇ ਵਿਕਾਸ-ਕ੍ਰਮ ਬਾਰੇ ਨਿਰਣਾ ਪੇਸ਼ ਕਰਨ ਲਈ ਉਤਸਾਹਿਤ ਕਰਦਾ ਹੈ। ਇਹ ਡੈਨੀਸੋਵਨਜ਼ ਸੈਂਕੜੇ ਹਜ਼ਾਰ ਸਾਲ ਪਹਿਲਾਂ ਨੀਂਦਰਥਲ ਭੈਣ ਸਮੂਹ ਸ਼ਾਖਾਵਾਂ ਵਿਚ ਵੰਡੇ ਜਾਣ ਉਪਰੰਤ ਪੂਰਬ-ਏਸ਼ੀਆ ਵਲ ਵਧਣ ਵੇਲੇ ਤਕ ਦਾ ਇਤਿਹਾਸ ਹੈ।

"ਸੰਭਵ ਹੈ ਕਿ 300,000 ਤੋਂ 400,000 ਹਜ਼ਾਰ ਸਾਲ ਪਹਿਲਾਂ ਦੇ ਸਮੇਂ ਦਰਮਿਆਨ ਕੋਈ ਪੂਰਵਜ ਸਮੂਹ ਤੇਜ਼ੀ ਨਾਲ ਬਿੱਖਰ ਕੇ ਯੂਰਪ ਵਿਚ ਫੈਲ ਗਿਆ ਹੋਵੇ ਤੇ ਇਸ ਦੀ ਦੂਜੀ ਸ਼ਾਖਾ ਪੂਰਬ ਨੂੰ ਘੁੰਮ ਗਈ ਹੋਵੇ, ਜੋ ਕਿ ਡੈਨੀਸੋਵਨਜ਼ ਬਣ ਗਈ ਹੋਵੇ'' ਇਹ ਹੈ ਕੈਲੀਫ਼ੋਰਨੀਆ ਯੂਨੀਵਰਸਿਟੀ ਦੁਆਰਾ ਜਾਰੀ 'ਨੇਚਰ' ਅਧਿਐਨ ਦਾ ਇਕ ਸਾਰ। ਇਕ ਸਹਿ ਲੇਖਕ ਬਾਇਓਨਿਊਲੀਕਰ ਇੰਜਨੀਅਰ ਤੇ ਡੈਨੀਸੋਵਨ ਡੀ.ਐਨ.ਏ. ਦੇ ਸਹਾਇਕ ਵਿਸ਼ਲੇਸ਼ਕ ਰਿਚਰਡ ਗਰੀਨ ਅਨੁਸਾਰ "70,000 ਤੋਂ 80,000 ਸਾਲ ਪਹਿਲਾਂ ਜਦੋਂ ਆਧੁਨਿਕ ਮਨੁੱਖ ਜਾਤੀ ਨੇ ਅਫਰੀਕਾ ਛੱਡਿਆ ਤਾਂ ਉਨ੍ਹਾਂ ਦਾ ਸਭ ਤੋਂ ਪਹਿਲਾ ਵਾਹ ਨੀਂਦਰਥਲਾਂ ਨਾਲ ਪਿਆ। ਇਸ ਮੇਲ-ਜੋਲ ਨੇ ਨੀਂਦਰਥਲ ਡੀ.ਐਨ.ਏ. 'ਤੇ ਛਾਪ ਛੱਡੀ ਜੋ ਕਿ ਜੀਨੋਮ ਰਾਹੀਂ ਸਮੁੱਚੇ -ਅਫ਼ਰੀਕਨਾਂ ਵਿਚ ਫੈਲ ਗਈ।''

"ਮਗਰੋਂ ਮੈਲਾਨੇਸ਼ੀਆ ਦੇ ਵਸਨੀਕਾਂ ਉਪਰ ਜੀਨੋਮ ਰਾਹੀਂ ਡੈਨੀਸੋਵਨ ਡੀ.ਐਨ.ਏ. ਦਾ ਪ੍ਰਭਾਵ ਛੱਡਦੇ ਹੋਏ ਡੈਨੀਸੋਵਨਜ਼ ਦੇ ਸੰਪਰਕ ਵਿਚ ਇਕ ਮਾਨਵ ਸਮੂਹ ਆਇਆ।'' ਮੈਲਾਨੇਸੀਅਨ ਜਿਹੜੇ ਉਤਰੀ ਅਸਟਰੇਲੀਆ ਦੇ ਜਿਊਨੀਆ ਤੇ ਬੌਗਨਵਿਲੇ ਟਾਪਆਂ ਨਾਲ ਸਬੰਧ ਰਖਦੇ ਸਨ, ਡੈਨੀਸੋਵਨ ਡੀ.ਐਨ.ਏ. ਦੀ ਛਾਪ ਨੂੰ ਪ੍ਰਦਰਸ਼ਿਤ ਕਰਦੇ ਹਨ। "ਅਫ਼ਰੀਕਾ ਤੋਂ ਪਰਵਾਸ ਕਰਕੇ ਨੀਂਦਰਥਲ ਜਾ ਵਸੇ ਆਧੁਨਿਕ ਮਨੁੱਖਾਂ ਦੀਆਂ ਸਾਫ਼ -ਸਪੱਸ਼ਟ ਕਹਾਣੀਆਂ ਦੀ ਥਾਂ ਅਸੀਂ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਉਹ ਕਹਾਣੀਆਂ ਉਲੀਕ ਸਕਦੇ ਹਾਂ, ਜਿਹੜੀਆਂ ਬਹੁਤ ਸਾਰੇ ਲੋਕਾਂ 'ਤੇ ਉਨ੍ਹਾਂ ਦੇ ਮੇਲ-ਜੋਲ ਨਾਲ ਸਬੰਧਤ ਜਟਿਲ ਕਹਾਣੀਆਂ ਹਨ।'' ਗਰੀਨ ਦਾ ਕਥਨ ਹੈ, ਨਾਲ ਹੀ ਉਹ ਲਿਖਦਾ ਹੈ, "ਇਹ ਲਗਭਗ ਚਮਤਕਾਰ ਹੀ ਹੈ ਕਿ ਡੀ.ਐਨ.ਏ. ਇੰਨੀ ਚੰਗੀ ਤਰ੍ਹਾਂ ਸੁਰੱਖਿਅਤ ਹੈ।

ਜਰਮਨੀ ਵਿਚ ਮੈਕਸ ਪਲੈਂਕ ਇੰਸਟੀਚਿਊਟ ਫਾਰ ਐਵੋਲੂਸ਼ਨਰੀ ਦੇ ਖੋਜੀ ਅਤੇ 'ਨੇਚਰ' ਅਧਿਐਨ ਦੇ ਮੁੱਖ ਲੇਖਕ ਸਵਾਂਤੇ ਪਾਬੋ, ਇਸ ਵਰ੍ਹੇ ਦੇ ਅਰੰਭ ਵਿਚ ਵੀ ਇਕ ਖੋਜ-ਪੱਤਰ ਦੇ ਸਹਿ ਲੇਖਕ ਰਹੇ ਹਨ, ਜਿਸ ਵਿਚ ਉਂਗਲ ਦੀ ਹੱਡੀ ਦੀ ਖੋਜ ਨੂੰ ਨਵੇਂ ਮਨੁੱਖੀ ਚਚੇਰਿਆਂ ਦਾ ਭੇਦ ਪਾਉਣ ਵਜੋਂ ਪੇਸ਼ ਕੀਤਾ ਗਿਆ ਹੈ।

ਡੀ.ਐਨ.ਏ. ਦੇ ਅਗਲੇ ਵਿਸ਼ਲੇਸ਼ਣ ਨੇ ਬਚੇ-ਖੁਚੇ ਦੰਦ ਸਬੂਤ ਨਾਲ ਮਿਲ ਕੇ ਮਨੁੱਖੀ ਪਰਿਵਾਰ ਦੇ ਰੁੱਖ ਦੀ ਡੈਨੀਸੋਵਨ ਸ਼ਾਖ ਦੀ ਪਹਿਚਾਣ ਨੂੰ ਠੋਸ ਬਣਾ ਦਿਤਾ ਹੈ।

ਨੀਂਦਰਥਲ ਦੀ ਜੀਨੋਮ ਲੜੀ ਨਾਲ ਜੁੜ ਕੇ ਪਾਬੋ ਨੇ ਕਿਹਾ, "ਡੈਨੀਸੋਵਨ ਜੀਨੋਮ ਸਾਡੇ ਪੂਰਵਜਾਂ ਅਤੇ ਵੱਖ ਵੱਖ ਪ੍ਰਾਚੀਨ ਹੋਮੀਨਿਨ ਸਮੂਹਾਂ ਵਿਚਕਾਰ ਜੈਨੇਟਿਕ ਮੇਲ-ਜੋਲ ਦੀ ਇਕ ਜਟਿਲ ਤਸਵੀਰ ਸੁਝਾਉਂਦਾ ਹੈ।''

ਰਿਚਰਡਜ਼ ਜਿਹੜਾ ਮੈਕਸ ਪਲੈਂਕ ਸੰਸਥਾ ਵਿਚ ਚੰਗੀ ਪੁਜ਼ੀਸ਼ਨ ਰੱਖਦਾ ਹੈ, ਆਪਣੀ ਯੂ.ਬੀ.ਸੀ. ਵੈਬਸਾਈਟ 'ਤੇ ਇਸ ਖੋਜ ਨੂੰ 'ਯੂਰੇਸ਼ੀਆ ਵਿਚ ਆਧੁਨਿਕ ਮਾਨਵ ਦੇ ਪਾਸਾਰ ਉਪਰ'' ਕੇਂਦਰਿਤ ਦੱਸਦਾ ਹੈ।

# ਕਾਂਗਰਸ, ਚੀਨ ਤੋਂ ਮਿਲੀ ਹਾਰ ਤੇ ਸਿੱਖ ਕਤਲੇਆਮ 'ਤੇ ਖਾਮੋਸ਼

ਨਵੀਂ ਦਿੱਲੀ (ਨਦਬ) ਐਮਰਜੈਂਸੀ ਬਾਰੇ ਕਾਂਗਰਸ ਦਾ ਇਤਿਹਾਸ ਚੀਨ ਤੋਂ ਮਿਲੀ ਹਾਰ ਅਤੇ ਸਿੱਖ ਕਤਲੇਆਮ ਉਪਰ ਖਾਮੋਸ਼ ਹੈ। ਪਾਰਟੀ ਦੇ ਸਵਾ ਸੌ ਸਾਲ ਦੇ ਇਤਿਹਾਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਰਜਕਾਲ ਦੌਰਾਨ 1984 ਵਿੱਚ ਹੋਏ ਸਿੱਖ ਕਤਲੇਆਮ ਅਤੇ ਭੋਪਾਲ ਗੈਸ ਕਾਂਡ ਦਾ ਦੋ ਲਾਈਨ ਵਿੱਚ ਸਿਰਫ ਜ਼ਿਕਰ ਹੀ ਕੀਤਾ ਗਿਆ ਹੈ। ਇਸੇ ਤਰ੍ਹਾਂ ਜਵਾਹਰ ਲਾਲ ਨਹਿਰੂ ਦੇ ਪ੍ਰਧਾਨ ਮੰਤਰੀ ਰਹਿੰਦਿਆਂ 1962 ਵਿੱਚ ਚੀਨ ਤੋਂ ਹਾਰ ਦੀ ਸ਼ਰਮ-ਨਾਕ ਘਟਨਾ ਤਾਂ ਕਿਤਾਬ ਵਿੱਚ ਜਗ੍ਹਾ ਹੀ ਨਾ ਪਾ ਸਕੀ। ਐਮਰਜੈਂਸੀ ਉਪਰ ਸੰਜੇ ਗਾਂਧੀ ਦੇ ਆਪਹੁਦਰੇ-ਪਣ ਨੂੰ ਜ਼ਿਮੇਦਾਰ ਦੱਸਣ ਵਾਲੀ ਟਿੱਪਣੀ ਨਾਲ ਮਚੀ ਸਿਆਸੀ ਹਲਚਲ ਤੋਂ ਬਾਅਦ ਹੁਣ ਕਾਂਗਰਸ ਖੁਦ 'ਬੈਕਫੁੱਟ' 'ਤੇ ਹੈ। ਭਾਜਪਾ ਦੇ ਬੁਲਾਰੇ ਸ਼ਹਿਨਵਾਜ਼ ਹੁਸੈਨ ਨੇ ਐਮਰਜੈਂਸੀ ਦਾ ਦੋਸ਼ ਦੂਸਰਿਆਂ 'ਤੇ ਮੜ੍ਹਨ 'ਤੇ ਕਾਂਗਰਸ ਉਪਰ ਤੁਰੰਤ ਹਮਲਾ ਕੀਤਾ। ਹਾਲਾਂਕਿ, ਸੰਜੇ ਗਾਂਧੀ ਦਾ ਨਾਮ ਲੈਣ ਤੋਂ ਭਾਜਪਾ ਬਚੀ ਹੈ।



ਕਾਂਗਰਸ ਨੇ ਮੀਡੀਆ 'ਤੇ ਇਕ ਪੁਰਾਣੇ ਮੁੱਦੇ ਨੂੰ ਤੂਲ ਦੇਣ ਦਾ ਦੋਸ਼ ਲਾਇਆ, ਜਦਕਿ ਕਿਤਾਬ ਵਿੱਚ 1984 ਅਤੇ 1962 ਦੇ ਇਤਿਹਾਸ 'ਤੇ ਚੁੱਪੀ ਦਾ ਕੋਈ ਜਵਾਬ ਨਹੀਂ ਹੈ। ਐਮਰਜੈਂਸੀ ਅਤੇ ਸੰਜੇ ਗਾਂਧੀ ਦੇ ਇਤਿਹਾਸ 'ਤੇ ਅਖਬਾਰਾਂ ਵਿੱਚ ਛਪੀਆਂ ਖਬਰਾਂ ਨੂੰ ਕਾਂਗਰਸ ਨੇ ਸੰਦਰਭ ਤੋਂ ਹਟ ਕੇ ਕਰਾਰ ਦਿੱਤਾ। ਪਾਰਟੀ ਬੁਲਾਰੇ ਸ਼ਕੀਲ ਅਹਿਮਦ ਨੇ ਕਿਹਾ, 'ਐਮਰਜੈਂਸੀ ਇਕ ਇਤਿਹਾਸ ਹੈ ਅਤੇ ਸੱਚਾਈ ਹੈ। ਉਸ ਵਿੱਚ ਜੋ ਹੋਇਆ ਸਿਰਫ ਉਹੀ ਲਿਖਿਆ ਗਿਆ। ਅਖਬਾਰਾਂ ਵਿੱਚ ਵੱਖਰੇ ਸੰਦਰਭ ਵਿੱਚ ਉਹ ਛਪਿਆ ਹੈ।' ਸ਼ਕੀਲ ਮੁਤਾਬਕ, 'ਇਤਿਹਾਸ ਵਿੱਚ ਸਭ ਕੁਝ ਚੰਗਾ ਨਹੀਂ, ਬਲਕਿ ਜੋ ਸੱਚ ਹੁੰਦਾ ਹੈ ਉਹ ਛਾਪਿਆ ਜਾਂਦਾ ਹੈ, ਪਰ ਉਸ ਦੀ ਗਲਤ ਵਿਆਖਿਆ ਨਹੀਂ ਕੀਤੀ ਜਾਣੀ ਚਾਹੀਦੀ।' ਹਾਲਾਂਕਿ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਇਤਿਹਾਸ ਤਾਂ 1962 ਅਤੇ 84 ਵੀ ਹੈ, ਉਸ 'ਤੇ ਰੌਸ਼ਨੀ ਕਿਉਂ ਨਹੀਂ ਪਾਈ ਗਈ, ਤਾਂ ਉਹ ਇਹ ਕਹਿ ਕੇ ਨਿਕਲ ਗਏ ਕਿ ਉਨ੍ਹਾਂ ਨੇ ਪੂਰੀ ਕਿਤਾਬ ਨਹੀਂ ਪੜ੍ਹੀ ਹੈ।

ਦਿਲਚਸਪ ਤੱਥ ਇਹ ਹੈ ਕਿ ਕਾਂਗਰਸ ਦਾ ਇਤਿਹਾਸ ਸਮੇਟਣ ਵਾਲੀ ਕਿਤਾਬ 'ਕਾਂਗਰਸ ਅਤੇ ਭਾਰਤ ਦਾ ਨਿਰਮਾਣ' ਦੇ ਸੰਪਾਦਕ ਪ੍ਰਣਬ ਮੁਖਰਜੀ ਨੇ ਆਪਣੇ ਲੇਖ ਵਿੱਚ ਦਾਅਵਾ ਕੀਤਾ ਹੈ ਕਿ ਇਸ ਵਿੱਚ ਨਾ ਸਿਰਫ ਕਾਂਗਰਸ ਬਲਕਿ ਦੇਸ਼ ਦੇ ਇਤਿਹਾਸ ਦੀ ਝਲਕ ਮਿਲੇਗੀ। ਪਰ ਕਿਤਾਬ ਭਾਰਤੀ ਇਤਿਹਾਸ ਦੀਆਂ ਵੱਡੀਆਂ ਘਟਨਾਵਾਂ ਸਿੱਖ ਵਿਰੋਧੀ ਕਤਲੇਆਮ ਅਤੇ ਚੀਨ ਦੀ ਹਾਰ ਤੋਂ ਬਚ ਨਿਕਲੀ ਹੈ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ 'ਤੇ 13 ਪੰਨੇ ਲਿਖੇ ਗਏ ਹਨ ਪਰ 1962 ਵਿੱਚ ਚੀਨ ਤੋਂ ਹਾਰ ਦਾ ਜ਼ਿਕਰ ਤੱਕ ਨਹੀਂ ਹੈ। ਇਸੇ ਤਰ੍ਹਾਂ 1984 ਵਿੱਚ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਦਿਆਂ ਹੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਹੋਏ ਸਿੱਖ ਕਤਲੇਆਮ ਵਿੱਚ 2800 ਲੋਕਾਂ ਦੇ ਦਿੱਲੀ ਵਿੱਚ ਮਾਰੇ ਜਾਣ ਅਤੇ ਭੋਪਾਲ ਗੈਸ ਕਾਂਡ ਵਿੱਚ 2000 ਲੋਕਾਂ ਦੀਆਂ ਮੌਤਾਂ ਦਾ ਜ਼ਿਕਰ ਇਕ ਪੈਰ੍ਹੇ ਵਿੱਚ ਕਰ ਦਿੱਤਾ ਗਿਆ ਹੈ। ਇਨ੍ਹਾਂ ਨੂੰ ਰਾਜੀਵ ਗਾਂਧੀ ਦੀ ਪਹਿਲੀ ਚੁਣੌਤੀ ਦੱਸਿਆ ਗਿਆ ਹੈ, ਪਰ ਇਸ ਨਾਲ ਸਿਝਦਿਆਂ ਕਿਵੇਂ ਅਤੇ ਕੀ ਹੋਇਆ, ਇਸ ਬਾਰੇ ਚੁੱਪੀ ਧਾਰ ਲਈ ਹੈ।

# ਭਾਰਤ ਵਿਚ ਚਿੱਟਾ ਹਾਥੀ ਸਾਬਤ ਹੋ ਰਹੀਆਂ ਹਨ ਭ੍ਰਿਸ਼ਟਾਚਾਰ ਵਿਰੋਧੀ ਏਜੰਸੀਆਂ

ਨਵੀਂ ਦਿੱਲੀ (ਨਦਬ) : ਦੁਨੀਆ ਦੇ ਦੂਸਰੇ ਦੇਸ਼ਾਂ ਦੇ ਮੁਕਾਬਲੇ ਭਾਰਤ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਲੜਨ ਵਿਚ ਪਛੱੜਦਾ ਜਾ ਰਿਹਾ ਹੈ। ਇਹ ਸਥਿਤੀ ਉਦੋਂ ਹੈ ਜਦੋਂ ਭਾਰਤ ਵਿਚ ਭ੍ਰਿਸ਼ਟਾਚਾਰ ਵਿੱਰੁਧ ਕਾਰਵਾਈ ਲਈ ਕਾਨੂੰਨਾਂ ਨਾਲ ਲੈਸ ਸਾਰੀਆਂ ਏਜੰਸੀਆਂ ਮੌਜੂਦ ਹਨ। ਭ੍ਰਿਸ਼ਟਾਚਾਰ ਵਿਰੁੱਧ ਕੰਮ ਕਰਨ ਵਾਲੇ ਕੌਮਾਂਤਰੀ ਐਨ ਜੀ ਓ ਟ੍ਰਾਂਸਪੇਰੇਂਸੀ ਇੰਟਰਨੈਸ਼ਨਲ ਦੇ ਤਾਜ਼ਾ ਅੰਕੜਿਆਂ ਅਨੁਸਾਰ ਭ੍ਰਿਸ਼ਟ ਦੇਸ਼ਾਂ ਦੀ ਸੂਚੀ ਵਿਚ ਭਾਰਤ 87ਵੇਂ ਸਥਾਨ 'ਤੇ ਹੈ। ਭਾਵ 86 ਦੇਸ਼ ਭ੍ਰਿਸ਼ਟਾਚਾਰ 'ਤੇ ਲਗਾਮ ਕੱਸਣ ਵਿਚ ਭਾਰਤ ਤੋਂ ਅੱਗੇ ਹਨ।

ਭਾਰਤ ਵਿਚ ਟ੍ਰਾਂਸਪੇਰੇਂਸੀ ਇੰਟਰਨੈਸ਼ਨਲ ਦੀ ਕਾਰਜਕਾਰੀ ਨਿਰਦੇਸ਼ਕ ਅਨੁਪਮਾ ਝਾਅ ਦੀ ਮੰਨੀਏ ਤਾਂ ਭ੍ਰਿਸ਼ਟਾਚਾਰ ਵਿਰੁਧ ਲੜਾਈ ਲਈ ਭਾਰਤ ਵਿਚ ਨਾ ਤਾਂ ਕਾਨੂੰਨ ਦੀ ਘਾਟ ਹੈ ਅਤੇ ਨਾ ਹੀ ਭ੍ਰਿਸ਼ਟਾਚਾਰ ਵਿਰੋਧੀ ਏਜੰਸੀਆਂ ਦੀ। ਸਮੱਸਿਆ ਇਨ੍ਹਾਂ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਏਜੰਸੀ ਨੂੰ ਜ਼ਿਆਦਾ ਤਾਕਤਵਰ ਬਣਾਉਣ ਦੀ ਹੈ। ਭ੍ਰਿਸ਼ਟਾਚਾਰ ਵਿਰੁਧ ਭਾਰਤ ਵਿਚ ਨੋਡਲ ਏਜੰਸੀ ਕੇਂਦਰੀ ਚੌਕਸੀ ਕਮਿਸ਼ਨ (ਸੀ.ਵੀ.ਸੀ.) ਦੇ ਦੰਦ ਸਿਰਫ਼ ਦਿਖਾਉਣ ਲਈ ਹਨ ਅਤੇ ਉਹ ਕੇਵਲ ਭ੍ਰਿਸ਼ਟ ਅਧਿਕਾਰੀਆਂ ਵਿਰੁਧ ਕਾਰਵਾਈ ਦੀ ਸਿਫ਼ਾਰਿਸ਼ ਕਰ ਸਕਦਾ ਹੈ। ਜਦਕਿ ਨਿਊਜ਼ੀਲੈਂਡ, ਡੈਨਮਾਰਕ ਅਤੇ ਸਿੰਗਾਪੁਰ ਵਰਗੇ ਸਭ ਤੋਂ ਈਮਾਨਦਾਰ ਦੇਸ਼ਾਂ ਵਿਚ ਭ੍ਰਿਸ਼ਟਾਚਾਰ ਵਿਰੋਧੀ ਏਜੰਸੀਆਂ ਭ੍ਰਿਸ਼ਟ ਅਧਿਕਾਰੀਆਂ ਵਿਰੁਧ ਕਾਰਵਾਈ ਲਈ ਜ਼ਿਆਦਾ ਆਜ਼ਾਦ ਹਨ। ਸਾਡੀ ਸੱਭ ਤੋਂ ਵੱਡੀ ਜਾਂਚ ਏਜੰਸੀ ਸੀ.ਬੀ.ਆਈ. ਦੀ ਹਾਲਤ ਇਹ ਹੈ ਕਿ ਉਹ ਸੁਖਰਾਮ ਨੂੰ ਛੱਡ ਕੇ ਬਾਕੀ ਕਿਸੇ ਵੱਡੇ ਨੇਤਾ ਨੂੰ ਸਜ਼ਾ ਤਕ ਨਹੀਂ ਦਿਵਾ ਸਕੀ। ਦੂਜਾ, ਇਨ੍ਹਾਂ ਨੂੰ ਸੰਯੁਕਤ ਸਕੱਤਰ ਅਤੇ ਉਸ ਤੋਂ ਉਚ ਪੱਧਰ ਦੇ ਅਧਿਕਾਰੀਆਂ ਵਿਰੁਧ ਕਾਰਵਾਈ ਕਰਨ ਦਾ ਅਧਿਕਾਰ ਨਹੀਂ ਹੈ। ਜਦਕਿ ਅਮਰੀਕਾ ਵਿਚ ਐਫ਼.ਬੀ.ਆਈ. ਉਥੋਂ ਦੇ ਗਵਰਨਰ ਤਕ ਦੇ ਵਿਰੁਧ ਸਿੱਧੀ ਕਾਰਵਾਈ ਲਈ ਆਜ਼ਾਦ ਹੈ।

ਦੁਨੀਆ ਦੇ ਹੋਰ ਦੇਸ਼ਾਂ ਦੀ ਤੁਲਨਾ ਵਿਚ ਜਨਤਾ ਵਿਚ ਜਾਗਰੂਕਤਾ ਦਾ ਅਹਿਸਾਸ ਭ੍ਰਿਸ਼ਟਾਚਾਰ ਵਿਰੁਧ ਲੜਾਈ ਵਿਚ ਇਕ ਵੱਡੀ ਰੁਕਵਾਟ ਹੈ। ਇਸ ਨਾਲ ਭ੍ਰਿਸ਼ਟ ਸਿਆਸੀ ਆਗੂਆਂ ਨੂੰ ਵੀ ਜਨਤਾ ਦਾ ਸਮਰਥਨ ਮਿਲਦਾ ਹੈ। ਜਾਪਾਨ ਵਰਗੇ ਦੇਸ਼ ਵਿਚ ਵੀ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਇਕ ਵਾਰ ਧੱਸ ਜਾਣ ਤੋਂ ਬਾਅਦ ਨੇਤਾਵਾਂ ਲਈ ਜਨਤਾ ਦਾ ਸਮਰਥਨ ਪ੍ਰਾਪਤ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਅਮਰੀਕਾ, ਜਾਪਾਨ, ਆਸਟ੍ਰੇਲੀਆ ਜਾਂ ਯੂਰਪੀ ਦੇਸ਼ ਭ੍ਰਿਸ਼ਟਾਚਾਰ ਵਿਰੁਧ ਕਾਰਵਾਈ ਨੂੰ ਜ਼ਿਆਦਾ ਤੋਂ ਜ਼ਿਆਦਾ ਪਾਰਦਰਸ਼ੀ ਬਣਾ ਰਹੇ ਹਨ ਅਤੇ ਭ੍ਰਿਸ਼ਟਾਚਾਰ ਦੀਆਂ ਸੂਚਨਾਵਾਂ ਇਕੱਠੀਆਂ ਕਰਨ ਲਈ ਕਰੋੜਾਂ ਰੁਪਏ ਖ਼ਰਚ ਰਹੇ ਹਨ। ਭਾਰਤ ਵਿਚ ਵੀ ਕਾਲੇ ਧਨ ਦੀ ਸੂਚਨਾ ਦੇਣ ਵਾਲਿਆਂ ਨੂੰ ਇਨਾਮ ਦਿਤਾ ਜਾਂਦਾ ਹੈ ਪਰ ਇਸ ਮਿਲਣ ਵਿਚ 25-30 ਸਾਲ ਲੱਗ ਜਾਂਦੇ ਹਨ।

# ਵਾਪਸੀ ਨੂੰ ਤਰਸੇ ਐਨ.ਆਰ.ਆਈ.

ਚੰਡੀਗੜ੍ਹ (ਨਦਬ) : ਅਮਰੀਕਾ ਵਿਚ ਵੱਸਣ ਵਾਲੇ ਭਾਰਤੀ ਮੂਲ ਦੇ ਹਜ਼ਾਰਾਂ ਪਰਿਵਾਰ ਵਤਨ ਵਾਪਸੀ ਨੂੰ ਤਰਸ ਗਏ ਹਨ। ਸਰਕਾਰ ਨੇ ਵੀਜ਼ਾ ਦੇਣ ਲਈ ਉਨ੍ਹਾਂ ਨੂੰ ਭਾਰਤੀ ਪਾਸਪੋਰਟ ਜਮ੍ਹਾ ਕਰਵਾ ਕੇ ਸਰੰਡਰ ਸਰਟੀਫ਼ਿਕੇਟ ਲੈਣ ਨੂੰ ਕਿਹਾ ਹੈ। ਕਈ ਸਾਲ ਪਹਿਲਾਂ ਅਮਰੀਕੀ ਨਾਗਰਿਕਤਾ ਹਾਸਲ ਕਰ ਚੁੱਕੇ ਇਨ੍ਹਾਂ ਪਰਿਵਾਰਾਂ ਦੇ ਭਾਰਤੀ ਪਾਸਪੋਰਟ ਗੁੰਮ ਹੋ ਗਏ ਹਨ ਜਾਂ ਉਨ੍ਹਾਂ ਨੇ ਖ਼ੁਦ ਹੀ ਇਨ੍ਹਾਂ ਨੂੰ ਨਸ਼ਟ ਕਰ ਦਿਤਾ ਹੈ। ਅਜਿਹੇ ਵਿਚ ਸਰੰਡਰ ਸਰਟੀਫ਼ਿਕੇਟ ਦੇ ਬਿਨਾ ਉਨ੍ਹਾਂ ਨੂੰ ਵੀਜ਼ਾ ਨਹੀਂ ਮਿਲ ਰਿਹਾ। ਪ੍ਰੇਸ਼ਾਨ ਲੋਕ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਅਤੇ ਹੋਰ ਧਾਰਮਿਕ ਸੰਗਠਨਾਂ ਦੀ ਸ਼ਰਨ ਵਿਚ ਹਨ ਤਾ ਕਿ ਉਹ ਦਬਾਅ ਬਣਾ ਕੇ ਉਨ੍ਹਾਂ ਨੂੰ ਵੀਜ਼ਾ ਦਿਵਾਉਣ ਦਾ ਯਤਨ ਕਰਨ। ਅੱਜਕਲ ਪੰਜਾਬ ਆਏ ਹੋਏ ਸਿੱਖ ਸੈਂਟਰ ਆਫ਼ ਸ਼ੀਅਟਲ ਦੇ ਪੀ.ਆਰ.ਓ. ਹਰਜਿੰਦਰ ਪਾਲ ਸਿੰਘ ਨੇ ਦਸਿਆ ਕਿ ਉਨ੍ਹਾਂ ਕੋਲ ਰੋਜ਼ਾਨਾ ਦਰਜਨਾਂ ਅਜਿਹੇ ਕੇਸ ਆਉਂਦੇ ਹਨ। ਉਨ੍ਹਾਂ ਨੇ ਦਸਿਆ ਕਿ ਲੋਕ ਕਾਉਂਸਲੇਟ ਦਫ਼ਤਰਾਂ ਦੇ ਬਾਹਰ ਧਰਨੇ ਦੇ ਕੇ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।


## ਜ਼ਿੰਦਗੀ ਬੜੀ ਬੇਵਫਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? * ਕੀ ਤੁਸੀਂ ਘਰ ਦੇ ਮੁਖੀਆ ਹੋ ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

ਜ਼ਰਾ ਸੋਚੋ ! !

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**



Jessie Singh (C.A.I.B.)

**Jessie Off: (403) 717-0666**

**Jessie Singh (C.A.I.B.) Cell: (403) 830-7007**

# ਪੰਜਾਬ ਅੱਜ-ਕੱਲ੍ਹ

## ਲੰਘ ਗਿਆ ਇਕ ਹੋਰ ਸਾਲ, ਸੁੰਗੜ ਗਏ ਖੇਤ

ਚੰਡੀਗੜ੍ਹ (ਨਦਬ) : ਜਿਉਂ ਹੀ ਸਾਲ ਗੁਜ਼ਰਦਾ ਹੈ, ਪੰਜਾਬ ਦੇ ਖੇਤ ਹੋਰ ਸੁੰਗੜ ਜਾਂਦੇ ਹਨ। ਸ਼ਹਿਰਕਰਨ ਹਰ ਸਾਲ ਇਥੋਂ ਦੀ ਕਰੀਬ 20 ਹਜ਼ਾਰ ਹੈਕਟੇਅਰ ਖੇਤੀ ਯੋਗ ਜ਼ਮੀਨ ਨੂੰ ਘੱਟ ਕਰ ਰਿਹਾ ਹੈ। ਇਸ ਬਦਲਾਅ ਵਿਚ ਭਾਵੇਂ ਆਰਥਕ ਤਰੱਕੀ ਦੀ ਝਲਕ ਦਿਖਾਈ ਦੇ ਰਹੀ ਹੈ ਪਰ 'ਫੂਡ ਬਾਸਕੇਟ' ਦਾ ਲਗਾਤਾਰ ਘੱਟ ਰਿਹਾ ਆਕਾਰ ਅਨਾਜ ਸੁਰੱਖਿਆ ਲਈ ਗੰਭੀਰ ਚੁਨੌਤੀ ਤੋਂ ਘੱਟ ਨਹੀਂ ਹੈ। ਪੰਜਾਬ ਭੂਮੀ ਰਿਕਾਰਡ ਦਫ਼ਤਰ ਦੇ ਅੰਕੜਿਆਂ ਅਨੁਸਾਰ, ਇਸ ਸਮੇਂ ਔਸਤਨ 20 ਹਜ਼ਾਰ ਹੈਕਟੇਅਰ ਉਪਜਾਊ ਜ਼ਮੀਨ ਘੱਟ ਹੋ ਰਹੀ ਹੈ। ਖੇਤੀ ਹੇਠਲੀ ਜ਼ਮੀਨ ਦਾ ਰਕਬਾ ਘੱਟਣ ਦਾ ਰੁਝਾਨ 9 ਸਾਲ ਪਹਿਲਾਂ ਸ਼ੁਰੂ ਹੋਇਆ ਜਦਕਿ ਸਾਲ 1971 ਤੋਂ 2001 ਤਕ ਸੂਬੇ ਵਿਚ ਖੇਤੀ ਅਧੀਨ ਰਕਬਾ ਵਧਦੇ ਕ੍ਰਮ ਵਿਚ ਸੀ।

ਅੰਕੜਿਆਂ ਅਨੁਸਾਰ, ਸੂਬੇ ਦਾ ਕੁਲ ਭੂਗੋਲਿਕ ਖੇਤਰ 50.3 ਲੱਖ ਹੈਕਟੇਅਰ ਹੈ। ਸਾਲ 2000-01 ਵਿਚ ਇਸ ਵਿਚੋਂ 42.5 ਲੱਖ ਹੈਕਟੇਅਰ ਖੇਤੀ ਅਧੀਨ ਆ ਚੁੱਕਿਆ ਸੀ। ਅਰਥਾਤ ਸੂਬੇ ਦੀ ਕੁਲ ਜ਼ਮੀਨ ਦਾ ਕਰੀਬ 85 ਫ਼ੀਸਦੀ ਹਿੱਸਾ ਖੇਤੀ ਅਧੀਨ ਸੀ। ਇਸ ਦੌਰ ਵਿਚ ਕਿਸੇ ਵੀ ਸੂਬੇ ਵਿਚ ਇੰਨੀ ਪ੍ਰਤੀਸ਼ਤ ਜ਼ਮੀਨ ਖੇਤੀ ਦੇ ਤਹਿਤ ਨਹੀਂ ਸੀ। ਪਰ ਸ਼ਹਿਰੀਕਰਨ ਦੇ ਪਾਸਾਰ ਵਿਚ ਇਹ ਰਿਕਾਰਡ ਅੰਕੜਾ ਟਿਕ ਨਹੀਂ ਸਕਿਆ। ਵਿਭਾਗ ਦੇ ਰਿਕਾਰਡ ਦਸਦੇ ਹਨ ਕਿ ਸਾਲ 2000-01 ਤੋਂ ਲੈ ਕੇ 2005-06 ਤਕ ਸੂਬੇ ਦੇ ਖੇਤਾਂ ਵਿਚ 80 ਹਜ਼ਾਰ ਹੈਕਟੇਅਰ ਜ਼ਮੀਨ ਘੱਟ ਹੋ ਗਈ ਹੈ। ਬਿਨਾਂ ਸ਼ੱਕ ਇਹ ਕੰਕਰੀਟ ਦੇ ਜੰਗਲ ਤਹਿਤ ਚਲੀ ਗਈ। ਹਰੀ ਕ੍ਰਾਂਤੀ ਦੇ ਸ਼ੁਰੂਆਤੀ ਦੌਰ ਮੰਨੇ ਜਾਂਦੇ ਸਾਲ 1970-71 ਵਿਚ ਸੂਬੇ ਵਿਚ ਖੇਤੀ ਅਧੀਨ 40 ਲੱਖ ਹੈਕਟੇਅਰ ਰਕਬਾ ਸੀ। ਸਾਲ 1980-81 ਵਿਚ ਇਹ ਵਧ ਕੇ 41.9 ਲੱਖ ਹੈਕਟੇਅਰ ਹੋ ਗਿਆ। ਅਗਲੇ ਦਹਾਕੇ ਵਿਚ ਇਹ ਅੰਕੜਾ ਵੱਧ ਕੇ 42.2 ਲੱਗ ਹੈਕਟੇਅਰ ਤਕ ਪਹੁੰਚ ਗਿਆ। '90 ਦੇ ਦਹਾਕੇ ਵਿਚ ਪੰਜਾਬ ਦੇ ਕਿਸਾਨਾਂ ਨੇ ਬਾਕੀ ਬਚਦੀ ਜ਼ਮੀਨ ਵਿਚ ਕਰੀਬ 30 ਹਜ਼ਾਰ ਹੈਕਟੇਅਰ ਬੰਜਰ ਜ਼ਮੀਨ ਨੂੰ ਉਪਜਾਊ ਖੇਤਾਂ ਵਿਚ ਬਦਲ ਲਿਆ ਅਤੇ ਸਾਲ 2000-01 ਤਕ ਖੇਤੀ ਦੇ ਅਧੀਨ ਕੁਲ ਰਕਬਾ 42.5 ਲੱਖ ਹੈਕਟੇਅਰ ਹੋ ਗਿਆ। ਇਸ ਤੋਂ ਬਾਅਦ ਖੇਤ ਸੁੰਗੜਨ ਲੱਗੇ ਅਤੇ ਇਨ੍ਹਾਂ ਸਾਲਾਂ ਵਿਚ ਇਹ ਰੁਝਾਨ ਹੋਰ ਤੇਜ਼ ਹੋ ਗਿਆ। ਭੂਮੀ ਰਿਕਾਰਡ ਵਿਭਾਗ ਵਲੋਂ ਤਾਜ਼ਾ ਅੰਕੜੇ ਇਕੱਠੇ ਕੀਤੇ ਜਾ ਰਹੇ ਹਨ ਪਰ ਅੰਦਰੂਨੀ ਸੂਤਰਾਂ ਅਨੁਸਾਰ ਮੰਨਿਆ ਜਾ ਰਿਹਾ ਹੈ ਕਿ ਸਾਲ 2010-11 ਦੌਰਾਨ ਸੂਬੇ ਵਿਚ ਖੇਤੀ ਅਧੀਨ ਰਕਬਾ ਘੱਟ ਕੇ 41 ਲੱਖ ਹੈਕਟੇਅਰ ਤੋਂ ਵੀ ਥੱਲੇ ਆ ਜਾਵੇਗਾ। ਦਿਲਚਸਪ ਤੱਥ ਇਹ ਹੈ ਕਿ ਇਸ ਮੁੱਦੇ ਦੇ ਨਾਕਾਰਾਤਮਕ ਜਾਂ ਸਾਕਾਰਾਤਮਕ ਪਹਿਲੂ ਪ੍ਰਤੀ ਖੇਤੀ ਵਿਭਾਗ ਨਾਲ ਸਬੰਧਤ ਹੇਠਾਂ ਤੋਂ ਲੈ ਕੇ ਉਪਰ ਤਕ ਕੋਈ ਅਧਿਕਾਰੀ ਸਪੱਸ਼ਟ ਨਹੀਂ ਹੈ। ਪੰਜਾਬ ਕਿਸਾਨ ਕਮਿਸ਼ਨ ਤੋਂ ਲੈ ਕੇ ਵਿੱਤ ਕਮਿਸ਼ਨਰ(ਵਿਕਾਸ) ਤਕ ਕੋਈ ਵੀ ਅਧਿਕਾਰੀ ਅਧਿਕਾਰਤ ਤੌਰ 'ਤੇ ਬੋਲਣ ਲਈ ਤਿਆਰ ਨਹੀਂ ਹੈ।

## ਸਭ ਤੋਂ ਵੱਧ ਭ੍ਰਿਸ਼ਟਾਚਾਰ ਮਾਲ ਵਿਭਾਗ ਵਿਚ

### ਵਿਜੀਲੈਂਸ ਨੂੰ ਮਿਲੀਆਂ ਸ਼ਿਕਾਇਤਾਂ ਤੋਂ ਹੋਇਆ ਖੁਲਾਸਾ

ਚੰਡੀਗੜ੍ਹ (ਨਦਬ) : ਪੰਜਾਬ ਵਿਚ ਸਭ ਤੋਂ ਜ਼ਿਆਦਾ ਭ੍ਰਿਸ਼ਟਾਚਾਰ ਮਾਲ ਮਹਿਕਮੇ ਵਿਚ ਹੈ ਜਦਕਿ ਅਜਿਹੇ ਮਾਮਲਿਆਂ ਵਿਚ ਬਿਜਲੀ ਬੋਰਡ ਦੂਜੇ ਸਥਾਨ 'ਤੇ ਹੈ। ਇਹ ਖੁਲਾਸਾ ਇਸ ਸਾਲ ਵਿਜੀਲੈਂਸ ਕੋਲ ਆਈਆਂ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਤੋਂ ਹੋਇਆ ਹੈ। ਵਿਜੀਲੈਂਸ ਕੋਲ ਸਾਲ 2010 ਵਿਚ ਦਰਜ ਕੀਤੀਆਂ ਗਈਆਂ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਵਿਚੋਂ 70 ਫੀਸਦੀ ਸ਼ਿਕਾਇਤਾਂ ਮਾਲ ਵਿਭਾਗ ਨਾਲ ਸਬੰਧਤ ਹਨ ਜਦਕਿ ਹੋਰ ਸ਼ਿਕਾਇਤਾਂ ਬਿਜਲੀ ਬੋਰਡ ਨਾਲ ਸਬੰਧਤ ਹਨ। ਵਿਜੀਲੈਂਸ ਨੇ ਇਸ ਸਾਲ ਭ੍ਰਿਸ਼ਟਾਚਾਰ ਦੇ ਵੱਖ-ਵੱਖ ਮਾਮਲਿਆਂ ਵਿਚ 101 ਸ਼ਿਕਾਇਤਾਂ ਦਰਜ ਕੀਤੀਆਂ। ਇਸ ਵਿਚੋਂ 73 ਮਾਮਲਿਆਂ ਵਿਚ ਦੋਸ਼ੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜਿਆ ਗਿਆ। ਇਨ੍ਹਾਂ ਦੋਸ਼ੀਆਂ ਵਿਚ 18 ਗਜ਼ਟਿਡ ਆਫ਼ਿਸਰ, 63 ਨਾਨ ਗਜਟਿਡ ਆਫ਼ਿਸਰ, ਜਦਕਿ ਦੋ ਪ੍ਰਾਈਵੇਟ ਲੋਕ ਸ਼ਾਮਲ ਹਨ। ਇਸ ਤੋਂ ਇਲਾਵਾ ਅਪਰਾਧਿਕ ਮਾਮਲਿਆਂ ਵਿਚ 90 ਫੀਸਦੀ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ 70 ਸ਼ਿਕਾਇਤਾਂ ਮਾਲ ਵਿਭਾਗ ਨਾਲ ਸਬੰਧ ਹਨ।

ਪੰਜਾਬੀ ਦੇ ਪ੍ਰਸਿੱਧ ਆਲੋਚਕ ਅਤੇ ਵਿਦਵਾਨ ਡਾ. ਅਮਰਜੀਤ ਸਿੰਘ ਕਾਂਗ



ਪਿਛਲੇ ਦਿਨੀਂ ਅਚਾਨਕ ਹੀ ਦਿਲ ਦਾ ਦੌਰਾ ਪੈਣ ਕਾਰਨ ਸਦਾ ਲਈ ਤੁਰ ਗਏ। ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਮਾਜਿਕ ਮਸਲਿਆਂ ਪ੍ਰਤੀ ਉਨ੍ਹਾਂ ਦੀ ਪ੍ਰਤੀਬੱਧਤਾ ਨੂੰ ਅਦਾਰਾ 'ਨਵੀਂ ਦੁਨੀਆ' ਸਲਾਮ ਕਰਦਾ ਹੋਇਆ ਸ਼ਰਧਾਂਜਲੀ ਭੇਟ ਕਰਦਾ ਹੈ।

ਪੰਜਾਬੀ ਅਤੇ ਹਿੰਦੀ ਫਿਲਮਾਂ ਦੇ ਪ੍ਰਸਿੱਧ ਕਲਾਕਾਰ ਵਿਵੇਕ ਸ਼ੌਕ 47 ਸਾਲ ਦੀ ਨਿੱਕੀ ਜਿਹੀ ਉਮਰ ਵਿਚ ਹੀ ਦਿਲ ਦਾ ਦੌਰਾ ਪੈਣ ਕਾਰਨ ਪੰਜਾਬੀ ਪਿਆਰਿਆਂ ਤੋਂ ਸਦਾ ਲਈ ਵਿਛੜ ਗਏ ਹਨ। ਹਿੰਦੀ, ਪੰਜਾਬੀ ਫਿਲਮਾਂ ਅਤੇ ਥੀਏਟਰ ਨੂੰ ਉਨ੍ਹਾਂ ਦੀ ਦੇਣ ਨਾ ਭੁਲਾਉਣਯੋਗ ਹੈ।



ਅਦਾਰਾ 'ਨਵੀਂ ਦੁਨੀਆ' ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕਰਦਾ ਹੋਇਆ ਸ਼ਰਧਾਂਜਲੀ ਭੇਟ ਕਰਦਾ ਹੈ।

ਪਿਛਲੇ ਦਿਨੀਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾਈ ਆਗੂ ਜਰਨੈਲ ਸਿੰਘ ਜੈਲੀ



ਸਦਾ ਲਈ ਵਿਛੜ ਗਏ। ਉਹ ਨੇਪਾਲ ਵਿਚ ਹੋ ਰਹੀ ਇਕ ਕਾਨਫ਼ਰੰਸ 'ਚ ਹਿੱਸਾ ਲੈਣ ਲਈ ਪੰਜਾਬ ਦੇ ਵਿਦਿਆਰਥੀਆਂ ਦੇ ਇਕ ਨੁਮਾਇੰਦੇ ਵਜੋਂ ਉਥੇ ਗਏ ਸਨ। ਰਸਤੇ ਵਿਚ ਅਚਾਨਕ ਬੇਹੱਦ ਬੀਮਾਰ ਹੋਣ ਅਤੇ ਵਕਤ ਸਿਰ ਇਲਾਜ ਨਾ ਹੋਣ ਕਾਰਨ ਉਹ ਦਮ ਤੋੜ ਗਏ। ਪੰਜਾਬ ਦੇ ਵਿਦਿਆਰਥੀ ਸੰਘਰਸ਼ਾਂ ਦੇ ਉਹ ਮੋਹਰੀ ਆਗੂ ਸਨ। ਅਦਾਰਾ 'ਨਵੀਂ ਦੁਨੀਆ' ਸਾਥੀ ਜਰਨੈਲ ਸਿੰਘ ਜੈਲੀ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ। ਉਨ੍ਹਾਂ ਨਾਲ ਸਬੰਧਤ ਕੁੱਝ ਯਾਦਾਂ 'ਨਵੀਂ ਦੁਨੀਆ' ਦੇ ਅਗਲੇ ਅੰਕਾਂ ਵਿਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। **-ਸੰਪਾਦਕ**

## ਪੰਜਾਬ ਦੇ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ 'ਤੇ ਸ਼ਿਕੰਜਾ

### ਸਰਕਾਰੀ ਹਸਪਤਾਲਾਂ ਵਿਚ ਹੀ ਹੋਣਗੇ ਮੈਡੀਕਲ ਟੈਸਟ

ਚੰਡੀਗੜ੍ਹ (ਨਦਬ) : ਪੰਜਾਬ ਸਰਕਾਰ ਨੇ ਸਰਕਾਰੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਵਲੋਂ ਮਰੀਜ਼ਾਂ ਨੂੰ ਟੈਸਟਾਂ ਲਈ ਨਿੱਜੀ ਲੈਬ ਵਿਚ ਭੇਜਣ ਦਾ ਸਖ਼ਤ ਨੋਟਿਸ ਲਿਆ ਹੈ। ਇਸ ਸਬੰਧੀ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਸਖ਼ਤ ਚੇਤਾਵਨੀ ਦਿਤੀ ਗਈ ਹੈ ਕਿ ਇਸ ਪ੍ਰਕਿਰਿਆ ਨੂੰ ਬੰਦ ਕੀਤਾ ਜਾਏ ਅਤੇ ਅੱਗੇ ਤੋਂ ਮੈਡੀਕਲ ਟੈਸਟ ਸਰਕਾਰੀ ਹਸਪਤਾਲਾਂ ਵਿਚ ਹੀ ਕੀਤੇ ਜਾਣ। ਅਜਿਹਾ ਨਾ ਕਰਨ ਵਾਲੇ ਡਾਕਟਰਾਂ ਨੂੰ ਮੁਅੱਤਲੀ ਹੋਣ ਦੀ ਸਜ਼ਾ ਭੁਗਤਣ ਲਈ ਤਿਆਰ ਰਹਿਣਾ ਪਵੇਗਾ।

ਸੂਬੇ ਦੇ ਮੈਡੀਕਲ ਸਿਖਿਆ ਅਤੇ ਖੋਜ ਮੰਤਰੀ ਤੀਕਸ਼ਣ ਸੂਦ ਨੇ ਇਹ ਆਦੇਸ਼ ਇਕ ਮੀਟਿੰਗ ਦੌਰਨ ਦਿਤੇ। ਸੂਦ ਨੇ ਕਿਹਾ ਕਿ ਇਹ ਫ਼ੈਸਲਾ ਕਈ ਮੈਡੀਕਲ ਕਾਲਜਾਂ ਦੇ ਮਰੀਜ਼ਾਂ ਨੂੰ ਆਪਣੀ ਮਨਪਸੰਦ ਦੀਆਂ ਲੈਬਾਂ ਅਤੇ ਡਾਇਗਨੋਸਟਿਕ ਸੈਂਟਰਾਂ ਵਿਚ ਭੇਜਣ 'ਤੇ ਮਿਲੀ ਰੀਪੋਰਟ ਤੋਂ ਲਿਆ ਗਿਆ ਹੈ। ਮੰਤਰੀ ਨੇ ਕਿਹਾ ਕਿ ਸਾਰੇ ਮੈਡੀਕਲ ਟੈਸਟ ਅਤੇ ਜਾਂਚ ਸਰਕਾਰੀ ਮੈਡੀਕਲ ਸੰਸਥਾਵਾਂ ਦੀਆਂ ਲੈਬਾਂ ਵਿਚ ਹੀ ਹੋਣਗੇ। ਕੋਈ ਵੀ ਡਾਕਟਰ ਰੋਗੀਆਂ ਨੂੰ ਨਿਜੀ ਲੈਬਾਂ ਵਿਚ ਨਹੀਂ ਭੇਜੇਗਾ। ਜੇਕਰ ਕੋਈ ਮਰੀਜ਼ ਨੂੰ ਬਾਹਰ ਭੇਜੇਗਾ ਤਾਂ ਵਿਭਾਗੀ ਕਾਰਵਾਈ ਤੋਂ ਬਚ ਨਹੀਂ ਸਕੇਗਾ। ਇਥੋਂ ਤਕ ਕਿ ਉਸ ਵਿਰੁਧ ਮੁਅੱਤਲੀ ਦੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਮਰੀਜ਼ਾਂ ਦੀ ਜਾਣਕਾਰੀ ਲਈ ਇਨ੍ਹਾਂ ਨਿਰਦੇਸ਼ਾਂ ਨੂੰ ਸੰਸਥਾਵਾਂ ਦੇ ਬਾਹਰ ਅਤੇ ਅੰਦਰ ਲਗਾਇਆ ਜਾਵੇਗਾ।

ਸੂਦ ਨੇ ਸਬੰਧਤ ਅਧਿਕਾਰੀਆਂ ਨੂੰ ਹਸਪਤਾਲਾਂ ਅਤੇ ਮੈਡੀਕਲ ਸੰਸਥਾਵਾਂ ਵਿਚ ਪੁਰਾਣੀ ਮਸ਼ੀਨਰੀ ਦੀ ਜਗ੍ਹਾ ਨਵਾਂ ਸਟਾਕ ਲੈਣ ਦੇ ਵੀ ਨਿਰਦੇਸ਼ ਦਿਤੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਸੂਬੇ ਦੇ ਮੈਡੀਕਲ ਕਾਲਜਾਂ ਵਿਚ ਐਮ.ਆਈ.ਆਰ. ਯੂਨਿਟ, ਮੈਮੋਗ੍ਰਾਫ਼ੀ ਅਤੇ ਹੋਰ ਆਧੁਨਿਕ ਉਪਰਕਨ ਲਗਾਏ ਜਾਣਗੇ।


Asian Western Grocery Store
8324 - 160 Ave. Edmonton, AB. T5Z 3P1

NOW OPEN

All indian, Fijian, South African Grocery

ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
780-756-2225
780-660-2061

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ








## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: 780-465-6900

ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ,
ਨਵਤੇਜ ਬੈਂਸ ਅਤੇ ਜਸਵੀਰ ਦਿਉਲ

ਕੈਲਗਰੀ: 403-775-2100

ਰੂਪੀ ਚੇਰਾ, ਹਰਦੀਪ ਗਿੱਲ,
ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ

**ADVANCED**
**Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
**(780) 463-6320, Fax : (780) 450-0365**



GILL Olson
(MANAGER)

**HARRY'S EXCAVATING**
Ph 780-918-2252

Specialist in : Digging Basements
& All Kind of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



**C.J. Auto**
& Transmission Repair Ltd.
& Body Shop

Specialize in Propane Repair & Body Shop



**Nindy Rao** (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

**KOPY CENTRE & PRINTING**
"On Time ~ Every Time"
Digital Printing & Photo Copy

- Business Cards • Letter Heads • Invoices (NCR) • Flyers
- Brochures • Invitation Cards • Tickets
- Binders • PDF Files • Scanning • Lamination
- Internet Service • Fax Service • Computer Service etc...

*We do Art Work as well...*
Tel: (780) **437-0200**
Fax: (780) 437-0227 • kopycent@telus.net
9126B - 51 Ave. Edmonton, AB T6E 5L8

**Sidhu Stucco Ltd.**
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.



All kind of Stucco
Acrylic & Rain Screen
Harinder Dhaliwal
(780) 297-9165

# ADVANCE DRIVING SCHOOL & LIMOS

> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function

**780-660-4090**
# 202-3456 91 St. Edmonton, AB

ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ **Mortgage Renew** ਹੋਣ ਵਾਲੀ ਹੈ?
ਕੀ ਤੁਹਾਡੇ **Credit Cards** ਭਰੇ ਹੋਏ ਹਨ?
ਕੀ ਤੁਸੀਂ ਬੈਂਕਾਂ ਨਾਲੋਂ ਸਸਤੀ **Mortgage** ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ **Line of Credit** ਲੈਣੀ ਚਾਹੁੰਦੇ ਹੋ?

MORTGAGE ALLIANCE
Walk In Centre

ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ
**Mortgage** ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।



Jessie Singh CAIB

ਜੇਕਰ ਉਪਰ ਦਿੱਤੇ ਸਵਾਲ਼ਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਉਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ

**403-830-7007**

# ਲੀਡਰ ਲਸ਼ਕਰ ਲੈ ਲਾਮਬੰਦੀ ਲਈ ਨਿਕਲ ਤੁਰੇ





ਯਾਤਰਾ ਦਾ ਨਾਮ ਕੋਈ ਵੀ ਕਿਉਂ ਨਾ ਹੋਵੇ ਮਕਸਦ ਸਿਰਫ਼ ਇਕ ਹੀ ਹੈ ਤੇ ਉਹ ਹੈ ਆਉਂਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਿਆਸੀ ਲਾਮਬੰਦੀ ਕਰਨਾ। ਇਨ੍ਹਾਂ ਯਾਤਰਾਵਾਂ ਨੂੰ ਦੇਖ ਕੇ ਇਉਂ ਪ੍ਰਤੀਤ ਹੋ ਰਿਹਾ ਹੈ ਜਿਵੇਂ ਪੰਜਾਬ ਵਿਚ ਚੋਣਾਂ ਦਾ ਬਿਗਲ ਵੱਜ ਹੀ ਗਿਆ ਹੋਵੇ। ਉਂਞ ਤਾਂ ਬਾਦਲ ਪਰਿਵਾਰ ਨੇ ਰਾਜਨੀਤੀ ਨੂੰ ਵੀ ਆਪਣਾ ਇਕ ਪਰਿਵਾਰਕ ਕੰਮ ਹੀ ਸਮਝ ਰੱਖਿਆ ਹੈ ਪਰ ਕਈ ਵਾਰ ਪ੍ਰਸਥਿਤੀਆਂ ਕੁੱਝ ਅਜਿਹੀਆਂ ਬਣ ਜਾਂਦੀਆਂ ਹਨ ਜਦੋਂ ਪਰਿਵਾਰਕ ਕਾਰਜਾਂ ਦੀ ਪ੍ਰਾਥਮਿਕਤਾ ਨਵੇਂ ਸਿਰਿਓਂ ਤੈਅ ਕਰਨੀ ਪੈਂਦੀ ਹੈ। ਬੀਬੀ ਬਾਦਲ ਅਮਰੀਕਾ ਵਿਚ ਜ਼ੇਰੇ ਇਲਾਜ ਹਨ, ਇਸ ਲਈ ਦੋਹਾਂ ਬਾਦਲਾਂ ਨੂੰ ਆਪਣਾ ਵਧੇਰੇ ਸਮਾਂ ਤੇ ਧਿਆਨ ਉਸ ਵੱਲ ਹੀ ਲਗਾਉਣਾ ਪੈ ਰਿਹਾ ਹੈ। ਇਸ ਸਥਿਤੀ ਵਿਚ ਬਾਦਲਾਂ ਨੇ ਆਪਣੀ ਸਿਆਸੀ ਲਾਮਬੰਦੀ ਦੀ ਵਾਗਡੋਰ ਕਰੀਬੀ ਰਿਸ਼ਤੇਦਾਰ ਬਿਕਰਮਜੀਤ ਸਿੰਘ ਮਜੀਠੀਆ ਨੂੰ ਸੰਭਾਲੀ ਹੋਈ ਹੈ। ਉਸਨੂੰ ਅਕਾਲੀ ਦਲ (ਬ) ਦੇ ਨੌਜਵਾਨ ਨੇਤਾ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਤੇ ਉਸ ਨਾਲ ਸੁਖਬੀਰ ਬਾਦਲ ਦੀ ਨਿੱਜੀ ਜਥੇਬੰਦੀ ਖਿਆਲ ਕੀਤੀ ਜਾਂਦੀ 'ਸੋਈ' ਦਾ ਲਸ਼ਕਰ ਹੁੰਦਾ ਹੈ। ਤਕਰੀਬਨ ਹਰ ਥਾਂ ਜਾ ਕੇ ਮਜੀਠੀਆ ਇਕੋ ਗੱਲ ਦੁਹਰਾਉਂਦਾ ਹੈ ਕਿ 'ਜਿੰਨਾ ਵਿਕਾਸ ਅਕਾਲੀ-ਭਾਜਪਾ ਗੱਠਜੋੜ' ਸਰਕਾਰ ਨੇ ਕਰਵਾਇਆ ਓਨਾ ਕਾਂਗਰਸ ਦੇ ਸ਼ਾਸਨ ਕਾਲ ਵਿਚ ਨਹੀਂ ਹੋਇਆ। ਬਾਦਲਾਂ ਦੇ ਸੋਹਲੇ ਗਾਉਣ ਵਾਲੀ ਮਜੀਠੀਆ ਦੀ ਯਾਤਰਾ ਨੂੰ ਕੋਈ ਵਿਸ਼ੇਸ਼ ਹੁੰਗਾਰਾ ਮਿਲ ਰਿਹਾ ਹੋਵੇ, ਅਜਿਹਾ ਕਿਧਰੇ ਨਜ਼ਰ ਨਹੀਂ ਆਇਆ।

### ਜਾਗੋ ਪੰਜਾਬ ਯਾਤਰਾ

ਜਾਗੋ ਪੰਜਾਬ ਯਾਤਰਾ 'ਤੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨਿੱਕਲਿਆ ਹੋਇਆ ਹੈ। ਸ਼ੁਰੂਆਤੀ ਚਰਚਾ ਤੋਂ ਬਾਅਦ ਉਹ ਆਪਣੇ ਮਿਸ਼ਨ ਵਿਚ ਕੋਈ ਜ਼ਿਆਦਾ ਅੱਗੇ ਨਹੀਂ ਵੱਧ ਸਕਿਆ। ਉਸਦਾ ਰਾਜਸੀ ਏਜੰਡਾ ਓਪਰੀ ਨਜ਼ਰੇ ਤਾਂ ਜ਼ਰਾ ਚੰਗਾ ਜਾਪਦਾ ਹੈ ਪ੍ਰੰਤੂ ਜਦੋਂ ਇਸ ਨੂੰ ਗਹਿਰਾਈ ਤੋਂ ਵਾਚਿਆ ਜਾਂਦਾ ਹੈ ਤਾ ਇਸ ਵਿਚੋਂ ਕੁਝ ਨਹੀਂ ਨਿਕਲਦਾ। ਆਪਣੇ ਸੁਤੰਤਰ ਰੂਪ ਵਿਚ ਸ਼ੁਰੂ ਕੀਤੇ ਛੋਟੇ ਜਿਹੇ ਕੈਰੀਅਰ ਦੌਰਾਨ ਮਨਪ੍ਰੀਤ ਬਾਦਲ ਨੂੰ ਕਈ ਸਟੈਂਡ ਬਦਲਣੇ ਪਏ ਹਨ। ਇੰਞ ਬਦਲਦਾ-ਬਦਲਦਾ ਹੁਣ ਉਹ ਸਰਕਾਰ ਨਹੀਂ ਨਿਜ਼ਾਮ ਬਦਲੋ ਦੇ ਨਾਅਰੇ 'ਤੇ ਆ ਗਿਆ ਹੈ। ਇਸ ਪ੍ਰਸੰਗ ਵਿਚ ਦਿਲਚਸਪ ਗੱਲ ਇਹ ਹੈ ਕਿ ਬਾਦਲ ਪਰਿਵਾਰ ਤੋਂ ਬਾਗੀ ਸਮਝੇ ਜਾਂਦੇ ਇਸ ਮੀਡੀਆ-ਮੇਡ ਨੇਤਾ ਕੋਲ ਨਾ ਤਾਂ ਵਰਤਮਾਨ ਨਿਜ਼ਾਮ ਦੀ ਕੋਈ ਠੋਸ ਸਮਝ ਹੈ ਤੇ ਨਾ ਹੀ ਭਵਿੱਖ ਦੇ ਵਿਕਲਪਿਕ ਨਿਜ਼ਾਮ ਦੀ । ਨਿਜ਼ਾਮ ਬਦਲਣ ਦੀ ਵਿਚਾਰਧਾਰਾ ਰੱਖਣ ਵਾਲੀਆਂ ਸਿਆਸੀ ਪਾਰਟੀਆਂ ਪਹਿਲਾਂ ਹੀ ਪੰਜਾਬ ਵਿਚ ਮੌਜੂਦ ਹਨ, ਮਨਪ੍ਰੀਤ ਬਾਦਲ ਨੇ ਇਨ੍ਹਾਂ ਪ੍ਰਤੀ ਵੀ ਆਪਣਾ ਨਜ਼ਰੀਆ ਸਪਸ਼ਟ ਨਹੀਂ ਕੀਤਾ। ਉਸਨੂੰ ਅਲਗ ਅਲੱਗ ਪਏ ਹੋਏ ਸਿਆਸਤਦਾਨਾਂ ਦਾ ਸਮਰਥਨ ਤਾਂ ਮਿਲ ਰਿਹਾ ਹੈ, ਪਰ ਮੀਡੀਆ ਦੀ ਮਦਦ ਦੇ ਬਾਵਜੂਦ ਭਰਵਾਂ ਜਨਤਕ ਸਮਰਥਨ ਹਾਸਲ ਕਰਨ ਵਿਚ ਉਹ ਫਿਲਹਾਲ ਅਸਫ਼ਲ ਹੀ ਦਿਖਾਈ ਦਿੰਦਾ ਹੈ।

### ਨਵ-ਇਨਕਲਾਬ ਯਾਤਰਾ

ਨਵ-ਇਨਕਲਾਬ ਯਾਤਰਾ ਕਾਂਗਰਸ ਪਾਰਟੀ ਦੇ ਨੌਜਵਾਨ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਦੀ ਅਗਵਾਹੀ ਵਿਚ ਕੁਝ ਦਿਨ ਪਹਿਲਾਂ ਹੀ ਮੁਕੰਮਲ ਹੋਈ ਹੈ। ਸਾਡੇ ਕੋਲ ਇਨਕਲਾਬ ਦੀ ਅਜੇ ਤੱਕ ਅਜਿਹੀ ਕੋਈ ਪਰਿਭਾਸ਼ਾ ਨਹੀਂ ਹੈ, ਜਿਸਦੇ ਅਧਾਰ 'ਤੇ ਬਿੱਟੂ ਦੇ ਨਵ-ਇਨਕਲਾਬ ਨੂੰ ਸਮਝਿਆ ਜਾ ਸਕੇ। ਇਹ 'ਨਵ ਇਨ-ਕਲਾਬ' ਯਾਤਰਾ ਮਾਰਕਸ, ਲੈਨਿਨ, ਭਗਤ ਸਿੰਘ ਕਿਸੇ ਦੇ ਵੀ ਇਨਕਲਾਬੀ ਚਿੰਤਨ ਨਾਲ ਤਿਲ ਮਾਤਰ ਵੀ ਮੇਲ ਨਹੀਂ ਸੀ ਖਾਂਦੀ। ਬੱਸ ਇਸਦਾ ਸੰਬੋਧਨ ਹੀ ਇਨਕਲਾਬ ਸੀ ਬਿਲਕੁਲ ਉਵੇਂ ਜਿਵੇਂ ਅਸੀਂ ਕਿਸੇ ਮਾੜਚੂ ਜਿਹੇ ਬੰਦੇ ਨੂੰ ਵੀ ਕਈ ਵਾਰ- ਸੁਣਾ ਬਈ, ਭਲਵਾਨਾਂ ਕਹਿ ਕੇ ਸੰਬੋਧਨ ਕਰ ਲੈਂਦੇ ਹਾਂ। ਇਸ ਯਾਤਰਾ ਦੇ ਬਹਾਨੇ ਨੌਜਵਾਨ, ਕਾਂਗਰਸੀਆਂ ਦੀਆਂ ਤਸਵੀਰਾਂ ਤੇ ਬਿਆਨ ਮੀਡੀਆ 'ਚ ਦਿਖਾਈ ਦਿੰਦੇ ਰਹੇ। ਇਹ ਜਥਾ ਮਾਰਚ ਪੰਜਾਬ 'ਚ ਕਈ ਥਾਈਂ ਗਿਆ ਤੇ ਇਸ ਰਾਹੀਂ ਕਾਂਗਰਸ ਦੀ ਅੰਦਰੂਨੀ ਸਥਿਤੀ ਸਾਹਮਣੇ ਆਉਂਦੇ ਰਹੀ।

### ਅਮਰਿੰਦਰ ਦਾ ਰੋਡ ਸ਼ੋਅ

ਅਮਰਿੰਦਰ ਦਾ ਰੋਡ ਸ਼ੋਅ ਸੰਗਰੂਰ ਤੋਂ ਸ਼ੁਰੂ ਹੋਇਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਰੋਡ ਸ਼ੋਅ ਸ਼ੁਰੂ ਕਰਦਿਆਂ ਇਹ ਐਲਾਨ ਵੀ ਕਰ ਦਿੱਤਾ ਹੈ ਕਿ ਇਸ ਸ਼ੋਅ ਰਾਹੀਂ ਪੰਜਾਬ ਪ੍ਰਦੇਸ਼ ਕਾਂਗਰਸ ਨੇ ਅਗਾਮੀ ਵਿਧਾਨ ਸਭਾ ਚੋਣਾਂ ਲਈ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਨਿਰਸੰਦੇਹ ਅਮਰਿੰਦਰ ਸਿੰਘ ਸੂਬਾ ਕਾਂਗਰਸ ਦਾ ਪ੍ਰਧਾਨ ਹੋਣ ਵਜੋਂ ਕਾਂਗਰਸੀ ਸਭਿਆਚਾਰ ਦੇ ਜ਼ਾਬਤੇ ਅਧੀਨ ਹੈ ਪਰ ਉਸਦਾ ਆਪਣਾ ਇਕ ਵਿਲੱਖਣ ਵਿਅਕਤੀਤਵ ਵੀ ਹੈ। ਇਸ ਕਰਕੇ ਉਸਦਾ ਮੰਤਵ ਮਾਤਰ ਅਕਾਲੀ ਦਲ (ਬ) ਨੂੰ ਸ਼ਿਕਸ਼ਤ ਦੇਣਾ ਹੀ ਨਹੀਂ ਰਿਹਾ ਸਗੋਂ ਪ੍ਰਕਾਸ਼ ਸਿੰਘ ਬਾਦਲ ਤੇ ਉਸਦੇ ਪਰਿਵਾਰ ਨੂੰ ਪੰਜਾਬ ਦੇ ਰਾਜਸੀ ਪਿੜ 'ਚੋਂ ਖਦੇੜਨਾ ਵੀ ਰਿਹਾ ਹੈ। ਸ਼ਾਇਦ ਇਸੇ ਲਈ ਕੈਪਟਨ ਆਪਣੇ ਰੋਡ ਸ਼ੋਅ ਦੌਰਾਨ ਆਪਣੇ ਰਵਾਇਤੀ ਸੁਰ 'ਚ ਬਾਦਲਾਂ ਦੇ ਬਖੀਏ ਉਧੇੜ ਰਿਹਾ ਹੈ ਅਤੇ ਪੰਜਾਬ ਦੀ ਵਰਤਮਾਨ ਮੰਦੀ ਆਰਥਿਕ ਹਾਲਤ ਲਈ ਬਾਦਲ ਪਿਓ- ਪੁੱਤਰਾਂ ਨੂੰ ਵਿਅਕਤੀਗਤ ਰੂਪ 'ਚ ਜ਼ਿੰਮੇਵਾਰ ਠਹਿਰਾ ਰਿਹਾ ਹੈ। ਸਰਕਾਰ ਦੇ ਅੰਤਿਮ ਵਰ੍ਹੇ ਦੌਰਾਨ ਵਿਰੋਧੀ ਧਿਰ ਵਾਲੇ ਪਾਸੇ, ਅਲੱਗ ਥਲੱਗ ਪਏ ਹੋਏ ਅਤੇ ਸੱਤਾ ਪੱਖ ਤੋਂ ਨਾਰਾਜ਼ ਲੋਕਾਂ ਦੀ, ਸੁਭਾਵਿਕ ਹੀ ਲਾਬਿੰਗ ਹੋਣੀ ਸ਼ੁਰੂ ਹੋ ਜਾਂਦੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਵਾਲੇ ਪਾਸੇ ਇਹੋ ਸਥਿਤੀ ਬਣੀ ਹੋਈ ਹੈ। ਜਿਸਦੇ ਫਲਸਰੂਪ ਅਮਰਿੰਦਰ ਦੇ ਰੋਡ ਸ਼ੋਅ ਦੌਰਾਨ ਹਾਜ਼ਰੀ ਵੀ ਭਰਵੀਂ ਹੁੰਦੀ ਹੈ ਤੇ ਕਈ ਰਸੂਖ ਵਾਲੇ ਸਿਆਸੀ ਆਗੂ ਵੀ ਉਸ ਨਾਲ ਜੁੜ ਰਹੇ ਹਨ। ਹਲਕਾ ਚਮਕੌਰ ਸਾਹਿਬ ਦਾ ਅਜ਼ਾਦ ਵਿਧਾਇਕ ਚਰਨਜੀਤ ਸਿੰਘ ਚੰਨੀ ਜਿਹੜਾ ਅਕਾਲੀ ਦਲ (ਬ) ਦਾ ਸਮਰਥਨ ਕਰਦਾ ਆ ਰਿਹਾ ਸੀ, ਰੋਡ ਸ਼ੋਅ ਦੋਰਾਨ ਕੈਪਟਨ ਦੇ ਪੱਖ ਵਿਚ ਆ ਨਿੱਤਰਿਆ ਹੈ। ਚੁਣਾਵੀ ਰਾਜਨੀਤੀ ਦੇ ਨਜ਼ਰੀਏ ਤੋਂ ਬਾਕੀ ਸਿਆਸੀ ਯਾਤਰਾਵਾਂ ਨਾਲੋਂ ਕੈਪਟਨ ਦਾ ਰੋਡ ਸ਼ੋਅ ਹਾਲ ਦੀ ਘੜੀ ਬਿਹਤਰ ਨਜ਼ਰ ਆ ਰਿਹਾ ਹੈ।




ਵਧ ਰਿਹਾ ਜਨਤਕ ਰੋਹ ਪੰਜਾਬ ਸਰਕਾਰ ਦੇ ਵਸੋਂ ਬਾਹਰਾ ਹੁੰਦਾ ਜਾ ਰਿਹਾ ਹੈ। ਪੰਜਾਬ ਦਾ ਲਗਭਗ ਸਮੁੱਚਾ ਅਰਥਚਾਰਾ ਖੜੋਤ ਦਾ ਸ਼ਿਕਾਰ ਹੈ। ਰੁਜ਼ਗਾਰ ਦੇ ਅਵਸਰ ਬਹੁਤ ਸੁੰਗੜ ਰਹੇ ਹਨ। ਚੁਤਾਲੀ ਲੱਖ ਦਾ ਅੰਕੜਾ ਤਾਂ ਬੇਰੁਜ਼ਗਾਰ ਨੌਜਵਾਨਾਂ ਦਾ ਹੀ ਪੇਸ਼ ਕੀਤਾ ਜਾ ਰਿਹਾ ਹੈ। ਇਹ ਅੰਕੜਾ ਕੇਵਲ ਪੜ੍ਹੇ ਲਿਖੇ ਨੌਜਵਾਨਾਂ ਦਾ ਹੈ। ਇਸ ਤੋਂ ਇਲਾਵਾ ਵੀ ਕਈ ਕਿਸਮ ਦੀ ਬੇਰੁਜ਼ਗਾਰੀ ਮੌਜੂਦ ਹੈ। ਦੂਜੇ ਪਾਸੇ ਮਹਿੰਗਾਈ ਨੇ ਲੋਕਾਂ ਦਾ ਜਿਉਣਾ ਦੁੱਭਰ ਕਰ ਰੱਖਿਆ ਹੈ। ਬੇਰੁਜ਼ਗਾਰ, ਮਜ਼ਦੂਰ, ਮੁਲਾਜ਼ਮ, ਕਿਸਾਨ ਸਭ ਵਰਗਾਂ ਦੀਆਂ ਸਮਸਿਆਵਾਂ ਉਹਨਾਂ ਨੂੰ ਜਨਤਕ ਰੋਹ ਵਿਚ ਸ਼ਾਮਲ ਕਰ ਰਹੀਆਂ ਹਨ। ਲੋਕ ਆਪਣਾ ਰੋਹ ਪ੍ਰਗਟਾਉਣ ਲਈ ਪਿੰਡ ਬਾਦਲ ਤੱਕ ਜਾ ਪਹੁੰਚਦੇ ਹਨ। ਸ਼ਾਇਦ ਹੀ ਹੁਣ ਤੱਕ ਬਾਦਲਾਂ ਨੂੰ ਏਨੇ ਵਿਆਪਕ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਇਹ ਜਨਤਕ ਰੋਹ ਬਾਦਲਾਂ ਲਈ ਇਸ ਕਦਰ ਡਰਾਉਣਾ ਹੈ ਕਿ ਕਦੇ ਉਹ ਇਸ ਨੂੰ ਮਾਓਵਾਦ ਕਹਿ ਕੇ ਭੁਲੇਖੇ ਪੈਦਾ ਕਰਨਾ ਚਾਹੁੰਦੇ ਹਨ, ਅਤੇ ਕਦੇ ਪੰਜਾਬ ਨੂੰ ਪੁਲਿਸ ਰਾਜ ਵਿਚ ਬਦਲਣ ਦੀ ਹੀਲੇ -ਵਸੀਲੇ ਕਰਦੇ ਹਨ। ਖ਼ੈਰ ਇਕ ਇਹ ਵੀ ਯਾਤਰਾਵਾਂ ਹਨ, ਜਿਹੜੀਆਂ ਆਏ ਦਿਨ ਕਾਫਲਿਆਂ ਦੀ ਸ਼ਕਲ ਵਿਚ ਪੰਜਾਬ ਦੇ ਹੁਕਮਰਾਨਾਂ ਦੇ ਟਿਕਾਣਿਆਂ ਵੱਲ ਨਿਕਲਦੀਆਂ ਹੀ ਰਹਿੰਦੀਆਂ ਹਨ।

### ਛੇਕੜਲੀ ਗੱਲ :

ਫਰਾਂਸੀਸੀ ਇਨਕਲਾਬ ਸਮੇਂ ਮਹਾਰਾਣੀ ਨੇ ਆਪਣੇ ਇਕ ਅਹਿਲਕਾਰ ਨੂੰ ਪੁਛਿਆ "ਮਹਿਲਾਂ ਦੇ ਬਾਹਰ ਭੀੜ ਕਿਉਂ ਇਕੱਠੀ ਹੋ ਗਈ? ਅਹਿਲਕਾਰ ਨੇ ਜਵਾਬ ਦਿੱਤਾ, "ਮਹਾਰਾਣੀ ਜੀ, ਇਹ ਲੋਕ ਭੁੱਖੇ ਹਨ, ਇਨ੍ਹਾਂ ਨੂੰ ਰੋਟੀ ਨਹੀਂ ਮਿਲਦੀ।" ਅੱਗੋਂ ਰਾਣੀ ਬੋਲੀ, "ਫਿਰ ਕੀ ਹੋਇਆ, ਇਹ ਲੋਕ ਰੋਟੀ ਨਹੀਂ ਮਿਲਦੀ ਤਾਂ ਕੇਕ ਖਾ ਲੈਣ।" ਸੋ ਸੱਤਾ ਦੇ ਨਸ਼ੇ 'ਚ ਚੂਰ ਇਹ ਮਹਾਰਾਣੀ ਵਰਗੇ ਸਖਸ਼ ਆਮ ਲੋਕਾਂ ਨਾਲ ਜਾਣੇ-ਅਣਜਾਣੇ ਅਜਿਹਾ ਮਜ਼ਾਕ ਕਰ ਜਾਂਦੇ ਹਨ। ਅੱਜ ਪੰਜਾਬ ਦੇ ਨੌਜਵਾਨ ਨੌਕਰੀਆਂ ਲਈ ਕੂਕ ਰਹੇ ਹਨ। ਉਹ ਆਖ ਰਹੇ ਹਨ- ਸਾਨੂੰ ਸਕੂਲਾਂ ਚ ਮਾਸਟਰ ਭਰਤੀ ਕਰ ਲਓ। ਸੱਤਾਧਾਰੀ ਅਖ਼ਬਾਰਾਂ ਚ, ਟੈਲੀਵਿਯਨਾਂ ਤੇ ਬਿਆਨ ਦੇ ਰਹੇ ਹਨ, "ਅਸੀਂ ਆਈ.ਟੀ. ਪਾਰਕ ਬਣਾ ਰਹੇ ਹਾਂ।' ਜਿਨ੍ਹਾਂ ਨੂੰ ਸਕੂਲ ਅਧਿਆਪਕ ਬਣਨ ਦਾ ਮੌਕਾ ਨਹੀਂ ਮਿਲ ਰਿਹਾ, ਉਹਨਾਂ ਲਈ ਇਨਫਰਮੇਸ਼ਨ ਤਕਨਾਲੋਜੀ ਪਾਰਕਾਂ ਦੀਆਂ ਹਾਈ-ਫਾਈ ਨੌਕਰੀਆਂ ਮਹਾਰਾਣੀ ਦੇ ਕੇਕ ਵਾਂਗ ਮਜ਼ਾਕ ਨਹੀ ਤਾ ਭਲਾ ਹੋਰ ਕੀ ਹਨ?



# ਪੰਜਾਬ ਦੇ 7500 ਨਿੱਜੀ ਸਕੂਲ ਹੋ ਸਕਦੇ ਹਨ ਬੰਦ

ਚੰਡੀਗੜ੍ਹ, (ਨਦਬ) : ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਕੀ ਹੋਇਆ, ਪੰਜਾਬ ਦੇ 7500 ਸਕੂਲਾਂ 'ਤੇ ਸੰਕਟ ਦੇ ਬਦਲ ਮੰਡਰਾਉਣ ਲੱਗੇ ਹਨ। ਇਹ ਸਾਰੇ ਸਕੂਲ ਂੈਰ ਮਾਨਤਾ ਪ੍ਰਾਪਤ ਹਨ। ਉੱਚ ਪ੍ਰਾਈਵੇਟ ਸਕੂਲਾਂ ਵਿਚ 25 ਫੀਸਦੀ ਸੀਟਾ ਪਛੜੇ ਵਰਗਾਂ ਦੇ ਵਿਦਿਆਰਥੀਆਂ ਲਈ ਰਾਖਵੀਆਂ ਰੱਖਣ ਅਤੇ ਉਸ ਲਈ ਜ਼ਰੂਰੀ ਬੁਨਿਆਦੀ ਢਾਂਚਾ ਤਿਆਰ ਕਰਨ, ਅਧਿਆਪਕ ਭਰਤੀ ਕਰਨ ਆਦਿ ਲਈ ਉਨ੍ਹਾਂ ਕੋਲ ਤਿੰਨ ਸਾਲ ਦਾ ਸਮਾਂ ਹੈ। ਜਿਨ੍ਹਾਂ ਸਕੂਲਾਂ ਨੇ ਮਾਨਤਾ ਨਹੀਂ ਲਈ ਉਨ੍ਹਾਂ ਨੂੰ ਜਾਂ ਤਾਂ ਐਕਟ ਦੇ ਅਨੁਸਾਰ ਬੁਨਿਆਦੀ ਢਾਂਚਾ ਤਿਆਰ ਕਰਕੇ ਮਾਨਤਾ ਲੈਣੀ ਹੋਵੇਗੀ ਜਾਂ ਫਿਰ ਸਕੂਲਾਂ ਨੂੰ ਬੰਦ ਕਰਨਾ ਹੋਵੇਗਾ।

ਆਰ.ਟੀ.ਆਈ. ਵਿਚ ਸਕੂਲ ਕਿਸ ਤਰ੍ਹਾਂ ਦੇ ਹੋਣਗੇ, ਕਿੰਨੇ ਬੱਚਿਆਂ ਦੇ ਪਿੱਛੇ ਕਿੰਨੇ ਅਧਿਆਪਕ ਹੋਣਗੇ, ਇਨ੍ਹਾਂ ਦੀ ਤਨਖ਼ਾਹ ਅਤੇ ਯੋਗਤਾ ਕੀ ਹੋਵੇਗੀ, ਇਸ ਬਾਰੇ ਵਿਚ ਕਾਫ਼ੀ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਸੂਬੇ ਦੇ 10 ਹਜ਼ਾਰ ਪ੍ਰਾਈਵੇਟ ਸਕੂਲਾਂ ਵਿਚੋਂ 7500 ਸਕੂਲ ਅਜਿਹੇ ਹਨ, ਜੋ ਇਨ੍ਹਾਂ ਨਿਯਮਾਂ ਦਾ ਪਾਲਣ ਨਹੀਂ ਕਰਦੇ। ਅਜਿਹੇ ਵਿਚ ਇਨ੍ਹਾਂ ਸਕੂਲਾਂ ਨੂੰ ਜਾਂ ਤਾਂ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ ਜਾਂ ਫਿਰ ਸਕੂਲ ਰੂਪੀ ਇਨ੍ਹਾਂ ਦੁਕਾਨਾਂ ਨੂੰ ਬੰਦ ਕਰਨਾ ਹੋਵੇਗਾ। ਸਕੂਲਾਂ ਨੂੰ ਬੰਦ ਕਰਨ ਦਾ ਫ਼ੈਸਲਾ ਕਿਥੇ ਤਕ ਲਾਗੂ ਹੋਵੇਗਾ, ਇਹ ਤਾਂ ਸਮਾਂ ਹੀ ਦਸੇਗਾ ਪਰ ਸਰਕਾਰ ਲਈ ਇਹ ਫ਼ੈਸਲਾ ਆਸਾਨ ਨਹੀਂ ਹੈ। ਦੂਸਰਾ ਸਿੱਖਿਆ ਦਾ ਅਧਿਕਾਰ ਐਕਟ ਲਾਗੂ ਹੋਣ ਤੋਂ ਬਾਅਦ ਸਕੂਲਾਂ ਵਿਚ 25 ਫੀਸਦੀ ਗਰੀਬ ਵਰਗ ਦੇ ਵਿਦਿਆਰਥੀਆਂ ਨੂੰ ਦਾਖਲਾ ਦਿਤਾ ਜਾਣਾ ਹੈ। ਇਸ ਲਈ ਮਿਡ ਡੇਅ ਮੀਲ ਵੀ ਦੇਣਾ ਪਵੇਗਾ। ਹਾਲਾਂਕਿ ਇਸ ਤੋਂ ਪਹਿਲਾਂ ਇਹ ਕੇਵਲ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਹੀ ਲਾਗੂ ਹੈ। ਇਸ 'ਤੇ ਖ਼ਰਚ ਹੋਣ ਵਾਲੇ ਬਜਟ ਦਾ ਬਹੁਤਾ ਪ੍ਰਬੰਧ ਹੁਣ ਸਕੂਲਾਂ ਨੂੰ ਕਰਨਾ ਪਵੇਗਾ।

### ਸਿੱਖਿਆ ਹਰ ਬੱਚੇ ਦਾ ਅਧਿਕਾਰ ਐਕਟ ਲਾਗੂ ਕਰਨ ਵਿਚ ਕਈ ਸਮੱਸਿਆਵਾਂ

ਸਕੂਲਾਂ ਵਿਚ ਦਾਖਲਿਆਂ ਨੂੰ ਲੈ ਕੇ ਸਮੱਸਿਆ ਆਉਣ ਦੀ ਸੰਭਾਵਨਾ ਹੈ। 25 ਫੀਸਦੀ ਕਮਜ਼ੋਰ ਵਰਗ ਦੇ ਬੱਚਿਆਂ ਦੀ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਨ ਦੀ ਫੀਸ ਹੁਣ ਸਰਕਾਰ ਦੇਵੇਗੀ। ਇਸ ਲਈ ਭਾਰੀ ਗਿਣਤੀ ਵਿਚ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਮਾਈਗ੍ਰੇਸ਼ਨ ਦੀ ਸਮੱਸਿਆ ਆਵੇਗੀ। ਇਸ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਵਿਚ ਦਾਖਲੇ ਲਈ ਹਰ ਵਿਦਿਆਰਥੀ ਨੂੰ ਵੱਖ ਵੱਖ ਸਕੂਲਾਂ ਵਿਚ ਪ੍ਰਾਸਪੈਕਟ ਭਰਨੇ ਪੈਣਗੇ। ਡਾਇਰੈਕਟਰ ਜਨਰਲ ਸਕੂਲਜ਼ ਕ੍ਰਿਸ਼ਨ ਕੁਮਾਰ ਮੰਨਦੇ ਹਨ ਕਿ ਅਜੇ ਇਸ ਐਕਟ ਨੂੰ ਲਾਗੂ ਕਰਨ ਵਿਚ ਦਿੱਕਤਾਂ ਆ ਸਕਦੀਆਂ ਹਨ। ਇਸ ਲਈ ਤਿਆਰੀ ਕੀਤੀ ਜਾ ਰਹੀ ਹੈ।

## ਪੰਜਾਬ ਕਾਂਗਰਸ 'ਚ ਟਿਕਟਾਂ ਲਈ ਦੌੜ ਸ਼ੁਰੂ

ਜਲੰਧਰ, (ਨਦਬ) : ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਵਿਚ ਭਾਵੇਂ ਅਜੇ ਇਕ ਸਾਲ ਦਾ ਸਮਾਂ ਰਹਿੰਦਾ ਹੈ ਪਰ ਕਾਂਗਰਸ ਪਾਰਟੀ ਵਿਚ ਟਿਕਟਾਂ ਦੇ ਚਾਹਵਾਨਾਂ ਨੇ ਚੋਣ ਲੜਨ ਲਈ ਆਪਣੀਆਂ ਅਰਜ਼ੀਆਂ ਸਾਬਕਾ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਸਾਹਮਣੇ ਹੁਣੇ ਤੋਂ ਰੱਖਣੀਆਂ ਸ਼ੁਰੂ ਕਰ ਦਿਤੀਆਂ ਹਨ। ਪਤਾ ਲੱਗਾ ਹੈ ਕਿ ਸਾਬਕਾ ਕੈਬਨਿਟ ਮੰਤਰੀ ਅਤੇ ਇਕ ਹੋਟਲ ਮਾਲਕ ਦੀਆਂ ਨਜ਼ਰਾਂ ਜਲੰਧਰ ਤੋਂ ਚੋਣ ਲੜਨ 'ਤੇ ਟਿਕੀਆਂ ਹੋਈਆਂ ਹਨ ਅਤੇ ਟਿਕਟ ਲੈਣ ਲਈ ਉਨ੍ਹਾਂ ਨੇ ਹੁਣੇ ਦੋਂ ਜੁਗਾੜ ਲਗਾਉਣਾ ਸ਼ੁਰੂ ਕਰ ਦਿਤਾ ਹੈ। ਸਾਬਕਾ ਕੈਬਨਿਟ ਮੰਤਰੀ ਦੀ ਗਿਣਤੀ ਅਮਰਿੰਦਰ ਸਿੰਘ ਦੇ ਨਜ਼ਦੀਕੀਆਂ ਵਿਚ ਹੁੰਦੀ ਹੈ ਅਤੇ ਹੋਟਲ ਮਾਲਕ ਦੇ ਵੀ ਸਾਬਕਾ ਮੁੱਖ ਮੰਤਰੀ ਨਾਲ ਚੰਗੇ ਸਬੰਧ ਦੱਸੇ ਜਾਂਦੇ ਹਨ। ਦੋਹਾਂ ਵਿਚੋਂ ਇਕ ਦਾ ਸੰਬਧ ਸਿੱਧੇ ਤੌਰ 'ਤੇ ਕਾਂਗਰਸ ਪਾਰਟੀ ਨਾਲ ਜੁੜਿਆ ਹੋਇਆ ਹੈ ਜਦਕਿ ਦੂਜਾ ਵਿਅਕਤੀ ਅਸਿੱਧੇ ਤੌਰ 'ਤੇ ਪਾਰਟੀ ਆਗੂਆਂ ਨਾਲ ਜੁੜਿਆ ਹੋਇਆ ਹੈ। ਕਾਂਗਰਸੀਆਂ 'ਚ ਮੰਨਿਆ ਜਾ ਰਿਹਾ ਹੈ ਕਿ ਦੋਵੇਂ ਵਿਅਕਤੀ ਜਲੰਧਰ ਕੇਂਦਰੀ ਹਲਕੇ ਤੋਂ ਟਿਕਟ ਲੈਣ ਦੀ ਦੌੜ ਵਿਚ ਸ਼ਾਮਲ ਹਨ।

ਜਲੰਧਰ ਕੇਂਦਰੀ ਸੀਟ ਦੀ ਇਸ ਵੇਲੇ ਨੁਮਾਇੰਦਗੀ ਲੋਕਲ ਬਾਡੀਜ਼ ਮੰਤਰੀ ਮਨੋਰੰਜਨ ਕਾਲੀਆ ਕਰ ਰਹੇ ਹਨ। ਕਾਂਗਰਸੀਆਂ 'ਚ ਮੰਨਿਆ ਜਾ ਰਿਹਾ ਹੈ ਕਿ ਉਕਤ ਸੀਟ ਨੂੰ ਲੈ ਕੇ ਕਾਂਗਰਸੀਆਂ ਵਿਚ ਕਾਫ਼ੀ ਘਮਾਸਾਨ ਮਚਿਆ ਹੋਇਆ ਹੈ। ਪਿਛਲੀ ਵਾਰੀ ਵੀ ਉਮੀਦਵਾਰ ਬਦਲ ਦਿਤਾ ਗਿਆ ਸੀ। ਹੁਣ ਇਸ ਵਾਰੀ ਆਖਰੀ ਫੈਸਲਾ ਕੈਪਟਨ ਅਮਰਿੰਦਰ ਸਿੰਘ ਨੇ ਲੈਣਾ ਹੈ।

## ਭਾਰਤ ਵਿਚ ਹਰ ਦੂਜਾ ਵਿਅਕਤੀ ਦਿੰਦਾ ਹੈ ਰਿਸ਼ਵਤ




No cash? No problem - I take credit cards!

ਬਲਿੰਨਰ, (ਨਦਬ) : ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਭਾਰਤ ਦੀ ਇਕ ਨਵੀਂ ਤਸਵੀਰ ਸਾਹਮਣੇ ਆਈ ਹੈ। ਪਿਛਲੇ ਸਾਲ ਇਥੇ ਹਰ ਦੂਜੇ ਵਿਅਕਤੀ ਨੇ ਆਪਣਾ ਕੰਮ ਕਰਵਾਉਣ ਲਈ ਅਧਿਕਾਰੀਆਂ ਨੂੰ ਰਿਸ਼ਵਤ ਦਿਤੀ। ਇਹ ਹੀ ਨਹੀਂ ਸਭ ਤੋਂ ਜ਼ਿਆਦਾ ਭ੍ਰਿਸ਼ਟ ਸਰਕਾਰੀ ਅਦਾਰਾ ਪੁਲਿਸ ਹੈ। ਬੀਤੇ ਦਿਨ ਅੰਤਰਰਾਸ਼ਟਰੀ ਭ੍ਰਿਸ਼ਟਾਚਾਰ ਵਿਰੋਧੀ ਦਿਵਸ ਮੌਕੇ ਗੈਰ ਸਰਕਾਰੀ ਸੰਗਠਨ ਟ੍ਰਾਂਸਪੇਰੇਂਸੀ ਇੰਟਰਨੈਸ਼ਨਲ ਦੀ ਰੀਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ। ਛੋਟੇ-ਮੋਟੇ ਪੱਧਰ 'ਤੇ ਰਿਸ਼ਵਤ ਦੇਣ ਦਾ ਇਹ ਸਰਵੇਖਣ 86 ਦੇਸ਼ਾਂ ਵਿਚ 91 ਹਜ਼ਾਰ ਲੋਕਾਂ 'ਤੇ ਕੀਤਾ ਗਿਆ। '2010 ਕਰਪਸ਼ਨ ਬੈਰੋਮੀਟਰ' ਨਾਮਕ ਇਸ ਸਰਵੇਖਣ ਮੁਤਾਬਕ ਪਿਛਲੇ ਸਾਲ ਹਰ ਚੌਥੇ ਆਦਮੀ ਨੇ 9 ਮਹਿਕਮਿਆਂ ਵਿਚ ਇਕ ਕੰਮ ਕਰਵਾਉਣ ਲਈ ਰਿਸ਼ਵਤ ਦਿਤੀ। ਇਸ ਵਿਚ ਸਿਹਤ, ਸਿੱਖਿਆ ਅਤੇ ਆਮਦਨ ਟੈਕਸ ਅਧਿਕਾਰੀ ਸ਼ਾਮਲ ਹਨ। ਰਿਸ਼ਵਤ ਲੈਣ ਦੇ ਮਾਮਲੇ ਵਿਚ ਪੁਲਿਸ ਸਭ ਤੋਂ ਮੋਹਰੀ ਹੈ। ਸਰਵੇਖਣ ਅਨੁਸਾਰ ਕਰੀਬ 29 ਫੀਸਦੀ ਲੋਕਾਂ ਨੇ ਪੁਲਿਸ ਨੂੰ ਰਿਸ਼ਵਤ ਦਿਤੀ।

ਸਰਵੇਖਣ ਮੁਤਾਬਕ ਸਹਾਰਾ ਅਫਰੀਕੀ ਖੇਤਰ ਵਿਚ ਰਿਸ਼ਵਤ ਦੇਣ ਦੀਆਂ ਸਭ ਤੋਂ ਜ਼ਿਆਦਾ ਘਟਨਾਵਾਂ ਹੁੰਦੀਆਂ ਹਨ। ਇਥੇ ਹਰ ਦੋ ਵਿਚੋਂ ਇਕ ਨੇ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦੀ ਗੱਲ ਮੰਨੀ। ਮੱਧ ਪੂਰਬ ਅਤੇ ਉਤਰ ਅਫ਼ਰੀਕਾ ਦੂਜੇ ਸਭ ਤੋਂ ਜ਼ਿਆਦਾ ਭ੍ਰਿਸ਼ਟ ਇਲਾਕੇ ਹਨ। ਇਥੇ ਕਰੀਬ 36 ਫੀਸਦੀ ਲੋਕ ਨੇ ਰਿਸ਼ਵਤ ਦੇਣਾ ਸਵੀਕਾਰ ਕੀਤਾ ਹੈ। ਇਸ ਤੋਂ ਬਾਅਦ ਸੋਵੀਅਤ ਸੰਘ (32 ਫੀਸਦੀ), ਦੱਖਣ ਅਮਰੀਕਾ (23 ਫੀਸਦੀ), ਤੁਰਕੀ ਅਤੇ ਬਾਲਕਨ (ਦੱਖਣ ਪੂਰਬੀ ਯੂਰਪੀ ਦੇਸ਼) (19 ਫੀਸਦੀ), ਏਸ਼ੀਆ ਪ੍ਰਸ਼ਾਂਤ ਖੇਤਰ (11 ਫੀਸਦੀ) ਅਤੇ ਯੂਰਪੀ ਸੰਘ ਅਤੇ ਉਤਰ ਅਮਰੀਕਾ (5 ਫੀਸਦੀ) ਦਾ ਨਾਮ ਆਉਂਦਾ ਹੈ।

ਦੇਸ਼ਾਂ ਦੇ ਮਾਮਲੇ ਵਿਚ ਅਫਗਾਨਿਸਤਾਨ, ਕੰਬੋਡੀਆ, ਕੈਮਰੂਨ, ਭਾਰਤ, ਇਰਾਕ, ਲਾਇਬੇਰੀਆ, ਨਾਇਜ਼ੀਰੀਆ, ਫਲਸਤੀਨ, ਸੇਨੇਗਲ, ਸਿਅਰਾ ਲਿਓਨ ਅਤੇ ਯੁਗਾਂਡਾ ਮੋਹਰੀ ਹਨ। ਇਥੇ ਅੱਧੋ ਤੋਂ ਜ਼ਿਆਦਾ ਲੋਕਾਂ ਨੇ ਮੁਸ਼ਕਲਾਂ ਤੋਂ ਬਚਣ ਲਈ ਅਤੇ ਇਕ ਚੌਥਾਈ ਨੇ ਕੰਮ ਵਿਚ ਤੇਜ਼ੀ ਲਿਆਉਣ ਲਈ ਰਿਸ਼ਵਤ ਦਿਤੀ। ਮਜ਼ੇਦਾਰ ਗੱਲ ਇਹ ਹੈ ਕਿ ਘੱਟ ਆਮਦਨ ਵਾਲੇ ਲੋਕਾਂ ਨੇ ਜ਼ਿਆਦਾ ਆਮਦਨ ਵਾਲੇ ਲੋਕਾਂ ਦੇ ਮੁਕਾਬਲੇ ਜ਼ਿਆਦਾ ਰਿਸ਼ਵਤ ਦੇਣ ਦੀ ਗੱਲ ਕਹੀ ਹੈ। ਗੌਰਤਲਬ ਹੈ ਕਿ ਟ੍ਰਾਂਸਪੇਰੇਂਸੀ ਇੰਟਰਨੈਸ਼ਨਲ 2003 ਤੋਂ ਭ੍ਰਿਸ਼ਟਾਚਾਰ 'ਤੇ ਰੀਪੋਰਟ ਜਾਰੀ ਕਰ ਰਹੀ ਹੈ। ਇਹ ਉਸ ਦੀ 7ਵੀਂ ਰੀਪੋਰਟ ਹੈ।

## ਸ਼੍ਰੋਮਣੀ ਅਕਾਲੀ ਨੂੰ ਸਾਫ ਅਕਸ ਵਾਲੇ ਉਮੀਦਵਾਰਾਂ ਦੀ ਤਲਾਸ਼

### ਆਈ.ਏ.ਐਸ. ਅਤੇ ਆਈ.ਪੀ.ਐਸ. ਨੂੰ ਚੋਣ ਮੈਦਾਨ ਵਿਚ ਉਤਾਰਨ ਦੀ ਤਿਆਰੀ

ਚੰਡੀਗੜ੍ਹ, (ਨਦਬ) : ਰਾਜਨੀਤੀ ਵਿਚ ਸਿਖਿਅਤ ਅਤੇ ਸਭਿਅਕ ਲੀਡਰਸ਼ਿਪ ਪ੍ਰਤੀ ਜਨਤਾ ਦਾ ਵਧਦਾ ਰੁਝਾਨ ਸਿਆਸੀ ਪਾਰਟੀਆਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਦਾ ਜਾ ਰਿਹਾ ਹੈ। ਸਤਧਾਰੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਵਹਾਅ ਦੇ ਉਲਟ ਚਲਣ ਦੀ ਬਜਾਏ ਇਸ ਨੂੰ ਅਪਨਾਉਣ ਨੂੰ ਤਰਜੀਹ ਦੇ ਰਹੇ ਹਨ। ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਕੁੱਝ ਅਜਿਹੇ ਸਾਬਕਾ ਆਈ.ਐਸ. ਅਤੇ ਆਈ.ਪੀ.ਐਸ. ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰਨ ਜਾ ਰਿਹਾ ਹੈ ਜਿਨ੍ਹਾਂ ਦੀ ਕਦੇ ਪੰਜਾਬ ਦੀ ਨੌਕਰਸ਼ਾਹੀ ਵਿਚ ਤੂਤੀ ਬੋਲਦੀ ਸੀ।

ਅਕਾਲੀਆਂ ਦੇ ਗੜ੍ਹ ਮਾਲਵੇ ਵਿਚ ਸਥਿਤੀ ਮਜ਼ਬੂਤ ਕਰਨ ਦੀ ਚਰਚਾ ਸੁਖਬੀਰ ਸਿੰਘ ਬਾਦਲ ਅਪਣੇ ਸਹਿਯੋਗੀਆਂ ਨਾਲ ਕਰ ਰਹੇ ਹਨ ਅਤੇ ਉਮੀਦਵਾਰਾਂ ਦੀ ਚੋਣ ਦੀ ਨੀਤੀ ਦਾ ਨਵਾਂ ਬਲਿਊ ਪ੍ਰਿੰਟ ਤਿਆਰ ਕਰਨ ਵਿਚ ਜੁੱਟ ਗਏ ਹਨ। ਪੜ੍ਹੇ ਲਿਖੇ ਅਤੇ ਬੇਦਾਗ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰ ਕੇ ਸੁਖਬੀਰ ਉਹੋ ਜਿਹਾ ਹੀ ਪ੍ਰਚਾਰ ਕਰਨਾ ਚਾਹੁੰਦੇ ਹਨ ਜਿਹੋ ਜਿਹਾ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਡਾ. ਮਨਮੋਹਨ ਸਿੰਘ ਨੂੰ ਅੱਗੇ ਰੱਖ ਕੇ ਕੀਤਾ ਸੀ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਰਿਟਾਇਰਡ ਡੀ.ਜੀ.ਪੀ. (ਜੇਲਾਂ) ਇਜ਼ਹਾਰ ਆਲਮ ਨੂੰ ਪਹਿਲਾਂ ਵਕਫ਼ ਬੋਰਡ ਦਾ ਚੇਅਰਮੈਨ ਲਾਇਆ ਅਤੇ ਹੁਣ ਉਨ੍ਹਾਂ ਨੂੰ ਮਾਲੇਰਕੋਟਲਾ ਵਿਧਾਨ ਸਭਾ ਹਲਕਾ ਤੋਂ ਕਾਂਗਰਸੀ ਵਿਧਾਇਕ ਰਜ਼ੀਆ ਸੁਲਤਾਨਾ ਨੂੰ ਟੱਕਰ ਦੇਣ ਲਈ ਉਤਾਰੇ ਜਾਣ ਦੀ ਤਿਆਰੀ ਹੈ। ਇਸ ਤੋਂ ਇਲਾਵਾ ਮੋਗਾ ਤੋਂ ਇਕ ਸੀਨੀਅਰ ਆਈ.ਪੀ.ਐਸ. ਅਫ਼ਸਰ ਨੂੰ ਵੀ ਚੋਣ ਮੈਦਾਨ ਵਿਚ ਉਤਾਰੇ ਜਾਣ ਦੀ ਚਰਚਾ ਚਲ ਰਹੀ ਹੈ ਅਤੇ ਸੰਗਰੂਰ ਤੋਂ ਵੀ ਮੁੱਖ ਮੰਤਰੀ ਦੇ ਇਕ ਚਹੇਤੇ ਆਈ.ਪੀ.ਐਸ. ਅਫ਼ਸਰ ਨੂੰ ਚੋਣ ਲੜਾਈ ਜਾ ਸਕਦੀ ਹੈ।

## ਕੇਂਦਰ ਅਤੇ ਪੰਜਾਬ ਫਿਰ ਆਹਮੋ-ਸਾਹਮਣੇ

ਜਲੰਧਰ, (ਨਦਬ) : ਕੇਂਦਰ ਅਤੇ ਪੰਜਾਬ ਸਰਕਾਰ ਫਿਰ ਆਹਮੋ-ਸਾਹਮਣੇ ਆ ਗਈਆਂ ਹਨ। ਕੇਂਦਰ ਨੇ ਭਾਵੇਂ ਹਿਮਾਚਲ ਪ੍ਰਦੇਸ, ਉਤਰਾਖੰਡ ਅਤੇ ਜੰਮੂ-ਕਸ਼ਮੀਰ ਨੂੰ ਦਿਤੇ ਉਦਯੋਗਿਕ ਪੈਕੇਜ ਦੀ ਮਿਆਦ ਵਿਚ ਵਾਧਾ ਕਰਨ ਤੋਂ ਨਾਂਹ ਕਰ ਦਿਤੀ ਸੀ ਪਰ ਹੁਣ ਇਨ੍ਹਾਂ ਪਹਾੜੀ ਸੂਬਿਆਂ ਵਿਚ ਪਹਿਲਾਂ ਤੋਂ ਹੀ ਚਲ ਰਹੀਆਂ ਉਦਯੋਗਿਕ ਇਕਾਈਆਂ ਦਾ ਵਿਸਥਾਰ ਕਰਨ ਜਾਂ ਨਵਾਂ ਕਾਰੋਬਾਰ ਸਥਾਪਤ ਕਰਨ 'ਤੇ ਐਕਸਾਈਜ਼ ਅਤੇ ਹੋਰ ਟੈਕਸਾਂ 'ਚ ਛੋਟ ਨੂੰ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ। ਪਹਿਲਾਂ ਹੀ ਪੰਜਾਬ ਅਤੇ ਹੋਰ ਸੂਬਿਆਂ ਨੇ ਸ਼ਿਕਾਇਤ ਕੀਤੀ ਸੀ ਕਿ ਪਹਾੜੀ ਸੂਬਿਆਂ ਨੂੰ ਮਿਲ ਰਹੀਆਂ ਰਿਆਇਤਾਂ ਕਾਰਨ ਨਵੀਆਂ ਉਦਯੋਗਿਕ ਇਕਾਈਆਂ ਪੰਜਾਬ 'ਚ ਸਥਾਪਤ ਨਹੀਂ ਹੋ ਰਹੀਆਂ। ਹੁਣ ਫਿਰ ਇਸ ਮੁੱਦੇ 'ਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਵਲੋਂ ਉਕਤ ਰਿਆਇਤਾਂ ਨੂੰ ਕੁੱਝ ਇਕਾਈਆਂ 'ਤੇ ਜਾਰੀ ਰੱਖਣ ਦਾ ਵਿਰੋਧ ਹੋ ਸਕਦਾ ਹੈ।ਵਿੱਤ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਜਿਸ ਕੰਪਨੀ ਨੂੰ 10 ਸਾਲ ਲਈ 100 ਫੀਸਦੀ ਐਕਸਾਈਜ਼ ਡਿਊਟੀ 'ਚ ਛੋਟ ਦਿਤੀ ਗਈ ਸੀ, ਉਸ ਨੂੰ ਨਵੀਂ ਯੂਨਿਟ ਲਗਾਉਣ, ਪਲਾਂਟ ਵਿਚ ਆਧੁਨਿਕੀਕਰਨ ਲਿਆਉਣ, ਨਵੀਂ ਮਸ਼ੀਨਰੀ ਲਗਾਉਣ ਜਾਂ ਨਵੇਂ ਉਤਪਾਦਾਂ ਦਾ ਉਤਪਾਦਨ ਵਧਾਉਣ 'ਤੇ ਵੀ ਐਕਸਾਈਜ਼ ਛੋਟ ਮਿਲਦੀ ਰਹੇਗੀ। ਇਸ ਤਰ੍ਹਾਂ ਹੁਣ ਹਿਮਾਚਲ ਪ੍ਰਦੇਸ਼ ਜਾਂ ਉਤਰਾਖੰਡ ਵਿਚ ਸਥਾਪਤ ਇਕਾਈਆਂ ਨੂੰ ਅਪਣੇ ਨਵੇਂ ਉਤਪਾਦ ਬਣਾਉਣ ਵਿਚ ਮੁਸ਼ਕਲਾਂ ਨਹੀਂ ਆਉਣਗੀਆਂ। ਹੁਣ ਇਹ ਇਕਾਈਆਂ ਨਵੇਂ ਪਲਾਂਟ ਵੀ ਲਗਾ ਸਕਣਗੀਆਂ, ਜਿਸ ਨਾਲ ਪਹਾੜੀ ਸੂਬਿਆਂ ਵਿਚ ਪੂੰਜੀ ਨਿਵੇਸ਼ ਪਹਿਲਾਂ ਵਾਂਗ ਜਾਰੀ ਰਹਿ ਸਕਦਾ ਹੈ, ਜਿਸ ਦਾ ਸਿੱਧਾ ਨੁਕਸਾਨ ਪੰਜਾਬ ਨੂੰ ਸਹਿਣਾ ਪਵੇਗਾ।

# ਟ੍ਰੈਵਲ ਏਜੰਟਾਂ ਨੂੰ ਫੜਨ ਵਿਚ ਪੰਜਾਬ ਪੁਲਿਸ ਨਾਕਾਮ, ਫੋਟੋ ਤੋਂ ਬਿਨਾਂ ਲੱਭੇ ਜਾ ਰਹੇ ਨੇ ਅਪਰਾਧੀ

## ਹਨੇਰੇ ਵਿਚ ਤੀਰ ਚਲਾ ਰਹੀ ਹੈ ਪੰਜਾਬ ਪੁਲਿਸ, 600 ਟ੍ਰੈਵਲ ਏਜੰਟ ਭਗੌੜੇ

ਚੰਡੀਗੜ੍ਹ (ਨਦਬ) : ਲੋਕਾਂ ਨੂੰ ਡਾਲਰਾਂ ਦੀ ਚਮਕ ਦਿਖਾ ਕੇ ਕਰੋੜਾਂ ਰੁਪਏ ਦਾ ਚੂਨਾ ਲਗਾਉਣ ਵਾਲੇ 600 ਭਗੌੜੇ ਟ੍ਰੈਵਲ ਏਜੰਟਾਂ ਨੂੰ ਫੜਨ ਅਤੇ ਧੋਖਾਧੜੀ ਦੇ ਵਧ ਰਹੇ ਮਾਮਲਿਆਂ 'ਤੇ ਰੋਕ ਲਗਾਉਣ ਲਈ ਵਿਸ਼ੇਸ਼ ਟਾਕਸ ਫੋਰਸ ਦਾ ਗਠਨ ਤਾਂ ਕਰ ਦਿਤਾ ਗਿਆ ਹੈ ਪਰ ਉਸ ਕੋਲ ਇਨ੍ਹਾਂ ਭਗੌੜੇ ਟ੍ਰੈਵਲ ਏਜੰਟਾਂ ਦੀ ਫੋਟੋ ਤਕ ਉਪਲੱਬਧ ਨਹੀਂ ਹੈ। ਸੋ, ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਟ੍ਰੈਵਲ ਏਜੰਟਾਂ ਨੂੰ ਫੜਨ ਲਈ ਕਿੰਨੇ ਕੁ ਸਾਰਥਕ ਯਤਨ ਕੀਤੇ ਜਾ ਰਹੇ ਹਨ।

ਪੰਜਾਬ ਪੁਲਿਸ ਵਲੋਂ 600 ਤੋਂ ਜ਼ਿਆਦਾ ਟ੍ਰੈਵਲ ਏਜੰਟਾਂ ਨੂੰ ਭਗੌੜਾ ਐਲਾਨਿਆ ਜਾ ਚੁੱਕਾ ਹੈ। ਇਨ੍ਹਾਂ ਵਿਚੋਂ 23 ਏਜੰਟ ਅਜਿਹੇ ਹਨ, ਜਿਨ੍ਹਾਂ ਵਿਰੁਧ ਧੋਖਾਧੜੀ ਦੇ ਇਕ ਤੋਂ ਜ਼ਿਆਦਾ ਮਾਮਲੇ ਦਰਜ ਹਨ। ਜਲੰਧਰ ਦੇ ਗਗਨ ਕੁਮਾਰ ਬਖ਼ਸ਼ੀ ਨਾਮਕ ਟ੍ਰੈਵਲ ਏਜੰਟ ਵਿਰੁਧ ਧੋਖਾਧੜੀ ਦੇ 45 ਮਾਮਲੇ ਦਰਜ ਹਨ। ਇਸ 'ਤੇ 1.50 ਲੱਖ ਰੁਪਏ, ਜਦਕਿ ਹੋਰਾਂ 'ਤੇ 20-20 ਹਜ਼ਾਰ ਰੁਪਏ ਦਾ ਇਨਾਮ ਐਲਾਨਿਆ ਗਿਆ ਹੈ।

ਟਾਸਕ ਫੋਰਸ ਕੋਲ ਇਨ੍ਹਾਂ ਵਿਚੋਂ ਕਿਸੇ ਵੀ ਟ੍ਰੈਵਲ ਏਜੰਟ ਦੀ ਫ਼ੋਟੋ ਨਹੀਂ ਹੈ। ਇੰਨਾ ਹੀ ਨਹੀਂ ਏਜੰਟਾਂ ਨਾਲ ਸਬੰਧਤ ਜਾਣਕਾਰੀ ਪੰਜਾਬ ਪੁਲਿਸ ਅਤੇ ਜ਼ਿਲ੍ਹਾ ਪੁਲਿਸ ਦੀਆਂ ਵੈਬਸਾਈਟਾਂ 'ਤੇ ਤਾਂ ਉਪਲੱਬਧ ਹੈ ਪਰ ਉਥੇ ਵੀ ਕਿਸੇ ਭਗੌੜੇ ਟ੍ਰੈਵਲ ਏਜੰਟ ਦੀ ਫ਼ੋਟੋ ਨਹੀਂ ਹੈ। ਅਜਿਹੇ ਵਿਚ ਪੁਲਿਸ ਕੋਲ ਇਹ ਜਾਣਕਾਰੀ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਇਨ੍ਹਾਂ ਵਿਚੋਂ ਕਿਹੜਾ ਟ੍ਰਵੈਲ ਏਜੰਟ ਸੂਬੇ ਵਿਚ ਆਪਣਾ ਨਾਮ ਬਦਲ ਕੇ ਕਿਸੇ ਹੋਰ ਥਾਂ ਠੱਗੀ ਦੇ ਇਸ ਧੰਦੇ ਨੂੰ ਅੰਜਾਮ ਦੇ ਰਿਹਾ ਹੈ ਜਾਂ ਨਹੀਂ।

### ਬਿਲ ਪਾਸ ਕਰਵਾਉਣ ਲਈ ਭੇਜਿਆ ਰਾਸ਼ਟਰਪਤੀ ਦੇ ਕੋਲ

ਸੂਬਾ ਸਰਕਾਰ ਨੇ 'ਦ ਪੰਜਾਬ ਪ੍ਰੀਵੈਂਸ਼ਨ ਆਫ਼ ਹਿਊਮਨ ਸਮਗਲਿੰਗ ਬਿਲ', 2010 ਨੂੰ ਵਿਧਾਨ ਸਭਾ ਵਿਚ ਪਾਸ ਕਰ ਕੇ ਮਨਜ਼ੂਰੀ ਲਈ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਭੇਜਿਆ ਹੈ। ਇਸ ਤੋਂ ਬਾਅਦ ਟ੍ਰੈਵਲ ਏਜੰਟਾਂ ਲਈ ਲਾਈਸੈਂਸ ਲੈਣਾ ਜ਼ਰੂਰੀ ਹੋ ਜਾਵੇਗਾ। 10ਵੀਂ ਪਾਸ ਟ੍ਰੈਵਲ ਏਜੰਟ ਨੂੰ ਲਾਈਸੈਂਸ ਲੈਣ ਲਈ 10 ਲੱਖ ਰੁਪਏ ਬੈਂਕ ਗਰੰਟੀ ਦੇਣੀ ਪਵੇਗੀ। ਇਹ ਲਾਈਸੈਂਸ ਉਸ ਨੂੰ ਤਿੰਨ ਸਾਲ ਲਈ ਮਿਲੇਗਾ। ਇਸ ਤੋਂ ਬਾਅਦ ਇਸ ਨੂੰ ਰੀਨਿਊ ਕਰਵਾਇਆ ਜਾ ਸਕੇਗਾ। ਟ੍ਰੈਵਲ ਏਜੰਟ ਵਿਰੁਧ ਸ਼ਿਕਾਇਤ ਮਿਲਣ 'ਤੇ ਡਿਪਟੀ ਕਮਿਸ਼ਨਰ ਪੱਧਰ ਦਾ ਅਧਿਕਾਰੀ ਜਾਂਚ ਕਰੇਗਾ। ਜਾਂਚ ਨੂੰ ਦੋ ਮਹੀਨੇ ਵਿਚ ਪੂਰਾ ਕਰਨਾ ਜ਼ਰੂਰੀ ਹੋਵੇਗਾ। ਇਸ ਤਰ੍ਹਾਂ ਦੇ ਮਾਮਲਿਆਂ ਵਿਚ ਘੱਟੋ ਘੱਟ ਤਿੰਨ ਸਾਲ ਦੀ ਸਜ਼ਾ ਅਤੇ 50 ਹਜ਼ਾਰ ਰੁਪਏ ਜ਼ੁਰਮਾਨਾ ਅਤੇ ਜ਼ਿਆਦਾ ਤੋਂ ਜ਼ਿਆਦਾ 10 ਸਾਲ ਦੀ ਸਜ਼ਾ ਅਤੇ 25 ਲੱਖ ਰੁਪਏ ਜ਼ੁਰਮਾਨਾ ਕੀਤਾ ਜਾ ਸਕੇਗਾ।

### ਵਿਸ਼ੇਸ਼ ਟਾਸਕ ਫੋਰਸ

ਸੂਬਾ ਸਰਕਾਰ ਨੇ ਆਈ.ਜੀ. ਵੀ.ਕੇ ਭਾਵਰਾ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਹੈ। ਸੂਬੇ ਦੇ ਹਰੇਕ ਜ਼ਿਲ੍ਹੇ ਵਿਚ ਐਸ.ਪੀ. ਅਤੇ ਡੀ.ਐਸ.ਪੀ. ਪੱਧਰ ਦੇ ਅਧਿਕਾਰੀਆਂ ਨੂੰ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਇਸ ਵਿਚ ਸਾਰੀਆਂ ਰੇਂਜਾਂ ਦੇ ਡੀ.ਆਈ.ਜੀ. ਤੇ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਦੇ ਪੁਲਿਸ ਅਧਿਕਾਰੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਅਪਰਾਧ ਅਤੇ ਐਨ.ਆਰ.ਆਈ. ਕਮਿਸ਼ਨ ਦੇ ਡੀ.ਆਈ.ਜੀ ਨੂੰ ਵੀ ਇਸ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ। ਇੰਨਾ ਹੀ ਨਹੀਂ ਕਾਨੂੰਨੀ ਸਲਾਹਕਾਰ ਨੂੰ ਵੀ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ।

### ਕੈਨੇਡਾ ਅਤੇ ਇੰਗਲੈਂਡ ਕਰ ਚੁੱਕੇ ਹਨ ਸ਼ਿਕਾਇਤ

ਕੈਨੇਡਾ ਦੇ ਕੌਂਸਲੇਟ ਜਨਰਲ ਸਕਾਟ ਸੈਲੇਸਰ ਅਤੇ ਇੰਗਲੈਂਡ ਦੇ ਇਮੀਗ੍ਰੇਸ਼ਨ ਮੰਤਰੀ ਡੈਮੀਅਨ ਗ੍ਰੀਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਗੈਰ ਕਾਨੂੰਨੀ ਇਮੀਗ੍ਰੇਸ਼ਨ ਰੋਕਣ ਲਈ ਸਹਿਯੋਗ ਅਤੇ ਮਦਦ ਮੰਗ ਚੁੱਕੇ ਹਨ। ਉਨ੍ਹਾਂ ਨੇ ਗੈਰ ਕਾਨੂੰਨੀ ਟ੍ਰੈਵਲ ਏਜੰਟਾਂ 'ਤੇ ਸ਼ਿਕੰਜਾ ਕੱਸਣ ਲਈ ਮੁੱਖ ਮੰਤਰੀ ਨੂੰ ਨਿੱਜੀ ਦਖ਼ਲ ਦੇਣ ਲਈ ਕਿਹਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਏਜੰਟ ਗੈਰ ਕਾਨੂੰਨੀ ਇਮੀਗ੍ਰੇਸ਼ਨ ਨਾਲ ਲੋਕਾਂ ਨੂੰ ਕੈਨੇਡਾ ਅਤੇ ਇੰਗਲੈਂਡ ਭੇਜ ਰਹੇ ਹਨ।

'ਪਹਿਲਾਂ ਭਗੌੜੇ ਟ੍ਰੈਵਲ ਏਜੰਟਾਂ ਦੀ ਸੂਚੀ ਉਪਲੱਬਧ ਨਹੀਂ ਸੀ। ਹੁਣ ਇਨ੍ਹਾਂ ਦੀ ਸੂਚਨਾ ਵੈਬਸਾਈਟ 'ਤੇ ਉਪਲੱਬਧ ਹੈ। ਇਨ੍ਹਾਂ ਨੂੰ ਫੜਨ ਲਈ ਇਨਾਮ ਦਾ ਐਲਾਨ ਵੀ ਕਰ ਦਿਤਾ ਗਿਆ ਹੈ। ਹੁਣ ਸਬੰਧਤ ਪੁਲਿਸ ਥਾਣਿਆਂ ਨੂੰ ਇਨ੍ਹਾਂ ਦੀ ਫ਼ੋਟੋ ਭੇਜਣ ਲਈ ਕਿਹਾ ਗਿਆ ਹੈ। ਫ਼ੋਟੋਆਂ ਇਕੱਠੀਆਂ ਹੋਣ 'ਤੇ ਉਨ੍ਹਾਂ ਨੂੰ ਵੈਬਸਾਈਟ 'ਤੇ ਪਾ ਦਿਤਾ ਜਾਵੇਗਾ।

**ਆਈ.ਜੀ. ਵੀ.ਕੇ. ਭਾਵਰਾ, ਪ੍ਰਧਨ ਵਿਸ਼ੇਸ਼ ਟਾਸਕ ਫੋਰਸ ਪੰਜਾਬ ਪੁਲਿਸ**

# ਵਿਸ਼ਵ

# ਅੱਜ-ਕੱਲ੍ਹ

## ਰੂਸੀ ਕਮਿਊਨਿਸਟਾਂ ਨੇ ਜੋਸ਼ੋ ਖ਼ਰੋਸ਼ ਨਾਲ ਮਨਾਇਆ ਸਟਾਲਿਨ ਦਾ 131ਵਾਂ ਜਨਮ ਦਿਹਾੜਾ

ਮਾਸਕੋ (ਨ.ਦ.ਬ.) : ਬੀਤੇ ਦਿਨੀਂ ਰੂਸ ਦੀ ਰਾਜਧਾਨੀ ਮਾਸਕੋ ਵਿਖੇ 4 ਹਜ਼ਾਰ ਕਮਿਊਨਿਸਟਾਂ ਨੇ ਸਟਾਲਿਨ ਦੀ ਯਾਦਗਾਰ 'ਤੇ ਲਾਲ ਝੰਡੀਆਂ ਲਾ ਕੇ ਉਸ ਦਾ 131ਵਾਂ ਜਨਮ ਦਿਹਾੜਾ ਮਨਾਇਆ। ਇਸ ਮੌਕੇ ਕਮਿਊਨਿਸਟਾਂ ਨੇ ਇਕ ਚੰਦਾ ਇੱਕਠਾ ਕਰਨ ਲਈ ਚਲਾਈ ਮੁਹਿੰਮ ਰਾਹੀਂ ਸਟਾਲਿਨ ਦੇ ਨਾਂਅ 'ਤੇ 80 ਹਜ਼ਾਰ ਰੂਬਲ ਇਕੱਠੇ ਕੀਤੇ। ਕਮਿਊਨਿਸਟ ਪਾਰਟੀ ਦੇ ਲੀਡਰ ਗੀਨਾਡੀ ਜ਼ੂਗਾਨੋਵ ਨੇ ਇਸ ਮੌਕੇ ਹਜ਼ਾਰਾਂ ਸਮਰਥਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ, ਰੂਸੀ ਸਮਾਜ ਨੂੰ ਸਟਾਲਿਨ ਦੇ ਸੁਪਨਿਆਂ ਦਾ ਸਮਾਜ ਬਣਾਉਣ ਦਾ ਸੱਦਾ ਦਿਤਾ। ਇਸ ਮੌਕੇ ਜ਼ੂਗਾਨੋਵ ਨੇ ਰੂਸੀ ਰਾਸ਼ਟਰਪਤੀ ਦਮਿਤਰੀ ਮੇਦਵਦੇਵ ਨੂੰ ਲਿਖੀ ਇਕ ਖੁਲ੍ਹੀ ਚਿੱਠੀ ਵੀ ਪੜ੍ਹੀ। ਮੇਦਵਦੇਵ ਹੁਣ ਤਕ ਕਈ ਵਾਰੀ ਖੁਲ੍ਹੇ ਤੌਰ 'ਤੇ ਸੋਵੀਅਤ ਦੌਰੇ ਦੌਰਾਨ ਲੋਕਾਂ ਦੇ ਹੱਕਾਂ ਦੇ ਪਤਨ ਦੀ ਨਿੰਦਾ ਕਰਦੇ ਆਏ ਹਨ।



ਜ਼ੂਗਾਨੋਵ ਨੇ ਉਸ ਪ੍ਰਸਤਾਵਿਤ ਕਾਨੂੰਨ ਦੀ ਵੀ ਨਿੰਦਾ ਕੀਤੀ ਜਿਸ ਰਾਹੀਂ ਪ੍ਰੈਜੀਡੈਂਸ਼ੀਅਲ ਕਾਊਂਸਿਲ ਮਨੁੱਖੀ ਅਧਿਕਾਰਾਂ ਦੀ ਬਹਾਲੀ ਕਰਨ ਦਾ ਇਰਾਦਾ ਰਖਦਾ ਹੈ। ਉਧਰ ਜ਼ੂਗਾਨੋਵ ਦਾ ਕਹਿਣਾ ਹੈ ਕਿ ਪੁਤਿਨ ਅਤੇ ਮੇਦਵਦੇਵ ਨੇ ਰੂਸ ਦੀ ਤਰੱਕੀ ਲਈ ਪਿਛਲੇ 10 ਸਾਲਾਂ ਦੌਰਾਨ ਕੁਝ ਵੀ ਨਹੀਂ ਕੀਤਾ, ਜੋ ਕੁੱਝ ਕਰਨ ਵਿਚ ਉਹ ਕਾਮਯਾਬ ਰਹੇ ਵੀ ਹਨ, ਉਹ ਸਭ ਵੀ ਸਟਾਲਿਨ ਦੇ ਬਣਾਏ ਸਿਧਾਂਤਾਂ ਉਪਰ ਚੱਲਣ ਕਾਰਨ ਹੀ ਹੋਇਆ ਹੈ। ਪੀਟਰਸਬਰਗ ਅਤੇ ਲੈਨਿਨਗ੍ਰਾਦ ਦੇ ਕਮਿਊਨਿਸਟਾਂ ਨੇ ਮੰਗ ਰਖੀ ਹੈ ਕਿ ਸਟਾਲਿਨ ਦੇ ਅਵਸ਼ੇਸ਼, ਲੈਨਿਨ ਮਿਊਜ਼ੀਅਮ ਨੂੰ ਸੌਂਪ ਦਿਤੇ ਜਾਣ। 1956 ਤਕ ਸਟਾਲਿਨ ਦੀ ਮ੍ਰਿਤਕ ਦੇਹ ਨੂੰ ਖ਼ਾਸ ਜੜੀ ਬੂਟੀਆਂ ਦੇ ਸਹਾਰੇ ਸੁਰੱਖਿਅਤ ਬਣਾ ਕੇ ਲਾਲ ਚੌਂਕ ਵਿਖੇ ਲੈਨਿਨ ਦੀ ਮ੍ਰਿਤਕ ਦੇਹ ਦੇ ਨਾਲ ਰਖਿਆ ਗਿਆ ਸੀ।

ਸਟਾਲਿਨ ਅਪਣੀਆਂ ਸਖ਼ਤ ਪਰ ਸਮਾਜਵਾਦੀ ਨੀਤੀਆਂ ਕਾਰਨ ਅੱਜ ਵੀ ਪੱਕੇ ਕਮਿਊਨਿਸਟਾਂ ਅਤੇ ਰੀਬ ਤਬਕੇ ਵਿਚ ਖ਼ਾਸਾ ਮਕਬੂਲ ਹੈ। ਦੂਜੀ ਸੰਸਾਰ ਜੰਗ ਦੌਰਾਨ ਸੋਵੀਅਤ ਯੂਨੀਅਨ ਨੂੰ ਦੁਆਈ ਜਿੱਤ ਕਾਰਨ ਉਸ ਨੂੰ ਬੇਹੱਦ ਆਦਰ ਨਾਲ ਵੇਖਿਆ ਜਾਂਦਾ ਹੈ। ਵਲਾਦੀਮੀਰ ਪੁਤੀਨ ਸੋਵੀਅਤ ਰਾਜ ਦੀਆਂ ਪ੍ਰਾਪਤੀਆਂ ਦੇ ਹਮੇਸ਼ਾ ਤੋਂ ਪ੍ਰਸ਼ੰਸਕ ਰਹੇ ਹਨ ਪਰ ਬੀਤੇ ਸਾਲ ਮੇਦਵਦੇਵ ਨੇ ਸਟਾਲਿਨ ਨੂੰ ਇਕ ਜ਼ਾਲਮ ਸ਼ਾਸਕ ਦਸਦਿਆਂ ਆਖਿਆ ਸੀ ਕਿ ਉਸ ਦੇ ਗੁਨਾਹ ਮਾਫ਼ ਕਰਨ ਯੋਗ ਨਹੀ। ਸਿੱਟੇ ਵਜੋਂ ਪੁਤੀਨ ਅਤੇ ਮੇਦਵਦੇਵ ਦੇ ਰਿਸ਼ਤਿਆਂ ਵਿਚ ਖਟਾਸ ਆ ਗਈ ਸੀ। ਇਕ ਰਿਪੋਰਟ ਮੁਤਾਬਕ ਮੇਦਵਦੇਵ ਸਾਲ 2011 ਦੌਰਾਨ ਸਟਾਲਿਨਵਾਦ ਦੇ ਖ਼ਾਤਮੇ ਲਈ ਜ਼ੋਰਦਾਰ ਮੁਹਿੰਮ ਸ਼ੁਰੂ ਕਰਨ ਵਾਲੇ ਹਨ।

## ਲਹਿੰਦੇ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਦੇ ਕਤਲ ਸਬੰਧੀ 23 ਗ੍ਰਿਫਤਾਰ

ਇਸਲਾਮਾਬਾਦ/ਲਾਹੌਰ (ਨਦਬ) : ਆਪਣੇ ਹੀ ਸੁਰੱਖਿਆ ਗਾਰਡ ਦੀ ਗੋਲੀ ਦਾ ਸ਼ਿਕਾਰ ਹੋਏ ਲਹਿੰਦੇ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਦੀ ਮ੍ਰਿਤਕ ਦੇਹ ਨੂੰ ਲਾਹੌਰ ਵਿਖੇ ਸਪੁਰਦੇ-ਖ਼ਾਕ ਕਰ ਦਿੱਤਾ ਗਿਆ। ਪਾਕਿਸਤਾਨੀ ਪੁਲੀਸ ਨੇ ਇਸ ਸਬੰਧ ਵਿਚ 23 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਵਿਚ ਉਹ ਵਿਅਕਤੀ ਵੀ ਸ਼ਾਮਲ ਹੈ ਜਿਸ ਨੇ ਸ੍ਰੀ ਤਾਸੀਰ ਨੂੰ ਮਾਰਨ ਵਾਲੇ ਲਈ 2 ਕਰੋੜ ਰੁਪਏ ਇਨਾਮ ਦਾ ਐਲਾਨ ਕੀਤਾ ਸੀ। ਪਾਕਿਸਤਾਨੀ ਜਾਂਚ ਏਜੰਸੀਆਂ ਵੱਲੋਂ ਇਸ ਗੱਲ ਦੀ ਵੀ ਤਫਤੀਸ਼ ਕੀਤੀ ਜਾ ਰਹੀ ਹੈ ਕਿ ਇਸਲਾਮਾਬਾਦ ਵਿਖੇ ਹੋਇਆ ਸ੍ਰੀ ਤਾਸੀਰ ਦਾ ਕਤਲ ਕਿਤੇ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਤਾਂ ਨਹੀਂ ਸੀ।



ਸ੍ਰੀ ਤਾਸੀਰ ਨੂੰ ਲਾਹੌਰ ਸਥਿਤ ਕੈਂਵਲਰੀ ਕਬਰਿਸਤਾਨ ਵਿਚ ਪੂਰੇ ਸਰਕਾਰੀ ਸਨਮਾਨਾਂ ਨਾਲ ਸਪੁਰਦੇ-ਖ਼ਾਕ ਕਰ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਅਤੇ ਹੋਰ ਚੋਟੀ ਦੇ ਆਗੂਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਸੁਰੱਖਿਆ ਕਾਰਨਾਂ ਕਰਕੇ ਜਨਾਜ਼ੇ ਵਿਚ ਹਿੱਸਾ ਨਹੀਂ ਲਿਆ।

ਪੁਲੀਸ ਨੇ ਇਸ ਸਬੰਧ ਵਿਚ ਹੁਣ ਤਕ 23 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਵਿਚ ਸਰਦਾਰ ਇਬਾਦ ਡੋਗਰ ਨਾਮੀ ਉਹ ਵਿਅਕਤੀ ਵੀ ਸ਼ਾਮਲ ਹੈ ਜਿਸ ਨੇ ਸ੍ਰੀ ਤਾਸੀਰ ਦੇ ਸਿਰ ਦਾ 2 ਕਰੋੜ ਰੁਪਏ ਇਨਾਮ ਰੱਖਿਆ ਸੀ। ਡੋਗਰ ਨੂੰ ਮੁਲਤਾਨ ਲਾਗੇ ਖਾਨਗੜ੍ਹ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਗੌਰਤਲਬ ਹੈ ਕਿ ਸ੍ਰੀ ਤਾਸੀਰ ਵੱਲੋਂ ਮੁਲਕ ਵਿਚ ਧਰਮ ਦੀ ਨਿੰਦਾ ਕਰਨ ਵਾਲਿਆਂ ਖ਼ਿਲਾਫ ਬਣੇ ਹੋਏ 'ਕੁਫ਼ਰ ਵਿਰੋਧੀ ਕਾਨੂੰਨ' ਦੀ ਮੁਖ਼ਾਲਫ਼ਤ ਕੀਤੀ ਜਾ ਰਹੀ ਸੀ ਜਿਸ ਕਾਰਨ ਉਹ ਪਾਕਿਸਤਾਨ ਦੇ ਕੱਟੜਪੰਥੀਆਂ ਦੀਆਂ ਅੱਖਾਂ ਵਿਚ ਰੜਕ ਰਹੇ ਸਨ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿਚ ਪੁਲੀਸ ਦੇ ਦੋ ਉਹ ਅਧਿਕਾਰੀ ਵੀ ਸ਼ਾਮਲ ਹਨ ਜਿਸ ਨੇ ਉਨ੍ਹਾਂ ਦੇ ਕਾਤਲ ਸੁਰੱਖਿਆ ਗਾਰਡ ਮਲਿਕ ਮੁਮਤਾਜ਼ ਹੁਸੈਨ ਕਾਦਰੀ ਨੂੰ ਗਵਰਨਰ ਦੀ ਸੁਰੱਖਿਆ ਉਤੇ ਲਾਇਆ ਸੀ। ਇਸ ਤੋਂ ਬਿਨਾਂ ਵੀ.ਆਈ. ਪੀਜ਼ ਦੀ ਸੁਰੱਖਿਆ ਨਾਲ ਸਬੰਧਤ 8 ਹੋਰ ਜਵਾਨਾਂ ਤੇ ਰਾਵਲਪਿੰਡੀ ਦੇ ਤਿੰਨ ਪੁਲੀਸ ਅਧਿਕਾਰੀਆਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਕਾਦਰੀ ਦੇ ਪਿਤਾ ਤੇ ਪੰਜ ਭਰਾਵਾਂ ਨੂੰ ਵੀ ਫੜਿਆ ਗਿਆ ਹੈ।

## ਚੀਨ ਦੀ ਪੁਲਿਸ, ਮਾਮਲੇ ਸੁਲਝਾਉਣ ਲਈ ਲੈ ਰਹੀ ਹੈ ਇੰਟਰਨੈਟ ਵਰਤਣ ਵਾਲਿਆਂ ਦੀ ਮਦਦ

ਬੀਜਿੰਗ (ਨ.ਦ.ਬ.) :ਚੀਨ ਦੀ ਪੁਲਿਸ ਅੱਜਕਲ ਅਪਰਾਧਿਕ ਮਾਮਲਿਆਂ ਦੀ ਜਾਂਚ ਲਈ ਮੁਲਕ ਦੇ ਲੱਖਾਂ ਇੰਟਰਨੈਟ ਵਰਤਣ ਵਾਲਿਆਂ ਦੀ ਮਦਦ ਲੈ ਰਹੀ ਹੈ। ਮਾਮਲਾ ਸੁਲਝਾਉਣ ਬਦਲੇ ਲੋਕਾਂ ਨੂੰ ਵਿੱਤੀ ਇਨਾਮ ਅਤੇ ਹੋਰ ਕਈ ਤਰ੍ਹਾਂ ਦੇ ਇਨਾਮਾਂ ਨਾਲ ਨਿਵਾਜ਼ਿਆ ਜਾਂਦਾ ਹੈ। ਜ਼ਿਨਜੀਐਂਗ ਸੂਬੇ ਦੀ ਪੁਲਿਸ ਨੇ ਬੀਤੇ ਦਿਨੀਂ ਇੰਟਰਨੈਟ ਸਾਈਟਾਂ ਉਪਰ ਇਕ ਘਟਨਾ ਸਥਲ ਦੀ ਫੋਟੋ ਲਾਈ ਅਤੇ ਵਾਰਦਾਤ ਵਾਲੀ



ਥਾਂ ਦੀ ਤਸਵੀਰ ਦੇ ਨਾਲ 500 ਤੋਂ 5000 ਯੂਆਨ ਇਨਾਮ ਲਿਖਿਆ ਹੋਇਆ ਸੀ। ਹਾਲਾਂਕਿ ਅਜੇ ਤਕ ਇਸ ਨਵੀਂ ਸਕੀਮ ਦੇ ਕੋਈ ਫਾਈਦੇਮੰਦ ਸਿੱਟੇ ਨਹੀਂ ਨਿਕਲੇ ਪਰ ਪੁਲਿਸ ਇਸ ਨਵੀਂ ਸਕੀਮ ਨੂੰ ਅਪਰਾਧੀਆਂ ਦੀ ਗਰਦਨ ਦਬੋਚਣ ਦਾ ਨਵਾਂ ਅਤੇ ਕਾਰਗਰ ਤਰੀਕਾ ਮੰਨ ਰਹੀ ਹੈ। 420 ਮਿਲੀਅਨ ਦੀ ਅਬਾਦੀ ਹਰ ਹਾਲ ਵਿਚ ਮੁਲਕ ਦੀ ਪੁਲਿਸ ਲਈ ਸਹਾਈ ਸਿੱਧ ਹੋ ਸਕਦੀ ਹੈ।

alc
Accounting & Tax Consultants Ltd.
ਅਕਾਊਂਟਿੰਗ ਐਂਡ ਟੈਕਸ ਕੰਸਲਟੈਂਟਸ ਲਿਮ.


Ramneek Trehan
Accountant
(15 years of experience in Accounting Practice)


Mamta Trehan
Accountant
(7 years of experience in Accounting Practice)

Taken Over :
Joginder Kandola Accounting & Tax Services
ਜੋਗਿੰਦਰ ਕੰਡੋਲਾ ਅਕਾਊਂਟਿੰਗ ਐਂਡ ਟੈਕਸ ਸਰਵਿਸਜ਼

Corporate Accounts,
Personal Tax Returns & Consultation
ਕਾਰਪੋਰੇਟ ਅਕਾਊਂਟਸ, ਪਰਸਨਲ ਟੈਕਸ ਰਿਟਰਨਸ ਐਂਡ ਕੰਸਲਟੇਸ਼ਨ

Special Services for Personal Tax Returns

North Side office with appointments only

*The difference between Accountants is how they care for their clients.*

We are efficient, easy approachable and value for your time & money.
ਅਸੀਂ ਵਧੀਆ ਅਤੇ ਸਮੇਂ ਸਿਰ ਤੁਹਾਡੇ ਪੈਸੇ ਦੇ ਸਹੀ ਮੁੱਲ ਦੀਆਂ ਸੇਵਾਵਾਂ ਦਿੰਦੇ ਹਾਂ।

9235A - 35 Ave. NW, Edmonton, AB T6E 5Y1 | E-mail : ramneektrehan@gmail.com
Off : 780-462-0919 | Fax : 780-462-0818 | Cell : 780-862-1637

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

ਸੰਪਾਦਕੀ

## ਨਵੇਂ ਵਰ੍ਹੇ 'ਚ ਪੈਰ ਧਰਦਿਆਂ

ਨਵਾਂ ਵਰ੍ਹਾ ਜਿੱਥੇ ਦੁਨੀਆ ਭਰ ਦੇ ਖਾਂਦੇ ਪੀਂਦੇ ਲੋਕਾਂ ਲਈ ਜਸ਼ਨ ਦੇ ਮੌਕੇ ਮੁਹੱਈਆ ਕਰਵਾਉਂਦਾ ਹੈ ਉੱਥੇ ਜਨ-ਸਾਧਾਰਨ ਲਈ ਇਹ ਆਮ ਦਿਨਾਂ ਵਰਗਾ ਹੀ ਹੁੰਦਾ ਹੈ। ਆਮ ਬੰਦੇ ਲਈ ਆਪਣਾ ਜੀਵਨ ਰੋੜਨਾ ਹੀ ਇਕ ਵੱਡੀ ਚੁਣੌਤੀ ਹੋਇਆ ਕਰਦਾ ਹੈ। ਇਸ ਲਿਹਾਜ ਨਾਲ ਭਾਰਤ ਵਿਚ ਖਾਸ ਤੇ ਆਮ ਬੰਦੇ ਵਿਚਲਾ ਫਾਸਲਾ ਲਗਾਤਾਰ ਵੱਧਦਾ ਜਾ ਰਿਹਾ ਹੈ। ਜਿੱਥੇ ਲੰਘੀ 31 ਦਸੰਬਰ ਦੀ ਰਾਤ 'ਇੰਡੀਆ' ਰੰਗੀਨੀਆਂ ਵਿਚ ਡੁਬਿਆ ਹੋਇਆ ਸੀ ਉੱਥੇ 'ਭਾਰਤ' ਦੀਆਂ ਰਸੋਈਆਂ ਦਾ ਕਾਫੀਆ ਹੋਰ ਵੀ ਜ਼ਿਆਦਾ ਤੰਗ ਹੋ ਰਿਹਾ ਸੀ।

ਇਸੇ ਦਿਨ ਇਕ ਟੀ.ਵੀ. ਚੈਨਲ 'ਤੇ ਇਕ ਆਮ ਸੁਆਣੀ ਨੇ ਬੜੇ ਪਤੇ ਦੀ ਗੱਲ ਕਹੀ। ਇਸ ਸੁਆਣੀ ਨੇ ਜੋ ਕੁਝ ਕਿਹਾ, ਉਸਦਾ ਸਾਰ ਤੱਤ ਇਹ ਸੀ ਕਿ ਬੜੇ ਢੋਲ-ਢਮੱਕਿਆਂ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ 'ਸੁਪਰ ਪਾਵਰ' ਬਣਨ ਜਾ ਰਿਹਾ ਹੈ ਪਰ ਮੁਲਕ ਦੀ ਆਮ ਘਰੇਲੂ ਔਰਤ ਕੋਲ ਤਾਂ ਪਿਆਜ਼ ਟਮਾਟਰ ਖਰੀਦਣ ਦੀ ਵੀ 'ਪਾਵਰ' ਨਹੀਂ ਹੈ। ਇਹ ਜਨ-ਸਧਾਰਣ ਦੇ ਦਿਲ 'ਚੋਂ ਨਿਕਲੀ ਉਹ ਹੂਕ ਹੈ, ਜਿਸ ਨਾਲ ਭਾਰਤ ਸਰਕਾਰ ਦਾ ਕੋਈ ਵਾਸਤਾ ਨਹੀਂ ਹੈ। ਜੇ ਵਾਸਤਾ ਹੁੰਦਾ ਤਾਂ ਸਵਾ ਅਰਬ ਨੂੰ ਆ ਢੁੱਕੇ 'ਮਹਾਨ ਦੇਸ਼' ਦੀ ਏਨੀ ਮਾੜੀ ਅਵਸਥਾ ਨਾ ਹੁੰਦੀ।

ਮਹਿੰਗਾਈ ਪਹਿਲਾਂ ਵੀ ਲਗਾਤਾਰ ਵੱਧਦੀ ਆਈ ਹੈ ਅਤੇ ਇਹ ਅਗਾਂਹ ਵੀ ਵਧੇਗੀ ਪਰ ਜਿਸ ਤੇਜ਼ੀ ਨਾਲ ਪਿਛਲੇ ਦੋ ਵਰ੍ਹਿਆਂ ਵਿਚ ਮਹਿੰਗਾਈ ਨੇ ਛਾਲਾਂ ਮਾਰੀਆਂ ਹਨ, ਉਹ ਪ੍ਰੇਸ਼ਾਨ ਹੀ ਨਹੀਂ ਹੈਰਾਨ ਕਰਨ ਵਾਲੀ ਵੀ ਹੈ। ਜਦੋਂ ਤੋਂ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਿਚ 'ਸਾਂਝੇ ਪ੍ਰਗਤੀਸ਼ੀਲ ਗਠਜੋੜ' ਦੀ ਸਰਕਾਰ ਨੇ ਦੂਸਰੀ ਵਾਰ ਸੱਤਾ ਸੰਭਾਲੀ ਹੈ, ਮਹਿੰਗਾਈ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਆਟੇ ਦੀਆਂ ਕੀਮਤਾਂ ਦੋ ਵਰ੍ਹਿਆਂ ਵਿਚ ਲਗਭਗ 55 ਫੀਸਦੀ, ਸਾਧਾਰਨ ਚਾਵਲ 112 ਫੀਸਦੀ, ਸਰੋਂ ਦਾ ਤੇਲ 66 ਫੀਸਦੀ, ਘਿਓ 55 ਫੀਸਦੀ ਅਤੇ ਚੀਨੀ ਦੀਆਂ ਕੀਮਤਾਂ 60 ਫੀਸਦੀ ਵੱਧ ਗਈਆਂ ਹਨ। ਇਸੇ ਗਤੀ ਨਾਲ ਹੀ ਬਾਕੀ ਜ਼ਰੂਰੀ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਉਛਾਲ ਆਇਆ ਹੈ। ਇਸ ਲਿਹਾਜ ਨਾਲ ਤਾਂ ਸਾਫ਼ ਕਿਹਾ ਜਾ ਸਕਦਾ ਹੈ ਕਿ 'ਸਾਂਝੇ ਪ੍ਰਗਤੀਸ਼ੀਲ ਗਠਜੋੜ' ਦੀ ਸਰਕਾਰ ਨੇ ਜੇਕਰ ਸਚਮੁੱਚ ਹੀ ਪ੍ਰਗਤੀ ਕੀਤੀ ਹੈ ਤਾਂ ਉਹ ਹੈ ਮਹਿੰਗਾਈ ਦਾ ਖੇਤਰ। ਬਾਕੀ ਖੇਤਰਾਂ ਵਿਚ ਮੁਲਕ ਲਗਾਤਾਰ ਪੱਛੜਦਾ ਜਾ ਰਿਹਾ ਹੈ, ਇਕੋ ਮਹਿੰਗਾਈ ਹੀ ਅਜਿਹੀ ਸੌਗਾਤ ਹੈ ਜਿਸਨੂੰ ਸਰਕਾਰ ਨੇ ਆਪਣੀ 'ਪਟਰਾਣੀ' ਬਣਾ ਧਰਿਆ ਹੈ। ਦੁਖੀ ਕਰਨ ਵਾਲੀ ਗੱਲ ਇਹ ਹੈ ਕਿ ਉਸ ਮੁਲਕ ਨੂੰ ਬਾਹਰੋਂ ਅਨਾਜ ਮੰਗਵਾਉਣ ਦੀ ਲੋੜ ਪੈ ਗਈ ਹੈ, ਜਿਸ ਦੀ ਆਰਥਕਤਾ ਦਾ ਦਾਰੋਮਦਾਰ ਹੀ ਖੇਤੀ ਹੈ। ਸਰਕਾਰ ਲੱਖ ਦਾਅਵੇ ਕਰੀ ਜਾਵੇ ਕਿ ਉਸਨੇ ਖੇਤੀ ਖੇਤਰ ਲਈ ਬਹੁਤ ਕੰਮ ਕੀਤਾ ਹੈ ਪਰ ਮੁਲਕ ਭਰ ਵਿਚ ਵੱਧ ਰਹੀਆਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਸਰਕਾਰ ਦੇ ਸਾਰੇ ਦਾਅਵਿਆਂ ਦਾ ਸੱਚ ਚੌਰਾਹੇ ਭੰਨ ਰਹੀਆਂ ਹਨ। ਖੇਤੀ ਲਾਗਤਾਂ ਲਗਾਤਾਰ ਵਧੀ ਜਾ ਰਹੀਆਂ ਹਨ ਪਰ ਕੇਂਦਰ ਜਿਣਸਾਂ ਦਾ ਘੱਟੋ-ਘੱਟ ਚੰਗਾ ਸਹਾਇਕ ਮੁਲ ਦੇਣ ਤੋਂ ਵੀ ਸਦਾ ਹੀ ਭੱਜਦਾ ਆਇਆ ਹੈ। ਉਂਜ ਵੀ ਜ਼ਮੀਨਾਂ ਨੂੰ ਕਿਸਾਨਾਂ ਹੱਥੋਂ ਖੋਹ ਕੇ ਬਹੁਕੌਮੀ ਕੰਪਨੀਆਂ ਅਤੇ ਆਪਣੇ ਚਹੇਤੇ ਨਿੱਜੀ ਵਪਾਰੀਆਂ ਨੂੰ ਸੌਂਪਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ ਹੈ। ਪਿਛਲੇ 2 ਸਾਲਾਂ ਵਿਚ ਪੈਟਰੋਲ, ਡੀਜ਼ਲ ਦੀਆਂ ਲਗਾਤਾਰ ਵਧਾਈਆਂ ਗਈਆਂ ਕੀਮਤਾਂ ਨੇ ਵੀ ਜ਼ਰੂਰਤ ਦੀ ਹਰ ਚੀਜ਼ ਨੂੰ ਅਸਮਾਨੀ ਚਾੜ੍ਹ ਦਿੱਤਾ ਹੈ। ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵੀ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਵਧੀਆਂ ਕੀਮਤਾਂ ਦਾ ਬਹਾਨਾ ਲਾ ਕੇ ਵਧਾਈਆਂ ਜਾਂਦੀਆਂ ਹਨ ਜਦਕਿ ਅੱਜ ਤੱਕ ਕਦੇ ਸਰਕਾਰ ਨੇ ਨਹੀਂ ਦਸਿਆ ਕਿ ਰੁਪਇਆਂ ਵਿਚ ਕੱਚੇ ਤੇਲ ਦੀ ਅਸਲ ਕੀਮਤ ਕੀ ਬਣਦੀ ਹੈ। ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਸਾਨੂੰ ਕੱਚਾ ਤੇਲ 19-20 ਰੁਪਏ ਫੀ ਲੀਟਰ ਪੈਂਦਾ ਹੈ, ਜੋ ਰਿਫਾਇੰਡ ਹੋ ਕੇ 57 ਫੀਸਦੀ ਟੈਕਸ ਲੱਗ ਕੇ ਸਾਡੇ ਕੋਲ 56 ਤੋਂ 59 ਰੁਪਏ ਫੀ ਲੀਟਰ ਤੱਕ ਪਹੁੰਚਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਜੇਕਰ ਸਰਕਾਰ ਚਾਹਵੇ ਤਾਂ ਟੈਕਸਾਂ ਦਾ ਬੋਝ ਘਟਾ ਕੇ ਪੈਟਰੋਲ ਦੀਆਂ ਕੀਮਤਾਂ ਕਾਬੂ ਕਰ ਸਕਦੀ ਹੈ ਪਰ ਇਹ ਹਾਕਮਾਂ ਦੇ ਹਿੱਤ ਵਿਚ ਨਹੀਂ।

ਮਹਿੰਗਾਈ ਦੇ ਇਸ ਜੰਜਾਲ ਨੇ ਆਮ ਬੰਦੇ ਦੇ ਮੂੰਹ ਦੀ ਬੁਰਕੀ ਵੀ ਖੋਹ ਲਈ ਹੈ। ਪਿਆਜ਼, ਅਨਾਜ ਦਾਲਾਂ ਦੇ ਨਾਲ-ਨਾਲ ਸਬਜ਼ੀਆਂ ਵੀ ਅਸਮਾਨੀ ਜਾ ਚੜ੍ਹੀਆਂ ਹਨ। ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਪਿਆਜ਼ ਦੀਆਂ ਕੀਮਤਾਂ ਵਿਚ ਵਾਧੇ ਲਈ ਘੱਟ ਪੈਦਾਵਾਰ ਅਤੇ ਮੌਸਮ ਨੂੰ ਜ਼ੁੰਮੇਵਾਰ ਦੱਸਕੇ ਆਪਣੇ-ਆਪਨੂੰ ਬਰੀ ਕਰ ਲੈਂਦੇ ਹਨ। ਉਹ ਕਦੇ ਨਹੀਂ ਦੱਸਦੇ ਕਿ ਜਿਹੜਾ ਪਿਆਜ਼ ਅੱਜ 70 ਰੁਪਏ ਕਿਲੋ ਮਿਲ ਰਿਹਾ ਹੈ, ਇਹ ਕਿਸਾਨ ਦੇ ਖੇਤ ਵਿਚੋਂ ਛੇ-ਸੱਤ ਰੁਪਏ ਕਿਲੋ ਚੁੱਕਿਆ ਜਾਂਦਾ ਹੈ। ਘਰ ਦੀ ਰਸੋਈ ਵਿਚ ਪਹੁੰਚਦੇ-ਪਹੁੰਚਦੇ ਇਸ ਵਿਚ ਆ ਜੁੜੇ 63 ਰੁਪਏ ਕੌਣ ਡਕਾਰ ਜਾਂਦਾ ਹੈ, ਇਸ ਉਤੇ ਪਰਦਾ ਪਾਉਣ ਦੀ 'ਸਰਕਾਰੀ ਜ਼ੁੰਮੇਵਾਰੀ' ਸਾਡੇ ਮੰਤਰੀ ਸਾਹਿਬਾਨ ਬਾਖੂਬੀ ਨਿਭਾ ਰਹੇ ਹਨ। ਇਹ ਸਿਰਫ਼ ਪਿਆਜ਼ ਹੀ ਨਹੀਂ ਹਰ ਸਬਜ਼ੀ 'ਤੇ ਲਾਗੂ ਹੁੰਦਾ ਹੈ। ਉਂਜ ਵੀ ਜੇ ਕਮੀ ਕਿਸੇ ਇਕ ਸਬਜ਼ੀ ਦੀ ਪੈਦਾ ਹੁੰਦੀ ਹੈ ਤਾਂ ਉਹਦੇ ਨਾਲ ਹੀ ਬਾਕੀ ਸਬਜ਼ੀਆਂ ਵੀ ਉਪਰ ਚੜ੍ਹਾ ਦਿੱਤੀਆਂ ਜਾਂਦੀਆਂ ਹਨ।

ਇਨ੍ਹਾਂ ਪ੍ਰਸਥਿਤੀਆਂ ਵਿਚ ਇਸ ਕਾਲੇ ਗੋਰਖਧੰਦੇ ਦੀ ਕਿਵੇਂ ਪੁਣ-ਛਾਣ ਕੀਤੀ ਜਾਵੇ? ਹਾਲਾਤ ਇਹ ਹਨ ਕਿ ਸਰਕਾਰ ਨੇ ਸਾਰਾ ਕੁੱਝ ਹੀ ਬਹੁਕੌਮੀ ਕੰਪਨੀਆਂ ਅਤੇ ਨਿੱਜੀ ਵਪਾਰੀਆਂ ਅੱਗੇ ਢੇਰ ਕਰ ਛੱਡਿਆ ਹੈ। ਇਨ੍ਹਾਂ ਨੂੰ ਖੁਲ੍ਹ ਕੇ ਖੇਡਣ ਦੀ ਪੂਰੀ ਆਜ਼ਾਦੀ ਹੀ ਨਹੀਂ ਸਗੋਂ ਇਨ੍ਹਾਂ ਲਈ ਮੈਦਾਨ ਵੀ ਖੁਦ ਸਰਕਾਰ ਤਿਆਰ ਕਰਕੇ ਦੇਈ ਜਾ ਰਹੀ ਹੈ। ਇਹ ਉਹ ਹੀ ਨਿੱਜੀ ਵਪਾਰੀ ਹਨ, ਜਿਨ੍ਹਾਂ ਨੇ ਪਹਿਲਾਂ ਪਿਆਜ਼ ਦੀ ਅੰਨ੍ਹੇਵਾਹ ਜਮਾਖੋਰੀ ਕਰਕੇ ਮੁਲਕ ਵਿਚ ਪਿਆਜ ਦੀ ਨਕਲੀ ਕਮੀ ਪੈਦਾ ਕੀਤੀ ਤੇ ਫੇਰ ਕੀਮਤਾਂ ਆਪਣੀ ਮਨਮਰਜ਼ੀ ਨਾਲ ਵਧਵਾਈਆਂ। ਇਸ ਤੋਂ ਕੀ ਸਮਝਿਆ ਜਾਵੇ? ਕੀ ਸਰਕਾਰ ਜਮਾਖੋਰਾਂ ਅਤੇ ਨਿੱਜੀ ਵਪਾਰੀਆਂ ਦੇ ਹਿੱਤ ਪਾਲਣ ਵਾਲੀ ਸਰਕਾਰ ਹੈ। ਹੁਣ ਤੱਕ ਦਾ ਅਮਲ ਤਾਂ ਇਹ ਹੀ ਦਰਸਾਉਂਦਾ ਹੈ।

ਟੀ.ਵੀ. ਉਪਰ ਆਪਣੇ ਜਜ਼ਬਾਤ ਪ੍ਰਗਟ ਕਰਨ ਵਾਲੀ ਉਸ ਸੁਆਣੀ ਨੇ ਬਿਲਕੁਲ ਠੀਕ ਕਿਹਾ ਹੈ ਕਿ 'ਮਹਾਂਸ਼ਕਤੀ' ਬਣਨ ਜਾ ਰਹੇ ਮੁਲਕ ਦੀ ਆਮ ਸੁਆਣੀ ਕੋਲ ਤਾਂ ਪਿਆਜ਼, ਟਮਾਟਰ ਖਰੀਦਣ ਦੀ ਵੀ ਸ਼ਕਤੀ ਨਹੀਂ ਹੈ। ਅਸੀਂ ਉਸ ਨਾਲ ਸਹਿਮਤ ਹੁੰਦੇ ਹੋਏ ਇਹ ਜ਼ਰੂਰ ਕਹਿਣਾ ਚਾਹੁੰਦੇ ਹਾਂ ਕਿ ਇਨ੍ਹਾਂ ਬਦਤਰ ਪ੍ਰਸਥਿਤੀਆਂ ਨੂੰ ਤਬਦੀਲ ਕਰਨ ਲਈ ਸਭ ਤੋਂ ਜ਼ਰੂਰੀ ਸ਼ਕਤੀ ਲੋਕਾਂ ਕੋਲ ਹੀ ਹੈ, ਉਹ ਹੈ ਆਪਣੇ ਹੱਕਾਂ, ਹਿੱਤਾਂ ਅਤੇ ਆਸਾਂ, ਉਮੰਗਾਂ ਲਈ ਲੜਨ-ਭਿੜਨ ਦੀ ਸ਼ਕਤੀ। ਨਵੇਂ ਵਰ੍ਹੇ 'ਚ ਜੇਕਰ ਭਾਰਤ ਦੇ ਆਮ ਬੰਦੇ ਨੇ ਆਪਣੀ ਇਸ ਸ਼ਕਤੀ ਨੂੰ ਪਛਾਣ ਲਿਆ ਤਾਂ ਉਹਦੀ ਤਕਦੀਰ ਬਦਲਦਿਆਂ ਵੀ ਦੇਰ ਨਹੀਂ ਲੱਗੇਗੀ। ਇਸੇ ਆਸ ਨਾਲ ਨਵੀਂ ਦੁਨੀਆ ਦੇ ਪਾਠਕਾਂ ਨੂੰ ਨਵਾਂ ਵਰ੍ਹਾ ਮੁਬਾਰਕ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)

ਸਲਾਹਕਾਰ ਬੋਰਡ — ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਭਾਰਤੀ ਲੋਕਤੰਤਰ ਤੇ ਮਜ਼ਬੂਤ ਹੋ ਰਹੀ ਕਾਰਪੋਰੇਟ ਘਰਾਣਿਆਂ ਦੀ ਜਕੜ



ਪ੍ਰੋ. ਰਾਕੇਸ਼ ਰਮਨ

ਬੀਤੇ ਕਈ ਹਫ਼ਤਿਆਂ ਤੋਂ ਭਾਰਤ ਦੀ ਰਾਜਨੀਤੀ ਬਹੁਕਰੋੜੀ ਘਪਲਿਆਂ ਨੂੰ ਲੈ ਕੇ ਗਰਮਾਈ ਹੋਈ ਹੈ। ਇਹਨਾਂ ਘਪਲਿਆਂ ਦਾ ਗੰਭੀਰ ਪੱਖ ਕੇਵਲ ਭ੍ਰਿਸ਼ਟਾਚਾਰ ਜਾਂ ਸਾਡੇ ਸਿਆਸਤਦਾਨਾਂ ਦਾ ਨਿੱਤ ਨਿੱਘਰ ਰਿਹਾ ਕਿਰਦਾਰ ਹੀ ਨਹੀਂ ਹੈ ਸਗੋਂ ਇਹਨਾਂ 'ਤੇ ਹੋ ਰਹੀ ਚਰਚਾ ਦੌਰਾਨ ਕਈ ਅਜਿਹੇ ਖੁਲਾਸੇ ਵੀ ਹੋਏ ਹਨ ਜਿਨ੍ਹਾਂ ਨੇ ਭਾਰਤੀ ਲੋਕਤੰਤਰ ਲਈ ਖਤਰੇ ਦੀਆਂ ਘੰਟੀਆਂ ਵਜਾ ਦਿੱਤੀਆਂ ਹਨ। ਉਂਜ ਤਾਂ ਸਮਕਾਲੀ ਭਾਰਤੀ ਰਾਜਨੀਤੀ ਦੀ ਕਿਸੇ ਵੀ ਇੱਟ ਨੂੰ ਹਿਲਾਉਣ ਦੀ ਹੁਣ ਵਾਹ ਨਹੀਂ ਰਹੀ, ਸ਼ਰਮਸਾਰ ਹੀ ਹੋਣਾ ਪੈਂਦਾ ਹੈ। ਕਿਉਂ ਕਿ ਜਿਹੜੀ ਵੀ ਇੱਟ ਹਿੱਲਦੀ ਹੈ ਹੇਠੋਂ ਘਪਲੇ ਛੜੱਪੇ ਮਾਰਨ ਲਗਦੇ ਹਨ ਪਰ 2-ਜੀ ਸਪੈਕਟ੍ਰਮ ਘਪਲੇ ਨੇ ਤਾਂ ਸ਼ਾਇਦ ਭ੍ਰਿਸ਼ਟਾਚਾਰ ਦਾ ਨਵਾਂ ਕੀਰਤੀਮਾਨ ਹੀ ਸਥਾਪਿਤ ਕਰ ਦਿੱਤਾ ਹੈ। ਇਸ ਨੂੰ ਦੇਖ ਕੇ ਤਾਂ ਇਉਂ ਜਾਪਦਾ ਹੈ ਜਿਵੇਂ ਓਹਲਾ ਦੇਣ ਵਾਲੀਆਂ ਇੱਟਾਂ ਹੁਣ ਛੋਟੀਆਂ ਰਹਿ ਗਈਆਂ ਹਨ ਅਤੇ ਹੇਠਾਂ ਛੁਪੇ ਹੋਏ ਘਪਲਿਆਂ ਦੇ ਡੱਡੂਆਂ ਦਾ ਆਕਾਰ ਬਹੁਤ ਵਧ ਗਿਆ ਹੈ। ਇਸ ਵਾਰ ਦਾ ਸੰਸਦ ਦਾ ਸਰਦ ਰੁੱਤ ਦਾ ਇਜਲਾਸ 2-ਜੀ ਸਪੈਕਟ੍ਰਮ ਘੁਟਾਲੇ ਦੇ ਲੇਖੇ ਹੀ ਲਗ ਗਿਆ।

ਨੌਂ ਨਵੰਬਰ ਨੂੰ ਆਰੰਭ ਹੋਏ ਸੰਸਦ ਦੇ ਸਰਦ ਰੁੱਤ ਦੇ ਇਜਲਾਸ ਦੌਰਾਨ ਹੋਈਆਂ ਇਸ ਦੀਆਂ 23 ਬੈਠਕਾਂ ਦੇ ਕੁਝ ਇਕ ਘੰਟਿਆਂ ਨੂੰ ਛੱਡ ਕੇ ਬਾਕੀ ਸਾਰਾ ਸਮਾਂ 2-ਜੀ ਸਪੈਕਟ੍ਰਮ ਘੁਟਾਲੇ ਦਾ ਮੁੱਦਾ ਹੀ ਛਾਇਆ ਰਿਹਾ। ਦਿਲਚਸਪ ਗੱਲ ਇਹ ਹੈ ਕਿ ਇਸ ਮੁੱਦੇ ਨੂੰ ਵਿਰੋਧੀ ਧਿਰ ਨੇ ਨਹੀਂ ਸਗੋਂ ਖੁਦ ਆਰਥਿਕ ਗਤੀਵਿਧੀਆਂ ਵਿਚ ਪ੍ਰਮੁੱਖ ਸਥਾਨ ਰੱਖਣ ਵਾਲੀ ਸਰਕਾਰੀ ਏਜੰਸੀ ਕੈਗ ਨੇ ਜਨਤਕ ਕੀਤਾ ਕਿ ਸਾਲ 2008 ਦੌਰਾਨ 2-ਜੀ ਸਪੈਕਟ੍ਰਮ ਦੇ ਲਾਇਸੰਸ ਦੇਣ ਸਮੇਂ ਸਰਕਾਰੀ ਖਜ਼ਾਨੇ ਨੂੰ 1.76 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਪੁਚਾਇਆ ਗਿਆ। ਇਸ ਮੁੱਦੇ ਨੂੰ ਲੈ ਕੇ ਸੰਸਦ ਵਿਚ ਸਮੁੱਚੇ ਇਜਲਾਸ ਦੌਰਾਨ ਗਤੀਰੋਧ ਦੀ ਸਥਿਤੀ ਬਣੀ ਰਹੀ।



ਵਿਰੋਧੀ ਧਿਰ ਵੱਲੋਂ ਇਸ ਘੁਟਾਲੇ ਦੀ ਜਾਂਚ ਲਈ ਸੰਯੁਕਤ ਸੰਸਦੀ ਕਮੇਟੀ ਗਠਿਤ ਕਰਨ ਦੀ ਮੰਗ ਕੀਤੀ ਗਈ। ਸਰਕਾਰ ਵੱਲੋਂ ਜਾਂਚ ਕਰਵਾਉਣ ਦੀ ਮੰਗ ਤਾਂ ਪ੍ਰਵਾਨ ਕਰ ਲਈ ਗਈ ਪਰ ਸੰਯੁਕਤ ਸੰਸਦੀ ਕਮੇਟੀ ਗਠਿਤ ਕਰਨ ਤੋਂ ਨਾਂਹ ਕਰ ਦਿੱਤੀ ਗਈ। ਇਉਂ ਦੋਵੇਂ ਧਿਰਾਂ ਪੂਰੇ ਇਜਲਾਸ ਦੌਰਾਨ ਆਪਣੇ ਪੱਖ 'ਤੇ ਕਾਇਮ ਰਹੀਆਂ ਅਤੇ 2-ਜੀ ਸਪੈਕਟ੍ਰਮ ਘੁਟਾਲੇ ਦਾ ਮੁੱਦਾ ਪੂਰੀ ਤਰ੍ਹਾਂ ਛਾਇਆ ਰਿਹਾ। ਸਰਕਾਰੀ ਖਜ਼ਾਨੇ ਨੂੰ 1.76 ਕਰੋੜ ਰੁਪਏ ਦਾ ਪਾਇਆ ਗਿਆ ਘਾਟਾ ਅਣਗੌਲਿਆਂ ਕਰਨ ਵਾਲਾ ਹੈ ਵੀ ਨਹੀਂ ਸੀ। ਇਸ ਰਾਸ਼ਟਰੀ ਨੁਕਸਾਨ ਨੂੰ ਲੋਕਾਂ ਦੀ ਸਭ ਤੋਂ ਵੱਡੀ ਪ੍ਰਤੀਨਿਧੀ ਸਭਾ ਵਿਚ ਉਛਾਲੀ ਰੱਖਿਆ ਜਾਣਾ ਸੁਭਾਵਿਕ ਵੀ ਸੀ ਤੇ ਜ਼ਰੂਰੀ ਵੀ ਤਾਂ ਕਿ ਲੋਕਾਂ ਨੂੰ ਇਹ ਦਿਖਾਇਆ ਜਾ ਸਕੇ ਕਿ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਭੱਦਰਪੁਰਸ਼ ਕਿਸ ਤਰ੍ਹਾਂ ਆਪਣੇ ਨਿੱਜੀ ਹਿਤਾਂ ਲਈ ਸਰਕਾਰੀ ਅਹੁਦਿਆ ਦੀ ਦੁਰਵਰਤੋਂ ਕਰ ਰਹੇ ਹਨ।

ਜੀ-2 ਸਪੈਕਟ੍ਰਮ ਘੁਟਾਲੇ ਨੂੰ ਉਦੋਂ ਇਕ ਨਵਾਂ ਮੋੜ ਮਿਲ ਗਿਆ ਜਦੋਂ ਦੇਸ਼ ਦੇ ਪ੍ਰਮੁੱਖ ਉਦਯੋਗਪਤੀ ਰਤਨ ਟਾਟਾ ਨੇ ਇਹ ਖੁਲਾਸਾ ਕੀਤਾ ਕਿ ਦੂਰ ਸੰਚਾਰ ਘੁਟਾਲੇ ਦੀਆਂ ਜੜਾਂ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਦੇ ਸ਼ਾਸ਼ਨ ਕਾਲ ਤਕ ਫੈਲੀਆਂ ਹੋਈਆਂ ਹਨ। ਦੂਰ ਸੰਚਾਰ ਵਿਭਾਗ ਕੰਪਨੀਆਂ ਨੂੰ ਲਾਇਸੈਂਸ ਜਾਰੀ ਕਰਨ ਸਮੇਂ ਪਹਿਲਾਂ ਵੀ ਸਰਕਾਰੀ ਨੇਮਾਂ ਨੂੰ ਅਣਡਿੱਠ ਕਰਦਾ ਆਇਆ ਹੈ ਤੇ ਭਾਜਪਾ ਦੀ ਅਗਵਾਈ ਵਾਲੇ ਗਠਜੋੜ ਦੀ ਸਰਕਾਰ ਸਮੇਂ ਵੀ ਇਸੇ ਤਰ੍ਹਾਂ ਹੀ ਵਾਪਰਿਆ ਸੀ। ਇਸ ਤਰ੍ਹਾਂ ਮੌਜੂਦਾ ਸੱਤਾਧਾਰੀ ਧਿਰ ਦੇ ਨਾਲ ਗੈਰ-ਕਮਿਊਨਿਸਟ ਵਿਰੋਧੀ ਧਿਰ ਵੀ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਪਾਕ-ਦਾਮਨ ਹੋਣ ਦੇ ਦਾਅਵੇ ਤੋਂ ਵੰਚਿਤ ਹੋ ਗਈ। ਭ੍ਰਿਸ਼ਟਾਚਾਰ ਦੇ ਤਮਾਮ ਮੁੱਦਿਆਂ ਵਿਚ ਜ਼ੁੰਮੇਵਾਰ ਸਿਆਸਤਦਾਨ ਤਾਂ ਦੋਸ਼ਾਂ ਦੀ ਮਾਰ ਹੇਠ ਆ ਜਾਂਦੇ ਹਨ ਤੇ ਦੋਸ਼ੀ ਠਹਿਰਾਏ ਵੀ ਜਾਣੇ ਚਾਹੀਦੇ ਹਨ ਪ੍ਰੰਤੂ ਸਿਆਸਤਦਾਨਾਂ ਨੂੰ ਰਿਸ਼ਵਤਾਂ ਦੇਣ ਵਾਲੇ ਫੋਕਸ ਵਿਚ ਬਹੁਤ ਘੱਟ ਆਉਂਦੇ ਹਨ। ਭ੍ਰਿਸ਼ਟਾਚਾਰ ਦੀ ਸਮੁੱਚੀ ਸਥਿਤੀ ਤਦ ਹੀ ਸਪਸ਼ਟ ਹੋ ਸਕਦੀ ਹੈ ਜੇਕਰ ਰਿਸ਼ਵਤਾਂ ਲੈਣ ਵਾਲਿਆਂ ਦੇ ਨਾਲ ਨਾਲ ਰਿਸ਼ਵਤਾਂ ਦੇਣ ਵਾਲਿਆਂ ਨੂੰ ਵੀ ਬੇਨਕਾਬ ਕੀਤਾ ਜਾਵੇ ਤੇ ਦੋਵਾਂ ਦੇ ਨਾਪਾਕ ਗਠਜੋੜ ਦੀਆਂ ਸਾਰੀਆਂ ਕੜੀਆਂ ਨੂੰ ਰੋਸ਼ਨੀ ਵਿਚ ਲਿਆਂਦਾ ਜਾਵੇ। ਪਰ ਹਾਲ ਦੀ ਘੜੀ ਸਰਕਾਰੀ ਪੱਧਰ 'ਤੇ ਅਜਿਹਾ ਹੋ ਸਕਣਾ ਸੰਭਵ ਪ੍ਰਤੀਤ ਨਹੀਂ ਹੁੰਦਾ ਕਿਉਂ ਕਿ ਜੋ ਸੰਕੇਤ ਮਿਲ ਰਹੇ ਹਨ, ਇਹੋ ਦਰਸਾਉਂਦੇ ਹਨ ਕਿ ਭਾਰਤ ਦੀ ਸਰਕਾਰ ਹੀ ਨਹੀਂ ਸਗੋਂ ਪੂਰੀ ਭਾਰਤੀ ਲੋਕਤੰਤਰੀ ਪ੍ਰਣਾਲੀ ਹੀ ਕਾਰਪੋਰੇਟ ਘਰਾਣਿਆਂ ਦੀ ਮਜ਼ਬੂਤ ਜਕੜ ਵਿਚ ਆਈ ਹੋਈ ਹੈ। ਇਹ ਕਾਰਪੋਰੇਟ ਘਰਾਣੇ ਅਰਥਾਤ ਬਹੁਕੌਮੀ ਕੰਪਨੀਆਂ ਹੀ ਹਨ ਜਿਹਤੀਆਂ ਲਾਭ ਕਮਾਉਣ ਦੇ ਵੱਧ ਤੋਂ ਵੱਧ ਮੌਕੇ ਹਥਿਆਉਣ ਲਈ ਆਪਣੀ ਮਨਮਰਜ਼ੀ ਦੀ ਤੇ ਆਪਣੀ ਮੁੱਠੀ ਵਿਚ ਰਹਿਣ ਵਾਲੀ ਸਰਕਾਰ ਦਾ ਪ੍ਰਬੰਧ ਕਰਨ ਦੀ ਹਰ ਕੋਸ਼ਿਸ਼ ਕਰਦੀਆਂ ਹਨ। ਸਰਕਾਰ ਬਣਾਉਣ ਦੀ ਇਸੇ ਪ੍ਰਕਿਰਿਆ ਅਧੀਨੀ ਹੀ ਅਜੋਕਾ ਭ੍ਰਿਸ਼ਟਾਚਾਰ ਵੱਧ ਫੁੱਲ ਰਿਹਾ ਹੈ।

2-ਜੀ ਸਪੈਕਟ੍ਰਮ ਘੁਟਾਲੇ ਵਿਚ ਲਾਬੀਕਾਰ ਨੀਰਾ ਰਾਡੀਆ ਦੀ ਫੋਨ ਟੈਪਿੰਗ ਨੇ ਇਹ ਤੱਥ ਉਜਾਗਰ ਕੀਤਾ ਹੈ ਕਿ ਕੰਪਨੀ ਆਪਣੇ ਹਿੱਤਾਂ ਤੇ ਆਰਥਿਕ ਫਾਇਦਿਆਂ ਲਈ ਬੜੇ ਜ਼ਬਰਦਸਤ ਜਾਲ ਵਿਛਾਉਂਦੀਆਂ ਹਨ। ਇਸ ਕੰਮ ਨੂੰ ਵੀ ਉਹ ਕੰਪਨੀ ਤਰਜ਼ 'ਤੇ ਯੋਜਨਾਬੱਧ ਢੰਗ ਨਾਲ ਅੰਜਾਮ ਦਿੰਦੀਆਂ ਹਨ। ਬਾਕਾਇਦਾ ਟੀਮਾ ਗਠਤ ਕੀਤੀਆਂ ਜਾਂਦੀਆਂ ਹਨ ਤੇ ਇਨ੍ਹਾਂ ਨੂੰ ਅਲੱਗ ਅਲੱਗ ਕੰਮ ਸੌਂਪੇ ਜਾਂਦੇ ਹਨ। ਕੰਪਨੀ ਵਿਸ਼ੇਸ਼ ਵੱਲੋਂ ਟੀਮ ਦੇ ਇਕ ਹਿੱਸੇ ਨੂੰ ਕਿਸੇ ਪ੍ਰੋਜੈਕਟ ਖਿਲਾਫ਼ ਮਾਹੌਲ ਤਿਆਰ ਕਰਨ ਦੀ ਜ਼ਿੰਮੇਵਾਰੀ ਸੰਭਾਲੀ ਜਾਂਦੀ ਹੈ। ਦੂਜੇ ਹਿੱਸੇ ਨੂੰ ਦੋ ਵੱਡੇ ਸਿਆਸੀ ਦਲਾਂ ਨੂੰ ਸਮਝਾਉਣ ਦਾ ਤੇ ਤੀਜੇ ਹਿੱਸੇ ਨੂੰ ਕਿਸੇ ਖੇਤਰੀ ਦਲ ਨੂੰ ਸਮਝਾਉਣ ਦਾ ਕੰਮ ਸੰਭਾਲਿਆ ਜਾਂਦਾ ਹੈ। ਚੌਥੇ ਹਿੱਸੇ ਲਈ ਡਿਊਟੀ ਮੀਡਆ ਉਪਰ ਲਾਈ ਜਾਂਦੀ ਹੈ ਅਤੇ ਪੰਜਵੇਂ ਹਿੱਸੇ ਨੂੰ ਗੈਰ-ਸਰਕਾਰੀ ਸੰਗਠਨਾਂ ਰਾਹੀਂ ਧਰਨਾ ਪ੍ਰਦਰਸ਼ਨ ਆਦਿ ਦਾ ਕੰਮ ਸੰਭਾਲਿਆ ਜਾਂਦਾ ਹੈ। ਇਥੇ ਕਾਰਪੋਰੇਟ ਜਗਤ ਦੀ ਕਾਰਜ ਸ਼ੈਲੀ ਦੀ ਇਸ ਵੰਨਗੀ ਨੂੰ ਪੇਸ਼ ਕਰਨ ਦਾ ਉਦੇਸ਼ ਇਹ ਦਰਸਾਉਂਦਾ ਹੈ ਕਿ ਕਾਰਪੋਰੇਟ ਮਹਾ ਆਰਥਿਕ ਸ਼ਕਤੀਆਂ ਨੇ ਆਪਣਾ ਤੰਦੂਆ ਜਾਲ ਬਹੁਤ ਦੂਰ ਤੱਕ ਫੈਲਾਅ ਰੱਖਿਆ ਹੈ। ਉਪਰੋਕਤ ਤਕਨੀਕ ਰਾਹੀਂ ਕੰਪਨੀਆਂ ਨਾ ਕੇਵਲ ਇਕ ਦੂਜੀ ਨੂੰ ਠਿੱਬੀ ਲਾ ਕੇ ਇਕ ਦੂਜੀ ਦੇ ਪ੍ਰੋਜੈਕਟਾਂ ਨੂੰ ਖੋਹਣ ਦਾ ਯਤਨ ਕਰਦੀਆਂ ਹਨ, ਕੰਪਨੀਆਂ ਦੇ ਇਸ ਸ਼ਿਕੰਜੇ ਦਾ ਸਭ ਤੋਂ ਘਾਤਕ ਪਹਿਲੂ ਦੇਸ਼ ਦੀ ਰਾਜਨੀਤੀ ਅਤੇ ਰਾਜਨੀਤਕ ਪ੍ਰਣਾਲੀ ਨੂੰ ਆਪਣੇ ਕੰਟਰੋਲ ਵਿਚ ਲੈਣਾ ਹੈ।

ਇਸ ਸਮੇਂ ਦੇਸ਼ ਦੇ ਰਾਜਸੀ ਹਾਲਤ ਇਹ ਬਣੇ ਹੋਏ ਹਨ ਕਿ ਕਾਰ-ਪੋਰੇਟ ਘਰਾਣੇ ਹੀ ਇਹ ਤੈਅ ਕਰਨ ਦਾ ਯਤਨ ਕਰਦੇ ਹਨ ਕਿ ਕਿਸ ਪਾਰਟੀ ਜਾਂ ਗੱਠਜੋੜ ਦੀ ਸਰਕਾਰ ਬਣੇ। ਸਰਕਾਰ ਬਣਾਉਣ ਲਈ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮੱਤ ਨਾ ਮਿਲਣ ਦੀ ਸੂਰਤ ਵਿਚ ਕਾਰਪੋਰੇਟ ਦੇ ਸਿਆਸੀ ਤਕਨੀਸ਼ੀਅਨ ਹੀ ਵੱਡੀਆਂ ਪਾਰਟੀਆਂ ਲਈ ਬਹੁਮਤ ਜੁਟਾਉਣ ਦਾ ਕੰਮ ਕਰਦੇ ਹਨ। ਕਿਹੜਾ ਮਹਿਕਮਾ ਕਿਸ ਮੰਤਰੀ ਨੂੰ ਦਿੱਤਾ ਜਾਵੇ ਇਸ ਗੱਲ ਦਾ ਨਿਰਣਾ ਵੀ ਕਾਰਪੋਰੇਟ ਘਰਾਣੇ ਹੀ ਕਰਦੇ ਹਨ। ਇਥੇ ਹੀ ਬੱਸ ਨਹੀਂ ਕਈ ਸਿਆਸੀ ਪਾਰਟੀਆਂ ਤਾਂ ਇਹ ਪ੍ਰਭਾਵ ਵੀ ਦੇ ਰਹੀਆਂ ਹਨ ਜਿਵੇਂ ਉਹਨਾਂ ਦਾ ਪ੍ਰਬੰਧ ਵੀ ਉਨ੍ਹਾਂ ਦੇ ਆਗੂਆਂ ਦੇ ਹੱਥ ਨਾ ਹੋ ਕੇ ਕਾਰਪੋਰੇਟ ਘਰਾਣਿਆਂ ਦੇ ਹੱਥ ਹੀ ਹੋਵੇ। ਇਨ੍ਹਾਂ ਪਾਰਟੀਆਂ ਵੱਲੋਂ ਅਕਸਰ ਵੱਡੇ ਉਦਯੋਗਪਤੀਆਂ ਤੇ ਕਾਰੋਬਾਰੀਆਂ ਨੂੰ ਆਪਣੇ ਪ੍ਰਤੀਨਿਧਾਂ ਵਜੋਂ ਚੁਣ ਕੇ ਰਾਜ ਸਭਾ ਵਿਚ ਭੇਜਿਆ ਜਾਂਦਾ ਹੈ ਇਉਂ ਕਾਰਪੋਰੇਟ ਘਰਾਣਿਆਂ ਨੇ ਸਿੱਧੇ ਤੇ ਅਸਿੱਧੇ ਦੋਵਾਂ ਤਰੀਕਿਆਂ ਨਾਲ ਹੀ ਸਰਕਾਰ ਦੀ ਵਾਗਡੋਰ ਆਪਣੇ ਹੱਥਾਂ ਵਿਚ ਸੰਭਾਲ ਰੱਖੀ ਹੈ। ਦੂਰਦ੍ਰਿਸ਼ਟੀ ਵਾਲੇ ਸਿਆਸੀ ਆਗੂਆਂ ਅਤੇ ਕੂਟਨੀਤਕਾਂ ਦੀ ਥਾਂ ਹੁਣ ਸਿਆਸੀ ਤਕਨੀਸ਼ੀਅਨਾਂ, ਪੇਸ਼ਾਵਰ ਰਾਜਸੀ ਦਲਾਲਾਂ ਅਤੇ ਕਾਰਪੋਰੇਟ ਮੀਡੀਆ ਨੇ ਲੈ ਲਈ ਹੈ। ਇਹ ਸਭ ਮਿਲ ਕੇ ਭੁਲੇਖਿਆਂ ਦੀ ਐਸੀ ਧੂੜ ਉਡਾਉਂਦੇ ਹਨ ਕਿ ਲੋਕ ਘੱਟੇ ਨਾਲ ਭਰੀਆਂ ਆਪਣੀਆਂ ਅੱਖਾਂ ਮਲਦੇ ਹੀ ਰਹਿ ਜਾਂਦੇ ਹਨ ਤੇ ਦੂਜੇ ਪਾਸੇ ਕਾਰਪੋਰੇਟ ਜਗਤ ਬੜੇ ਆਰਾਮ ਨਾਲ ਲੋਕਤੰਤਰ ਨੂੰ ਆਪਣੇ ਹਿੱਤ ਵਿਚ ਭੁਗਤਾ ਜਾਂਦਾ ਹੈ।

ਇਸ ਸਮੇਂ ਦੇਸ਼ ਦੀ ਰਾਜਸੀ ਸਥਿਤੀ ਬੇਹੱਦ ਚਿੰਤਾਜਨਕ ਬਣੀ ਹੋਈ ਹੈ। ਲੋਕ ਰਾਏ ਦਾ ਕੋਈ ਮਹੱਤਵ ਨਹੀਂ ਰਹਿ ਗਿਆ ਹੈ। ਬਹੁਕੌਮੀ ਕੰਪਨੀਆਂ ਦੇਸ਼ ਦੇ ਕੁਦਰਤੀ ਸ੍ਰੋਤਾਂ, ਜਨਤਕ ਖੇਤਰ, ਸਰਕਾਰੀ ਮਸ਼ੀਨਰੀ ਤੇ ਰਾਜਸੀ ਪ੍ਰਣਾਲੀ ਨੂੰ ਲਗਭਗ ਆਪਣੇ ਸ਼ਿਕੰਜੇ ਵਿਚ ਕੱਸ ਚੁੱਕੀਆਂ ਹਨ। ਦੂਸਰੀ ਰਾਜਸੀ ਗੁਲਾਮੀ ਵਰਗੇ ਹਾਲਾਤ ਪੈਦਾ ਹੋ ਗਏ ਹਨ। ਲੋੜ ਇਸ ਗੱਲ ਦੀ ਹੈ ਕਿ ਮੌਜੂਦਾ ਰਾਜਸੀ ਪ੍ਰਸਥਿਤੀਆਂ ਦਾ ਭਰਵਾਂ ਵਿਸ਼ਲੇਸ਼ਨ ਹੋਵੇ ਅਤੇ ਆਵਾਮ ਨੂੰ ਦੇਸ਼ ਦੀਆਂ ਤਲਖ ਰਾਜਸੀ ਹਕੀਕਤਾਂ ਪ੍ਰਤੀ ਜਾਗਰੂਕ ਕੀਤਾ ਜਾਵੇ।

## ਛੋਟੀ ਜਿਹੀ ਪਰ ਵੱਡੀ ਗੱਲ

ਹੈਦਰਾਬਾਦ ਦੇ ਉਤਰ ਕਨੜਾ ਜ਼ਿਲ੍ਹੇ ਵਿਚ ਇਕ 14 ਸਾਲਾ ਵਿਦਿਆਰਥੀ ਤੋਂ ਅਧਿਆਪਕ ਨੇ ਸਕੂਲ ਦੇ ਮੈਦਾਨ ਵਿਚ ਐਨੇ ਚੱਕਰ ਲਗਵਾਏ ਕਿ ਉਹ ਬੇਹੋਸ਼ ਹੋ ਕੇ ਡਿੱਗ ਪਿਆ ਤੇ ਫਿਰ ਕਦੇ ਵੀ ਉਠ ਨਹੀਂ ਸਕਿਆ। ਉਸ ਦਾ ਗੁਨਾਹ ਇਹੀ ਸੀ ਕਿ ਉਹ ਥੋੜੀ ਦੇਰੀ ਨਾਲ ਸਕੂਲ ਆਇਆ ਸੀ। ਇਹ ਘਟਨਾ ਉਦੋਂ ਘਟੀ ਹੈ ਜਦੋਂ ਕੋਲਕਾਤਾ ਦੇ ਰਾਵਨਜੀਤ ਦਾ ਮਾਮਲਾ ਹਾਲੇ ਠੰਡਾ ਵੀ ਨਹੀਂ ਸੀ ਹੋਇਆ। ਜਿਸ ਨੇ ਸਕੂਲੀ ਸਜ਼ਾ ਤੋਂ ਦੁਖੀ ਹੋ ਕੇ ਖੁਦਕੁਸ਼ੀ ਕਰ ਲਈ ਸੀ। ਭਾਰਤ ਵਿਚ ਸਕੂਲਾਂ ਅਤੇ ਪਰਿਵਾਰਾਂ ਵਿਚ ਵੀ ਅਨੁਸ਼ਾਸਨ ਦੇ ਨਾਂਅ 'ਤੇ ਬੱਚਿਆਂ ਨਾਲ ਸਖਤੀ ਵਰਤਣੀ ਆਮ ਗੱਲ ਹੈ। ਠੀਕ ਹੈ ਕਿ ਉਨ੍ਹਾਂ ਨੂੰ ਅਨੁਸ਼ਾਸਨ ਸਿਖਾਇਆ ਜਾਣਾ ਜ਼ਰੂਰੀ ਹੈ ਪਰ ਕਿਵੇਂ? ਸਜ਼ਾ ਅਤੇ ਖੌਫ਼ ਦੇ ਸਾਏ ਹੇਠਾਂ ਜੀਅ ਰਹੇ ਬੱਚੇ ਕਦੇ ਵੀ ਭਵਿੱਖ ਦੇ ਨਿਡਰ ਜੇਤੂ ਨਹੀਂ ਬਣ ਸਕਦੇ।

# ਨਵੇਂ ਵਰ੍ਹੇ ਦੀਆਂ ਚੁਨੌਤੀਆਂ

ਸਾਲ 2011 ਸੰਸਾਰ ਭਰ ਦੇ ਲੋਕਾਂ ਲਈ ਨਵੀਆਂ ਚੁਨੌਤੀਆਂ ਅਤੇ ਆਸ਼ਾਵਾਂ ਲੈ ਕੇ ਸਾਡੇ ਵਿਹੜੇ ਆ ਢੁਕਿਆ ਹੈ। ਚੁਨੌਤੀਆਂ, ਜੋ ਪੂੰਜੀਵਾਦੀ ਪ੍ਰਬੰਧ ਨੇ ਸਾਡੇ ਸਾਹਮਣੇ ਪੇਸ਼ ਕੀਤੀਆਂ ਹੋਈਆਂ ਹਨ ਅਤੇ ਆਸ਼ਾਵਾਂ, ਜੋ ਸੁਨਹਿਰੇ ਭਵਿੱਖ ਲਈ ਸੰਘਰਸ਼ ਕਰ ਰਹੀਆਂ ਸ਼ਕਤੀਆਂ ਨੇ ਸੱਚੀ-ਸੁੱਚੀ ਕਿਰਤ ਕਰਨ ਵਾਲੇ ਲੋਕਾਂ ਦੇ ਦਿਲਾਂ ਵਿਚ ਉਭਾਰੀਆਂ ਹੋਈਆਂ ਹਨ। ਪਿਛਲੇ ਸਾਲਾਂ ਵਿਚ ਸਾਰੀ ਦੁਨੀਆਂ ਦੇ ਲੋਕਾਂ ਨੇ ਸਰਮਾਏਦਾਰੀ ਪ੍ਰਬੰਧ ਦੇ ਵਿਰਾਟ ਆਰਥਿਕ ਸੰਕਟ, ਨੈਤਿਕ ਨਿਘਾਰਾਂ ਅਤੇ ਕੋਝਾਂ ਨੂੰ ਆਪਣੀਆਂ ਅੱਖਾਂ ਨਾਲ ਤੱਕਿਆ ਹੈ ਅਤੇ ਹੱਡਾਂ ਨਾਲ ਹੰਢਾਇਆ ਹੈ। ਸਮਾਜਵਾਦ ਨੂੰ ਨਕਾਰ ਕੇ ਆਪਣੇ ਆਪ ਨੂੰ ਸਮਾਜਕ ਵਿਕਾਸ ਦੀ ਅੰਤਮ ਮੰਜ਼ਿਲ ਦੱਸਣ ਵਾਲਾ ਪੂੰਜੀਵਾਦੀ ਪ੍ਰਬੰਧ ਹਰ ਖੇਤਰ ਵਿਚ ਬੁਰੀ ਤਰ੍ਹਾਂ ਮਾਰ ਖਾ ਰਿਹਾ ਹੈ ਅਤੇ ਜਨ ਸਧਾਰਣ, ਜਿਨ੍ਹਾਂ ਨੇ ਗੰਭੀਰ ਪਿਛਾੜਾਂ ਦਾ ਸ਼ਿਕਾਰ ਹੋਏ ਸਮਾਜਵਾਦੀ ਪ੍ਰਬੰਧ ਦੀਆਂ ਬਰਕਤਾਂ ਨੂੰ ਆਪ ਮਾਣਿਆ ਹੈ ਜਾਂ ਉਸ ਬਾਰੇ ਸੁਣਿਆ ਹੈ, ਉਹ ਉਸ ਸਮਾਜਕ ਨਿਆਂ ਤੇ ਸਮਾਨਤਾ 'ਤੇ ਆਧਾਰਤ ਸਮਾਜ ਦੀ ਕਾਇਮੀ ਲਈ ਮੁੜ ਯਤਨਸ਼ੀਲ ਹਨ। ਪੂੰਜੀਵਾਦੀ ਪ੍ਰਬੰਧ ਨੇ ਭਾਵੇਂ ਆਰਥਿਕ ਵਿਕਾਸ ਦੇ ਖੇਤਰ ਵਿਚ ਵੱਡੀ ਉਨੰਤੀ ਕੀਤੀ ਹੈ, ਪ੍ਰੰਤੂ ਜਿਸ ਤਰ੍ਹਾਂ ਇਸ ਇਕ-ਪਾਸੜ ਵਿਕਾਸ ਨੇ ਸਮਾਜ ਦੇ ਵੱਡੇ ਹਿੱਸੇ ਨੂੰ ਗੁਰਬਤ, ਬੇਕਾਰੀ, ਭੁਖਮਰੀ, ਅਨਪੜ੍ਹਤਾ ਤੇ ਅਨਿਆਂ ਵਰਗੀਆਂ ਭਿਆਨਕ ਬਿਮਾਰੀਆਂ ਦੀ 'ਸੌਗਾਤ' ਦਿੱਤੀ ਹੈ, ਉਸਨੇ ਇਸ ਲੁਟੇਰੇ ਪ੍ਰਬੰਧ ਦੇ ਅਮਾਨਵੀ ਚਿਹਰੇ ਨੂੰ ਜਗ ਜਾਹਰ ਕਰ ਦਿੱਤਾ ਹੈ।

ਪਿਛਲੇ ਸਮਿਆਂ ਵਿਚ, ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋਣ ਅਤੇ ਸਮਾਜਵਾਦੀ ਪ੍ਰਬੰਧ ਨੂੰ ਵੱਜੀਆਂ ਵੱਡੀਆਂ ਪਛਾੜਾਂ ਦੇ ਬਾਵਜੂਦ, ਦੁਨੀਆਂ ਦੇ ਵੱਖ ਵੱਖ ਖਿੱਤਿਆਂ, ਖਾਸਕਰ ਲਾਤੀਨੀ ਅਮਰੀਕੀ ਦੇਸ਼ਾਂ, ਵਿਚ ਉਭਰੀਆਂ ਸਾਮਰਾਜ ਵਿਰੋਧੀ ਲਹਿਰਾਂ ਨੇ ਇਕ ਨਿਵੇਕ-ਲੇ ਕਿਸਮ ਦੇ ਲੋਕ ਪੱਖੀ ਸਮਾਜਕ ਢਾਂਚੇ ਨੂੰ ਜਨਮ ਦਿੱਤਾ ਹੈ। ਸੰਸਾਰ ਭਰ ਵਿਚ ਪੂੰਜੀਵਾਦੀ ਪ੍ਰਬੰਧ ਵਿਰੁੱਧ ਮਿਹ-ਨਤਕਸ਼ ਤੇ ਇਨਸਾਫ ਪਸੰਦ ਲੋਕਾਂ ਦਾ ਪ੍ਰਬਲ ਗੁੱਸਾ ਲਗਾਤਾਰ ਵੱਧਦਾ ਜਾ ਰਿਹਾ ਹੈ। ਇਸ ਪ੍ਰਸੰਗ ਵਿਚ ਹੀ ਸਾਲ 2011, ਸੰਸਾਰ ਭਰ ਦੇ ਲੋਕਾਂ ਦੇ ਨਾਲ ਨਾਲ ਸਾਡੇ ਭਾਰਤ ਵਾਸੀਆਂ ਲਈ ਵੀ ਗੰਭੀਰ ਚੈਲਿੰਜ ਅਤੇ ਨਵੀਂ ਆਸ ਦੀ ਚਿਣਗ ਲੈ ਕੇ ਆਇਆ ਹੈ।

ਜਿੱਥੋਂ ਤੱਕ ਸਾਡੇ ਦੇਸ਼ ਦੇ ਅਜੋਕੇ ਸਮੁੱਚੇ ਸਮਾਜਿਕ-ਆਰਥਿਕ ਤੇ ਰਾਜਨੀਤਕ ਢਾਂਚੇ ਦਾ ਸੰਬੰਧ ਹੈ, ਉਹ ਤੇਜ਼ੀ ਨਾਲ ਹੋਰ ਸੰਕਟਗ੍ਰਸਤ ਹੋਣ ਵੱਲ ਅੱਗੇ ਵੱਧਦਾ ਜਾ ਰਿਹਾ ਹੈ। ਜਿਸਨੂੰ ਪਹਿਲਾਂ ਬੀ.ਜੇ.ਪੀ. ਦੀ ਅਗਵਾਈ ਹੇਠਲੀ ਕੌਮੀ ਜਮਹੂਰੀ ਗਠਜੋੜ ਦੀ ਸਰਕਾਰ 'ਚਮਕ ਰਿਹਾ ਭਾਰਤ' ਦੱਸ ਰਹੀ ਸੀ ਤੇ ਹੁਣ ਸਾਮਰਾਜ ਦੇ ਪਰਮ ਮਿੱਤਰ ਸ. ਮਨਮੋਹਨ ਸਿੰਘ ਦੀ ਛਤਰ ਛਾਇਆ ਹੇਠ ਕੰਮ ਕਰ ਰਹੀ ਯੂ.ਪੀ.ਏ. ਦੀ ਸਰਕਾਰ ''ਤੇਜ਼ੀ ਨਾਲ ਉਨਤੀ ਦੀ ਪੁਲਾਂਘ ਪੁੱਟ ਰਿਹਾ ਭਾਰਤ'' ਕਹਿ ਰਹੀ ਹੈ, ਉਹ ਭਾਰਤ ਹਕੀਕਤ ਵਿਚ ਆਪਣੀ ਆਬਾਦੀ ਦੇ ਵੱਡੇ ਹਿੱਸੇ ਨੂੰ ਦੋ ਡੰਗ ਦੀ ਰੱਜਵੀਂ ਤੇ ਸੰਤੁਲਤ ਖੁਰਾਕ ਦੇਣ ਤੋਂ ਵੀ ਅਸਮਰਥ ਹੈ ਅਤੇ ਕਰੋੜਾਂ ਬੇਕਾਰ ਲੋਕਾਂ ਨੂੰ ਰੁਜ਼ਗਾਰ ਦੇਣ ਤੋਂ ਵੀ ਪੂਰੀ ਤਰ੍ਹਾਂ ਹੱਥ ਖੜ੍ਹੇ ਕਰ ਰਿਹਾ ਹੈ। ਮਹਿੰਗਾਈ, ਅਨਪੜ੍ਹਤਾ, ਬਿਮਾਰੀਆਂ, ਗਰੀਬੀ ਆਦਿ ਐਸੀਆਂ ਲਾਅਨਤਾਂ ਹਨ ਜਿਨ੍ਹਾਂ ਨੇ ਭਾਰਤੀ ਕਿਰਤੀ ਲੋਕਾਂ ਨੂੰ ਪੂਰੀ ਤਰ੍ਹਾਂ ਆਪਣੀ ਗਰਿਫਤ ਵਿਚ ਲੈ ਰੱਖਿਆ ਹੈ। ਵੱਧ ਰਿਹਾ ਭ੍ਰਿਸ਼ਟਾਚਾਰ ਅਤੇ ਰਾਜਨੀਤਕ ਕਦਰਾਂ ਕੀਮਤਾਂ ਵਿਚ ਗਿਰਾਵਟ ਨੂੰ ਹੁਣ ਸ਼ਬਦਾਂ ਅਤੇ ਅੰਕੜਿਆਂ ਨਾਲ ਨਹੀਂ ਮਿਣਿਆ ਜਾ ਸਕਦਾ। ਰਾਜਸੱਤਾ ਉਤੇ ਕਾਬਜ਼ ਜਮਾਤਾਂ ਨੇ ਦੇਸ਼ ਨੂੰ ਬਾਹਰੀ ਤੌਰ 'ਤੇ ਸਾਮਰਾਜੀ ਲੁੱਟ ਖਸੁੱਟ ਦੇ ਢਾਂਚੇ ਨਾਲ ਨਰੜ ਦਿੱਤਾ ਹੈ ਅਤੇ ਅੰਦਰੂਨੀ ਤੌਰ 'ਤੇ ਵੱਡੇ ਕਾਰ-ਪੋਰੇਟ ਘਰਾਣਿਆਂ, ਧਨਵਾਨਾਂ, ਕਾਲਾ ਧੰਦਾ ਕਰਨ ਵਾਲੇ ਗੁੰਡਾਂ ਤੇ ਅਪਰਾਧੀ ਬਾਹੂਬਲੀਆਂ ਦੇ ਹਵਾਲੇ ਕਰ ਦਿੱਤਾ ਹੈ। ਸ਼ਾਸਨ ਦੇ ਤਿੰਨੋਂ ਅੰਗ-ਵਿਧਾਨ ਪਾਲਕਾ, ਨਿਆਂਪਾਲਕਾ ਤੇ ਕਾਰਜਪਾਲਕਾ ਖੋਖਲੇ ਹੋ ਗਏ ਹਨ। ਇਹ ਸਿੱਟਾ ਇਨ੍ਹਾਂ ਖੇਤਰਾਂ ਵਿਚ ਬਿਰਾਜਮਾਨ ਵੱਡੇ ਲੋਕ ਖੁਦ ਆਪ ਹੀ ਕੱਢ ਰਹੇ ਹਨ। ਭਾਰਤੀ ਰਾਜ ਜਮਹੂਰੀ ਕਦਰਾਂ ਕੀਮਤਾਂ ਨੂੰ ਪੈਰਾਂ ਹੇਠਾਂ ਮਧੋਲ ਕੇ ਖੁੱਲ੍ਹਮ ਖੁੱਲ੍ਹਾ ਤਾਨਾਸ਼ਾਹ ਤਰੀਕਿਆਂ ਨਾਲ ਪੂੰਜੀਵਾਦੀ ਪ੍ਰਬੰਧ ਉਸਾਰਨ ਦੇ ਰਾਹ ਤੁਰ ਪਿਆ ਹੈ। ਹੋਰਨਾਂ ਕਈ ਖੇਤਰਾਂ ਵਿਚ ਮੱਤਭੇਦ ਹੋਣ ਦੇ ਬਾਵਜੂਦ ਦੇਸ਼ ਦੀਆਂ ਸਮੁੱਚੀਆਂ ਸਰਮਾਏਦਾਰ-ਜਗੀਰਦਾਰ ਜਮਾਤਾਂ ਦੀ ਰਾਖੀ ਕਰਨ ਵਾਲੀਆਂ ਰਾਜਨੀਤਕ ਪਾਰਟੀਆਂ ਇਸ ਲੁਟੇਰੇ ਪ੍ਰਬੰਧ ਦੀਆਂ ਬੁਨਿਆਦੀ ਸੇਧਾਂ ਅਤੇ ਸਾਮਰਾਜੀ ਸੰਸਾਰੀਕਰਨ ਦੀਆਂ ਦੇਸ਼ ਵਿਰੋਧੀ ਨੀਤੀਆਂ ਨਾਲ ਪੂਰੀ ਤਰ੍ਹਾਂ ਸਹਿਮਤ ਹਨ ਅਤੇ ਨਿਰਲੱਜਤਾ ਨਾਲ ਇਸ ਉਤੇ ਅਮਲ ਕਰ ਰਹੀਆਂ ਹਨ।

ਧਰਮਾਂ ਅਤੇ ਫਿਰਕਿਆਂ ਦੇ ਆਧਾਰ ਉਤੇ ਕੰਮ ਕਰਨ ਵਾਲੇ ਰਾਜਸੀ ਦਲ ਅਤੇ ਹੋਰ ਸੰਗਠਨ ਆਪੋ ਆਪਣੀਆਂ ਫਿਰਕੂ ਅਤੇ ਸੰਕੀਰਨ ਕਾਰਵਾਈਆਂ ਅਤੇ ਨਾਹਰਿਆਂ ਨਾਲ ਲੁੱਟ ਖਸੁੱਟ ਆਧਾਰਤ ਮੌਜੂਦਾ ਨਿਜ਼ਾਮ ਨੂੰ ਹੋਰ ਪਕੇਰਾ ਕਰਨ ਦੇ ਹਥਿਆਰ ਬਣੀ ਬੈਠੇ ਹਨ। ਜਿੱਥੇ ਰਾਜ ਕਰਦੀਆਂ ਧਿਰਾਂ ਦਬਾਊ ਤਰੀਕਿਆਂ ਨਾਲ ਲੋਕ ਲਹਿਰਾਂ ਨੂੰ ਕੁਚਲਣ ਦਾ ਯਤਨ ਕਰਦੀਆਂ ਹਨ, ਉਥੇ ਨਾਲ ਹੀ ਫਿਰਕੂ ਪਿਛਾਖੜੀ ਤਾਕਤਾਂ ਲੋਕ ਲਹਿਰਾਂ ਵਿਚ ਧਰਮਾਂ ਤੇ ਫਿਰਕਿਆਂ ਦੇ ਵੰਡਵਾਦੀ ਨਾਅਰਿਆਂ ਰਾਹੀਂ ਮਿਹਨਤਕਸ਼ ਜਨਤਾ ਵਿਚ ਫੁੱਟ ਪਾਉਣ ਲਈ ਸਾਰੀ ਤਾਕਤ ਝੋਕ ਦਿੰਦੀਆਂ ਹਨ। ਇਸ ਲਈ ਸੰਘ ਪਰਿਵਾਰ, ਮੁਸਲਮਾਨ ਕੱਟੜਪੰਥੀ ਸੰਗਠਨ, ਗਰਮ ਦਲੀਏ ਸਿੱਖਾਂ ਦੀਆਂ ਜਥੇਬੰਦੀਆਂ ਤੇ ਇਸਾਈ ਮਿਸ਼ਨਰੀ, ਭਾਵੇਂ ਬਾਹਰੀ ਤੌਰ 'ਤੇ ਤਾਂ ਕਿਸੇ ਇਕ ਖਾਸ ਧਰਮ ਦੇ ਅਨੁਆਈਆਂ ਦੇ ਹਿੱਤਾਂ ਨੂੰ ਬੜ੍ਹਾਵਾ ਦੇਣ ਲਈ ਕੰਮ ਕਰਦੇ ਭਾਸਣਗੇ, ਪ੍ਰੰਤੂ ਉਨ੍ਹਾਂ ਦੇ ਅਸਲ ਮਨਸੂਬੇ ਮੌਜੂਦਾ ਲੁਟੇਰੇ ਪੂੰਜੀਵਾਦੀ ਪ੍ਰਬੰਧ ਦੀਆਂ ਜੜ੍ਹਾਂ ਮਜ਼ਬੂਤ ਕਰਨ ਦੇ ਹੁੰਦੇ ਹਨ। ਇਸ ਤਰ੍ਹਾਂ ਇਨ੍ਹਾਂ ਸੰਗਠਨਾਂ ਦੀਆਂ ਕਾਰਵਾਈਆਂ ਆਪਣੇ ਮੰਤਕੀ ਰੂਪ ਵਜੋਂ ਵੱਖ-ਵੱਖ ਧਰਮਾਂ ਦੀਆਂ ਅਗਾਂਹਵਧੂ ਪ੍ਰੰਪਰਾਵਾਂ ਦੇ ਅਨੁਕੂਲ ਨਾ ਹੋ ਕੇ ਸਮੁੱਚੇ ਰੂਪ ਵਿਚ ਅ-ਧਰਮੀ ਤੇ ਮਾਨਵਤਾ ਵਿਰੋਧੀ ਹੋ ਨਿਬੜਦੀਆਂ ਹਨ।

ਇਨ੍ਹਾਂ ਪ੍ਰਸਥਿਤੀਆਂ ਵਿਚ ਜਦੋਂ ਅਸੀਂ ਸਾਲ 2011 ਵਿਚ ਪੈਰ ਧਰਿਆ ਹੈ ਤਾਂ ਸਾਨੂੰ ਆਪਣੇ ਦੇਸ਼ ਤੇ ਪ੍ਰਾਂਤ ਵਿਚ ਲੁੱਟ ਖਸੁੱਟ ਤੋਂ ਛੁਟਕਾਰਾ ਪਾ ਕੇ ਇਕ ਮਾਨਵਤਾ ਪੱਖੀ ਸਮਾਜਕ ਵਿਕਾਸ ਦੇ ਰਾਹ ਉਤੇ ਵਧੇਰੇ ਪਕਿਆਈ ਅਤੇ ਦ੍ਰਿੜ੍ਹਤਾ ਨਾਲ ਵੱਧਣ ਦਾ ਅਹਿਦ ਕਰਨ ਦੀ ਵੱਡੀ ਲੋੜ ਹੈ। ਜੇਕਰ ਅਸੀਂ ਮੌਜੂਦਾ, ਲੋਕਾਂ ਪ੍ਰਤੀ ਗੈਰ ਜ਼ਿੰਮੇਵਾਰ ਤੇ ਅਨਿਆਂਪੂਰਨ ਪ੍ਰਬੰਧ ਵਿਰੁੱਧ ਕੋਈ ਗੰਭੀਰ ਚੁਨੌਤੀ ਪੇਸ਼ ਨਾ ਕਰ ਸਕੇ ਅਤੇ ਹੁਕਮਰਾਨਾਂ ਦੀਆਂ ਕੁਚਾਲਾਂ ਕਾਮਯਾਬ ਹੁੰਦੀਆਂ ਗਈਆਂ, ਤਦ ਸਾਡਾ ਦੇਸ਼ ਅਤੇ ਸਮਾਜ ਇਸ ਖਤਰਨਾਕ ਮੋੜ ਤੇ ਹੋਰ ਵਧੇਰੇ ਰਸਾਤਲ ਵਿਚ ਧਸਦਾ ਜਾਵੇਗਾ ਅਤੇ ਸਾਡੇ ਸਾਹਮਣੇ ਤਬਾਹੀ ਦੀ ਕਗਾਰ ਉਤੇ ਖੜ੍ਹੇ ਹੋ ਕੇ ਨਿਰਾਸ਼ਤਾ ਦੇ ਸਮੁੰਦਰ ਵਿਚ ਡੁੱਬਣ ਤੋਂ ਸਿਵਾਏ ਹੋਰ ਕੋਈ ਬਦਲ ਨਹੀਂ ਬਚੇਗਾ। ਪੂੰਜੀਵਾਦ ਆਪਣੇ ਜਮਾਤੀ ਹਿੱਤਾਂ ਦੀ ਪੂਰਤੀ ਲਈ ਦੇਸ਼ ਦੀ ਭੂਗੋਲਿਕ, ਰਾਜਨੀਤਕ ਤੇ ਸਮਾਜਕ ਵਿਵਸਥਾ ਨੂੰ ਹੋਰ ਅਪੰਗ ਬਣਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਖਾਸ ਤੌਰ 'ਤੇ ਉਹ ਅਵਸਥਾ ਉਦੋਂ ਜ਼ਿਆਦਾ ਖਤਰਨਾਕ ਬਣ ਜਾਂਦੀ ਹੈ ਜਦੋਂ ਸਾਡੇ ਹਾਕਮਾਂ ਦੀ ਨੇੜਤਾ ਸੰਸਾਰ ਭਰ ਦੇ ਲੁਟੇਰੇ ਵਿੱਤੀ ਸਾਮਰਾਜ ਨਾਲ ਖਤਰਨਾਕ ਹੱਦ ਤੱਕ ਵੱਧ ਗਈ ਹੋਵੇ ਤੇ ਦੇਸ਼ ਅੰਦਰ ਅਗਾਂਹ ਵਧੂ ਸ਼ਕਤੀਆਂ ਇਸ ਸੰਕਟ ਨੂੰ ਠੱਲਣ ਦੇ ਸਮਰੱਥ ਨਾ ਹੋਣ।

ਸਾਡੇ ਮੌਜੂਦਾ ਹਾਕਮਾਂ ਨੇ ਆਪਣੀਆਂ ਪ੍ਰਾਥਮਿਕਤਾਵਾਂ ਨੂੰ ਪਹਿਲਾਂ ਹੀ ਤੈਅ ਕਰ ਲਿਆ ਹੈ; ਉਹ ਸਾਮਰਾਜ ਨਾਲ ਸਾਂਝ ਭਿਆਲੀ ਪਾ ਕੇ ਭਾਰਤ ਨੂੰ ਇਕ ਪੂੰਜੀਵਾਦੀ ਦੇਸ਼ ਵਜੋਂ ਵਿਕਸਤ ਕਰਨਾ ਚਾਹੁੰਦੇ ਹਨ, ਜਿੱਥੇ ''ਜਿਸਦੀ ਲਾਠੀ ਉਸਦੀ ਭੈਂਸ'' ਵਾਲਾ ਅਸੂਲ ਲਾਗੂ ਹੋਵੇ। ਕਾਰਪੋਰੇਟ ਘਰਾਣਿਆਂ ਤੇ ਧਨਵਾਨ ਲੋਕਾਂ ਦੇ ਹਿੱਤਾਂ ਦਾ ਧਿਆਨ ਰੱਖਕੇ ਮੌਜੂਦਾ ਸਰਕਾਰਾਂ ਉਨ੍ਹਾਂ ਦੇ ਮੁਨਾਫਿਆਂ ਵਿਚ ਅਥਾਹ ਵਾਧਾ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀਆਂ। ਬਹੁ-ਮਾਰਗੀ ਚੌੜੀਆਂ ਸੜਕਾਂ, ਅਸਮਾਨ ਛੂੰਹਦੀਆਂ ਇਮਾਰਤਾਂ, ਦਿਓ ਕੱਦ ਸਨਅਤੀ ਤੇ ਵਿਓਪਾਰਕ ਅਦਾਰਿਆਂ ਦਾ ਜਿਹੜਾ ਉਭਾਰ ਸਾਨੂੰ ਨਜ਼ਰ ਆ ਰਿਹਾ ਹੈ, ਉਹ ਅਬਾਦੀ ਦੇ 77 ਫੀਸਦੀ ਲੋਕਾਂ ਜੋ 20 ਰੁਪਏ ਦਿਹਾੜੀ ਨਾਲ ਜੀਵਨ ਬਸਰ ਕਰ ਰਹੇ ਹਨ, ਦੇ ਹਿੱਤਾਂ ਅਤੇ ਲੋੜਾਂ ਨੂੰ ਸਨਮੁੱਖ ਰੱਖਕੇ ਨਹੀਂ ਸਿਰਜਿਆ ਜਾ ਰਿਹਾ। ਇਹ ਅੱਖਾਂ ਚੁੰਧਿਆਉਣ ਵਾਲਾ ਵਿਕਾਸ ਕਾਰਪੋਰੇਟ ਘਰਾਣਿਆਂ ਨੂੰ ਹੋਰ ਧਨਵਾਨ ਤੇ ਮਜ਼ਬੂਤ ਕਰਨ ਹਿੱਤ ਕੀਤਾ ਜਾ ਰਿਹਾ ਹੈ। ਹੁਣ ਤਾਂ 2ਜੀ ਸਪੈਕਟਰਮ ਘੁਟਾਲੇ ਤੇ ਨੀਰਾ ਰਾਡੀਆ ਦੀਆਂ ਪੂੰਜੀਪਤੀਆਂ ਤੇ ਰਾਜਨੀਤੀਵਾਨਾਂ ਨਾਲ ਗੱਲਾਂਬਾਤਾਂ ਦੀਆਂ ਟੇਪਾਂ ਤੋਂ ਇਹ ਗੱਲ ਵੀ ਸਪੱਸ਼ਟ ਹੋ ਗਈ ਹੈ ਕਿ ਸਰਕਾਰਾਂ, ਵਜ਼ੀਰਾਂ ਅਤੇ ਆਰਥਿਕ ਨੀਤੀਆਂ ਨੂੰ ਅਸਲ ਵਿਚ ਲੋਕਾਂ ਦੀਆਂ ਵੋਟਾਂ ਨਾਲ ਚੁਣੇ ਹੋਏ ਨੁਮਾਇੰਦੇ ਤੈਅ ਨਹੀਂ ਕਰਦੇ ਸਗੋਂ ਵੱਡੇ ਕਾਰਪੋਰੇਟ ਘਰਾਣੇ ਤੇ ਸਾਮਰਾਜੀ ਏਜੰਸੀਆਂ ਤੈਅ ਕਰਦੀਆਂ ਹਨ।

ਆਮ ਲੋਕਾਂ, ਜਿਨ੍ਹਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ, ਉਚਿੱਤ ਰਿਹਾਇਸ਼ੀ ਸਹੂਲਤਾਂ, ਵਿੱਦਿਆ, ਲੋੜੀਂਦਾ ਇਲਾਜ, ਨੌਕਰੀ ਅਤੇ ਪੇਟ ਭਰਵੀਂ ਸੰਤੁਲਤ ਖੁਰਾਕ ਚਾਹੀਦੀ ਹੈ, ਮੌਜੂਦਾ ਸ਼ਾਸਕਾਂ ਨੇ ਪੂਰੀ ਤਰ੍ਹਾਂ ਅਣਡਿੱਠ ਕਰ ਦਿੱਤਾ ਹੈ। ਇਸ ਨੀਤੀ ਪਿੱਛੇ ਸਾਮਰਾਜੀ ਦਬਾਅ ਤੇ ਨੀਤੀਆਂ ਦਾ ਵੀ ਹੱਥ ਹੈ ਅਤੇ ਇਹ ਦੇਸੀ ਲੁਟੇਰੀਆਂ ਜਮਾਤਾਂ ਦੇ ਮੁਨਾਫੇ ਵਧਾਉਣ ਦਾ ਵੀ ਕੋਝਾ ਯਤਨ ਹੈ। ਹਾਕਮਾਂ ਦੇ ਪੈਰ ਵਿਚ ਚੁੱਭੇ ਛੋਟੇ ਜਿਹੇ ਕੰਡੇ ਦੇ ਦਰਦ ਨਾਲ ਵੀ 'ਇਮਾਨਦਾਰ' ਪ੍ਰਧਾਨ ਮੰਤਰੀ ਤੇ ਉਸਦੇ ਜੋਟੀਦਾਰਾਂ ਦੀ ਰਾਤਾਂ ਦੀ ਨੀਂਦ ਉਡ ਜਾਂਦੀ ਹੈ, ਪ੍ਰੰਤੂ ਹਰ ਮਿੰਟ ਭੁੱਖ, ਗਰੀਬੀ ਤੇ ਮੰਦਹਾਲੀ ਨਾਲ ਹੋ ਰਹੀਆਂ ਅਣਗਿਣਤ ਮੌਤਾਂ ਤੇ ਮੌਤੋਂ ਮਾੜੀਆਂ ਜੀਵਨ ਹਾਲਤਾਂ ਤਾਂ ਕਦੀ ਵੀ ਇਨ੍ਹਾਂ ਬੇਦਰਦਾਂ ਦਾ ਮਨ ਨਹੀਂ ਪਿਘਰਾਉਂਦੀਆਂ। ਉਚ ਵਰਗਾਂ ਦੇ ਮਨੋਰੰਜਨ ਤੇ ਐਸ਼ੋ ਆਰਾਮ ਲਈ ਪੰਜ ਤਾਰਾ ਹੋਟਲ, ਵੱਡੇ ਵੱਡੇ ਮਾਲ, ਜੂਆ ਘਰ, ਲਗਜ਼ਰੀ ਕਾਰਾਂ ਇਤਿਆਦਿ ਚੀਜ਼ਾਂ ਚਾਹੀਦੀਆਂ ਹਨ, ਜਦ ਕਿ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਲੋਕਾਂ ਦੀਆਂ ਲੋੜਾਂ ਇਸਤੋਂ ਬਿਲਕੁਲ ਭਿੰਨ ਹਨ। ਇਸ ਲਈ ਜਦੋਂ ਹਾਕਮ ਜਮਾਤਾਂ ਦੀਆਂ ਰਾਜਸੀ ਪਾਰਟੀਆਂ ਤੇ ਸਰਕਾਰਾਂ ਨੇ ਆਪਣਾ ਲੋਕ ਵਿਰੋਧੀ ਖੁਦਗਰਜ਼ ਏਜੰਡਾ ਤੈਅ ਕਰ ਲਿਆ ਹੈ, ਤਾਂ ਸਾਨੂੰ, ਲੋਕ ਹਿੱਤਾਂ ਲਈ ਸਮਰਪਤ ਹੋਣ ਦਾ ਦਾਅਵਾ ਕਰਨ ਵਾਲੀਆਂ ਤਾਕਤਾਂ ਨੂੰ, ਆਪਣਾ ਲੋਕ ਪੱਖੀ ਏਜੰਡਾ ਨਿਰਧਾਰਤ ਕਰਨਾ ਹੋਵੇਗਾ ਤੇ ਉਸਦੀ ਪੂਰਤੀ ਲਈ ਢੁਕਵੀਂ ਤੇ ਝੱਬਵੀਂ ਜਨਤਕ ਲਹਿਰ ਤੇ ਚੇਤਨਾ ਪੈਦਾ ਕਰਨੀ ਹੋਵੇਗੀ।



**ਮੰਗਤ ਰਾਮ ਪਾਸਲਾ**
ਸਕੱਤਰ ਸੀ ਪੀ ਐਮ ਪੰਜਾਬ

ਸਮੁੱਚੇ ਪੰਜਾਬ ਨੂੰ ਅੱਜ ਪੀਣ ਵਾਲੇ ਪਾਣੀ ਦੀ ਵੱਡੀ ਜ਼ਰੂਰਤ ਹੈ। ਇਹ ਕੰਮ ਵੱਡੇ ਕਾਰੋਬਾਰੀ ਲੋਕ ਪੈਸਾ ਕਮਾਉਣ ਹਿੱਤ ਕਰ ਰਹੇ ਹਨ ਤੇ ਸਾਡੀ ਜ਼ਮੀਨ ਹੇਠਲਾ ਪਾਣੀ 'ਸ਼ੁੱਧ ਕਰਕੇ' ਮਹਿੰਗੇ ਭਾਅ ਉਤੇ ਵੇਚ ਰਹੇ ਹਨ। ਅਜਿਹਾ ਮਹਿੰਗਾ ਪਾਣੀ ਪੀ ਕੇ ਆਮ ਲੋਕ ਲੁੱਟੇ ਜਾ ਰਹੇ ਹਨ ਅਤੇ ਜਾਂ ਫਿਰ ਪ੍ਰਦੂਸ਼ਤ ਪਾਣੀ ਪੀ ਕੇ ਮਰ ਰਹੇ ਹਨ। ਇਹ ਸਾਡੇ ਪੰਜਾਬੀਆਂ ਦੀ ਹੋਣੀ ਬਣ ਗਈ ਹੈ। ਵੱਖ ਵੱਖ ਖਾਦ ਪਦਾਰਥਾਂ ਵਿਚ ਕੀਤੀ ਜਾ ਰਹੀ ਮਿਲਾਵਟ ਸਮਾਜ ਵਿਰੋਧੀ ਤੱਤਾਂ, ਸਰਕਾਰ ਤੇ ਪ੍ਰਸ਼ਾਸਨ ਦੀ ਮਿਲੀ ਭੁਗਤ ਤੋਂ ਬਿਨਾਂ ਸੰਭਵ ਹੀ ਨਹੀਂ ਹੈ। ਰੁਜ਼ਗਾਰ ਦੇ ਵਸੀਲੇ ਪੈਦਾ ਨਹੀਂ ਕੀਤੇ ਜਾ ਰਹੇ। ਅਜੇਹਾ ਪੰਜਾਬ ਅੰਦਰ ਖੇਤੀ ਆਧਾਰਤ ਸੱਨਅਤਾਂ ਲਾਉਣ ਅਤੇ ਪ੍ਰਾਂਤ ਦਾ ਸਨਅੱਤੀਕਰਨ ਕਰਨ ਨਾਲ ਹੀ ਸੰਭਵ ਹੋ ਸਕਦਾ ਹੈ। ਇਸ ਪ੍ਰਕਿਰਿਆ ਦੇ ਨਾਲ ਨਾਲ ਸਰਕਾਰਾਂ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਅਤੇ ਸਿਹਤ, ਵਿੱਦਿਆ, ਸਮਾਜਕ ਸੁਰੱਖਿਆ ਸੰਬੰਧੀ ਸਹੂਲਤਾਂ ਆਦਿ ਪੂਰੀਆਂ ਕਰਨ ਲਈ ਸਰਕਾਰੀ ਤੇ ਪਬਲਿਕ ਖੇਤਰ ਨੂੰ ਮਜ਼ਬੂਤ ਕਰਨਾ ਹੋਵੇਗਾ ਅਤੇ ਬੇਕਾਰ ਹੱਥਾਂ ਨੂੰ ਸਰਕਾਰੀ ਨੌਕਰੀਆਂ ਵਿਚ ਸਮੋਣਾ ਹੋਵੇਗਾ। ਵੱਧ ਰਿਹਾ ਨਸ਼ਿਆਂ ਦਾ ਰੁਝਾਨ ਤੇ ਲੁੱਟਾ ਖੋਹਾਂ ਦੀਆਂ ਵਾਰਦਾਤਾਂ ਨੂੰ ਰੋਕਣ ਦਾ ਕੰਮ ਗੱਲੀਂ ਬਾਤੀਂ ਜਾਂ ਪ੍ਰਚਾਰ ਨਾਲ ਸੰਭਵ ਨਹੀਂ ਹੋ ਸਕਦਾ। ਵਿੱਦਿਆ ਦਾ ਪਸਾਰਾ ਕਰਕੇ ਤੇ ਬੇਕਾਰ ਹੱਥਾਂ ਨੂੰ ਰੁਜ਼ਗਾਰ ਦੇਣ ਨਾਲ ਹੀ ਇਸ ਉਤੇ ਕਾਬੂ ਪਾਇਆ ਜਾ ਸਕਦਾ ਹੈ। ਮਜ਼ਦੂਰਾਂ, ਖੇਤ ਮਜ਼ਦੂਰਾਂ, ਗਰੀਬ ਕਿਸਾਨਾਂ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਮਿਲਣ ਵਾਲੀਆਂ ਨਿਗੂਣੀਆਂ ਮੌਜੂਦਾ ਸਬਸਿਡੀਆਂ ਦੀ ਮਾਤਰਾ ਵਧਾ ਕੇ ਹੀ ਕੋਈ ਸੁੱਖ ਦਾ ਸਾਹ ਦਿੱਤਾ ਜਾ ਸਕਦਾ ਹੈ। ਅਮੀਰ ਤੇ ਧਨਵਾਨ ਲੋਕਾਂ ਵਾਸਤੇ ਸਰਕਾਰੀ ਰਿਆਇਤਾਂ ਨੂੰ ਵਧਾਉਣ ਜਾਂ ਜਾਰੀ ਰੱਖਣ ਲਈ ਕੋਈ ਵੀ ਅਗਾਂਹਵਧੂ ਧਿਰ ਨਹੀਂ ਆਖਦੀ। ਪ੍ਰੰਤੂ ਅਮੀਰਾਂ ਦੇ ਬਹਾਨੇ ਗਰੀਬ ਤੇ ਲੋੜਵੰਦਾਂ ਨੂੰ ਮਿਲਣ ਵਾਲੀਆਂ ਨਿਗੂਣੀਆਂ ਜਿਹੀਆਂ ਰਿਆਇਤਾਂ ਉਤੇ ਚਲਾਇਆ ਜਾਣ ਵਾਲਾ ਕੁਹਾੜਾ ਪੀੜਤ ਜਨਤਾ ਦੀਆਂ ਤੰਗੀਆਂ ਤੁਰਸ਼ੀਆਂ ਨੂੰ ਹੋਰ ਵਧਾਏਗਾ। ਆਮ ਲੋਕਾਂ ਨੂੰ ਲੋੜ ਹੈ, ਵਿੱਦਿਆ ਤੇ ਸਿਹਤ ਸਹੂਲਤਾਂ ਦੀ ਜੋ ਸਰਕਾਰੀ ਜ਼ਿੰਮੇਵਾਰੀ ਉਤੇ ਹੀ ਪ੍ਰਾਪਤ ਕਰਵਾਈਆਂ ਜਾ ਸਕਦੀਆਂ ਹਨ। ਇਸ ਖੇਤਰ ਵਿਚ ਨਿੱਜੀ ਨਿਵੇਸ਼ਕਾਂ ਨੇ ਤਾਂ ਮੁਨਾਫੇ ਕਮਾਉਣ ਵਾਸਤੇ ਲੋਕਾਂ ਦੀਆਂ ਇਨ੍ਹਾਂ ਸਮਾਜਕ ਲੋੜਾਂ ਨੂੰ ਵਿਓਪਾਰਕ ਨਜ਼ਰੀਏ ਤੋਂ ਹੀ ਦੇਖਣਾ ਹੈ। ਚੌਹੀਂ ਪਾਸੀਂ ਫੈਲ ਰਿਹਾ ਪ੍ਰਦੂਸ਼ਨ ਸਾਡੀਆਂ ਸਰਕਾਰਾਂ ਦੀ ਨਾ-ਅਹਿਲੀਅਤ ਅਤੇ ਦੁਰ ਪ੍ਰਬੰਧ ਦਾ ਨਤੀਜਾ ਹੈ। ਇਹ ਪ੍ਰਦੂਸ਼ਣ ਵੱਡੀਆਂ ਮਿੱਲਾਂ ਤੇ ਵਿਓਪਾਰਕ ਅਦਾਰਿਆਂ ਵਲੋਂ ਮੁੱਖ ਰੂਪ ਵਿਚ ਫੈਲਾਇਆ ਜਾ ਰਿਹਾ ਹੈ। ਜੇਕਰ ਸਰਕਾਰ ਨੇ ਇਨ੍ਹਾਂ ਲੋਕ ਦੋਖੀ ਤੱਤਾਂ ਨਾਲ ਸਾਂਝਾਂ ਪਾ ਕੇ ਮੁਨਾਫੇ ਕਮਾਉਣ ਵਾਲੇ ਲੋਕਾਂ ਨੂੰ ਸਿਹਤ ਲਈ ਅਤੀ ਹਾਨੀਕਾਰਕ ਪ੍ਰਦੂਸ਼ਨ ਫੈਲਾਉਣ ਦੀ ਆਗਿਆ ਦੇਈ ਜਾਣੀ ਹੈ ਤਦ ਫੇਰ ਸ਼ੁਧ ਵਾਤਾਵਰਨ ਲੋਕਾਂ ਨੂੰ ਕਿਵੇਂ ਨਸੀਬ ਹੋ ਸਕਦਾ ਹੈ? ਲੋਕ ਪੱਖੀ ਪਹੁੰਚ ਅਤੇ ਦਰਿੜ ਇਰਾਦੇ ਤੋਂ ਬਿਨਾਂ ਕੋਈ ਵੀ ਚੰਗਾ ਕੰਮ ਨਹੀਂ ਹੋ ਸਕਦਾ, ਜੋ ਇਨ੍ਹਾਂ ਸਰਕਾਰਾਂ ਕੋਲ ਨਹੀਂ ਹੈ। ਉਪਰੋਕਤ ਮੱਦਾਂ ਤੇ ਅਜੇਹੀ ਪਹੁੰਚ ਸਾਡੇ ਰਾਜਸੀ ਏਜੰਡੇ ਦਾ ਮੂਲ ਰੂਪ ਹੋਣਾ ਚਾਹੀਦਾ ਹੈ। ਲੋਕਾਂ ਦੇ ਜਮਹੂਰੀ ਅਧਿਕਾਰਾਂ ਤੇ ਰਾਜਨੀਤਕ ਆਜ਼ਾਦੀਆਂ ਦੀ ਰਾਖੀ ਵੀ ਸਾਡੇ ਲੋਕ ਪੱਖੀ ਏਜੰਡੇ ਦਾ ਮਹੱਤਵਪੂਰਨ ਹਿੱਸਾ ਬਣਨਾ ਚਾਹੀਦਾ ਹੈ।

ਇਸਤੋਂ ਬਿਨਾਂ ਪੂੰਜੀਪਤੀ ਲੁਟੇਰਿਆਂ ਵਲੋਂ ਫੈਲਾਇਆ ਜਾ ਰਿਹਾ ਖਪਤ ਸਭਿਆਚਾਰ, ਨੰਗੇਜ਼ਵਾਦ ਅਤੇ ਅੰਧ ਵਿਸ਼ਵਾਸ ਮੌਜੂਦਾ ਸਰਕਾਰ ਦੇ ਲੋਕ ਵਿਰੋਧੀ ਕਾਰਿਆਂ ਦਾ ਹੀ ਇਕ ਨਤੀਜਾ ਹੈ। ਜਿਸ ਤਰ੍ਹਾਂ ਧਰਮ ਤੇ ਆਸਥਾ ਦੇ ਨਾਂਅ ਉਤੇ ਨਾਮ ਨਿਹਾਦ ਧਾਰਮਕ ਆਗੂ ਅਤੇ ਫਿਰਕੂ ਅਦਾਰੇ ਆਪਣੇ ਪਿਛਾਖੜੀ ਤੇ ਫਿਰਕੂ ਪ੍ਰਚਾਰ ਨੂੰ ਵੱਖ ਵੱਖ ਪ੍ਰਚਾਰ ਸਾਧਨਾਂ ਅਤੇ ਕਥਿਤ ਧਾਰਮਕ ਸਮਾਗਮਾਂ ਰਾਹੀਂ ਲੋਕਾਂ ਨੂੰ ਪਰੋਸ ਰਹੇ ਹਨ, ਉਸ ਨਾਲ ਸਮੁੱਚਾ ਸਮਾਜ ਦੂਸ਼ਿਤ ਹੋ ਰਿਹਾ ਹੈ। ਸਾਡਾ ਪ੍ਰਬੰਧਕੀ ਢਾਂਚਾ ਅਜਿਹੇ ਲੋਕਾਂ ਨੂੰ ਆਪਣੀ ਦੋ ਨੰਬਰ ਦੀ ਆਮਦਨ ਵਧਾਉਣ ਤੇ ਸੌੜੇ ਰਾਜਸੀ ਮੰਤਵਾਂ ਦੀ ਪੂਰਤੀ ਲਈ ਤਾਂ ਖੂਬ ਵਰਤਦਾ ਹੈ ਪ੍ਰੰਤੂ ਅਜਿਹੇ ਤੱਤਾਂ ਨੂੰ ਨੱਥ ਪਾ ਕੇ ਆਮ ਲੋਕਾਂ ਨੂੰ ਇਨ੍ਹਾਂ ਤੋਂ ਛੁਟਕਾਰਾ ਦੁਆਉਣ ਵਾਸਤੇ ਕੁੱਝ ਨਹੀਂ ਕਰਦਾ। ਅਜਿਹੇ ਗੈਰ-ਸਮਾਜੀ ਕੰਮਾਂ ਤੇ ਵਰਤਾਰਿਆਂ ਨੂੰ ਜਨਤਕ ਸੰਘਰਸ਼ਾਂ ਦਾ ਮੁੱਦਾ ਬਣਾਇਆ ਜਾਣਾ ਚਾਹੀਦਾ ਹੈ ਤਾਂ ਕਿ ਸਾਡੇ ਲੋਕ ਧਰਮ ਨਿਰਪੱਖਤਾ ਦੇ ਅਸੂਲਾਂ ਉਤੇ ਖਲੋ ਕੇ ਗਲੇ ਸੜੇ ਅਤੇ ਵੇਲਾ ਵਿਹਾਅ ਚੁੱਕੇ ਪਿਛਾਖੜੀ ਵਿਚਾਰਾਂ ਤੋਂ ਮੁਕਤੀ ਹਾਸਲ ਕਰ ਸਕਣ।

## ਧੁਖ਼ਦਾ ਕਾਲਮ

## 'ਨੀ ਕੁੜੀਓ! ਮੁੜ ਆਓ ਇਸ ਦੇਸ'

**ਸੁਸ਼ੀਲ ਦੁਸਾਂਝ**

ਅੱਧੀ ਦੁਨੀਆ ਸਿਸਕ ਰਹੀ ਹੈ; ਅੱਧੀ ਦੁਨੀਆ ਭਾਵ ਇਸਤਰੀ ਜਗਤ। ਦਰਅਸਲ, ਬਾਜ਼ਾਰ ਦੇ ਨਵੇਂ ਦਾਅ ਪੇਚਾਂ ਨੇ ਇਸਤਰੀ ਸੰਸਾਰ ਦੇ ਇਕ ਹਿੱਸੇ ਲਈ ਜੇਕਰ ਨਵੇਂ ਅਤੇ ਅਨੋਖੇ ਦਰਵਾਜ਼ੇ ਖੋਲ੍ਹੇ ਹਨ ਤਾਂ ਵੱਡੇ ਹਿੱਸੇ ਨੂੰ ਘਰਾਂ ਵਿਚ ਹੀ ਨਜ਼ਰਬੰਦ ਵੀ ਕਰ ਦਿੱਤਾ ਹੈ। ਇਹ ਠੀਕ ਹੈ ਕਿ ਉਦਾਰੀਕਰਨ ਨੇ ਸ਼ਹਿਰੀ ਇਸਤਰੀਆਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਹਨ ਪਰ ਪੇਂਡੂ ਇਸਤਰੀਆਂ ਦੀ ਹੋਣੀ ਤਾਂ ਹਾਲੇ ਵੀ ਦੋ ਡੰਗ ਦੀ ਰੋਟੀ ਦੇ ਜੁਗਾੜ ਨਾਲ ਹੀ ਜੁੜੀ ਹੋਈ ਹੈ। ਸ਼ਹਿਰੀ ਇਸਤਰੀਆਂ ਨੂੰ ਵੀ ਆਪੋ-ਆਪਣੇ ਕੰਮਾਂ-ਕਾਰਾਂ ਦੌਰਾਨ ਜਿਸ ਕਿਸਮ ਦੇ ਜਿਣਸੀ ਤਸ਼ੱਦਦ ਵਿਚੋਂ ਗੁਜ਼ਰਨਾਂ ਪੈਂਦਾ ਹੈ, ਉਹਦਾ ਵਰਨਣ ਕਰਨ ਲੱਗਿਆਂ ਕਲਮ ਸਾਥ ਨਹੀਂ ਦਿੰਦੀ।

ਇਸਤਰੀ ਹਰ ਖੇਤਰ ਵਿਚ ਅੱਗੇ ਵੱਧਣ ਦੀ ਕੋਸ਼ਿਸ਼ 'ਚ ਹੈ ਪਰ ਹਰ ਕਦਮ 'ਤੇ ਉਸਨੂੰ ਸੰਗਲ ਲਾਉਣ ਦੀਆਂ ਵਿਉਂਤਾਂ ਘੜੀਆਂ ਜਾਂਦੀਆਂ ਹਨ। ਅੱਜ ਇਸਤਰੀਆਂ ਵਲੋਂ ਮਰਦਾਂ ਦੀ ਸਰਦਾਰੀ ਵਾਲੇ ਖੇਤਰਾਂ ਵਿਚ ਵੀ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟੀਆਂ ਜਾ ਰਹੀਆਂ ਹਨ। ਔਰਤਾਂ ਦੇ ਆਪਣੇ ਸੁਰਖਰੂ ਹੋਣ ਦੇ ਇਨ੍ਹਾਂ ਯਤਨਾਂ ਨੂੰ ਹਰ ਹੀਲੇ ਬੇੜੀਆਂ ਪਾਉਣ ਦੇ ਯਤਨ ਵੀ ਨਾਲੋ-ਨਾਲ ਹੀ ਚੱਲ ਰਹੇ ਹਨ। ਨਵੇਂ ਮਾਹੌਲ ਵਿਚ ਉਨ੍ਹਾਂ ਨੂੰ ਸਭ ਤੋਂ ਵਧੇਰੇ ਮਾਰ ਜਿਣਸੀ ਮਾਮਲਿਆਂ ਵਿਚ ਪੈਂਦੀ ਆਮ ਹੀ ਦੇਖੀ ਜਾ ਸਕਦੀ ਹੈ।

ਦਰਅਸਲ, ਔਰਤਾਂ ਦੇ ਕੰਮਕਾਜ ਕਰਨ ਸਬੰਧੀ ਕੋਈ ਸਪਸ਼ਟ ਕਨੂੰਨ ਨਾ ਹੋਣ ਕਾਰਨ ਹੀ ਵਧੇਰੇ ਮੁਸ਼ਕਲਾਂ ਆ ਰਹੀਆਂ ਹਨ। ਮੁਲਕ ਭਰ ਵਿਚੋਂ ਇਸਤਰੀਆਂ ਵਿਰੁੱਧ ਜਿਣਸੀ ਹਮਲਿਆਂ ਦੀਆਂ ਆਉਂਦੀਆਂ ਖ਼ਬਰਾਂ ਇਹ ਹੀ ਦਰਸਾਉਂਦੀਆਂ ਹਨ। ਅਪਰਾਧੀਆਂ ਦੇ ਹੌਸਲੇ ਬੁਲੰਦ ਹਨ ਅਤੇ ਇਸਤਰੀ ਸਚਮੁੱਚ ਹੀ ਗਊ ਦੇ ਰੂਪ ਵਿਚਰ ਰਹੀ ਹੈ। ਅਸਲ ਵਿਚ ਇਸਤਰੀਆਂ ਅਕਸਰ ਹੀ ਆਪਣੇ 'ਤੇ ਹੁੰਦੇ ਜ਼ੁਲਮਾਂ ਵਿਰੁੱਧ ਮੂੰਹ ਨਹੀਂ ਖੋਲ੍ਹਦੀਆਂ ਜਿਸ ਕਰਕੇ ਅਪਰਾਧੀਆਂ ਦੇ ਹੌਸਲੇ ਖੁਲ੍ਹਦੇ ਜਾਂਦੇ ਹਨ ਤੇ ਉਹ ਸਿਰੇ ਤੱਕ ਦੀ ਨੀਚਤਾਈ 'ਤੇ ਉਤਰ ਆਉਂਦੇ ਹਨ। ਮੁਲਕ ਭਰ ਵਿਚ ਇਸਤਰੀਆਂ 'ਤੇ ਵੱਧ ਰਹੇ ਅਤਿਆਚਾਰਾਂ ਦਾ ਇਹ ਸਭ ਤੋਂ ਅਹਿਮ ਕਾਰਨ ਹੈ। ਮੁਲਕ ਦੇ ਸਭ ਤੋਂ ਵੱਡੇ ਸ਼ਹਿਰਾਂ ਨੂੰ 'ਬਲਾਤਕਾਰਾਂ ਦੇ ਸ਼ਹਿਰ' ਕਿਹਾ ਜਾ ਰਿਹਾ ਹੈ। ਮਹਾਨਗਰਾਂ ਵਿਚ ਆਏ ਦਿਨ ਵਾਪਰਦੀਆਂ ਬਲਾਤਕਾਰ ਦੀਆਂ ਘਟਨਾਵਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਭਾਰਤ ਵਰਗੇ ਸਭਿਅਕ ਸਮਾਜ ਦਾ ਚਿਹਰਾ ਹੁਣ ਬਦਰੰਗ ਹੁੰਦਾ ਜਾ ਰਿਹਾ ਹੈ। ਬਲਾਤਕਾਰ ਦੀਆਂ ਘਟਨਾਵਾਂ ਵਿਚ ਦੇਖਿਆ ਜਾ ਰਿਹਾ ਇਹ ਚੋਖਾ ਵਾਧਾ ਕੀ ਦਰਸਾਉਂਦਾ ਹੈ? ਸਾਫ ਹੈ ਕਿ ਸਾਡੇ ਸਮਾਜਕ ਬੁਨਿਆਦੀ ਢਾਂਚੇ ਦੀਆਂ ਲੀਹਾਂ ਹਿੱਲ ਗਈਆਂ ਹਨ। ਬਲਾਤਕਾਰੀਆਂ ਦਾ ਹਰ ਵਾਰ ਅਦਾਲਤਾਂ ਵਿਚੋਂ ਬਾ-ਇੱਜ਼ਤ ਬਾਹਰ ਆ ਜਾਣਾ ਇਸਦਾ ਇੱਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਇਕ ਰਿਪੋਰਟ ਮੁਤਾਬਕ ਇਸ ਵਕਤ 60,000 ਦੇ ਕਰੀਬ ਬਲਾਤਕਾਰ ਦੇ ਮਾਮਲੇ ਸਾਡੀਆਂ ਅਦਾਲਤਾਂ ਵਿਚ ਲਟਕ ਰਹੇ ਹਨ। ਬਲਾਤਕਾਰੀਆਂ ਨੂੰ ਸਜ਼ਾ ਦੇਣ ਦੇ ਬਹੁਤ ਘੱਟ ਮਾਮਲਿਆਂ ਨੇ ਵੀ ਇਨ੍ਹਾਂ ਘਟਨਾਵਾਂ ਵਿਚ ਵਾਧਾ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਹੈ। ਗੱਲ ਇੱਥੇ ਹੀ ਨਹੀਂ ਮੁੱਕ ਜਾਂਦੀ। ਇਹ ਸਾਡਾ ਮੁਲਕ ਹੀ ਹੈ ਕਿ ਜਿੱਥੇ ਬੇਬੱਸ ਬਾਲੜੀਆਂ ਮੱਝਾਂ-ਗਾਵਾਂ ਵਾਂਗ ਮੰਡੀਆਂ ਵਿਚ ਵਿਕਦੀਆਂ ਹਨ। ਇਹ ਵੀ ਸਾਡਾ ਮਹਾਨ ਮੁਲਕ ਹੀ ਹੈ, ਜਿੱਥੇ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਕੁੱਖਾਂ ਵਿਚ ਹੀ ਕਤਲ ਕੀਤਾ ਜਾ ਰਿਹਾ ਹੈ। ਉਂਜ ਤਾਂ ਦੁਨੀਆ ਭਰ ਵਿਚ ਹੀ ਇਸਤਰੀਆਂ/ਲੜਕੀਆਂ ਨੂੰ ਵੇਚਣ ਦੇ ਕਾਰੋਬਾਰ ਚੱਲ ਰਹੇ ਹਨ ਪਰ ਇਹ ਦਸਦਿਆਂ ਸ਼ਰਮ ਆਉਂਦੀ ਹੈ ਕਿ ਦੁਨੀਆ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਣ ਵਾਲੇ ਆਪਣੇ 'ਭਾਰਤ ਮਹਾਨ' ਨੇ ਵੀ ਇਸ 'ਕਾਰੋਬਾਰ' ਵਿਚ ਤੀਸਰੇ ਵੱਡੇ ਕਾਰੋਬਾਰ ਦੇ ਤੌਰ 'ਤੇ ਆਪਣੇ-ਆਪ ਨੂੰ ਸਥਾਪਤ ਕਰ ਲਿਆ ਹੈ। ਗਰੀਬੀ ਅਤੇ ਅਨਪੜ੍ਹਤਾ ਮਾਰੇ ਇਲਾਕਿਆਂ ਵਿਚ ਲੜਕੀਆਂ ਨੂੰ ਵੇਚਣ ਦਾ ਕਾਰੋਬਾਰ ਹਰ ਦਿਨ ਨਵੇਂ ਰਿਕਾਰਡ ਬਣਾ ਰਿਹਾ ਹੈ।

ਇਸ ਤੋਂ ਵੀ ਅੱਗੇ ਮੁਲਕ ਭਰ ਵਿਚ ਲਗਾਤਾਰ ਘੱਟ ਰਹੀਆਂ ਬੱਚੀਆਂ ਦੀ ਗਿਣਤੀ ਕੀ ਦਰਸਾਉਂਦੀ ਹੈ। ਪਿੰਡਾਂ ਵਿਚ ਭਾਵੇਂ ਹਾਲੇ ਵੀ ਸਥਿਤੀ ਠੀਕ-ਠਾਕ ਹੈ ਪਰ ਸ਼ਹਿਰਾਂ ਵਿਚੋਂ ਤਾਂ ਲੜਕੀਆਂ ਗਾਇਬ ਹੀ ਹੁੰਦੀਆਂ ਜਾ ਰਹੀਆਂ ਹਨ। ਦੇਸ਼ ਵਿਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ। ਆਪਣੇ ਪੰਜਾਬ ਵਿਚ ਤਾਂ ਹਾਲਤ ਬਹੁਤ ਹੀ ਖਰਾਬ ਹੈ। ਪੰਜਾਬ ਵਿਚ ਇਕ ਹਜ਼ਾਰ ਲੜਕਿਆਂ ਪਿੱਛੇ ਔਸਤਨ 810 ਲੜਕੀਆਂ ਹੀ ਰਹਿ ਗਈਆਂ ਹਨ। ਸਭ ਤੋਂ ਦੁਖੀ ਕਰਨ ਵਾਲੀ ਗੱਲ ਇਹ ਹੈ ਕਿ ਮੁਲਕ ਦੇ ਸਭ ਤੋਂ ਘੱਟ ਬੱਚੀਆਂ ਵਾਲੇ 10 ਜ਼ਿਲ੍ਹਿਆਂ ਵਿਚੋਂ 7 ਆਪਣੇ ਪੰਜਾਬ ਦੇ ਹਨ ਤੇ 3 ਆਪਣੇ ਹੀ ਗੁਆਂਢੀ ਹਰਿਆਣਾ ਦੇ। ਸਾਹਿਬਜ਼ਾਦਿਆਂ ਦੇ ਜ਼ਿਲ੍ਹੇ ਫਤਿਹਗੜ੍ਹ ਸਾਹਿਬ ਦੇ ਮੱਥੇ 'ਤੇ ਸਭ ਤੋਂ ਘੱਟ ਬੱਚੀਆਂ ਹੋਣ ਦਾ ਕਲੰਕ ਹੈ। ਇੱਥੇ ਇਕ ਹਜ਼ਾਰ ਲੜਕਿਆਂ ਪਿੱਛੇ 754 ਲੜਕੀਆਂ ਹਨ। ਪਟਿਆਲਾ 'ਚ 770, ਕਪੂਰਥਲਾ 'ਚ 775, ਬਠਿੰਡਾ 'ਚ 779, ਮਾਨਸਾ 'ਚ 779, ਅੰਮ੍ਰਿਤਸਰ 'ਚ 783 ਅਤੇ ਗੁਰਦਾਸਪੁਰ 'ਚ 785 ਦਾ ਅਨੁਪਾਤ ਹੈ। ਹੋਰ ਤਾਂ ਹੋਰ ਪੰਜਾਬ ਦੇ ਮੱਥੇ 'ਤੇ ਤਾਂ ਇਹ ਕਲੰਕ ਵੀ ਲੱਗ ਗਿਆ ਹੈ ਕਿ ਪਿਛਲੇ 10 ਮਹੀਨਿਆਂ ਵਿਚ ਹੀ 75 ਹਜ਼ਾਰ ਭਰੂਣ ਕੁੱਖਾਂ ਵਿਚੋਂ ਗਾਇਬ ਹੀ ਹੋ ਗਏ ਹਨ। ਹੁਣ ਜੇਕਰ ਸਾਡੇ ਮਹਾਨ ਗੁਰੂਆਂ ਦੀ ਧਰਤੀ 'ਤੇ ਇਹ ਹਾਲ ਹੈ ਤਾਂ ਅਸੀਂ/ਤੁਸੀਂ ਕਿਸ ਸਜ਼ਾ ਦੇ ਹੱਕਦਾਰ ਹਾਂ; ਇਹਦਾ ਫੈਸਲਾ ਅਸੀਂ ਤੁਹਾਡੇ 'ਤੇ ਹੀ ਛੱਡਦੇ ਹਾਂ। ਇਨ੍ਹਾਂ ਪ੍ਰਸਥਿਤੀਆਂ ਵਿਚ ਜਦੋਂ ਭਾਰਤੀ ਇਸਤਰੀ ਬਾਹਰ ਤਾਂ ਕੀ ਘਰ ਵਿਚ ਵੀ ਸੁਰੱਖਿਅਤ ਨਹੀਂ ਅਤੇ ਜਦੋਂ ਉਸਦਾ ਜਨਮ ਲੈਣਾ ਵੀ ਅਪਰਾਧ ਹੁੰਦਾ ਜਾ ਰਿਹਾ ਹੈ, ਉਦੋਂ ਸਭ ਤੋਂ ਜ਼ਰੂਰੀ ਹੈ ਇਸਤਰੀਆਂ ਦਾ ਹੀ ਆਪਣੇ-ਆਪ ਅਤੇ ਆਪਣੀ ਹੋਂਦ ਲਈ ਉਠ ਖੜਾ ਹੋਣਾ। ਇਸਤਰੀਆਂ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੇ ਹੱਕਾਂ/ਹਿੱਤਾਂ ਪ੍ਰਤੀ ਜਾਗਰੂਕ ਹੋਣ ਅਤੇ ਹੋਰਾਂ ਨੂੰ ਵੀ ਜਾਗਰੂਕ ਕਰਨ। ਇਸਤਰੀ ਜਗਤ ਦੀ ਇਹ ਚੇਤਨਤਾ ਹੀ ਸਮੂਹ ਦੀ ਚੇਤਨਤਾ ਦਾ ਚਿਰਾਗ਼ ਬਾਲ ਸਕਦੀ ਹੈ; ਇਹਦੇ ਵਿਚ ਹੀ ਉਸਦੀ ਮੁਕਤੀ ਹੈ ਤੇ ਇਹਦੇ ਨਾਲ ਹੀ ਸਮੁੱਚੀ ਲੋਕਾਈ ਦੀ ਮੁਕਤੀ ਜੁੜੀ ਹੋਈ ਹੈ। ਨਾਰੀ ਜਗਤ ਦੀ ਚੇਤਨਤਾ ਦੀ ਹਲਕੀ ਜਿਹੀ ਕਰਵਟ ਹੀ ਉਪਰਲੀ ਹੇਠਾਂ ਲਿਆ ਸਕਦੀ ਹੈ; ਇਹ ਸਾਡਾ ਵਿਸ਼ਵਾਸ਼ ਹੈ। ਅਖੀਰ 'ਚ ਸ਼ਾਇਰ ਦੋਸਤ ਹਰਵਿੰਦਰ ਦੀਆਂ ਇਹ ਕਾਵਿ ਸਤਰਾਂ ਆਤਮ-ਸਾਤ ਕਰਦੇ ਜਾਓ-

**'ਕੁੜੀਓ ਨੀ ਤੁਸੀਂ ਵਾਪਸ ਆਉਣਾ**
**ਹੀਰਾਂ ਹੂਰਾਂ ਬਣਕੇ ਆਉਣਾ**
**ਚਿੜੀਓ ਨੀ ਤੁਸੀਂ ਵਾਪਸ ਆਉਣਾ**
**ਹਿਜਰਤ ਕਰ ਗਏ ਬਿਰਖ਼ ਬੁਲਾਉਣਾ**
**ਫਿਰ ਬੋਡਾ ਨੀ ਗੀਤ ਲਿਖੇਗਾ**
**ਕੋਈ ਵਾਰਸ ਦਰਵੇਸ।**
**ਨੀ ਕੁੜੀਓ! ਮੁੜ ਆਓ ਇਸ ਦੇਸ**
**ਨੀ ਚਿੜੀਓ! ਮੁੜ ਆਓ ਇਸ ਦੇਸ।'**

# ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ

ਮਨਜੀਤ ਕੌਰ ਲੱਖਪੁਰ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 23 ਪੋਹ ਸੰਮਤ 1723 ਮੁਤਾਬਕ 22 ਦਸੰਬਰ ਸੰਨ 1666 ਈ: ਵਿਚ ਪਿਤਾ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨੇ (ਬਿਹਾਰ) ਵਿਚ ਅਵਤਾਰ ਧਾਰਿਆ। ਜਿਨ੍ਹੀਂ ਦਿਨੀਂ ਆਪ ਜੀ ਦਾ ਪ੍ਰਕਾਸ਼ ਹੋਇਆ ਉਨ੍ਹੀ ਦਿਨੀਂ ਆਪ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਸਾਮ-ਬੰਗਾਲ ਦੇ ਦੌਰੇ 'ਤੇ ਗਏ ਹੋਏ ਸਨ। ਗੁਰੂ ਤੇਗ ਬਹਾਦਰ ਸਾਹਿਬ ਜੀ ਅਸਾਮ ਦੇ ਦੌਰੇ ਤੋਂ ਸੰਨ 1670 ਈ: ਵਿਚ ਵਾਪਸ ਪਰਤੇ, ਉਸ ਸਮੇਂ ਆਪ ਦੇ ਲਾਡਲੇ ਸਪੁੱਤਰ ਗੋਬਿੰਦ ਰਾਏ ਜੀ ਵੀ ਸਾਢੇ ਤਿੰਨ ਸਾਲ ਦੇ ਹੋ ਚੁੱਕੇ ਸਨ। ਨੌਵੇਂ ਗੁਰੂ ਸਾਹਿਬ ਪਟਨੇ ਕੁਝ ਦਿਨ ਠਹਿਰਨ ਤੋਂ ਬਾਅਦ ਪਰਵਾਰ ਨੂੰ ਪਟਨੇ ਰੁਕਣ ਦਾ ਆਦੇਸ਼ ਦੇ ਕੇ ਵਾਪਸ ਪੰਜਾਬ ਆ ਗਏ ਸਨ। ਇਸ ਤਰ੍ਹਾਂ ਗੋਬਿੰਦ ਰਾਏ ਜੀ ਦੇ ਬਚਪਨ ਦੇ ਪਹਿਲੇ ਪੰਜ ਸਾਲ ਪਟਨੇ ਵਿਚ ਹੀ ਬਤੀਤ ਹੋਏ। ਉੱਥੇ ਸੁੰਦਰ ਗੁਰਦੁਆਰਾ ਤਖਤ ਸ੍ਰੀ ਪਟਨਾ ਸਾਹਿਬ ਸੁਸ਼ੋਭਿਤ ਹੈ।

ਪਿਤਾ ਜੀ ਦੇ ਹੁਕਮਾਂ ਅਨੁਸਾਰ ਆਪ ਫਰਵਰੀ 1672 ਈ: ਵਿਚ ਅਨੰਦਪੁਰ ਸਾਹਿਬ (ਪੰਜਾਬ) ਆਏ ਉਸ ਵੇਲੇ ਆਪ ਜੀ ਦੀ ਆਯੂ ਦਾ 6 ਵਾਂ ਸਾਲ ਚੱਲ ਰਿਹਾ ਸੀ। (ਹੁਸ਼ਿਆਰਪੁਰ ਦੇ 1883 ਦੇ ਗਜ਼ਟੀਅਰ ਵਿਚ ਲਿਖਿਆ ਹੈ ਕਿ ਮਾਖੋਵਾਲ ਅਤੇ ਨਾਲ ਲੱਗਦੇ ਪਿੰਡਾਂ ਦੀ ਜ਼ਮੀਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 2200 ਰੁਪਏ ਵਿਚ ਕਹਿਲੂਰ ਦੇ ਰਾਜੇ ਦੀਪ ਚੰਦ ਕੋਲੋਂ ਖਰੀਦੀ ਸੀ, ਇਹ ਉਹ ਦੀਪ ਚੰਦ ਰਾਜਾ ਸੀ ਜਿਸ ਦਾ ਵਡੇਰਾ ਰਾਜਾ ਤਾਰਾ ਚੰਦ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ 52 ਰਾਜਿਆਂ ਵਿੱਚੋਂ ਇਕ ਸੀ ਜਿਨ੍ਹਾਂ ਨੂੰ ਛੇਵੇਂ ਗੁਰੂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਰਿਹਾਅ ਕਰਵਾਇਆ ਸੀ। ਮਾਖੋਵਾਲ ਦਾ ਨਾਮ ਪਹਿਲਾਂ ਚੱਕ ਨਾਨਕੀ ਅਤੇ ਬਾਅਦ ਵਿਚ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ, ਜਿਸ ਦੀ ਨੀਂਹ ਰੱਖਣ ਲਈ ਟੱਕ ਬਾਬਾ ਗੁਰਦਿੱਤਾ ਜੀ ਲਗਾਇਆ ਸੀ)

ਅਨੰਦਪੁਰ ਸਾਹਿਬ ਵਿਖੇ ਹੀ ਆਪ ਜੀ ਦੇ ਪਿਤਾ ਜੀ ਦੁਆਰਾ ਆਪ ਜੀ ਦੇ ਲਈ ਭਾਂਤ-ਭਾਂਤ ਦੀ ਵਿੱਦਿਆ ਦਾ ਖਾਸ ਪ੍ਰਬੰਧ ਕੀਤਾ ਗਿਆ। ਅਨੰਦਪੁਰ ਸਾਹਿਬ ਵਿਖੇ ਹੀ ਆਪ ਜੀ ਨੇ ਘੋੜ ਸਵਾਰੀ, ਤੀਰ ਅੰਦਾਜ਼ੀ, ਬੰਦੂਕ, ਖੰਡਾ ਆਦਿ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਗੁਰਬਾਣੀ ਆਪ ਜੀ ਨੇ ਆਪਣੇ ਮਾਤਾ ਗੁਜਰੀ ਜੀ ਪਾਸੋਂ ਪੜ੍ਹ ਕੇ ਕੰਠ ਕਰ ਲਈ ਸੀ ਅਤੇ ਗੁਰਮਤਿ ਦੀ ਹੋਰ ਵਿਸਥਾਰ ਸਹਿਤ ਜਾਣਕਾਰੀ ਆਪ ਜੀ ਨੇ ਗੁਰੂ-ਘਰ ਦੇ ਗ੍ਰੰਥੀ ਮੁਨਸ਼ੀ ਸਾਹਿਬ ਚੰਦ ਜੀ ਤੋਂ ਪ੍ਰਾਪਤ ਕੀਤੀ। ਫਾਰਸੀ ਦੀ ਵਿੱਦਿਆ ਆਪ ਜੀ ਨੇ ਕਾਜ਼ੀ ਨੂਰਦੀਨ ਸਲੋਹ ਪਾਸੋਂ ਪ੍ਰਾਪਤ ਕੀਤੀ ਅਤੇ ਸੰਸਕ੍ਰਿਤ ਦੀ ਵਿੱਦਿਆ ਆਪ ਜੀ ਨੇ ਮਟਨ ਨਿਵਾਸੀ ਪੰਡਿਤ ਕਿਰਪਾ ਰਾਮ ਜੀ ਤੋਂ ਪ੍ਰਾਪਤ ਕੀਤੀ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿਖੇ ਚਾਂਦਨੀਂ ਚੌਕ ਵਿਚ ਧਰਮ ਦੀ ਖਾਤਰ ਸੰਨ 1675 ਈ: ਨੂੰ ਬਲੀਦਾਨ ਦੇਣ ਲਈ ਗਏ, ਉਸ ਵੇਲੇ ਉਹ ਆਪਣੇ ਸਪੁੱਤਰ ਸ੍ਰੀ ਗੋਬਿੰਦ ਰਾਏ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਦਾ ਹੁਕਮ ਕਰ ਗਏ ਸਨ, ਗੋਬਿੰਦ ਰਾਏ ਜੀ ਨੇ 9 ਸਾਲ ਦੀ ਛੋਟੀ ਜਿਹੀ ਅਵਸਥਾ ਵਿਚ ਆਪਣੇ ਪਿਤਾ ਨੂੰ ਮਜ਼ਲੂਮਾਂ ਦੇ ਹਿੱਤ ਲਈ ਧਰਮ ਤੋਂ ਕੁਰਬਾਨ ਹੋਣ ਲਈ ਜਿਸ ਦਲੇਰੀ ਨਾਲ ਤੋਰਿਆ ਉਹ ਸ੍ਰੀ ਗੋਬਿੰਦ ਰਾਏ ਜੀ ਦੀ ਬੀਰਤਾ, ਆਤਮਿਕ ਉੱਚਤਾ ਅਤੇ ਆਉਣ ਵਾਲੇ ਕਠਿਨ ਸਮੇਂ ਵਿਚ ਦੀਨ-ਦੁਖੀਆਂ ਦੀ ਰੱਖਿਆ ਦਾ ਸਬੂਤ ਸੀ। ਗੁਰਗੱਦੀ 'ਤੇ ਬਿਰਾਜਣ ਤੋਂ ਬਾਅਦ ਗੁਰੂ ਸਾਹਿਬ ਜੀ ਨੂੰ ਜਿਨ੍ਹਾਂ ਔਕੜਾਂ ਅਤੇ ਤਾਕਤਾਂ ਦਾ ਸਾਹਮਣਾ ਕਰਨਾ ਪਿਆ ਉਨ੍ਹਾਂ ਵਿਚ ਇੱਕ ਤਾਕਤ ਬਾਦਸ਼ਾਹ ਔਰੰਗਜ਼ੇਬ ਦੀ ਸੀ ਅਤੇ ਦੂਜੀ ਤਾਕਤ ਪਹਾੜੀ ਰਾਜਿਆਂ ਦੀ ਸੀ, ਜੋ ਸਿੱਖੀ ਦਾ ਵਧਦਾ-ਫੁੱਲਦਾ ਤੇਜ ਬਰਦਾਸ਼ਤ ਨਹੀਂ ਕਰ ਸਕਦੇ ਸਨ। ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਜਜ਼ਬੇ ਦਾ ਜੋ ਹੜ੍ਹ ਵਗਾਇਆ ਸੀ ਉਸ ਨੂੰ ਕਿਸੇ ਵੇਗ ਵਿਚ ਲਿਆਉਣ ਲਈ ਉੱਤਮ ਅਗਵਾਈ ਦੀ ਜ਼ਰੂਰਤ ਸੀ। ਜੇਕਰ ਔਕੜਾਂ ਦੀ ਗੱਲ ਲਈਏ ਤਾਂ ਉਸ ਸਮੇਂ ਸਭ ਤੋਂ ਵੱਡੀ ਔਕੜ ਸਾਧਨਾਂ ਅਤੇ ਫੌਜ ਦੀ ਘਾਟ ਦੀ ਸੀ ਅਤੇ ਨਵੇਂ ਸਿਰਿਉਂ ਸੂਰਬੀਰਾਂ ਵਿਚ ਫੌਲਾਦ ਜਿਹੀ ਤਾਕਤ ਭਰਨੀ, ਇਸ ਸਭ ਲਈ ਸ੍ਰੀ ਗੁਰੂ ਗੋਬਿੰਦ ਰਾਏ ਜੀ ਨੂੰ ਵਿਰਾਸਤ ਵਿਚ ਮਿਲਿਆ ਪਿਤਾ-ਪੁਰਖੀ ਬਹੁਮੁੱਲਾ ਵਿਰਸਾ ਸਭ ਤੋਂ ਵੱਧ ਸਹਾਇਕ ਹੋਇਆ, ਜਿਸ ਨੂੰ ਪ੍ਰਚਾਰਨ ਲਈ ਗੁਰੂ ਸਾਹਿਬ ਜੀ ਨੇ ਢਾਡੀਆਂ ਨੂੰ ਸੂਰਮਿਆਂ ਦੀਆਂ ਵਾਰਾਂ ਅਤੇ ਸਿੱਖ ਇਤਿਹਾਸ ਗਾ ਕੇ ਸੁਣਾਉਣ ਲਈ ਪ੍ਰੇਰਿਤ ਕੀਤਾ, ਅਤੇ ਨਾਲ ਹੀ ਫੌਜ ਦੀ ਤਿਆਰੀ ਅਤੇ ਹਰ ਪ੍ਰਕਾਰ ਦੇ ਫੌਜੀ ਸਾਧਨਾਂ ਵੱਲ ਵੀ ਆਪ ਜੀ ਨੇ ਉਚੇਚੇ ਤੌਰ 'ਤੇ ਧਿਆਨ ਦਿੱਤਾ। ਆਪ ਜੀ ਨੇ ਸੰਗਤਾਂ ਨੂੰ ਘੋੜੇ, ਸ਼ਸਤਰ, ਗੋਲੀ-ਸਿੱਕਾ ਅਤੇ ਫੌਜੀ ਸਾਧਨ ਭੇਟਾ ਵਜੋਂ ਲਿਆਉਣ ਲਈ ਹੁਕਮਨਾਮੇ ਭੇਜੇ ਅਤੇ ਨਾਲ ਹੀ ਉਨ੍ਹਾਂ ਜਵਾਨੀਆਂ ਦੀ ਮੰਗ ਕੀਤੀ ਜੋ ਧਰਮ ਤੋਂ ਆਪਣਾ ਜੀਵਨ ਅਰਪਨ ਕਰਨ ਲਈ ਤਿਆਰ-ਬਰ ਤਿਆਰ ਹੋਣ।

ਅੰਗਰੇਜ਼ੀ ਇਤਿਹਾਸਕਾਰ ਕਨਿੰਘਮ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪਿਤਾ ਜੀ ਦੀ ਸ਼ਹਾਦਤ ਦੇ ਕਾਰਨਾਂ ਨੂੰ ਸਮਝਿਆ ਅਤੇ ਔਰੰਗਜ਼ੇਬ ਦੀ ਤੁਅੱਸਬੀ ਧਾਰਮਿਕ ਨੀਤੀ ਨੂੰ ਦੇਖਿਆ, ਇਸ ਲਈ ਸ੍ਰੀ ਗੋਬਿੰਦ ਸਿੰਘ ਜੀ ਦੀ ਵਿੱਦਿਆ, ਦੂਰ ਅੰਦੇਸ਼ੀ ਸੂਝਤਾ ਅਤੇ ਤਜਰਬਿਆਂ ਉਨ੍ਹਾਂ ਨੂੰ ਆਪਣੇ ਹਮ-ਵਤਨੀਆਂ ਅਤੇ ਸਿੱਖਾਂ ਵਿਚ ਨਵੇਂ ਸਿਰੇ ਤੋਂ ਸੂਰਬੀਰਤਾ ਭਰਨ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਅਸੂਲਾਂ ਨੂੰ ਨਿਰਣਾਇਕ ਸੋਧ ਦੇਣ ਲਈ ਪ੍ਰੇਰਿਤ ਕੀਤਾ। ਉਹ ਹੋਰ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਐਸੀ ਸਾਂਝੀ ਚੀਜ਼ ਸਿੱਖਾਂ ਨੂੰ ਦੇਣ ਦੀ ਜ਼ਰੂਰਤ ਹੈ ਜੋ ਕਮਜ਼ੋਰ ਦਿਲਾਂ ਨੂੰ ਤਕੜਾ ਕਰ ਦੇਵੇ ਅਤੇ ਗੁਰੂ-ਘਰ ਦੇ ਅਨਿਨ ਸੇਵਕਾਂ ਵਿਚ ਅਥਾਹ ਜੋਸ਼ ਭਰ ਦੇਵੇ।

ਗਾਰਡਨ ਲਿਖਦਾ ਹੈ, "ਜੋ ਤਿੱਖੀਆਂ ਸੂਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਖੂਨ ਨਾਲ ਦਿੱਲੀ ਵਿਚ ਬੀਜੀਆਂ ਗਈਆਂ, ਉਨ੍ਹਾਂ ਨੇ ਜਲਦੀ ਹੀ ਖਾਲਸਾ ਰੂਪ ਦੀ ਭਾਰੀ ਫਸਲ ਪੈਦਾ ਕੀਤੀ।"

ਜਿਵੇਂ ਹੀ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਚ ਜਵਾਨਾਂ ਨੂੰ ਨਕਲੀ ਜੰਗਾਂ ਦਾ ਅਭਿਆਸ ਕਰਾਉਣਾ ਸ਼ੁਰੂ ਕੀਤਾ ਤਾਂ ਉਸ ਦੇ ਸਿੱਟੇ ਵਜੋਂ ਆਪ ਦੀ ਫੌਜ ਵਿਚ ਬਹੁਤ ਸਾਰੇ ਸਿਰਕੱਢ ਸੂਰਮਿਆਂ ਨੇ ਆਪਣੀਆਂ ਜਵਾਨੀਆਂ ਅਤੇ ਸ਼ਸਤਰ ਗੁਰੂ ਸਾਹਿਬ ਦੇ ਭੇਟ ਕੀਤੇ। ਅਨੰਦਪੁਰ ਸਾਹਿਬ ਵਿਚ ਆਪ ਜੀ ਨੇ ੮ ਸਾਲ ਰਹਿ ਕੇ ਜਥੇਬੰਦੀ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰ ਲਿਆ ਸੀ। ਬੇਸ਼ੱਕ ਗੁਰੂ ਸਾਹਿਬ ਜੀ ਅਮਨ ਦੇ ਪੁਜਾਰੀ ਸਨ ਪਰ ਮਜ਼ਲੂਮਾਂ ਉੱਤੇ ਹੁੰਦੇ ਜ਼ੁਲਮ ਨੂੰ ਵੀ ਕਿਵੇਂ ਸਹਾਰ ਕਰ ਸਕਦੇ ਸਨ?

ਭਾਵੇਂ ਔਰੰਗਜ਼ੇਬ ਨੇ ਸੰਨ 1670 ਵਿਚ ਰਾਗ-ਗਾਇਨ ਅਤੇ ਸੰਨ 1680 ਵਿਚ ਪਾਠਸ਼ਾਲਾਵਾਂ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ, ਪਰ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਕੀਰਤਨ ਨੂੰ ਮਹੱਤਵਪੂਰਨ ਪਦਵੀ ਪ੍ਰਾਪਤ ਹੈ, ਇਸ ਲਈ ਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਦੇ ਹੁਕਮ ਦੀ ਪਰਵਾਹ ਨਾ ਕਰਦਿਆਂ ਸਭੇ ਗੁਰੂ ਘਰ ਦੇ ਕੀਰਤਨੀਆਂ ਅਤੇ ਅਲੱਗ-ਅਲੱਗ ਭਾਸ਼ਾਵਾਂ ਦੇ ਗਿਆਤਾਵਾਂ ਨੂੰ ਅਨੰਦਪੁਰ ਸਾਹਿਬ ਦੇ ਦਰਬਾਰ ਵਿਚ ਥਾਂ ਦਿੱਤੀ,ਅਤੇ ਨਾਲ ਹੀ ਆਪ ਜੀ ਨੇਤਰਹੀਣ ਪੁਰਸ਼ਾਂ ਅਤੇ ਸੂਰਮਿਆਂ ਸਿੰਘਾਂ ਨੂੰ ਰਬਾਬ, ਤਾਊਸ, ਸਿਰੰਦਾ, ਜੋੜੀ ਆਦਿਕ ਦੀ ਆਪ ਹੀ ਸਿਖਲਾਈ ਕਰਵਾਉਂਦੇ ਸਨ ਤਾਂ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਆਪ ਸੰਭਾਲਣ। ਔਰੰਗਜ਼ੇਬ ਦੇ ਹੁਕਮ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪ ਜੀ ਨੇ ਅਨੰਦਪੁਰ ਸਾਹਿਬ ਵਿਖੇ ਹੀ ਪੰਜਾਬੀ, ਹਿੰਦੀ, ਫਾਰਸੀ ਅਤੇ ਸੰਸਕ੍ਰਿਤ ਆਦਿ ਦੀ ਵਿੱਦਿਆ ਦਾ ਪ੍ਰਬੰਧ ਚਲਾਇਆ।



ਆਪ ਜੀ ਦੇ ਘਰ ਮਾਤਾ ਜੀਤੋ ਜੀ ਦੀ ਕੁੱਖੋਂ ਤਿੰਨ ਸਪੁੱਤਰ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਭ ਤੋਂ ਛੋਟੇ ਸਪੁੱਤਰ ਬਾਬਾ ਫਤਹਿ ਸਿੰਘ ਜੀ ਨੇ ਜਨਮ ਲਿਆ। ਮਾਤਾ ਸੁੰਦਰੀ ਜੀ ਦੀ ਕੁੱਖੋਂ ਸਭ ਤੋਂ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਜਨਮ ਲਿਆ।

ਸੰਮਤ 1742 ਬਿਕ੍ਰਮੀ ਮੁਤਾਬਕ ਸੰਨ 1685 ਈ: ਵਿਚ ਜਦੋਂ ਆਪ ਜੀ ਨਾਹਨ ਰਿਆਸਤ ਦੇ ਰਾਜੇ ਮੇਦਨੀ ਪ੍ਰਕਾਸ਼ ਦੀ ਬੇਨਤੀ ਮੰਨ ਕੇ ਨਾਹਨ ਗਏ ਅਤੇ ਨਾਹਨ ਰਿਆਸਤ ਵਿਚ ਇਕ ਗੁਰਦੁਆਰਾ ਤਿਆਰ ਕਰਵਾਇਆ ਜਿਸ ਦਾ ਨਾਮ ਆਪ ਜੀ ਨੇ ਪਾਉਂਟਾ ਸਾਹਿਬ ਰੱਖਿਆ, ਇੱਥੇ ਆਪ ਜੀ ਨੇ ਸਾਹਿਤ ਰਚਨਾ ਕਰਨ-ਕਰਾਉਣ ਦਾ ਕੰਮ ਵੀ ਜਾਰੀ ਰੱਖਿਆ। ਪਾਉਂਟਾ ਸਾਹਿਬ ਵਿਖੇ ਆਪ ਜੀ ਆਪਣੇ ਦਰਬਾਰ ਵਿਚ ਢਾਡੀ ਨੱਥਾ ਮੱਲ ਦੇ ਪੁੱਤਰ ਢਾਡੀ ਮੀਰ ਛਬੀਲ ਅਤੇ ਮੀਰ ਮੁਸ਼ਕੀ ਨੂੰ ਇਤਿਹਾਸ ਗਾ ਕੇ ਪ੍ਰਚਾਰਨ ਦੀ ਸੇਵਾ ਲਾਈ ਅਤੇ ਨਾਲ ਹੀ ਉਨ੍ਹਾਂ ਨੇ ਅਲੱਗ-ਅਲੱਗ ਜਾਤਾਂ ਅਤੇ ਭਾਸ਼ਾਵਾਂ ਦੇ 52 ਕਵੀਆਂ ਨੂੰ ਵੀ ਆਪਣੇ ਦਰਬਾਰ ਵਿਚ ਰੱਖਿਆ ਜਿਨ੍ਹਾਂ ਨੇ ਸੰਸਕ੍ਰਿਤ ਸਾਹਿਤ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਉਲਥਾਉਣ ਦਾ ਕੰਮ ਬੜੀ ਸਰਗਰਮੀ ਨਾਲ ਜਾਰੀ ਕੀਤਾ, ਪਾਉਂਟਾ ਸਾਹਿਬ ਵਿਖੇ ਹੀ ਸਢੌਰਾ ਕਸਬਾ ਦੇ ਸੱਯਦ ਸ਼ਾਹ ਬਦਰੁੱਦੀਨ ਜੋ ਸਿੱਖ ਇਤਿਹਾਸ ਵਿਚ ਪੀਰ ਬੁੱਧੂ ਸ਼ਾਹ ਦੇ ਨਾਮ ਨਾਲ ਪ੍ਰਸਿੱਧ ਹਨ, ਦੇ ਨਾਲ ਆਪ ਜੀ ਦਾ ਮੇਲ ਹੋਇਆ ਅਤੇ ਉਸ ਦੇ ਬੇਨਤੀ ਕਰਨ 'ਤੇ ਆਪ ਜੀ ਨੇ ਔਰੰਗਜ਼ੇਬ ਦੁਆਰਾ ਆਪਣੀ ਫੌਜ ਵਿੱਚੋਂ ਕੱਢੇ ਦਾਮਲਾ ਨਗਰ ਜ਼ਿਲ੍ਹਾ ਕਰਨਾਲ ਦੇ 495 ਪਠਾਣ ਪਿਆਦੇ ਸਿਪਾਹੀ ਅਤੇ ਪੰਜ ਸਰਦਾਰ ਭੀਖਣ ਖਾਂ, ਕਾਲੇ ਖਾਂ, ਨਜਾਬਤ ਖਾਂ, ਹੱਯਾਤ ਖਾਂ, ਉਮਰ ਖਾਂ ਨੂੰ ਆਪਣੀ ਫੌਜ ਵਿਚ ਭਰਤੀ ਕੀਤਾ ਸੀ। ਗੁਰੂ-ਘਰ ਨਾਲ ਨਿਤਪ੍ਰਤੀ ਜੁੜ ਰਹੀ ਸੰਗਤ, ਰਣਜੀਤ ਨਗਾਰੇ ਦੀ ਸਥਾਪਨਾ ਅਤੇ ਗੁਰੂ ਸਾਹਿਬ ਦੀ ਵਧਦੀ ਤਾਕਤ ਦੇ ਭੈ ਨੇ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਦੀ ਈਰਖਾ ਵਿਚ ਹੋਰ ਵਾਧਾ ਕਰ ਦਿੱਤਾ ਸੀ, ਜਿਸ ਕਰਕੇ ਪਾਉਂਟਾ ਸਾਹਿਬ ਤੋਂ 7-8 ਮੀਲ ਦੀ ਦੂਰੀ 'ਤੇ ਭੰਗਾਣੀ ਵਿਖੇ ਗੁਰੂ ਸਾਹਿਬ ਜੀ ਨੇ ਪਹਾੜੀ ਰਾਜਿਆਂ ਰਾਜਾ ਭੀਮ ਚੰਦ ਕਹਿਲੂਰੀਆ, ਰਾਜਾ ਹਰੀ ਚੰਦ ਜਸਵਾਲੀਆ, ਰਾਜਾ ਕ੍ਰਿਪਾਲ ਚੰਦ ਕਟੋਚੀਆ, ਰਾਜਾ ਕੇਸਰੀ ਚੰਦ ਹੰਡੂਰੀਆ,ਰਾਜਾ ਸੁਖਦਿਆਲ ਜਸਰੋਟੀਆ, ਰਾਜਾ ਪ੍ਰਿਥੀ ਚੰਦ ਢਡਵਾਲੀਆ, ਅਤੇ ਰਾਜਾ ਫਤਹ ਸ਼ਾਹ ਗੜਵਾਲੀਆ, ਨਾਲ 18 ਵੈਸਾਖ 1746 ਬਿਕ੍ਰਮੀ ਅਰਥਾਤ 15 ਅਪ੍ਰੈਲ ਸੰਨ 1689 ਈ: ਵਿਚ ਜੰਗ ਕੀਤੀ ਜੋ ਤਿੰਨ ਦਿਨ ਚੱਲੀ ਅਤੇ ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਦੋ ਸਪੁੱਤਰ ਭਾਈ ਸੰਗੋ ਸ਼ਾਹ ਅਤੇ ਭਾਈ ਜੀਤ ਮੱਲ, ਪੀਰ ਬੁੱਧੂ ਸ਼ਾਹ ਦੇ ਦੋ ਸਪੁੱਤਰ ਅਤੇ ਇੱਕ ਭਰਾ ਅਤੇ ਹੋਰ ਅਨੇਕਾਂ ਸਿੱਖ ਸ਼ਹੀਦ ਹੋਏ।

ਗੁਰੂ ਸਾਹਿਬ ਦੇ ਤੀਰਾਂ ਦੁਆਰਾ ਹੰਡੂਰ ਦੇ ਰਾਜਾ ਹਰੀ ਚੰਦ ਦੇ ਮਾਰੇ ਜਾਣ ਕਰਕੇ ਪਹਾੜੀ ਸੈਨਾ ਦੇ ਪੈਰ ਉਖੜ ਗਏ। ਇਸ ਪਹਿਲੇ ਯੁੱਧ ਵਿਚ ਜਿੱਤ ਪ੍ਰਾਪਤ ਕਰਕੇ ਗੁਰੂ ਸਾਹਿਬ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਵਾਪਸ ਆ ਗਏ। ਪਹਾੜੀ ਰਾਜਿਆਂ ਦੀਆਂ ਚਾਲਾਂ ਨੂੰ ਗੁਰੂ ਸਾਹਿਬ ਜੀ ਭਲੀ ਭਾਂਤ ਜਾਣਦੇ ਸਨ ਇਸ ਲਈ ਪਹਾੜੀ ਰਾਜਿਆਂ ਦੇ ਟਾਕਰੇ ਲਈ ਅਤੇ ਉਨ੍ਹਾਂ ਦੀਆਂ ਚਾਲਾਂ ਨੂੰ ਰੋਕਣ ਹਿੱਤ ਅਤੇ ਅਨੰਦਪੁਰ ਸਾਹਿਬ ਨੂੰ ਮਜ਼ਬੂਤ ਕਰਨ ਲਈ ਆਪ ਜੀ ਨੇ ਸੰਨ 1689 ਈ: ਵਿਚ ਅਨੰਦਪੁਰ ਸਾਹਿਬ ਦੇ ਦੁਆਲੇ ਕਵਚ ਦੇ ਰੂਪ ਵਿਚ ਪੰਜ ਮਜਬੂਤ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਫਤਿਹਗੜ੍ਹ, ਨਿਰਮੋਹਗੜ੍ਹ ਤੇ ਹੋਲਗੜ੍ਹ ਉਸਾਰੇ, ਫਿਰ ਗੁਰੂ ਸਾਹਿਬ ਜੀ ਨੇ ਪਹਾੜੀ ਰਾਜਿਆਂ ਦੀਆਂ ਲਤੀਆਂ ਨੂੰ ਮੁਆਫ ਕਰਦੇ ਹੋਏ ਅਤੇ ਉਨ੍ਹਾਂ ਦੀ ਸਹਾਇਤਾ ਹਿੱਤ ਮੁਗਲ ਸੈਨਾ ਨਾਲ ਹੁਸ਼ਿਆਰਪੁਰ ਤੋਂ ੩੫ ਮੀਲ ਦੀ ਦੂਰੀ 'ਤੇ ਬਿਆਸ ਦਰਿਆ ਦੇ ਕੰਢੇ ਨਦੌਣ ਦੇ ਪਾਸ ਸੰਮਤ 1747 ਮੁਤਾਬਕ ਸੰਨ 1690 ਦੇ ਅਖੀਰ ਵਿਚ ਯੁੱਧ ਕੀਤਾ ਅਤੇ ਮੁਗਲ ਅਲਫ ਖਾਂ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਹੁਸੈਨੀ ਦਾ ਯੁੱਧ ਜੋ ਸੰਨ 1695 ਦੇ ਕਰੀਬ ਹੁਸੈਨ ਖਾਂ ਨਾਲ ਹੋਇਆ ਸੀ, ਵਿਚ ਵੀ ਮੁਗਲਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

ਗੁਰੂ ਸਾਹਿਬ ਜੀ ਨੇ ਸਮਾਜ ਵਿੱਚੋਂ ਹਰ ਤਰ੍ਹਾਂ ਦੀ ਗਿਰਾਵਟ, ਹੀਣ ਭਾਵਨਾ, ਜਾਤ-ਪਾਤ, ਵਹਿਮਾਂ-ਭਰਮਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਹਿੱਤ,ਸਿੱਖ ਧਰਮ ਨੂੰ ਪੂਰਨਤਾ ਤਕ ਲੈ ਜਾਣ ਲਈ ਵੱਖਰਾ ਸਰੂਪ ਦੇਣ ਲਈ ਅਕਾਲ ਪੁਰਖ ਦੇ ਹੁਕਮਾਂ ਨੂੰ ਪ੍ਰਵਾਨ ਕੀਤਾ,ਕਿ ਇਸ ਤਰ੍ਹਾਂ ਦਾ ਪੰਥ ਹੋਵੇ ਜਿਸ ਵਿਚ ਸੰਤਾਂ ਜਿਹੀ ਪਵਿੱਤਰਤਾ, ਸੂਰਮਿਆਂ ਜਿਹੀ ਬੀਰਤਾ, ਜੋ ਨਿਮਾਣਿਆਂ ਦਾ ਮਾਣ ਬਣੇ, ਸੱਚੇ-ਸੁੱਚੇ ਅਸੂਲਾਂ ਦਾ ਮਾਲਿਕ ਹੋਵੇ, ਜੋ ਲੱਖਾਂ ਵਿਚ ਪਹਿਚਾਣਿਆ ਜਾ ਸਕੇ। ਇਨ੍ਹਾਂ ਸਭ ਗੱਲਾਂ ਨੂੰ ਪ੍ਰਪੱਕ ਕਰਨ ਲਈ ਗੁਰੂ ਸਾਹਿਬ ਜੀ ਨੇ 1 ਵੈਸਾਖ 1756 ਬਿਕ੍ਰਮੀ ਨੂੰ ਕੇਸਗੜ੍ਹ (ਅਨੰਦਪੁਰ ਸਾਹਿਬ ਵਿਖੇ) ਵਿਸਾਖੀ ਵਾਲੇ ਦਿਨ ਸੰਗਤਾਂ ਦਾ ਇਕੱਠ ਕੀਤਾ, ਜਿਸ ਵਿਚ ਪੰਜ ਪਿਆਰਿਆਂ ਦੀ ਚੋਣ ਕਰਕੇ ਖਾਲਸਾ ਪੰਥ ਸਾਜਿਆ, 'ਖਾਲਸਾ' ਸ਼ਬਦ ਦਾ ਅਰਥ ਹੈ ਮਿਲਾਵਟ ਤੋਂ ਰਹਿਤ ਅਤੇ ਸੱਚਾ-ਸੁੱਚਾ ਸੂਰਬੀਰ। ਸੋ ਉਨ੍ਹਾਂ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਉਨ੍ਹਾਂ ਨੂੰ 'ਸਿੰਘ' ਸ਼ਬਦ ਨਾਲ ਨਿਵਾਜਿਆ।

ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਜੋ ਸੰਨ 1701 ਈ: ਦੇ ਸ਼ੁਰੂ ਵਿਚ ਦੋ ਜਰਨੈਲਾਂ ਪੈਂਦੇ ਖਾਂ, ਦੀਨਾ ਬੇਗ ਨੇ ਮਿਲ ਕੇ ਕੀਤੀ, ਇਸ ਵਿਚ ਪੈਂਦੇ ਖਾਂ ਮਾਰਿਆ ਗਿਆ ਅਤੇ ਮੁਗਲ ਫੌਜ ਦੀ ਹਾਰ ਹੋਈ। ਦੂਜੀ ਲੜਾਈ ਨਵੰਬਰ 1701 ਵਿਚ ਪਹਾੜੀ ਰਾਜਿਆਂ ਅਤੇ ਗੁੱਜਰਾਂ ਦੇ ਸਰਦਾਰ ਜਮਤੁੱਲੇ ਨਾਲ ਹੋਈ। ਇਸ ਜੰਗ ਵਿਚ ਵੀ ਪਹਾੜੀ ਰਾਜਿਆਂ ਨੂੰ ਲੱਕ-ਤੋੜਵੀਂ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਪਿੱਛੋਂ ਨਿਰਮੋਹ (ਜੋ ਕੀਰਤਪੁਰ ਦੇ ਨਜ਼ਦੀਕ ਹੈ) ਦੀ ਜੰਗ ਵੀ ਸੰਨ 1701 ਦੇ ਅਖੀਰ ਵਿਚ ਹੋਈ ਜੋ ਪਹਾੜੀ ਰਾਜਿਆਂ ਕਹਿਲੂਰੀਆ, ਹੰਡੂਰੀਆ, ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਆਪਸ ਵਿਚ ਮਿਲੀ-ਭੁਗਤ ਦੇ ਕਾਰਨ ਹੋਈ। ਜਿੱਥੇ ਗੁਰੂ ਸਾਹਿਬ ਜੀ ਨੇ ਅਨੇਕਾਂ ਧਰਮ ਜੰਗਾਂ ਲੜੀਆਂ, ਉੱਥੇ ਚਮਕੌਰ ਸਾਹਿਬ ਦੀ ਜੰਗ ਸਿੱਖ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੀ ਹੈ। ਸਿੱਖ ਇਤਿਹਾਸ ਵਾਚਣ ਉਪਰੰਤ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਜਦੋਂ ਗੁਰੂ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਨੂੰ ਛੱਡਿਆ ਤਾਂ ਉਸ ਸਮੇਂ ਸਰਸਾ ਦੇ ਕਿਨਾਰੇ ਮੁਗਲਾਂ ਨਾਲ ਬਹੁਤ ਭਿਆਨਕ ਜੰਗ ਹੋਈ ਜਿਸ ਵਿਚ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਇੱਥੇ ਆਪ ਜੀ ਦਾ ਕਾਫਲਾ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨਾਲੋਂ ਵਿੱਛੜ ਗਿਆ, ਜਿੱਥੋਂ ਆਪ ਜੀ ਦਾ ਨੌਕਰ ਗੰਗੂ, ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ ਜੋ ਮੋਰਿੰਡੇ ਸਟੇਸ਼ਨ ਤੋਂ 3-3 ਮੀਲ 'ਤੇ ਹੈ, ਲੈ ਗਿਆ। ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਚਲੇ ਗਏ। ਗੁਰੂ ਸਾਹਿਬ ਜੀ ਥੋੜ੍ਹੇ ਜਿਹੇ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਕੋਟਲਾ ਨਿਹੰਗ ਖਾਂ ਹੁੰਦੇ ਹੋਏ ਅਗਲੇ ਦਿਨ ਚਮਕੌਰ ਸਾਹਿਬ ਪਹੁੰਚੇ। ਚਮਕੌਰ ਸਾਹਿਬ ਦੀ ਭਿਆਨਕ ਜੰਗ ਹੋਈ ਜਿਸ ਵਿਚ ਆਪ ਜੀ ਦੇ ਦੋਵਾਂ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਆਪਣੀ ਤਲਵਾਰ ਦੇ ਜੌਹਰ ਦਿਖਾਉਂਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕੀਤੀ। ਚਮਕੌਰ ਦੀ ਗੜ੍ਹੀ ਵਿਚ ਜਿਸ ਅਸਥਾਨ 'ਤੇ ਸ਼ਹੀਦ ਹੋਏ ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਉੱਥੇ ਗੁਰਦੁਆਰਾ ਕਤਲਗੜ੍ਹ ਸਾਹਿਬ ਸੁਸ਼ੋਭਿਤ ਹੈ। ਸੂਰਜ ਅਸਤ ਹੋਣ ਨਾਲ ਜਦੋਂ ਜੰਗ ਬੰਦ ਹੋਈ ਤਾਂ ਗੜ੍ਹੀ ਵਿਚ ਸਿਰਫ ਗਿਣਤੀ ਦੇ ਸਿੰਘ ਰਹਿ ਗਏ ਸਨ। ਇੰਨੀ ਥੋੜ੍ਹੀ ਗਿਣਤੀ ਵਿਚ ਹੋਣ ਦੇ ਬਾਵਜੂਦ ਸਿੰਘਾਂ ਦੇ ਹੌਸਲੇ ਬੁਲੰਦ ਸਨ। ਗੜ੍ਹੀ ਵਿਚਲੇ ਸਿੰਘਾਂ ਵਿੱਚੋਂ ਪੰਜਾਂ ਸਿੰਘਾਂ ਨੇ ਪੰਥ ਦੇ ਵਾਲੀ ਦਸਮੇਸ਼ ਗੁਰੂ ਜੀ ਨੂੰ ਚਮਕੌਰ ਦੀ ਗੜ੍ਹੀ ਛੱਡ ਜਾਣ ਦਾ ਹੁਕਮ ਦਿੱਤਾ, ਸੋ ਪੰਥ ਦਾ ਹੁਕਮ ਪ੍ਰਵਾਨ ਕਰਦੇ ਹੋਏ ਆਪ ਜੀ ਨੇ ਇੱਕ ਵੱਖਰਾ ਹੀ ਇਤਿਹਾਸ ਰਚ ਦਿੱਤਾ। ਗੁਰੂ ਸਾਹਿਬ ਨੇ ਆਪਣੀ ਜ਼ਿਗਾ ਅਤੇ ਕਲਗੀ ਆਪਣੇ ਬਚਪਨ ਦੇ ਹਮਸ਼ਕਲ ਅਤੇ ਹਮਉਮਰ ਬਾਬਾ ਸੰਗਤ ਸਿੰਘ ਦੇ ਸੀਸ 'ਤੇ ਸਜਾ ਕੇ ਅਤੇ ਬਾਬਾ ਸੰਗਤ ਸਿੰਘ ਨੂੰ ਵੈਰੀਆਂ ਨਾਲ ਡਟ ਕੇ ਮੁਕਾਬਲਾ ਕਰਨ ਅਤੇ ਜਿਉਂਦੇ-ਜੀਅ ਵੈਰੀ ਦੇ ਹੱਥ ਨਾ ਆ ਕੇ ਜੰਗ ਵਿਚ ਜੂਝਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀਣ ਦੀ ਤਾਕੀਦ ਕੀਤੀ ਅਤੇ ਜੈਕਾਰਿਆਂ ਦੀ ਗੂੰਜ ਨਾਲ ਚਮਕੌਰ ਦੀ ਗੜ੍ਹੀ ਨੂੰ ਛੱਡ ਦਿੱਤਾ ਅਤੇ ਤਿੰਨ ਸਿੰਘਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਸਮੇਤ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਮਾਛੀਵਾੜੇ ਦੀ ਧਰਤੀ 'ਤੇ ਆ ਗਏ।

ਮਾਛੀਵਾੜੇ ਦੇ ਜੰਗਲਾਂ ਵਿਚ ਆਪ ਜੀ ਨੂੰ ਦੋ ਮਸੰਦ ਭਰਾ ਭਾਈ ਗੁਲਾਬਾ ਅਤੇ ਭਾਈ ਪੰਜਾਬਾ ਮਿਲੇ। ਇਹ ਗੁਰੂ ਸਾਹਿਬ ਜੀ ਨੂੰ ਆਪਣੇ ਘਰ ਲੈ ਗਏ। ਇੱਥੇ ਹੀ ਘੋੜਿਆਂ ਦੇ ਸੌਦਾਗਰ ਨਬੀ ਖਾਂ ਅਤੇ ਗਨੀ ਖਾਂ ਆਪ ਜੀ ਨੂੰ ਮਿਲੇ। ਇੱਥੇ ਹੀ ਕੁਝ ਸਮਾਂ ਪਹਿਲਾਂ ਗੁਰੂ ਸਾਹਿਬ ਦੁਆਰਾ ਮਾਤਾ ਗੁਰਦੇਈ ਜੀ ਨੂੰ ਅਮਾਨਤ ਦੇ ਤੌਰ 'ਤੇ ਦਿੱਤੇ ਹੋਏ ਖੱਦਰ ਨੂੰ ਨਬੀ ਖਾਂ ਅਤੇ ਗਨੀ ਖਾਂ ਦੁਆਰਾ ਨੀਲੇ ਰੰਗ ਦਾ ਰੰਗਾ ਕੇ ਰਾਤੋ-ਰਾਤ ਗੁਰੂ ਸਾਹਿਬ ਜੀ ਲਈ ਚੋਲਾ ਤਿਆਰ ਕਰਵਾਇਆ ਗਿਆ, ਜਿਸ ਨੂੰ ਪਹਿਨ ਕੇ ਦਿਨ ਚੜ੍ਹਦੇ ਹੀ ਉਹ ਆਪ ਜੀ ਨੂੰ ਉੱਚ ਦੇ ਪੀਰ ਦੇ ਭੇਸ ਵਿਚ ਵੱਖ-ਵੱਖ ਪਿੰਡਾਂ ਤੋਂ ਹੁੰਦੇ ਹੋਏ ਆਲਮਗੀਰ ਵਿਖੇ ਲੈ ਆਏ, ਅਤੇ ਫਿਰ ਰਾਏ ਕੋਟ ਵਿਖੇ ਡੇਰਾ ਸੀਲੋਆਣੀ ਦੀ ਜੂਹ ਵਿਚ ਗੁਰੂ ਸਾਹਿਬ ਜੀ ਆਪਣੇ ਮੁਰੀਦ ਚੌਧਰੀ ਰਾਏ ਕੱਲ੍ਹੇ ਨੂੰ ਮਿਲੇ। ਆਪ ਨੇ ਚੌਧਰੀ ਰਾਏ ਕੱਲ੍ਹੇ ਦੇ ਨੌਕਰ, ਨੂਰੇ ਮਾਹੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਲਈ ਸਰਹੰਦ ਭੇਜਿਆ। ਨੂਰੇ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀ ਖਬਰ ਗੁਰੂ ਸਾਹਿਬ ਨੂੰ ਰੋ-ਰੋ ਕੇ ਦੱਸੀ ਕਿ ਵਜ਼ੀਰ ਖਾਂ ਦੇ ਹੁਕਮ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ ਅਤੇ ਦਾਦੀ ਮਾਂ ਵੀ ਮਾਸੂਮ ਪੋਤਰਿਆਂ ਦੀ ਸ਼ਹਾਦਤ ਨੂੰ ਪ੍ਰਵਾਨ ਚੜ੍ਹੀ ਜਾਣ ਕੇ ਅਕਾਲ ਪੁਰਖ ਦੇ ਭਾਣੇ ਵਿਚ ਸ਼ੁਕਰਾਨਾ ਕਰਦਿਆਂ ਸਰੀਰ ਛੱਡ ਗਏ ਤਾਂ ਇਹ ਸਾਰਾ ਹਾਲ ਸੁਣ ਕੇ ਉਸ ਵੇਲੇ ਗੁਰੂ ਸਾਹਿਬ ਜੀ ਨੇ ਕਿਹਾ ਕਿ "ਜ਼ਾਲਮ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ ਹੈ।"

ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਹੋ ਗਈ। ਹੁਣ ਗੁਰੂ ਸਾਹਿਬ ਜੀ ਨੇ ਆਪਣਾ ਰੁਖ਼ (ਦੱਖਣ ਵੱਲ) ਨੰਦੇੜ ਵੱਲ ਕੀਤਾ। ਆਪ ਜੀ ਮਾਧੋਦਾਸ ਨੂੰ ਮਿਲੇ। ਆਪ ਨੇ ਮਾਧੋ ਦਾਸ ਵੈਰਾਗੀ ਨੂੰ ਰਿਧੀਆਂ-ਸਿੱਧੀਆਂ ਦੇ ਮਾਰਗ ਦਾ ਤਿਆਗ ਕਰਵਾ ਕੇ ਉਸ ਨੂੰ ਗੁਰਮਤਿ ਦੇ ਸੱਚੇ-ਸੁੱਚੇ ਮਾਰਗ ਦਾ ਪਾਂਧੀ ਬਣਾਇਆ, ਉਸ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਨ ਉਪਰੰਤ ਬਾਬਾ ਬੰਦਾ ਸਿੰਘ ਦੇ ਨਾਮ ਨਾਲ ਨਿਵਾਜਿਆ ਅਤੇ ਮੁਗਲਾਂ ਨਾਲ ਟੱਕਰ ਲੈਣ ਲਈ ਖਾਲਸੇ ਦਾ ਜਥੇਦਾਰ ਥਾਪ ਕੇ ਉਸ ਨੂੰ ਬਖਸ਼ਿਸ ਵਜੋਂ ਪੰਜ ਤੀਰ, ਇੱਕ ਨਿਸ਼ਾਨ ਸਾਹਿਬ, ਇੱਕ ਨਗਾਰਾ,ਪੰਜ ਪਿਆਰੇ ਭਾਈ ਕਾਹਨ ਸਿੰਘ, ਭਾਈ ਰਣ ਸਿੰਘ, ਭਾਈ ਬਿਨੋਦ ਸਿੰਘ, ਭਾਈ ਬਾਜ ਸਿੰਘ,ਭਾਈ ਦਇਆ ਸਿੰਘ ਅਤੇ ਹੋਰ 25 ਸਿੰਘਾਂ ਦੀ ਫੌਜ ਦੇ ਕੇ ਮੁਗਲ ਹਕੂਮਤ ਨਾਲ ਟੱਕਰ ਲੈਣ ਲਈ ਪੰਜਾਬ ਵੱਲ ਰਵਾਨਾ ਕੀਤਾ। ਨੰਦੇੜ ਸਾਹਿਬ ਵਿਖੇ ਰਹਿਰਾਸ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਤੰਬੂ ਵਿਚ ਅਰਾਮ ਕਰ ਰਹੇ ਗੁਰੂ ਸਾਹਿਬ 'ਤੇ ਜਮਸ਼ੈਦ ਖਾਂ ਪਠਾਣ ਨੇ ਵਿਸ਼ਵਾਸਘਾਤ ਕਰਦੇ ਹੋਏ ਖੰਜਰ ਨਾਲ ਵਾਰ ਕੀਤਾ। ਜਮਸ਼ੈਦ ਖਾਂ ਮੌਕੇ 'ਤੇ ਹੀ ਗੁਰੂ ਸਾਹਿਬ ਜੀ ਦੀ ਤੇਗ ਦੇ ਇੱਕੋ ਵਾਰ ਨਾਲ ਖ਼ਤਮ ਹੋ ਗਿਆ ਅਤੇ ਤੰਬੂ ਦੇ ਬਾਹਰ ਖੜ੍ਹੇ ਉਸ ਦੇ ਦੂਜੇ ਪਠਾਣ ਸਾਥੀ ਗੁਲ ਖਾਂ ਨੂੰ ਗੁਰੂ ਸਾਹਿਬ ਦੇ ਸਿੰਘਾਂ ਨੇ ਚਿੱਤ ਕਰ ਦਿੱਤਾ। ਪਰ ਗੁਰੂ ਸਾਹਿਬ ਦਾ ਜ਼ਖ਼ਮ ਬਹੁਤ ਡੂੰਘਾ ਸੀ। ਤਿੰਨ-ਚਾਰ ਦਿਨਾਂ ਦੇ ਇਲਾਜ ਨਾਲ ਜ਼ਖਮ ਠੀਕ ਹੋਣ ਦੀ ਹਾਲਤ ਵਿਚ ਗੁਰੂ ਸਾਹਿਬ ਦੁਆਰਾ ਤੀਰ ਚਲਾਉਣ ਨਾਲ ਜ਼ਖ਼ਮ ਦੁਬਾਰਾ ਖੁੱਲ੍ਹ ਗਿਆ ਜਿਸ ਵਿੱਚੋਂ ਖੂਨ ਵਗਣ ਲੱਗਾ। 6 ਅਕਤੂਬਰ 1708 ਨੂੰ ਸ਼ਾਮ ਨੂੰ ਨੰਦੇੜ ਸਾਹਿਬ ਵਿਖੇ ਆਪ ਜੀ ਨੇ ਰਹਿਰਾਸ ਸਾਹਿਬ ਦਾ ਪਾਠ ਕਰਨ ਉਪਰੰਤ ਰਾਤ ਵੇਲੇ ਆਰਾਮ ਕੀਤਾ। 7 ਅਕਤੂਬਰ 1708 ਨੂੰ ਗੁਰੂ ਜੀ ਨੇ ਖਾਲਸੇ ਨੂੰ ਆਪਣੇ ਪਿਆਰ ਦਾ ਥਾਪੜਾ ਕੇ ਅਤੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਸੀਸ ਝੁਕਾ ਦਿਤਾ, ਇਸ ਤਰ੍ਹਾਂ 7 ਅਕਤੂਬਰ 1708 ਨੂੰ ਕਲਗੀਆਂ ਵਾਲੇ ਸਰਬੰਸ ਦਾਨੀ ਪਾਤਸ਼ਾਹ, ਪ੍ਰੀਤਮ ਕੇ ਦੇਸ਼ ਸੱਚਖੰਡ ਪਿਆਨਾ ਕਰ ਗਏ।

**ਪਿੰਡ ਤੇ ਡਾਕ. ਲੱਖਪੁਰ,**
**ਤਹਿ: ਫਗਵਾੜਾ, ਜ਼ਿਲ੍ਹਾ ਜਲੰਧਰ**

**ਸੰਵਾਦ**

# ਸਵਾਲ ਹੈ-ਬੱਚਿਆਂ ਦੀ ਪੜ੍ਹਾਈ 'ਚ ਮਦਦ ਕਰੀਏ ਜਾਂ ਨਾ ?

ਸਭ ਨੂੰ ਨਵਾਂ ਵਰ੍ਹਾ ਮੁਬਾਰਕ! ਉਮੀਦ ਹੈ ਕਿ ਪਰਿਵਾਰ ਤੇ ਦੋਸਤਾਂ ਸੰਗ ਤੁਸੀਂ ਬੇਫਿਕਰੀ ਨਾਲ ਛੁੱਟੀਆਂ ਮਾਣੀਆਂ ਹੋਣਗੀਆਂ। ਜਨਵਰੀ ਨਵੇਂ ਫਿਕਰ ਲੈ ਕੇ ਆਉਂਦੀ ਹੈ। ਵੱਡਿਆਂ ਲਈ ਸ਼ਾਇਦ ਵੱਡੇ ਵੱਡੇ ਕ੍ਰੈਡਿਟ ਕਾਰਡ ਬਿਲ। ਵਿਦਿਆਰਥੀਆਂ ਲਈ ਆਖਰੀ ਇਮਤਿਹਾਨ ਦੀ ਪੀੜ। ਜਦੋਂ ਸ਼ਾਇਦ ਹੈਮਲਿਟ ਜੀਵਨ ਦੇ ਅਰਥ ਜਾਣਨ ਲਈ ਉਤਸਕ ਹੋਵੇਗਾ ਇਨ੍ਹਾਂ ਸ਼ਬਦਾਂ ਨਾਲ ਕਿ ''ਹੋਵੇ ਜਾਂ ਨਾ ਹੋਵੇ'', ਸਾਰੇ ਵਿਦਿਆਰਥੀ ਜ਼ਰੂਰ ਹੀ ਉਤਸੁਕ ਹੋਣਗੇ ਕਿ ਕੀ ਇਹ ਅਗਲੇ ਦੋ ਹਫ਼ਤੇ ਆਖ਼ਰੀ ਇਮਤਿਹਾਨਾਂ ਲਈ ਤਿਆਰ ਹੋਣ ਦਾ ਸਹੀ ਸਮਾਂ ਹੈ। ਹਾਂ, ਉਨ੍ਹਾਂ ਨੂੰ ਤਿਆਰੀ ਕਰਨ ਦੀ ਲੋੜ ਹੈ। 18 ਜਨਵਰੀ, ਬੁੱਧਵਾਰ ਨੂੰ ਆਖਰੀ ਦਿਨ ਦੀਆਂ ਕਲਾਸਾਂ ਲੱਗਣਗੀਆਂ, 19 ਜਨਵਰੀ ਨੂੰ ਇਮਤਿਹਾਨ ਸ਼ੁਰੂ ਹੋਣੇ ਹਨ। ਇਮਤਿਹਾਨਾਂ ਦਾ ਪੂਰਾ ਪ੍ਰੋਗਰਾਮ ਪਤਾ ਕਰਨ ਲਈ ਕ੍ਰਿਪਾ ਕਰ ਕੇ ਆਪਣੇ ਸਕੂਲ ਜ਼ੋਨ ਨੂੰ ਲਾਗ-ਆਨ ਕਰੋ ਜਾਂ ਸਕੂਲ ਦੀ ਵੈਬਸਾਈਟ ਦੇਖੋ। ਅਸੀਂ ਇਮਤਿਹਾਨ ਦੀ ਤਿਆਰੀ ਵਿਚ ਆਪਣੇ ਬੱਚਿਆਂ ਦੀ ਕਿਵੇਂ ਸਹਾਇਤਾ ਕਰ ਸਕਦੇ ਹਾਂ? ਪਹਿਲਾਂ ਇਹ ਜਾਣੋ ਕਿ ਕਿਹੜਾ ਇਮਤਿਹਾਨ ਹੋਣਾ ਹੈ ਤੇ ਤਿਆਰੀ ਦੀ ਚੰਗੀ ਸ਼ੁਰੂਆਤ ਕਦੋਂ ਹੋਵੇਗੀ। ਆਮ ਤੌਰ 'ਤੇ ਆਪਣੇ ਬੱਚੇ ਤੋਂ ਇਹ ਪੁੱਛੋ ,''ਕੀ ਤੁਸੀਂ ਪੜ੍ਹਾਈ ਕਰ ਰਹੇ ਹੋ?'' ਅਤੇ ਇਹ ਯਕੀਨ ਕਰੋ ਕਿ ਉਹ ਢੁਕਵੀਂ ਤਰ੍ਹਾਂ ਨਾਲ ਤਸੱਲੀਬਖਸ਼ ਪੜ੍ਹਾਈ ਨਹੀਂ ਕਰ ਰਿਹਾ। ਆਮ ਤੌਰ 'ਤੇ ਸਾਡੇ ਜ਼ਿਆਦਾਘਰ ਬੱਚੇ ਆਪਣੇ ਸੌਣ ਕਮਰਿਆਂ ਵਿਚ ਆਪਣੀ ਫੇਸਬੁੱਕ 'ਤੇ ਹੋਣਗੇ। ਇਮਤਿਹਾਨ ਦੀ ਤਿਆਰੀ ਲਈ ਕੁੱਝ ਆਮ ਸੁਝਾਅ ਇਹ ਹਨ :

1. ਆਪਣੇ ਬੱਚਿਆਂ ਨੂੰ ਰਸੋਈ ਮੇਜ 'ਤੇ ਬੈਠਣ ਲਈ ਕਹੋ ਜਿਥੇ ਤੁਸੀਂ ਉਨ੍ਹਾਂ ਦੀਆਂ ਪੜ੍ਹਾਈ ਹਰਕਤਾਂ ਨੂੰ ਦੇਖ ਸਕਦੇ ਹੋ।
2. ਆਪਣੇ ਵਿਦਿਆਰਥੀ ਦੀ ਸਮਗਰੀ ਲਉ ਤੇ ਬੁਨਿਆਦੀ ਸੰਕਲਪਾਂ ਬਾਰੇ ਤੇ ਮੁੱਖ ਵਿਚਾਰਾਂ ਬਾਰੇ ਉਸ ਤੋਂ ਸਵਾਲ ਪੁੱਛੋ।
3. ਇਹ ਦੇਖਣ ਲਈ ਪੁੱਛੋ ਕਿ ਕਿਹੜੀ ਤਿਆਰੀ ਉਹ ਆਪਣੇ ਇੰਗਲਿਸ਼ ਨਿਬੰਧ ਲਈ ਕਰ ਚੁੱਕੇ ਹਨ। (ਹਰ ਵਿਦਿਆਰਥੀ ਨੇ ਘੱਟੋ ਘੱਟ ਇਕ ਆਲੋਚਨਾਤਮਕ ਲੇਖ ਲਿਖਣਾ ਹੁੰਦਾ ਹੈ।)

ਸਾਡੇ ਸਾਰੇ ਵਿਦਿਆਰਥੀਆਂ ਲਈ, ਆਖਰੀ ਇਮਤਿਹਾਨ ਦਾ ਉਨ੍ਹਾਂ ਦੇ ਕੁੱਝ ਅੰਤਿਮ ਅੰਕੜੇ ਦੇ ਹਿੱਸੇ ਵਜੋਂ ਕਾਫ਼ੀ ਯੋਗਦਾਨ ਹੁੰਦਾ ਹੈ। ਕ੍ਰਿਪਾ ਕਰ ਕੇ ਤਿਆਰੀ ਵਿਚ ਉਨ੍ਹਾਂ ਦੀ ਮਦਦ ਕਰੋ। ਅੰਤ ਵਿਚ, ਦੂਜਾ ਸਮੈਸਟਰ ਮੰਗਲਵਾਰ ਪਹਿਲੀ ਫਰਵਰੀ ਨੂੰ ਅਰੰਭ ਹੁੰਦਾ ਹੈ। ਜਨਵਰੀ ਪਿੱਛੇ ਰਹਿ ਗਿਆ, ਹੁਣੇ ਨਵੀਆਂ ਕਲਾਸਾਂ (ਸਾਡੇ ਵਿਚੋਂ ਬਹੁਤਿਆਂ ਨੂੰ) ਸ਼ੁਰੂ ਕਰਨੀਆਂ ਹੋਣਗੀਆਂ। ਇਹ ਅਕਸਰ ਸਾਡੇ ਵਿਦਿਆਰਥੀਆਂ ਨੂੰ ਪਹਿਲੇ ਸਮੈਸਟਰ ਦੇ ਚੰਗੇ ਮਾੜੇ ਨੂੰ ਜਾਣਨ ਦਾ ਮੌਕਾ ਦਿੰਦਾ ਹੈ। ਉਹ ਕਿੰਨਾ ਸੁਧਾਰ ਕਰ ਸਕਦੇ ਹਨ? ਕੀ ਤੁਸੀਂ ਜਾਣਦੇ ਹੋ ਕਿ ਸਾਡੇ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਪੜ੍ਹਾਈ ਦੀਆਂ ਆਦਤਾਂ ਬੜੀਆਂ ਕਮਜ਼ੋਰ ਹਨ। ਬਹੁਤ ਸਾਰੇ ਘਰ ਲਈ ਦਸਿਆ ਕੰਮ ਸਮੇਂ ਸਿਰ ਨਹੀਂ ਕਰਦੇ। ਅਸੀਂ ਮਾਪੇ ਸਫ਼ਲਤਾ ਕਿਸ ਤਰ੍ਹਾਂ ਯਕੀਨੀ ਬਣਾ ਸਕਦੇ ਹਾਂ? ਸਭ ਤੋਂ ਪਹਿਲਾਂ ਉਨ੍ਹਾਂ ਦੀ ਪੜ੍ਹਾਈ ਦਾ ਹਿੱਸਾ ਬਣੋ। ਪਤਾ ਕਰੋ ਕਿ ਕਿਹੜੀਆਂ ਕਲਾਸਾਂ ਲਗਾਉਂਦੇ ਹਨ। ਵੈਬਸਾਈਟ ਸਕੂਲ ਜ਼ੋਨ ਚੈਕ ਕਰੋ। ਸਵਾਲ ਪੁੱਛੋ ਅਤੇ ਆਸ ਕਰੋ ਤੁਹਾਡੇ ਬੱਚਿਆ ਨੂੰ ਸਕੂਲ ਤੋਂ ਘਰ ਲਈ ਕੰਮ ਮਿਲਿਆ ਹੈ। ਉਨ੍ਹਾਂ ਨੂੰ ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ। ਤੁਸੀਂ ਉਨ੍ਹਾਂ ਨੂੰ ਲਾਇਬ੍ਰੇਰੀ ਕਾਰਡ ਲੈ ਕੇ ਦੇ ਸਕਦੇ ਹੋ। ਮਾਪੇ-ਅਧਿਆਪਕ ਮੀਟਿੰਗਾਂ ਵਿਚ ਆਉ, ਆਪਣੇ ਬੱਚਿਆਂ ਦੇ ਅਧਿਆਪਕ ਨੂੰ ਈ-ਮੇਲ ਕਰੋ ਜਾਂ ਸਕੂਲ ਨੂੰ ਫੋਨ ਕਰੋ, ਬੱਚਿਆਂ ਦੀ ਪੜ੍ਹਾਈ ਵਿਚ ਸ਼ਾਮਲ ਹੋਣ ਦੇ ਕਈ ਤਰੀਕੇ ਹਨ। ਕੁਦਰਤੀ ਹੀ ਬੱਚੇ ਚੰਗਾ ਕਰਨਗੇ ਜੇਕਰ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਉਨ੍ਹਾਂ ਦੇ ਮਾਪਿਆਂ ਨੂੰ ਉਹ ਸਭ ਪਤਾ ਹੈ ਜੋ ਸਕੂਲ ਵਿਚ ਹੋ ਰਿਹਾ ਹੈ। ਮੈਂ ਸੋਚਦੀ ਹਾਂ ਕਿ ਸਾਡੀ ਧਾਰਨਾ ਹੈ ਕਿ ਸਾਡੇ ਬੱਚੇ ਹੁਣ ਹਾਈ ਸਕੂਲ ਵਿਚ ਹਨ ਤੇ ਉਹ ਆਪਣੇ ਸਕੂਲੀ ਜੀਵਨ ਨੂੰ ਸੰਭਾਲਣ ਯੋਗ ਹਨ। ਮੈਂ ਤੁਹਾਡੇ ਨਾਲ ਵਾਅਦਾ ਕਰਦੀ ਹਾਂ, ਕਿ ਮਾਮਲਾ ਸਿਰਫ਼ ਇਹੋ ਨਹੀਂ। ਮੈਂ ਵਿਦਿਆਰਥੀਆਂ ਤੋਂ ਖੁਲ੍ਹੇਆਮ ਸੁਣਦੀ ਹਾਂ ਕਿ ਉਨ੍ਹਾਂ ਦੇ ਮਾਪਿਆਂ ਨੂੰ ਇਸ ਬਾਰੇ ਕੋਈ ਇਲਮ ਨਹੀਂ ਕਿ ਉਨ੍ਹਾਂ ਦੇ ਅੰਕ ਕਿੰਨੇ ਆਏ ਹਨ ਤੇ ਉਹ ਕਿਸ ਤਰ੍ਹਾਂ ਦੇ ਵਿਦਿਆਰਥੀ ਹਨ। ਖੇਦ ਹੈ, ਮੈਂ ਜਾਣਦੀ ਹਾਂ ਕਿ ਇਹ ਸੱਚ ਹੈ ਕਿ ਘੱਟ ਹੀ ਮਾਪੇ ਮੇਰੇ ਨਾਲ ਹਮੇਸ਼ਾ ਸੰਪਰਕ ਕਰਦੇ ਹਨ, ਨਾ ਹੀ ਮਾਪੇ ਮੁਲਾਕਾਤ ਲਈ ਆਉਂਦੇ ਹਨ। ਮੈਂ ਅਕਸਰ ਆਪਣੇ ਆਪ ਨੂੰ ਪੁਛਦੀ ਹਾਂ ਕਿ ਕਿਉਂ ਕੁੱਝ ਵਿਦਿਆਰਥੀ ਸਹੀ ਤਰ੍ਹਾਂ ਪੜ੍ਹਾਈ ਨਹੀਂ ਕਰ ਰਹੇ, ਮੈਂ ਹੈਰਾਨ ਹਾਂ, ਕਿਉਂ ਉਨ੍ਹਾਂ ਦੇ ਮਾਪੇ ਪਰਵਾਹ ਨਹੀਂ ਕਰਦੇ? ਸਾਡੇ ਬੱਚਿਆਂ ਨੂੰ ਸਾਡੀ ਪਹਿਲਾਂ ਨਾਲੋਂ ਵੀ ਵਧੇਰੇ ਲੋੜ ਹੈ। ਮੇਰਾ ਸੱਚਾ ਵਿਸ਼ਵਾਸ ਹੈ ਕਿ ਅਸੀਂ ਆਪਣੇ ਬੱਚਿਆਂ ਲਈ 12 ਗਰੇਡ ਤੱਕ ਜ਼ੁੰਮੇਵਾਰ ਹਾਂ। ਸਾਨੂੰ ਉਨ੍ਹਾਂ ਦੀ ਪੜ੍ਹਾਈ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਸਕੂਲ ਦੀਆਂ ਉਮੀਦਾਂ ਮੁਤਾਬਿਕ ਇਸ ਦੀ ਸੂਚਨਾ ਦੇਣੀ ਚਾਹੀਦੀ ਹੈ। ਸਾਡੇ ਸਕੂਲ ਦੀ ਸਹਾਇਤਾ ਕਰਨੀ ਚਾਹੀਦੀ ਹੈ। ਸਾਡੇ ਵਿਚੋਂ ਕਿਸੇ ਲਈ ਵੀ ਇਹ ਧਾਰਨਾ ਬਣਾਉਣੀ ਕਾਫ਼ੀ ਨਹੀਂ ਕਿ ਸਾਡੇ ਬਗੈਰ ਹੀ ਉਹ ਸਭ ਕੁੱਝ ਚੰਗਾ ਕਰ ਰਹੇ ਹਨ। ਇਸ ਤਰ੍ਹਾਂ ਹੈਮਲਿਟ ਅੰਤ ਨੂੰ ਇਸ ਨਤੀਜੇ 'ਤੇ ਪਹੁੰਚਿਆ ਕਿ ''ਹੋਣ ਦਿਓ!'' ਭਾਵ ਸੰਘਰਸ਼ ਕਰਨਾ ਹੀ ਠੀਕ ਹੈ। ਸਾਡੇ ਬੱਚਿਆਂ ਦੀ ਸਫ਼ਲਤਾ ਸਾਡੇ ਲੋਕਾਂ ਉਪਰ ਹੀ ਨਿਰਭਰ ਹੈ। ਖੁਸ਼ ਰਹੋ!!


ਕੌਲੀਨ ਮਕਲੌ ਕਲਿੰਕ






ਚਿਹਰੇ | ਜਿਨ੍ਹਾਂ 'ਤੇ ਰਹਿਣਗੀਆਂ ਨਜ਼ਰਾਂ 2011 ਵਿੱਚ

# ਦਸ ਲੱਖ ਦਸਤਾਵੇਜ਼ ਸਾਹਮਣੇ ਆਉਣੇ ਬਾਕੀ ਹਨ..



## ਕਿਸੇ ਨੂੰ ਕੀ ਪਤਾ ਅਗਲਾ ਪੜਾਅ ਕਿਥੇ ਹੋਵੇ?

ਜੁਲਾਈ 2010। ਇਕ ਅਣਜਾਨ ਜਿਹੀ ਵੈਬਸਾਈਟ ਵਿਕੀਲੀਕਸ। ਅਫਗਾਨਿਸਤਾਨ ਅਤੇ ਪਾਕਿ-ਸਤਾਨ ਨਾਲ ਸਬੰਧਤ ਖੁਫੀਆ ਦਸਤਾਵੇਜ਼ ਅਫਗਾਨ ਡਾਇਰੀ ਦੇ ਨਾਮ ਨਾਲ ਜਾਰੀ ਕਰਦੀ ਹੈ। 91 ਹਜ਼ਾਰ ਅਮਰੀਕੀ ਫੌਜੀ ਦਸਤਾਵੇਜ਼ ਜਾਰੀ ਹੁੰਦਿਆਂ ਹੀ ਦੁਨੀਆ ਵਿੱਚ ਭੁਚਾਲ ਜਿਹਾ ਆ ਗਿਆ। ਅਮਰੀਕਾ ਦੇ ਮੱਥੇ 'ਤੇ ਤਿਊੜੀ ਪੈ ਜਾਂਦੀ ਹੈ। ਇਸ ਸਭ ਪਿੱਛੇ ਕੌਣ ਹੈ? ਜੁਲੀਅਨ ਅਸਾਂਜ 1971 ਵਿੱਚ ਉਤਰੀ ਆਸਟਰੇਲੀਆ ਦੇ ਕਵੀਨਸਲੈਂਡ ਵਿੱਚ ਪੈਦਾ ਹੋਇਆ। ਪਰ ਹੁਣ ਜਿਥੇ ਰੁਕ ਜਾਂਦਾ ਹੈ, ਉਸੇ ਜਗ੍ਹਾ ਨੂੰ ਘਰ ਬਣਾ ਲੈਂਦਾ ਹੈ। ਖੁਦ ਅਸਾਂਜ ਕਹਿੰਦੇ ਹਨ-'ਮੈਂ ਵਣਜਾਰਾ ਜੀਵਨ ਜਿਉਂਦਾ ਹਾਂ। ਮੇਰੇ ਦੋ ਬੈਗ ਹਮੇਸ਼ਾ ਤਿਆਰ ਰਹਿੰਦੇ ਹਨ। ਇਕ ਵਿੱਚ ਕੱਪੜੇ ਅਤੇ ਦੂਸਰੇ ਵਿੱਚ ਲੈਪਟੌਪ ਹੁੰਦਾ ਹੈ। ਇਹ ਵੀ ਪਤਾ ਨਹੀਂ ਹੁੰਦਾ ਕਿ ਮੇਰੀ ਅਗਲੀ ਮੰਜ਼ਿਲ ਕਿਥੇ ਹੋਵੇਗੀ?' ਕਹਿਣ ਨੂੰ ਤਾਂ ਉਨ੍ਹਾਂ ਨੇ ਕੰਪਿਊਟਰ ਹੈਕਿੰਗ ਤੋਂ ਸ਼ੁਰੂਆਤ ਕੀਤੀ। ਇਕ ਵਾਰ ਤਾਂ ਫੜੇ ਵੀ ਗਏ। ਪਰ ਅਸਾਂਜ ਵਰਗੇ ਲੋਕ ਜੋ ਸੋਚਦੇ ਹਨ, ਉਹ ਕਰਕੇ ਹੀ ਰਹਿੰਦੇ ਹਨ। ਵਿਕੀਲੀਕਸ ਦੀ ਸਥਾਪਨਾ ਕਰਕੇ ਉਨ੍ਹਾਂ ਨੇ ਅਜਿਹਾ ਹੀ ਕੀਤਾ। ਇਕ ਅਜਿਹੀ ਵੈਬਸਾਈਟ ਜੋ ਕੰਪਿਊਟਰ ਹੈਕ ਕਰ ਕੇ ਪ੍ਰਾਪਤ ਕੀਤੇ ਗਏ ਦਸਤਾਵੇਜ਼ਾਂ ਨੂੰ ਜਾਰੀ ਕਰੇ। ਅਸਲ ਅਰਥਾਂ ਵਿੱਚ ਜਨਹਿਤ ਵਿੱਚ ਜਾਰੀ। ਭਾਵੇਂ ਕਈ ਦੇਸ਼ਾਂ ਲਈ ਇਹ ਪ੍ਰੇਸ਼ਾਨੀ ਦਾ ਸਬੱਬ ਹੈ, ਪਰ ਜੋ ਸੱਚ ਜਾਣਨਾ ਚਾਹੁੰਦੇ ਹਨ, ਉਨ੍ਹਾਂ ਲਈ ਵਿਕੀਲੀਕਸ ਅਤੇ ਅਸਾਂਜ ਨਵੇਂ ਬਦਲ ਬਣ ਕੇ ਉਭਰੇ ਹਨ।

### ਕਿਉਂ ਰਹਿਣਗੀਆਂ ਨਜ਼ਰਾਂ

-ਅਸਾਂਜ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ 10 ਲੱਖ ਗੁਪਤ ਦਸਤਾਵੇਜ਼ ਹਨ। ਦੇਖਣਾ ਹੋਵੇਗਾ ਕਿ ਇਹ ਹੋਰ ਕਿਹੜੇ ਕਿਹੜੇ ਖੁਲਾਸੇ ਕਰਦੇ ਹਨ?

-ਆਤਮਕਥਾ ਲਿਖਣ ਵਾਲੇ ਹਨ। ਪੜ੍ਹਨ ਨਾਲੋਂ ਜ਼ਿਆਦਾ ਇਹ ਦਿਲਚਸਪ ਹੈ ਕਿ ਇਸ ਨਾਲ ਉਨ੍ਹਾਂ ਨੂੰ ਘੱਟੋ ਘਟ 15 ਲੱਖ ਡਾਲਰ ਦੀ ਕਮਾਈ ਹੋਵੇਗੀ।

-ਓਸ਼ੋ ਅਤੇ ਓਸਾਮਾ ਤੋਂ ਬਾਅਦ ਅਸਾਂਜ ਤੀਸਰੇ ਇਨਸਾਨ ਹਨ, ਜਿਸ ਤੋਂ ਅਮਰੀਕੀ ਸਰਕਾਰ ਕੰਬਦੀ ਨਜ਼ਰ ਆਈ ਹੈ।

### ਧਮਕੀਆਂ ਤੋਂ ਡਰਨਗੇ?

-ਯੌਨ ਸ਼ੋਸ਼ਣ ਵਰਗੇ ਦੋਸ਼ਾਂ ਨਾਲ ਨਜਿੱਠਣ ਦੀ ਚੁਣੌਤੀ?

-ਅਮਰੀਕਾ ਉਨ੍ਹਾਂ ਨੂੰ ਧਮਕੀ ਦੇ ਚੁੱਕਾ ਹੈ। ਕਿਵੇਂ ਨਜਿੱਠਣਗੇ?

-ਭਵਿੱਖ ਵਿੱਚ ਵਿਕੀਲੀਕਸ ਦਾ ਭੇਤ ਅਤੇ ਭਰੋਸੇਯੋਗਤਾ ਬਚਾਉਣ ਦੀ ਕੀ ਹੋਵੇਗੀ ਤਿਆਰੀ?

### ਹਰ ਕੀਮਤ 'ਤੇ ਮਦਦ ਲਈ ਤਿਆਰ

ਉਹ ਅਪਣੇ ਆਲੇ-ਦੁਆਲੇ ਇਕ ਅਜਿਹਾ ਮਾਹੌਲ ਬਣਾ ਲੈਂਦੇ ਹਨ, ਕਿ ਉਨ੍ਹਾਂ ਨਾਲ ਜੁੜੇ ਲੋਕ ਹਰ ਕੀਮਤ 'ਤੇ ਉਨ੍ਹਾਂ ਦੀ ਮਦਦ ਅਤੇ ਉਨ੍ਹਾਂ ਲਈ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ।

-ਨਿਊਯਾਰਕਰ ਮੈਗਜ਼ੀਨ

# ਕਾਂਗਰਸ ਵਿੱਚ ਉਡੀਕ ਹੈ ਸਿਰਫ ਇਕ 'ਹਾਂ' ਦੀ



ਗੱਲ ਦਸੰਬਰ 2009 ਦੀ ਹੈ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਕੈਨੇਡੀ ਹਾਲ ਵਿੱਚ ਇਕ ਵਿਦਿਆਰਥੀ ਨੇ ਰਾਹੁਲ ਗਾਂਧੀ ਤੋਂ ਪੁੱਛ ਲਿਆ ਕਿ ਦੇਸ਼ ਵਿੱਚ ਅੱਜ ਤੱਕ ਮੁਸਲਿਮ ਪ੍ਰਧਾਨ ਮੰਤਰੀ ਕਿਉਂ ਨਹੀਂ ਬਣਿਆ? ਕੋਈ ਹੋਰ ਨੇਤਾ ਹੁੰਦਾ ਤਾਂ ਗੋਲਮੋਲ ਜਵਾਬ ਦੇ ਕੇ ਟਾਲ ਜਾਂਦਾ। ਪਰ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਬੋਲੇ-'ਪੰਜ ਅਜਿਹੇ ਨੌਜਵਾਨ ਮੁਸਲਮਾਨ ਆਗੂ ਦੱਸੋ, ਜੋ ਸਿਆਸਤ ਵਿੱਚ ਸਰਗਰਮ ਹਨ। ਸਿਰਫ ਇਕ ਨਾਮ ਆ ਸਕਿਆ, ਉਮਰ ਅਬਦੁੱਲਾ। ਰਾਹੁਲ ਨੇ ਇਸਦਾ ਵੀ ਜਵਾਬ ਦਿੱਤਾ? ਪਰਿਵਾਰਕ ਪਿਛੋਕੜ ਨਾਲੋਂ ਜ਼ਿਆਦਾ ਉਨ੍ਹਾਂ ਦੀ ਇਹੀ ਸਰਗਰਮੀ, ਸਹਿਜਤਾ ਅਤੇ ਆਪਣੇਪਣ ਨੇ ਉਨ੍ਹਾਂ ਨੂੰ ਕਾਂਗਰਸ ਵਿੱਚ ਇਕ ਸੰਭਾਵੀ ਆਗੂ ਵਜੋਂ ਸਥਾਪਤ ਕਰ ਦਿੱਤਾ ਹੈ।

ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਸਰਗਰਮੀ ਜ਼ਬਰਦਸਤ ਸੀ। ਸਿਰਫ 35 ਦਿਨਾਂ ਵਿੱਚ 97 ਚੋਣ ਹਲਕਿਆਂ ਵਿੱਚ 102 ਮੀਟਿੰਗਾਂ ਨੂੰ ਸੰਬੋਧਨ ਕੀਤਾ। ਬਿਹਾਰ ਦੇ ਚੋਣ ਨਤੀਜਿਆਂ ਨੇ ਜ਼ਰੂਰ ਉਨ੍ਹਾਂ ਦੀ ਮਿਹਨਤ ਅਤੇ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਪਰ ਇਕ ਸਰਵੇਖਣ 'ਤੇ ਯਕੀਨ ਕੀਤਾ ਜਾਵੇ ਤਾਂ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸੋਨੀਆ ਗਾਂਧੀ ਨਾਲੋਂ ਵੀ ਜ਼ਿਆਦਾ ਪੰਸਦੀਦਾ ਆਗੂ ਹਨ। ਪਰ ਉਹ ਕਹਿੰਦੇ ਹਨ-'ਮੈਂ! ਹਾਲੇ ਇਸ ਲਈ ਤਿਆਰ ਨਹੀਂ ਹਾਂ।' ਰਾਹੁਲ 40 ਸਾਲ ਦੇ ਹਨ। ਇਸ ਉਮਰ ਵਿੱਚ ਉਨ੍ਹਾਂ ਦੀ ਦਾਦੀ ਕਾਂਗਰਸ ਪ੍ਰਧਾਨ ਬਣੀ ਸੀ। ਪਿਤਾ ਪ੍ਰਧਾਨ ਮੰਤਰੀ। ਉਨ੍ਹਾਂ ਨੂੰ ਵੀ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਡਾ. ਮਨਮੋਹਨ ਸਿੰਘ ਦੇ ਉਤਰਾਅਧਿਕਾਰੀ ਵਜੋਂ ਦੇਖਿਆ ਜਾ ਰਿਹਾ ਹੈ। ਕਾਂਗਰਸ ਵਿੱਚ ਇੰਤਜ਼ਾਰ ਉਨ੍ਹਾਂ ਦੀ ਹਾਂ ਦਾ ਹੈ। ਉਹ ਕਹਿੰਦੇ ਹਨ, ਮਹਿਜ਼ ਇਸ ਲਈ ਕਿ ਮੈਂ ਇਕ ਵਿਵਸਥਾ ਤੋਂ ਪੈਦਾ ਹੋਇਆ ਹਾਂ, ਇਸ ਦਾ ਅਰਥ ਇਹ ਨਹੀਂ ਕਿ ਮੈਂ ਉਸ ਨੂੰ ਬਦਲ ਨਹੀਂ ਸਕਦਾ। ਮੈਂ ਜਿਸ ਵਿਵਸਥਾ ਦੀ ਦੇਣ ਹਾਂ, ਉਸ ਨੂੰ ਬਦਲਣਾ ਅਪਣਾ ਫਰਜ਼ ਮੰਨਦਾ ਹਾਂ।

### ਕਿਉਂ ਰਹਿਣਗੀਆਂ ਨਜ਼ਰਾਂ?

-ਪੰਜ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਪ੍ਰਦਰਸ਼ਨ ਨੂੰ ਲੈ ਕੇ।

-ਮਨਮੋਹਨ ਸਿੰਘ ਕੈਬਨਿਟ ਵਿੱਚ ਜਗ੍ਹਾ ਲੈ ਸਕਦੇ ਹਨ।

-ਵਿਆਹ ਲਈ ਕਦੋਂ ਹਾਂ ਕਰਦੇ ਹਨ?

### ਚਾਪਲੂਸਾਂ ਦੀ ਚੱਲੇਗੀ?

-ਨੌਜਵਾਨਾਂ ਨੂੰ ਸੰਗਠਨ ਅਤੇ ਸਰਕਾਰ ਵਿੱਚ ਸ਼ਾਮਲ ਕਰਨ ਦੀ ਚੁਣੌਤੀ।

-ਜੀ ਹਜ਼ੂਰੀ ਵਾਲੀ ਰਵਾਇਤ ਤੋਂ ਕਿਵੇਂ ਪਾਰ ਹੋਣਗੇ?

ਰਾਹੁਲ ਆਪਣੀਆਂ ਤਮਾਮ ਸਿਆਸੀ ਵਿਵਸਥਾਵਾਂ ਦਰਮਿਆਨ ਵੀ ਕੋਈ ਨਾ ਕੋਈ ਕਿਤਾਬ ਪੜ੍ਹਦੇ ਰਹਿੰਦੇ ਹਨ। ਰੇਸਤਰਾਂ ਵਿੱਚ ਖਾਣਾ ਖਾਣ ਜਾਣ ਤਾਂ ਪ੍ਰਵੇਸ਼ ਦਰਵਾਜ਼ੇ ਵੱਲ ਪਿੱਠ ਕਰ ਕੇ ਆਖਰੀ ਮੇਜ਼ 'ਤੇ ਹੀ ਬੈਠਦੇ ਹਨ। ਅਪਣੇ ਅੰਦਾਜ਼ ਨੂੰ ਲੈ ਕੇ ਵੀ ਚਰਚਾਵਾਂ ਵਿੱਚ ਰਹਿੰਦੇ ਹਨ। ਜਿਵੇਂ ਹੁਬਲੀ ਦੀ ਇਕ ਯਾਤਰਾ ਦੌਰਾਨ ਨਾਰਾਇਣ ਮੂਰਤੀ ਦੀ ਪਤਨੀ ਸੁਧਾ ਦਾ ਬੈਗ ਚੁੱਕ ਕੇ ਬੋਲੇ 'ਤੁਸੀਂ ਮੇਰੇ ਤੋਂ ਉਮਰ ਵਿੱਚ ਵੱਡੇ ਹੋ।'

# ਕਰਨ ਲਈ ਹੈ ਬਹੁਤ ਕੁਝ ਬਜਟ ਤੋਂ ਲੈ ਕੇ ਬੰਗਾਲ ਤੱਕ

ਗੱਲ ਜਨਵਰੀ 2010 ਦੀ ਹੈ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਭਾਰਤ ਦੌਰੇ 'ਤੇ ਸੀ। ਉਨ੍ਹਾਂ ਨਾਲ ਮੁਲਾਕਾਤ ਵਿੱਚ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੂੰ ਥੋੜ੍ਹੀ ਦੇਰ ਹੋ ਗਈ। ਅਤੇ ਉਹ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪਹੁੰਚ ਨਹੀਂ ਸਕੇ। ਪ੍ਰਧਾਨ ਮੰਤਰੀ ਨੇ ਮੀਟਿੰਗ ਮੁਲਤਵੀ ਕਰ ਦਿੱਤੀ। ਤੁਹਾਨੂੰ ਪਤਾ ਲਗ ਗਿਆ ਹੋਵੇਗਾ ਕਿ ਪ੍ਰਣਬ ਮੁਖਰਜੀ ਯੂ.ਪੀ.ਏ. ਸਰਕਾਰ ਲਈ ਕੀ ਅਹਿਮੀਅਤ ਰੱਖਦੇ ਹਨ। ਰੱਖਣ ਵੀ ਕਿਉਂ ਨਾ? ਸਰਕਾਰ ਦੇ ਸੰਕਟ ਮੋਚਕ ਵੀ ਤਾਂ ਉਹੀ ਹਨ। ਮਾਮਲਾ ਭਾਵੇਂ ਸ਼ਰਮ ਅਲ ਸ਼ੇਖ ਦੀ ਨਾਕਾਮੀ ਤੋਂ ਬਾਅਦ ਸੰਸਦ ਵਿੱਚ ਬਿਆਨ ਦੇਣ ਦਾ ਹੋਵੇ, ਪਾਰਟੀ ਦੇ ਅੰਦਰੂਨੀ ਸੰਕਟ ਜਾਂ ਫੇਰ ਸਹਿਯੋਗੀ ਪਾਰਟੀਆਂ ਨੂੰ ਮਨਾਉਣ ਦੀ ਨੌਬਤ। ਸਰਕਾਰ ਨੂੰ ਹਰ ਵਾਰ ਪ੍ਰਣਬ ਹੀ ਸਹਾਰਾ ਦਿੰਦੇ ਹਨ। ਇਸੇ ਸਰਕਾਰ ਦੇ ਪਹਿਲੇ ਕਾਰਜਕਾਲ ਵਿੱਚ ਉਹ ਪਹਿਲੇ ਰੱਖਿਆ ਮੰਤਰੀ ਬਣੇ ਫੇਰ ਵਿਦੇਸ਼ ਮੰਤਰੀ ਅਤੇ ਦੂਸਰੇ ਕਾਰਜਕਾਲ ਦੌਰਾਨ ਵਿੱਤ ਮੰਤਰੀ। ਉਹ ਇੰਦਰਾ ਗਾਂਧੀ ਦੇ ਕਾਰਜਕਾਲ ਵਿੱਚ ਵੀ ਵਿੱਤ ਮੰਤਰੀ ਰਹਿ ਚੁੱਕੇ ਹਨ। ਏਨੇ ਤਜਰਬੇ ਦੀ ਬਦੌਲਤ ਹੀ ਉਹ ਈ.ਜੀ.ਓ.ਐਮ. (ਐਮਪਾਵਰਡ ਗਰੁੱਪ ਆਫ ਮਨਿਸਟਰੀ) ਦੇ ਮੁਖੀ ਹਨ। ਫੇਰ ਵੀ ਉਨ੍ਹਾਂ ਦੀਆਂ ਚੁਣੌਤੀਆਂ ਘਟ ਨਹੀਂ ਹੈ। ਇਸ ਸਾਲ ਬੰਗਾਲ ਵਿੱਚ ਚੋਣਾਂ ਹਨ। ਮਹਿੰਗਾਈ ਕਾਬੂ ਵਿੱਚ ਨਹੀਂ ਹੈ ਅਤੇ ਅੱਗੇ ਬਜਟ ਹੈ। ਸੁਣਿ-ਆ ਹੈ ਕਿ ਵਿੱਤ ਮੰਤਰੀ ਪ੍ਰਤੱਖ ਕਰ ਕਾਨੂੰਨ ਵਿੱਚ ਕੁਝ ਬਦਲਾਅ ਲਿਆਉਣ ਦੀ ਸੋਚ ਰਹੇ ਹਨ। ਸੰਭਵ ਹੈ ਇਨਕਮ ਟੈਕਸ ਸੈਟਲਮੈਂਟ ਕਮਿਸ਼ਨ ਵਿੱਚ ਅਪੀਲ ਕੀਤੀ ਜਾਣ ਵਾਲੀ ਰਕਮ ਦੀ ਹਦ ਘਟ ਕੀਤੀ ਜਾਵੇ। ਸਰਕਾਰ ਨਾਲੋਂ ਜ਼ਿਆਦਾ ਆਮ ਆਦਮੀ ਨੂੰ ਉਨ੍ਹਾਂ ਤੋਂ ਉਮੀਦਾਂ ਹਨ।

### ਕਿਉਂ ਰਹਿਣਗੀਆਂ ਨਜ਼ਰਾਂ

-ਅਗਲੇ ਬਜਟ ਵਿੱਚ ਪ੍ਰਤੱਖ ਕਰ ਕਾਨੂੰਨ ਵਿੱਚ ਕੀ ਬਦਲਾਅ ਕਰਨ ਦੀ ਯੋਜਨਾ ਹੈ?

-ਬੇਲਗਾਮ ਮਹਿੰਗਾਈ ਨੂੰ ਰੋਕਣ ਲਈ ਬਜਟ ਵਿੱਚ ਕੀ ਯਤਨ ਕਰਦੇ ਹਨ?

-ਬੰਗਾਲ ਚੋਣਾਂ ਵਿੱਚ ਕਿੰਨਾ ਜਾਦੂ ਦਿਖਾ ਸਕਦੇ ਹਨ?

ਪ੍ਰਣਬ ਹਰ ਰਾਤ ਸੌਣ ਤੋਂ ਪਹਿਲਾਂ ਦਿਨ ਭਰ ਦਾ ਬਿਓਰਾ ਡਾਇਰੀ ਵਿੱਚ ਨੋਟ ਕਰਨਾ ਨਹੀਂ ਭੁੱਲਦੇ। ਉਹ ਕੁਝ ਉਨ੍ਹਾਂ ਬਜ਼ੁਰਗ ਆਗੂਆਂ ਵਿੱਚੋਂ ਹਨ ਜੋ ਕਾਂਗਰਸ ਦੇ ਚਾਰ ਪ੍ਰਧਾਨ ਮੰਤਰੀਆਂ ਨਾਲ ਕਈ ਭੂਮਿਕਾਵਾਂ ਵਿੱਚ ਕੰਮ ਕਰ ਚੁੱਕੇ ਹਨ। ਇਮਰਜਿੰਗ ਮਾਰਕੀਟਸ ਉਨ੍ਹਾਂ ਨੂੰ ਏਸ਼ੀਆ ਦਾ ਬੇਹਤਰੀਨ ਵਿੱਤ ਮੰਤਰੀ ਦੱਸ ਚੁੱਕਾ ਹੈ।



# ਨੰਬਰ ਵੰਨ ਦੀ ਕਾਮਯਾਬੀ ਤੋਂ ਦੂਰ ਹੈ ਹਾਲੇ




ਅਗਸਤ 2008 ਵਿੱਚ ਸਾਈਨਾ ਨੇਹਵਾਲ ਬੀਜਿੰਗ ਉਲੰਪਿਕ ਚ ਮੈਚ ਹਾਰ ਕੇ ਪਰ ਦਿਲ ਜਿੱਤ ਕੇ ਦੇਸ਼ ਪਰਤੀ ਸੀ। ਦਿਲ ਇਸ ਲਈ ਕਿਉਂਕਿ ਉਹ ਦੇਸ਼ ਦੀ ਪਹਿਲੀ ਬੈਡਮਿੰਟਨ ਖਿਡਾਰੀ ਸੀ, ਜਿਸ ਨੇ ਉਲੰਪਿਕ ਵਿੱਚ ਕਵਾਟਰ ਫਾਈਨਲ ਤਕ ਦਾ ਸਫਰ ਤੈਅ ਕੀਤਾ ਸੀ। ਬਾਵਜੂਦ ਇਸ ਦੇ ਏਅਰਪੋਰਟ 'ਤੇ ਉਸ ਦੇ ਸਵਾਗਤ ਲਈ ਕੋਈ ਨਹੀਂ ਸੀ। ਪਰ ਜੂਨ 2010 ਵਿੱਚ ਜਦੋਂ ਉਹ ਇੰਡੋਨੇਸ਼ੀਆ ਓਪਨ ਦਾ ਖਿਤਾਬ ਜਿੱਤ ਕੇ ਪਰਤੀ ਤਾਂ ਉਨ੍ਹਾਂ ਲਈ ਪੂਰਾ ਹੈਦਰਾਬਾਦ ਪਲਕਾਂ ਵਿਛਾ ਕੇ ਬੈਠਾ ਸੀ। ਲੋਕ ਸਾਈਨਾ-ਸਾਈਨਾ ਦੇ ਨਾਅਰੇ ਲਗਾ ਰਹੇ ਸਨ। ਸਾਈਨਾ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਾ ਹੋਇਆ। ਦੋ ਸਾਲ ਪਹਿਲਾਂ ਜਿਸ ਜਗ੍ਹਾ ਤਿੰਨ ਲੋਕ ਵੀ ਨਹੀਂ ਸਨ, ਉਥੇ 300 ਤੋਂ ਜ਼ਿਆਦਾ ਚਾਹੁਣ ਵਾਲੇ ਇਕ ਝਲਕ ਪਾਉਣ ਲਈ ਬੇਕਰਾਰ ਸਨ। 17 ਮਾਰਚ 1990 ਨੂੰ ਹਿਸਾਰ ਵਿੱਚ ਸਾਈਨਾ ਪੈਦਾ ਹੋਈ। ਬਾਅਦ ਵਿੱਚ ਉਨ੍ਹਾਂ ਦੇ ਪਿਤਾ ਹੈਦਰਾਬਾਦ ਆ ਗਏ। 8 ਸਾਲ ਦੀ ਉਮਰ ਤੋਂ ਸਾਈਨਾ ਨੇ ਰੈਕੇਟ ਚੁੱਕ ਲਿਆ। ਖੇਡਣ ਦਾ ਜਨੂੰਨ ਅਜਿਹਾ ਹੈ ਕਿ ਪਿਛਲੇ 6 ਸਾਲਾਂ ਤੋਂ ਰੋਜ਼ਾਨਾ 8 ਘੰਟੇ ਪ੍ਰੈਕਟਿਸ ਕਰਦੀ ਹੈ। ਰਾਤ ਨੂੰ ਭਾਵੇਂ ਕਿੰਨਾ ਹੀ ਵੱਡਾ ਸਮਾਰੋਹ ਕਿਉਂ ਨਾ ਹੋਵੇ ਅਗਲੇ ਦਿਨ ਸਵੇਰੇ 6 ਵਜੇ ਪ੍ਰੈਕਟਿਸ ਕਰਨ ਅਕਾਦਮੀ ਪੁੱਜ ਜਾਂਦੀ ਹੈ। ਨਤੀਜਾ ਸਾਹਮਣੇ ਹੈ। ਸਾਈਨਾ ਨੇ 2010 ਵਿੱਚ ਤਿੰਨ ਵੱਡੇ ਟੂਰਨਾਮੈਂਟ ਮਹਿਜ਼ ਹਫਤਿਆਂ ਵਿੱਚ ਜਿੱਤੇ। ਸਾਲ ਖਤਮ ਹੁੰਦੇ ਹੁੰਦੇ ਹਾਂਗਕਾਂਗ ਓਪਨ ਵਿੱਚ ਵੀ ਤਿਰੰਗਾ ਲਹਿਰਾ ਕੇ ਵਰਲਡ ਰੈਂਕਿੰਗ ਵਿੱਚ ਨੰਬਰ ਦੋ ਬਣ ਗਈ। ਇਸ ਤੋਂ ਪਹਿਲਾਂ ਉਹ ਨੰਬਰ ਦੋ 'ਤੇ 15 ਜੁਲਾਈ 2010 ਨੂੰ ਕਾਬਜ ਹੋਈ ਸੀ। ਬਾਅਦ ਵਿੱਚ ਫਿਸਲ ਕੇ ਤੀਜੇ ਨੰਬਰ 'ਤੇ ਆ ਗਈ ਸੀ। ਮੌਜੂਦਾ ਰੈਂਕਿੰਗ ਚਾਰ ਹੈ। ਕਿਉਂਕਿ ਹਾਲੇ ਕੋਰਟ ਤੋਂ ਦੂਰ ਹੈ।

### ਕਿਉਂ ਰਹਿਣਗੀਆਂ ਨਜ਼ਰਾਂ

ਸਾਈਨਾ ਨੰਬਰ ਚਾਰ ਤੋਂ ਨੰਬਰ ਵੰਨ ਕਿਵੇਂ ਬਣਦੀ ਹੈ?

-ਸਾਈਨਾ ਭਾਰਤ ਨੂੰ ਹੋਰ ਕਿੰਨੇ ਸਨਮਾਨ ਦਿਵਾਉਂਦੀ ਹੈ?

### ਸੱਟ ਨਹੀਂ, ਚੋਟੀ ਦੀ ਚਿੰਤਾ

-ਔਡੀ ਦੀ ਸੱਟ ਤੋਂ ਪਾਰ ਜਾਣਾ। 2010 ਵਰਗੇ ਪ੍ਰਦਰਸ਼ਨ ਨੂੰ ਬਰਕਰ-ਾਰ ਰੱਖਣਾ।

-ਲੰਡਨ ਉਲੰਪਿਕ 2012 ਲਈ ਖੁਦ ਨੂੰ ਫਿੱਟ ਰੱਖਣਾ।

### ਦਾਦੀ ਦੇਖਣ ਤੱਕ ਨਹੀਂ ਆਈ ਸੀ ਮੈਨੂੰ

ਮੈਨੂੰ ਦੱਸਿਆ ਗਿਆ ਕਿ ਜਦੋਂ ਮੈਂ ਪੈਦਾ ਹੋਈ ਸੀ, ਤਾਂ ਮੇਰੀ ਦਾਦੀ ਮੈਨੂੰ ਦੇਖਣ ਲਈ ਹਸਪਤਾਲ ਨਹੀਂ ਆਈ ਸੀ। ਜਦੋਂ ਮੈਨੂੰ ਇਹ ਪਤਾ ਲੱਗਾ, ਉਸੇ ਵੇਲੇ ਅੰਦਾਜ਼ਾ ਹੋ ਗਿਆ ਸੀ ਕਿ ਮੇਰੇ ਲਈ ਚੁਣੌਤੀਆਂ ਕਿੰਨੀਆਂ ਜ਼ਿਆਦਾ ਹਨ।

-ਸਾਈਨਾ ਨੇਹਵਾਲ

# ਕ੍ਰਿਕਟ ਦਾ 'ਰੱਬ' ਹੀ ਜਾਣੇ ਬੱਲੇ ਤੋਂ ਕਦੋਂ ਬਰਸੇਗਾ ਵਰਦਾਨ

ਦਸੰਬਰ 2010 ਵਿੱਚ ਸਚਿਨ ਤੇਂਦੁਲਕਰ ਨੇ ਇਕ ਵਾਰ ਫੇਰ ਇਤਿਹਾਸ ਬਣਾਇਆ। ਪਰ ਖੇਡ ਦੇ ਮੈਦਾਨ ਤੋਂ ਬਾਹਰ। 20 ਕਰੋੜ ਦਾ ਇਸ਼ਤਿਹਾਰ ਠੁਕਰਾ ਦਿੱਤਾ। ਠੁਕਰਾਇਆ ਇਸ ਲਈ ਕਿਉਂਕਿ ਉਹ ਇਸ਼ਤਿਹਾਰ ਸ਼ਰਾਬ ਕੰਪਨੀ ਦਾ ਸੀ। ਇਹ ਉਨ੍ਹਾਂ ਆਲੋਚਕਾਂ ਨੂੰ ਦੱਸਣ ਲਈ ਕਾਫੀ ਹੋਵੇਗਾ, ਜਿਨ੍ਹਾਂ ਨੂੰ ਸਚਿਨ ਸਿਰਫ ਪੈਸੇ ਅਤੇ ਆਪਣੇ ਲਈ ਖੇਡਦੇ ਨਜ਼ਰ ਆਉਂਦੇ ਹਨ।

ਇਸੇ ਮਹੀਨੇ ਉਨ੍ਹਾਂ ਨੇ ਟੈਸਟ ਕ੍ਰਿਕਟ ਵਿੱਚ 51ਵਾਂ ਸੈਂਕੜਾ ਮਾਰਿਆ। ਦੱਖਣੀ ਅਫਰੀਕਾ ਖਿਲਾਫ ਤੀਸਰੇ ਟੈਸਟ ਵਿੱਚ। ਜਦੋਂ ਇਕ ਪਾਸੇ ਬੱਲੇਬਾਜ਼ ਖੜੇ ਹੋਣ ਲਈ ਤਿਆਰ ਨਹੀਂ ਸਨ। ਸਚਿਨ ਡਟੇ ਰਹੇ। ਸੈਂਕੜਾ ਮਾਰ ਦਿੱਤਾ। ਹਾਲਾਂਕਿ ਆਲੋਚਕਾਂ ਦੇ ਫੇਰ ਤੋਂ ਉਹੀ ਦੋਸ਼ ਕਿ ਅਪਣੇ ਲਈ ਖੇਡੇ। ਪਰ ਕਹਿੰਦੇ ਹਨ ਕਿ ਜੋ ਜ਼ਿੰਦਾ ਹੈ, ਨਿੰਦਾ ਉਸੇ ਦੀ ਹੁੰਦੀ ਹੈ। ਜੇਕਰ ਨਿੰਦਾ ਦੀ ਪ੍ਰਵਾਹ ਕਰਦੇ ਤਾਂ ਗਵਾਲੀਅਰ ਵਿੱਚ ਇਸ ਸਾਲ ਇਕ ਰੋਜ਼ਾ ਕ੍ਰਿਕਟ ਵਿੱਚ 200 ਰਨ ਨਹੀਂ ਬਣਾ ਪਾਉਂਦੇ। ਉਹ ਵਨਡੇ ਵਿੱਚ ਹੁਣ ਤਕ 46 ਸੈਂਕੜੇ ਮਾਰ ਚੁੱਕੇ ਹਨ। ਭਾਵ, ਕੁੱਲ 97 ਕੌਮਾਂਤਰੀ ਸੈਂਕੜੇ। 2011 ਵਿੱਚ ਕਈ ਰਿਕਾਰਡ ਉਨ੍ਹਾਂ ਦੀ ਉਡੀਕ ਵਿੱਚ ਹਨ।

### ਕਿਉਂ ਰਹਿਣਗੀਆਂ ਨਜ਼ਰਾਂ

-ਅਗਲੇ ਸਾਲ ਤੱਕ ਖੁਦ ਨੂੰ ਫਿੱਟ ਰੱਖਣਾ।

-ਹਾਲੇ ਵੀ ਸਿੱਧ ਕਰਨਾ ਕਿ ਉਨ੍ਹਾਂ ਦਾ ਬੱਲਾ ਮੁਸ਼ਕਲ ਸਮੇਂ ਵੀ ਚੱਲਦਾ ਹੈ।

-ਉਨ੍ਹਾਂ ਦੀ ਮੌਜੂਦਗੀ ਵਿੱਚ ਭਾਰਤ ਵਿਸ਼ਵ ਕੱਪ ਜਿੱਤੇ।

**ਥੀਏਟਰ ਜਾ ਕੇ ਦੇਖਣਾ ਚਾਹਾਂਗੇ**

ਸਚਿਨ ਦੀ 200 ਰਨਾਂ ਦੀ ਪਾਰੀ ਏਨੀ ਸ਼ਾਨਦਾਰ ਹੈ ਕਿ ਮੈਂ ਇਸ ਨੂੰ 200ਵਾਰ ਦੇਖ ਚੁੱਕਾ ਹਾਂ। ਹੁਣ ਵੀ ਮੈਂ ਇਸ ਨੂੰ ਥੀਏਟਰ ਵਿੱਚ ਟਿਕਟ ਖਰੀਦ ਕੇ ਦੇਖ ਸਕਦਾ ਹਾਂ।

**-ਵਰਿੰਦਰ ਸਹਿਵਾਗ**




**ਇਹ ਸਚਿਨ ਦੀ ਬੇਹਤਰੀਨ ਕਾਮਯਾਬੀਆਂ ਦਾ ਹੀ ਨਤੀਜਾ ਹੈ ਕਿ ਇਕ ਸਰਵੇਖਣ ਵਿੱਚ ਜ਼ਿਆਦਾਤਰ ਆਸਟਰੇਲੀਆਈਆਂ ਨੇ ਮੰਨਿਆ ਕਿ ਸਚਿਨ ਤੇਂਦੁਲਕਰ ਬ੍ਰੈਡਮੇਨ ਤੋਂ ਵੀ ਮਹਾਨ ਖਿਡਾਰੀ ਹਨ।**

# ਟਾਟਾ ਦੇ 'ਰਤਨ' ਦੀ ਥਾਂ ਚਮਕੇਗਾ ਕਿਹੜਾ 'ਨਗੀਨਾ'

ਗੱਲ ਨਵੰਬਰ 2010 ਦੀ ਹੈ। ਟਾਟਾ ਸਮੂਹ ਦੇ ਚੇਅਰਮੈਨ ਰਤਨ ਟਾਟਾ ਨੇ ਕਿਹਾ ਕਿ ਏਅਰਲਾਈਨ ਸ਼ੁਰੂ ਕਰਨ ਲਈ ਉਨ੍ਹਾਂ ਤੋਂ 15 ਕਰੋੜ ਰੁਪਏ ਦੀ ਰਿਸ਼ਵਤ ਮੰਗੀ ਗਈ ਸੀ। ਜੇਕਰ ਰਿਸ਼ਵਤ ਦਿੱਤੀ ਹੁੰਦੀ ਤਾਂ ਉਹ ਸੌਂ ਨਹੀਂ ਸਕਦੇ ਸਨ। ਹੁਣ ਰਿਸ਼ਵਤ ਦੀ ਰਕਮ ਭੁੱਲ ਜਾਓ ਅਤੇ ਯਾਦ ਰੱਖੋ ਕਿ ਰਿਸ਼ਵਤ ਮੰਗੀ ਕਿਸ ਕੋਲੋਂ ਗਈ। ਜ਼ਾਹਰ ਹੈ ਹੰਗਾਮਾ ਹੋਣਾ ਹੀ ਸੀ। ਹੋਇਆ ਵੀ। ਹਾਲਾਂਕਿ ਠੀਕ ਇਸ ਤੋਂ ਬਾਅਦ ਰਾਡੀਆ ਦੇ ਟੇਪ ਉਜਾਗਰ ਹੋਣ ਨਾਲ ਰਤਨ ਦੂਸਰੇ ਹੀ ਵਿਵਾਦਾਂ ਵਿੱਚ ਘਿਰ ਗਏ।

ਦੇਸ਼ ਵਿੱਚ ਟਾਟਾ ਦੇ ਨਾਮ ਦੀ ਤਾਕਤ ਅਤੇ ਰਸੂਖ ਤੋਂ ਸਾਰੇ ਵਾਕਫ਼ ਹਨ। ਇਸ ਲਈ ਜਦੋਂ ਉਨ੍ਹਾਂ ਨੇ ਪੱਛਮੀ ਬੰਗਾਲ ਤੋਂ ਨੈਨੋ ਦਾ ਪਲਾਂਟ ਕਿਸੇ ਦੂਸਰੇ ਰਾਜ ਵਿੱਚ ਲਿਜਾਣਾ ਚਾਹਿਆ ਤਾਂ ਕਈ ਰਾਜਾਂ ਦੇ ਮੁੱਖ ਮੰਤਰੀ ਕਤਾਰ ਵਿੱਚ ਖੜੇ ਹੋ ਗਏ। ਲੈਂਡ ਰੋਵਰ, ਜਗੁਆਰ ਅਤੇ ਕੋਰਸ ਖਰੀਦਣ ਦਾ ਮਾਮਲਾ ਹੋਵੇ ਜਾਂ ਫੇਰ ਰਾਡੀਆ ਨਾਲ ਗੱਲਬਾਤ ਦਾ ਟੇਪ ਹੋਵੇ। ਟਾਟਾ ਸੁਰਖੀਆਂ ਵਿੱਚ ਰਹੇ। ਸੁਰਖੀਆਂ ਅਗਸਤ 2010 ਵਿੱਚ ਵੀ ਬਣੀਆਂ ਸਨ, ਜਦੋਂ ਉਨ੍ਹਾਂ ਨੇ ਆਪਣੀ ਸੇਵਾਮੁਕਤੀ ਦਾ ਐਲਾਨ ਕੀਤਾ ਸੀ। ਸੁਰਖੀਆਂ 1991 ਵਿੱਚ ਵੀ ਬਣੀਆਂ ਸਨ, ਜਦੋਂ 28 ਦਸੰਬਰ 1937 ਨੂੰ ਜਨਮੇ ਰਤਨ ਨਵਲ ਟਾਟਾ ਨੂੰ ਜੇ.ਆਰ.ਡੀ. ਟਾਟਾ ਨੇ ਟਾਟਾ ਸਮੂਹ ਦਾ ਮੁਖੀ ਬਣਾਇਆ ਗਿਆ ਸੀ। ਅੱਜ ਉਹਨਾਂ ਦੀਆਂ 90 ਕੰਪਨੀਆਂ ਵਿੱਚ 3.6 ਲੱਖ ਕਰਮਚਾਰੀ ਕੰਮ ਕਰਦੇ ਹਨ। ਦੁਨੀਆ ਵਿੱਚ ਛੇ ਮਹਾਂਦੀਪਾਂ ਵਿੱਚ ਟਾਟਾ ਦਾ ਕਾਰੋਬਾਰ ਫਾਲਿਆ ਹੋਇਆ ਹੈ, 23 ਲੱਖ ਸ਼ੇਅਰ ਹੋਲਡਰਾਂ ਦੇ ਭਰੋਸੇ।

### ਕਿਉਂ ਰਹਿਣਗੀਆਂ ਨਜ਼ਰਾਂ

-ਅਗਲੇ ਸਾਲ ਰਿਟਾਇਰ ਹੋਣਗੇ, ਸਮੂਹ ਵਿੱਚ ਉਨ੍ਹਾਂ ਦਾ ਵਾਰਸ ਕੌਣ ਹੋਵੇਗਾ?

-ਸੇਵਾਮੁਕਤੀ ਤੋਂ ਬਾਅਦ ਖੁਦ ਕਿਸ ਭੂਮਿਕਾ ਵਿੱਚ ਸਾਹਮਣੇ ਆਉਣਗੇ?

-2ਜੀ ਸਪੈਕਟਰਮ ਵਿੱਚ ਜਾਂਚ ਬਾਅਦ ਕੀ ਰੁਖ ਹੋਵੇਗਾ?

### ਟੇਪਾਂ ਨਾਲ ਨਜਿੱਠਣਾ ਬਾਕੀ

-ਰਾਡੀਆ ਨਾਲ ਗੱਲਬਾਤ ਦੇ ਟੇਪ ਕਾਂਡ ਨਾਲ ਕਿਵੇਂ ਨਜਿੱਠਣਗੇ।



**ਰਤਨ ਟਾਟਾ ਨੇ ਜਦੋਂ ਕੰਪਨੀ ਦੀ ਕਮਾਂਡ ਸੰਭਾਲੀ ਤਾਂ ਸਮੂਹ ਦੀ ਸੰਪਤੀ 8553 ਕਰੋੜ ਰੁਪਏ ਸੀ। 2009 ਤੱਕ ਕੰਪਨੀ ਦਾ ਸਾਮਰਾਜ 40 ਗੁਣਾ ਵਧ ਕੇ 3.50 ਲੱਖ ਕਰੋੜ ਹੋ ਗਿਆ। ਸਮੂਹ ਦੀ ਸੰਪਤੀ 51 ਅਰਬ ਡਾਲਰ ਦੇ ਪਾਰ ਜਾ ਚੁੱਕੀ ਹੈ। 2003 ਵਿੱਚ ਪਹਿਲੀ ਵਾਰ ਨੈਨੋ ਪ੍ਰਾਜੈਕਟ ਬਾਰੇ ਸੋਚਿਆ।**

**ਜਿਥੇ ਸਾਰਿਆਂ ਲਈ ਬਰਾਬਰ ਦੇ ਮੌਕੇ ਹੋਣ**

ਮੈਨੂੰ ਆਪਣੇ ਦੇਸ਼ 'ਤੇ ਮਾਣ ਹੈ। ਪਰ ਇਸ ਨੂੰ ਇਕ ਕਰਨ ਲਈ ਸਾਨੂੰ ਇਸਨੂੰ ਫਿਰਕੂ ਅਤੇ ਜਾਤੀਆਂ ਦੇ ਬੰਧਨ ਤੋਂ ਮੁਕਤ ਕਰਨਾ ਹੋਵੇਗਾ। ਸਾਨੂੰ ਅਜਿਹੇ ਭਾਰਤ ਦਾ ਨਿਰਮਾਣ ਕਰਨਾ ਹੋਵੇਗਾ, ਜਿਥੇ ਸਾਰਿਆਂ ਲਈ ਬਰਾਬਰ ਦੇ ਮੌਕੇ ਹੋਣ।

**-ਰਤਨ ਟਾਟਾ**

# 26 ਸਾਲ ਦੀ ਉਮਰ ਵਿੱਚ 55 ਕਰੋੜ ਲੋਕਾਂ ਤੱਕ ਲੈ ਗਏ ਫੇਸ ਬੁੱਕ

ਅਮਰੀਕਾ ਵਿੱਚ ਹਾਵਰਡ ਦੇ 19 ਸਾਲਾ ਵਿਦਿਆਰਥੀ ਮਾਰਕ ਜਕਰਬਰਗ ਨੇ ਆਪਣੇ ਹਾਸਟਲ ਦੇ ਕਮਰੇ ਤੋਂ ਇਕ ਵੈਬ ਸਰਵਿਸ ਸ਼ੁਰੂ ਕੀਤੀ ਸੀ। ਇਹ ਫਰਵਰੀ 2004 ਦੀ ਗੱਲ ਹੈ। ਨਾਮ ਦਿੱਤਾ ਫੇਸਬੁੱਕ ਡਾਟ ਕਾਮ। ਇਸ ਸ਼ੁਰੂਆਤ ਵਿੱਚ ਉਸ ਦੇ ਤਿੰਨ ਸਾਥੀ ਵੀ ਸ਼ਾਮਲ ਸਨ। ਇਕ ਛੋਟੇ ਜਿਹੇ ਕਮਰੇ ਤੋਂ ਸ਼ੁਰੂ ਹੋਈ ਇਸ ਸੋਸ਼ਲ ਨੈਟਵਰਕਿੰਗ ਸਾਈਟ 'ਤੇ ਅੱਜ 550 ਮਿਲੀਅਨ (55 ਕਰੋੜ) ਲੋਕ ਜੁੜੇ ਹੋਏ ਹਨ। ਪਿਛਲੇ 6 ਮਹੀਨਿਆਂ ਵਿੱਚ 56 ਫੀਸਦੀ ਦੀ ਦਰ ਤੋਂ ਵਧ ਕੇ ਇਸ ਕੰਪਨੀ ਦੀ ਕੀਮਤ 41 ਅਰਬ ਡਾਲਰ ਨਾਲੋਂ ਜ਼ਿਆਦਾ ਹੋ ਚੁੱਕੀ ਹੈ। 1984 ਵਿੱਚ ਜਨਮੇ ਜਕਰਬਰਗ ਦੀ ਸਫਲਤਾ ਦੇ ਅੰਕੜੇ ਹੋਰ ਵੀ ਰੋਚਕ ਹਨ। ਦੁਨੀਆ ਵਿੱਚ ਹਰ12 ਵਿਅਕਤੀਆਂ ਵਿਚੋਂ ਇਕ ਫੇਸਬੁੱਕ ਦਾ ਮੈਂਬਰ ਹੈ। ਦੁਨੀਆ ਵਿੱਚ 1.50 ਲੱਖ ਲੋਕ ਰੋਜ਼ਾਨਾ ਇਸ ਨਾਲ ਜੁੜ ਰਹੇ ਹਨ। ਇਹ ਮਾਈਸਪੇਸ ਨਾਲੋਂ ਤਿੰਨ ਗੁਣਾ ਜ਼ਿਆਦਾ ਹੈ। ਇੰਗਲਿਸ਼ ਨਾਲ ਸ਼ੁਰੂ ਹੋਈ ਇਹ ਵੈਬਸਾਈਟ ਅੱਜ 75 ਭਾਸ਼ਾਵਾਂ ਵਿੱਚ ਚੱਲ ਰਹੀ ਹੈ। ਭਾਰਤ ਵਿੱਚ ਹਿੰਦੀ ਤੋਂ ਇਲਾਵਾ ਇਹ ਬੰਗਾਲੀ, ਪੰਜਾਬੀ, ਤਮਿਲ, ਤੇਲਗੂ ਅਤੇ ਮਲਿਆਲਮ ਵਿੱਚ ਮੁਹੱਈਆ ਹੈ। ਅਮਰੀਕਾ ਦੇ 50 ਫੀਸਦੀ ਲੋਕ ਫੇਸਬੁੱਕ 'ਤੇ ਹਨ। ਭਾਰਤ ਵੀ ਇਸ ਵਿੱਚ ਪਿਛੇ ਨਹੀਂ ਹੈ। ਇਥੇ ਵੀ ਇਕ ਕਰੋੜ ਨਾਲੋਂ ਜ਼ਿਆਦਾ ਫੇਸਬੁੱਕ ਯੂਜਰਜ਼ ਹਨ। ਦੁਨੀਆ ਦੇ ਸਭ ਨਾਲੋਂ ਘਟ ਉਮਰ ਦੇ ਅਰਬਪਤੀ ਬਣਨ ਵਾਲੇ ਜਕਰਬਰਗ ਦਰਿਆਦਿਲ ਵੀ ਬੜੇ ਹਨ। ਉਹ ਅਪਣੀ ਅੱਧੀ ਸੰਪਤੀ ਦਾਨ ਕਰਨ ਦਾ ਐਲਾਨ ਕਰ ਚੁੱਕੇ ਹਨ।

### ਕਿਉਂ ਰਹਿਣਗੀਆਂ ਨਜ਼ਰਾਂ

-ਕੀ ਫੇਸਬੁੱਕ 'ਤੇ ਯੂਜਰਜ਼ ਦਾ ਅੰਕੜਾ ਇਕ ਅਰਬ ਨੂੰ ਪਾਰ ਕਰੇਗਾ?

-ਅਪਣੀ 6.9 ਬਿਲੀਅਨ ਵਿੱਚੋਂ ਅੱਧੀ ਸੰਪਤੀ ਮਨੁੱਖੀ ਸੇਵਾ ਦੇ ਕਿਹੜੇ ਕੰਮਾਂ ਵਿੱਚ ਲਾਉਂਦੇ ਹਨ?

ਦਾਅਵੇ ਵਿੱਚ ਕਿੰਨਾ ਦਮ ਹੈ?

-ਚੀਨ ਅਤੇ ਪਾਕਿਸਤਾਨ ਵਿੱਚ ਫੇਸਬੁੱਕ ਨੂੰ ਕਿਸ ਤਰ੍ਹਾਂ ਮਨਜ਼ੂਰੀ ਦਿਵਾ ਸਕਦੇ ਹਨ।

-ਸੈਨ ਫ੍ਰਾਂਸਿਸਕੋ ਦੇ ਜੌੜੇ ਭਰਾਵਾਂ ਦਾ ਦੋਸ਼ ਹੈ ਕਿ ਫੇਸਬੁੱਕ ਉਨ੍ਹਾਂ ਦਾ ਸੀ।




**ਸੋਸ਼ਲ ਯੂਟੀਲਿਟੀ ਸਾਈਟ ਕਹੋ**

ਫੇਸਬੁੱਕ ਨੂੰ ਸੋਸ਼ਲ ਨੈਟਵਰਕਿੰਗ ਸਾਈਟ ਦੇ ਮੁਕਾਬਲੇ ਸੋਸ਼ਲ ਯੂਟੀਲਿਟੀ ਸਾਈਟ ਕਹਿਣਾ ਜ਼ਿਆਦਾ ਬੇਹਤਰ ਹਵੇਗਾ। ਇਥੇ ਤੁਸੀਂ ਅਪਣੀ ਇਕ ਸਮੱਸਿਆ ਰੱਖੋ, ਤੁਹਾਨੂੰ ਸੈਂਕੜੇ ਹੱਲ ਮਿਲਣਗੇ।

**-ਮਾਰਕ ਜ਼ੁਕਰਬਰਗ**

**ਮਾਰਕ ਦੀ ਸੋਸ਼ਲ ਨੈਟਵਰਕਿੰਗ ਸਾਈਟ ਦੇ ਨਾਮ ਨਾਲ ਹਾਲੀਵੁੱਡ ਵਿੱਚ ਫਿਲਮ ਬਣ ਚੁੱਕੀ ਹੈ। ਫੇਸਬੁੱਕ 41.2 ਅਰਬ ਡਾਲਰ ਦੀ ਕੰਪਨੀ ਬਣ ਚੁੱਕੀ ਹੈ, ਪਰ ਇਸ ਦਾ ਆਈ.ਪੀ.ਓ. ਨਹੀਂ ਆਇਆ ਹੈ। ਫੇਸਬੁੱਕ ਇਕ ਫਨ ਸਾਈਟ ਵਜੋਂ ਸ਼ੁਰੂ ਹੋਈ ਸੀ। ਇਸ ਵਿੱਚ ਲੜਕੇ ਲੜਕੀਆਂ ਦੀਆਂ ਤਸਵੀਰਾਂ ਬਾਰੇ ਅੰਦਾਜ਼ਾ ਲਾਇਆ ਜਾਂਦਾ ਸੀ। ਇਸ ਤੋਂ ਬਾਅਦ ਉਸ ਦੀ ਰੈਂਕਿੰਗ ਤੈਅ ਹੁੰਦੀ ਸੀ।**

# ਮਾਈਕਰੋ ਫਾਈਨਾਂਸ ਦਾ ਜਾਲ

**ਮਾਈਕਰੋਫਾਈਨਾਂਸ ਮਾਡਲ ਦਾ ਤਾਣਾ-ਬਾਣਾ ਦੇਸ਼ ਅੰਦਰ ਤੰਦੂਆ ਜਾਲ ਵਾਂਗ ਫੈਲਿਆ ਹੋਇਆ ਹੈ। ਮਾਈਕਰੋ ਫਾਈਨਾਂਸ ਸੰਸਥਾਵਾਂ MFIs (ਐਮ ਐਫ ਆਈਜ਼) ਦੀ ਅੰਨ੍ਹੀ ਮੁਨਾਫ਼ਾਖੋਰ ਬਿਰਤੀ ਅਤੇ ਨਾਦਰਸ਼ਾਹੀ (Wild) ਕਾਰਜਸ਼ੈਲੀ ਦੇ ਬੜੇ ਘਾਤਕ ਨਤੀਜੇ ਸਾਹਮਣੇ ਆ ਰਹੇ ਹਨ। ਆਂਧਰਾ ਪ੍ਰਦੇਸ਼ ਦੇ ਇਹਨਾਂ ਦੁਆਰਾ ਸਤਾਏ ਹੋਏ 60 ਤੋਂ ਵੱਧ ਗਰੀਬ ਕਿਸਾਨਾਂ ਨੇ ਪਿੱਛੇ ਜਿਹੇ ਖੁਦਕਸ਼ੀ ਵੀ ਕਰ ਲਈ। ਕਰਜ਼ਿਆਂ ਦੀ ਮੌਜੂਦਾ ਕਾਰਜ ਪ੍ਰਣਾਲੀ ਤੇ ਇਸ ਦੇ ਗਰੀਬ ਲੋਕਾਂ ਉਪਰ ਪੈ ਰਹੇ ਦੁਰ-ਪ੍ਰਭਾਵ ਨੂੰ ਸਮਝਣ ਲਈ ਇਹ ਲੇਖ 'ਨਵੀਂ ਦੁਨੀਆ' ਦੇ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ।**

ਸੰਪਾਦਕ

ਕਵਲਜੀਤ ਸਿੰਘ

ਆਂਧਰਾ ਪ੍ਰਦੇਸ਼ ਦੇ 60 ਨਿਰਧਨ ਕਰਜ਼ਾਈ ਕਿਸਾਨਾਂ ਦੁਆਰਾ ਕੀਤੀਆਂ ਖ਼ੁਦਕੁਸ਼ੀਆਂ ਨੇ ਮਾਈਕਰੋ ਫਾਈਨਾਂਸ ਸੰਸਥਾਵਾਂ ਦੇ ਕੰਮ-ਕਾਜ ਨੂੰ ਜਨਤਕ ਜਾਂਚ ਦੇ ਘੇਰੇ 'ਚ ਲੈ ਆਂਦਾ ਹੈ। ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਨੇ ਚੰਗੀ ਤਰ੍ਹਾਂ ਪ੍ਰਮਾਣਿਤ ਕੀਤਾ ਹੈ ਕਿ ਇਨ੍ਹਾਂ ਕਰਜ਼ਾਈ ਕਿਸਾਨਾਂ ਤੋਂ ਕਰਜ਼ਾ ਵਸੂਲੀ ਲਈ ਵਪਾਰਕ ਐਮ. ਐਫ. ਆਈ (MFIs) ਨੇ ਦਮਨਕਾਰੀ ਢੰਗ ਇਸਤੇਮਾਲ ਕੀਤੇ। ਵਪਾਰਕ ਐਮ.ਐਫ.ਆਈਜ਼. ਭਾਰਤ ਵਿਚ ਗੈਰ ਬੈਂਕ ਵਿੱਤੀ ਕਾਰਪੋਰੇਸ਼ਨਾਂ ਵਜੋਂ ਮੁਨਾਫ਼ਾ ਕਮਾਉਣ ਦਾ ਕੰਮ ਕਰਦੀਆਂ ਹਨ।

ਖੁਦਕੁਸ਼ੀਆਂ ਦੀਆਂ ਜ਼ਿਆਦਾਤਰ ਘਟਨਾਵਾਂ ਆਂਧਰਾ ਪ੍ਰਦੇਸ਼ ਦੇ ਵਾਰੰਗਲ ਜ਼ਿਲ੍ਹੇ ਵਿਚ ਵਪਾਰੀਆਂ ਅਤੇ ਐਸ.ਕੇ.ਐਸ. ਮਾਈਕਰੋ ਫਾਈਨਾਂਸ ਦੇ 17 ਕਰਜ਼ਾਈ ਉਹਨਾਂ ਵਿਚੋਂ ਸਨ, ਜਿਨ੍ਹਾਂ ਨੇ ਰਿਪੋਰਟ ਅਨੁਸਾਰ ਖੁਦਕੁਸ਼ੀ ਕੀਤੀ। ਪਿਛਲੇ ਕੁਝ ਮਹੀਨਿਆਂ ਤੋਂ ਐਸ.ਕੇ.ਐਸ. ਮਾਈਕਰੋ ਵਿੱਤੀ ਕੰਪਨੀ (ਭਾਰਤ ਦੀ ਸਭ ਤੋਂ ਵੱਡੀ ਵਪਾਰਕ ਐਮ.ਐਫ.ਆਈ) ਸੁਰਖੀਆਂ ਵਿਚ ਹੈ। ਅਗਸਤ 2010 ਵਿਚ ਭਾਰਤ 'ਤੋਂ ਜਨਤਕ ਨਿਵੇਸ਼ ਰਾਹੀ (IPO) ਇਸ ਨੇ 380 ਮਿਲੀਅਨ ਡਾਲਰ ਦੇ ਕਰੀਬ ਉਠਾਏ, ਅਜਿਹਾ ਕਰਨ ਵਾਲੀ ਇਹ ਪਹਿਲੀ ਭਾਰਤੀ ਐਮ.ਐਫ.ਆਈ. ਸੀ। ਆਈ.ਪੀ.ਓ., ਪ੍ਰਮੋਟਰਾਂ ਅਤੇ ਐਸ.ਕੇ.ਐਸ. ਦੇ ਨਿੱਜੀ ਸ਼ੇਅਰ ਨਿਵੇਸ਼ਕਾਂ ਦੇ ਸਦਕੇ ਜਾਈਏ ਜਿਹੜੇ ਕਰੋੜਾਂਪਤੀ ਬਣ ਗਏ ਜਦੋਂ ਕਿ ਉਹਨਾਂ ਤੋਂ ਉਧਾਰ ਚੁੱਕਣ ਵਾਲੇ ਬੁਰੀ ਤਰ੍ਹਾਂ ਗਰੀਬ ਬਣ ਰਹੇ ਹਨ। ਅਕਤੂਬਰ ਵਿਚ, ਐਸ.ਕੇ.ਐਸ. ਦੇ ਸੀ ਈ ਓ ਸੁਰੇਸ਼ ਗੁਮਾਨੀ ਨੂੰ ਅਚਾਨਕ ਹਟਾਏ ਜਾਣ 'ਤੇ ਕੰਪਨੀ ਦੀਆਂ ਵੱਡੀਆਂ ਸਮਸਿਆਵਾਂ ਬਾਰੇ ਚਿੰਤਾਵਾਂ ਉਭਰੀਆਂ।

### ਆਰਡੀਨੈਂਸ

ਕਰਜ਼ਾਈ ਕਿਸਾਨਾਂ ਦੀਆਂ ਖੁਦਕੁਸ਼ੀਆਂ 'ਤੇ ਚਿੰਤਾ ਜ਼ਾਹਰ ਕਰਦਿਆਂ, ਆਂਧਰਾ ਪ੍ਰਦੇਸ਼ ਸਰਕਾਰ ਨੇ ਮਾਈਕਰੋ ਫਾਈਨਾਂਸ ਦੀ ਨਾਦਰਸ਼ਾਹੀ ਦੀਆਂ ਲਗਾਮਾਂ ਕੱਸਣ ਲਈ ਇਕ ਆਰਡੀਨੈਂਸ (ਆਂਧਰਾ ਪ੍ਰਦੇਸ਼ ਮਾਈਕਰੋ ਫਾਈਨਲ ਇੰਸਟੀਚਿਊਟਜ਼ (ਰੈਗੂਲਰ ਆਫ ਮਨੀ ਲੈਂਡਿੰਗ) ਆਰਡੀਨੈਂਸ, 2010) ਜਾਰੀ ਕੀਤਾ। ਵਪਾਰਕ ਮਾਈਕਰੋ ਵਿੱਤੀ ਸਨਅਤ ਨੂੰ ਆਰਡੀਨੈਂਸ ਦੇ ਜਾਰੀ ਹੋਣ ਨਾਲ ਠੇਸ ਪਹੁੰਚੀ ਕਿਉਂਕਿ ਲਗਭਗ ਦੋ ਦਹਾਕਿਆਂ ਤੋਂ, ਆਂਧਰਾ ਪ੍ਰਦੇਸ਼ ਸਰਕਾਰ ਸੂਬੇ ਵਿਚ ਸਰਗਰਮੀ ਨਾਲ ਵਪਾਰਕ ਅਤੇ ਗੈਰ ਮੁਨਾਫਾਕਾਰੀ ਐਮ.ਐਫ.ਆਈਜ਼ ਨੂੰ ਉਤਸ਼ਾਹਿਤ ਕਰਨ ਵਿਚ ਰੁੱਝੀ ਰਹੀ ਸੀ। ਆਰਡੀਨੈਂਸ ਦਾ ਉਦੇਸ਼ ਐਮ ਐਫ ਆਈਜ਼ ਦੇ ਵਪਾਰਕ ਹਿੱਸਿਆਂ ਨੂੰ ਅਨੁਸ਼ਾਸਿਤ ਕਰਨਾ ਹੈ, ਜਿਹੜੇ ਵਿੱਤੀ ਦਾਖਲੇ ਨੂੰ ਵਧਾਉਣ ਦੀ ਆੜ ਹੇਠ ਨਿਰਦਈ ਮੁਨਾਫਾਖੋਰ ਬਣ ਗਏ ਸਨ। ਇਹ ਕਰਜ਼ਾ ਵਸੂਲੀ ਦੇ ਦਮਨਕਾਰੀ ਤਰੀਕੇ ਨੂੰ ਰੋਕੇਗਾ ਅਤੇ ਨਾਲ ਹੀ ਵਿਆਜ ਦਰਾਂ ਵਿਚ ਵੀ ਪਾਰਦਰਸ਼ਤਾ ਲਿਆਵੇਗਾ। ਆਰਡੀਨੈਂਸ ਐਮ ਐਫ ਆਈਜ਼ ਲਈ ਇਹ ਜ਼ਰੂਰੀ ਬਣਾ ਦਿੰਦਾ ਹੈ ਕਿ ਸਥਾਨਕ ਸਰਕਾਰਾਂ ਕੋਲ ਆਪਣੀ ਰਜਿਸਟ੍ਰੇਸ਼ਨ ਕਰਾਉਣ। ਫਿਰ ਵੀ ਇਹ ਐਮ ਐਫ ਆਈਜ਼ ਦੀਆਂ ਵਿਆਜ ਦਰਾਂ ਨੂੰ ਸੱਟ ਮਾਰਨ ਦਾ ਚਾਹਵਾਨ ਨਹੀਂ।

ਭਾਰਤ ਅੰਦਰ ਆਂਧਰਾ ਪ੍ਰਦੇਸ਼ ਵਿਚ ਐਮ ਐਫ ਆਈਜ਼ ਦੀ ਸਭ ਤੋਂ ਜ਼ਿਆਦਾ ਘੁਸਪੈਠ ਹੈ। ਦੇਸ਼ ਦੇ 3,00,000 ਕਰੋੜ ਰੁਪਏ ਦੇ ਜਿਹੜੇ ਵਿਭਾਗ ਐਮ ਐਫ ਆਈਜ਼ ਦੇ ਪ੍ਰਬੰਧ ਹੇਠ ਹਨ, ਉਹਨਾਂ ਵਿਚੋਂ 30 ਪ੍ਰਤੀਸ਼ਤ ਇਕੱਲੇ ਆਂਧਰਾ ਪ੍ਰਦੇਸ਼ ਵਿਚ ਪੈਂਦੇ ਹਨ। ਸਭ ਤੋਂ ਵੱਡੇ ਐਮ ਐਫ ਆਈਜ਼ ਵਿਚੋਂ ਕੁਝ ਜਿਵੇਂ ਐਸ.ਕੇ.ਐਸ. ਮਾਈਕਰੋ ਫਾਈਨਾਂਸ, ਬੈਕਸਿਸ ਐਂਡ ਸਪਾਂਡਾਨਾ ਅਤੇ ਬੈਕਸਿਸ ਵੀ ਇਸ ਰਾਜ ਵਿਚ ਸਥਾਪਤ ਹਨ।

### ਅਣਉਚਿਤ ਵਿਆਜ਼ ਦਰਾਂ

ਜਨਤਾ ਵਿਚ ਇਹ ਪ੍ਰਭਾਵ ਦੇਣ ਦੇ ਉਲਟ ਕਿ ਐਮ ਐਫ ਆਈਜ਼ ਗਰੀਬਾਂ ਦੀਆਂ ਹਿਤੈਸ਼ੀ ਹਨ ਤੇ ਉਚਿਤ ਵਿਆਜ ਲੈਂਦੀਆਂ ਹਨ, ਆਂਧਰਾ ਪ੍ਰਦੇਸ਼ ਵਿਚ ਐਮ ਐਫ ਆਈਜ਼ ਦੀਆਂ ਵਿਆਜ ਦਰਾਂ ਬਹੁਤ ਉਚੀਆਂ ਹਨ, ਰਵਾਇਤੀ ਸ਼ਾਹੂਕਾਰਾਂ ਦੀਆਂ ਵਿਆਜ ਦਰਾਂ ਦੇ ਨੇੜੇ ਤੇੜੇ।

ਨਵੇਂ ਨਿਯਮਾਂ ਅਧੀਨ ਬਹੁਤ ਸਾਰੀਆਂ ਐਮ ਐਫ ਆਈਜ਼ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਹਨਾਂ ਦੀਆਂ ਪ੍ਰਭਾਵੀ ਦਰਾਂ 60.5ਫੀਸਦੀ ਵਾਰਸ਼ਿਕ ਤਕ ਚਲੇ ਜਾਂਦੀਆਂ ਹਨ। ਬਸਿਕਨ ਦੀ ਇਕ ਸ਼ਾਖਾ ਭਾਰਤੀਆ ਸਮ੍ਰਿਧੀ ਫਾਈਨਾਂਸ ਲਿਮ. 60.5 ਫੀਸਦੀ ਵਾਰਸ਼ਿਕ ਦਰ ਤੇ ਵਿਆਜ ਲੈਂਦੀ ਹੈ। ਐਸ ਕੇ ਐਮ ਮਾਈਕਰੋ ਫਾਈਨਾਂਸ, ਟਰਾਈਡੈਂਟ, ਸ਼ੇਅਰ ਅਤੇ ਦੂਜੀਆਂ ਐਮ ਐਫ ਆਈਜ਼ 30 ਫੀਸਦੀ ਤਕ ਵਿਆਜ ਲੈਂਦੀਆਂ ਹਨ। ਇਸ ਦੇ ਬਾਵਜੂਦ ਕਿ ਇਹ ਐਮ ਐਫ ਆਈਜ਼ ਸਰਕਾਰੀ ਤੇ ਨਿੱਜੀ ਬੈਂਕਾਂ ਤੋਂ ਇਹ ਪੈਸਾ ਤਕਨੀਕੀ ਤੌਰ ਤੇ ਰਿਆਇਤੀ ਦਰਾਂ 'ਤੇ ਹਾਸਲ ਕਰਦੀਆਂ ਹਨ। (ਆਮ ਕਰਕੇ 11 ਤੋਂ 13 ਫੀਸਦੀ ਤਕ)।

ਵਰ੍ਹਿਆਂ ਤੋਂ ਬਹੁਤ ਸਾਰੀਆਂ ਵਪਾਰਿਕ ਐਮ ਐਫ ਆਈਜ਼ ਅਣਉਚਿਤ ਵਿਆਜ ਦਰਾਂ ਲੈਂਦੀਆਂ ਆ ਰਹੀਆਂ ਹਨ। ਫਿਰ ਵੀ ਜਦੋਂ ਨਿਯਮਾਂ ਦਾ ਪਾਲਣ ਕਰਨਾ ਅਵੱਸ਼ ਹੋ ਗਿਆ ਤਾਂ ਐਸ ਕੇ ਐਸ ਅਤੇ ਦੂਸਰੀਆਂ ਨੇ ਵਿਆਜ ਦਰਾਂ ਸਵੈ ਇੱਛਾ ਨਾਲ 600 ਆਧਾਰ ਅੰਕਾਂ ਤਕ ਘਟਾ ਦਿੱਤੀਆਂ। ਇਹ ਕਾਂਡ ਵਪਾਰਕ ਖਿਡਾਰੀਆਂ ਦੁਆਰਾ ਕਮਾਏ ਜਾਂਦੇ ਮੁਨਾਫ਼ਿਆਂ ਦੇ ਆਕਾਰ ਦਾ ਪਰਦਾਫਾਸ਼ ਕਰਦਾ ਹੈ।

### ਸੰਸਥਾਗਤ ਸ਼ਾਹੂਕਾਰੇ ਤੇਜ਼ ਵਾਧਾ ਤੇ ਉਭਾਰ

ਬਹੁਤ ਸਾਰੀਆਂ ਮੋਹਰੀ ਵਪਾਰਕ ਐਮ ਐਫ ਆਈਜ਼ ਦੀਆਂ ਸੰਪਤੀਆਂ ਤੇ ਆਮਦਨ 5ਤੋਂ 8 ਫੀਸਦੀ ਦੇ ਦਰਮਿਆਨ ਹੈ, ਇਹ ਦੁਨੀਆ ਦੀ ਕਿਸੇ ਵੀ ਬੈਂਕਿੰਗ ਪ੍ਰਣਾਲੀ ਨਾਲੋਂ ਕਿਤੇ ਜ਼ਿਆਦਾ ਹੈ। ਇਸ ਦੇ ਵਿਪਰੀਤ, ਦੇਸ਼ ਦੀ ਸਭ ਤੋਂ ਵੱਡੀ ਬੈਂਕ, ਸਟੇਟ ਬੈਂਕ ਆਫ ਇੰਡਿਆ ਦੀ



20-8-09 ਵਿਚ ਆਮਦਨ (Return of amerts) 1.04 ਫੀਸਦੀ ਸੀ ਜਦੋਂ ਆਈ ਸੀ ਆਈ ਸੀ ਆਈ ਬੈਂਕ ਦੀ ਆਮਦਨ (Return of amerts) 20-9-10 ਵਿਚ 1.13 ਫੀਸਦੀ ਸੀ।

2005 ਤੋਂ ਐਮ ਐਫ ਆਈ ਸਨਅਤ ਦਾ ਵਾਧਾ ਭਾਰਤ ਦੀ ਵਪਾਰਕ ਬੈਂਕਿੰਗ ਪ੍ਰਣਾਲੀ ਤੋਂ ਕਿਤੇ ਜ਼ਿਆਦਾ ਚੱਲਿਆ ਆ ਰਿਹਾ ਹੈ ਭਾਵੇਂ ਬੈਂਕਾਂ ਦੇ ਕਰਜ਼ੇ ਵਪਾਰਕ ਐਮ ਐਫ ਆਈਜ਼ ਲਈ ਫੰਡ ਇਕੱਤਰ ਕਰਨ ਦਾ ਵੱਡਾ ਵਸੀਲਾ ਹਨ, ਕਈ ਖਿਡਾਰੀ ਨਿੱਜੀ ਇਕੁਵਿਟੀ ਫੰਡਜ਼ ਅਤੇ ਐਂਗਲ ਨਿਵੇਸ਼ਕ ਆਦਿਕ ਕਈ ਹੋਰ ਵਸੀਲਿਆਂ ਤੋਂ ਫੰਡ ਹਾਸਲ ਕਰਨ ਦੇ ਯੋਗ ਵੀ ਹਨ। 2007 ਤੋਂ ਇਕੱਲੀ 'ਨਿੱਜੀ ਇਕੁਵਟੀ ਫੰਡਜ਼' ਨੇ ਐਮ ਐਫ ਆਈਜ਼ ਵਿਚ 2000 ਕਰੋੜ ਦੇ ਲਗਭਗ ਨਿਵੇਸ਼ ਕੀਤੇ। 2009 ਵਿਚ 11 ਨਿੱਜੀ ਇਕੁਵਿਟੀਜ਼ ਨੇ ਐਮ ਐਫ ਆਈਜ਼ ਵਿਚ 178 ਮਿਲੀਅਨ ਡਾਲਰ ਲਗਾਏ। ਕੁਝ ਐਮ ਐਫ ਆਈਜ਼ ਨੇ ਧਨ ਰਿਣ-ਪੱਤਰਾਂ ਰਾਹੀਂ ਵੀ ਉਠਾਇਆ। ਪਿਛੇ ਜਿਹੇ ਵਪਾਰਕ ਐਮ ਐਫ ਆਈਜ਼ ਸੰਸਥਾਵਾਂ ਨਿਵੇਸ਼ਕਾਂ ਲਈ ਇਕ ਸੰਪਤੀ ਵਰਗ ਵਜੋਂ ਵੀ ਉਭਰੀਆਂ ਹਨ।

ਤੇਜ਼ੀ ਨਾਲ ਵਧਣ ਦੀ ਆਪਣੀ ਮੁਹਿੰਮ ਅਤੇ ਨਿੱਜੀ ਨਿਵੇਸ਼ਕਾਂ ਦੇ ਅਤਿ ਲਾਲਚੀ ਹਿੱਤਾਂ ਦੀ ਪੂਰਤੀ ਦੌਰਾਨ ਐਮ ਐਫ ਆਈਜ਼ ਨੇ ਗਰੀਬ ਉਧਾਰ ਲੈਣ ਵਾਲਿਆਂ ਨੂੰ ਵੀ ਇਹ ਖਿਆਲ ਕੀਤੇ ਬਗੈਰ ਕਰਜ਼ੇ ਦਿੱਤੇ ਕਿ ਉਧਾਰ ਲੈਣ ਵਾਲਿਆਂ ਦੀ ਕਰਜ਼ਾ ਵਾਪਸ ਕਰਨ ਦੀ ਯੋਗਤਾ ਵੀ ਹੈ। ਕਰਜ਼-ਦਰ-ਕਰਜ਼, ਹਮੇਸ਼ ਖੜੇ ਰਹਿਣ ਵਾਲਾ ਕਰਜ਼ ਅਤੇ ਕਰਜ਼ ਅਮੁੱਕ ਗੇੜ (ਜਿਹੜਾ ਆਖਰਕਾਰ ਗਰੀਬ ਕਰਜ਼ਾਈ ਦੀ ਕਰਜ਼ਾ ਦੇਣਦਾਰੀ ਨੂੰ ਵਧਾਉਂਦਾ ਜਾਂਦਾ ਹੈ) ਬਹੁਤ ਵਿਸ਼ਾਲ ਹੋ ਗਿਆ। ਇਕ ਤਰ੍ਹਾਂ ਨਾਲ ਇਹਨਾਂ ਵਪਾਰਕ ਐਮ ਐਫ ਆਈਜ਼ ਦੁਆਰਾ ਦਿੱਤਾ ਕਰਜ਼ ਅਮਰੀਕਾ ਦੇ ਸਬ-ਪਰਾਈਮ ਕਰਜ਼ ਨਾਲ ਮੇਲ ਖਾਂਦਾ ਹੈ। ਜਿਵੇਂ ਕਿ ਕਰਜ਼ਾ ਚੁਕਾ ਨਾ ਪਾਉਣਾ ਉੱਚੀਆਂ ਵਿਆਜ ਦਰਾਂ ਕਾਰਨ ਅਟੱਲ ਹੋ ਜਾਂਦਾ ਹੈ। ਐਮ ਐਫ ਆਈਜ਼ ਨੇ ਸਖ਼ਤੀ ਦਾ ਸਹਾਰਾ ਲਿਆ ਜਿਹੜੀ ਗਰੀਬ ਪੇਂਡੂਆਂ ਨੂੰ ਖੁਦਕਸ਼ੀਆਂ ਵੱਲ ਲੈ ਗਈ।

ਦੁੱਖ ਦਾ ਮਾਮਲਾ ਹੈ ਕਿ ਰਵਾਇਤੀ ਕਰਜ਼ਾ ਦੇਣ ਵਾਲਿਆਂ ਨੂੰ ਮੁਕਾਬਲੇਬਾਜ਼ੀ ਦੇਣ ਦੀ ਬਜਾਏ ਵਪਾਰਕ ਐਮ ਐਫ ਆਈਜ਼ ਜਨਤਕ ਜਵਾਬਦੇਹੀ ਤੇ ਜਿੰ ਤੋਂ ਮੁਕਤ ਸੰਸਥਾਗਤ ਸ਼ਾਹੂਕਾਰ ਬਣ ਗਈਆਂ। ਦਰਅਸਲ ਕਾਲਾ ਬਾਜ਼ਾਰੀ ਅਤੇ ਬੇਤਹਾਸ਼ਾ ਮੁਨਾਫ਼ਾਖੋਰੀ ਦੇ ਲਾਲਚਾਂ ਦੇ ਦੁਆਰਾ ਐਮ ਐਫ ਅਜਿ਼ ਦੇ ਪ੍ਰਮੋਟਰਜ਼ ਦੇ ਕਾਰਨ ਉਹ ਰਵਾਇਤੀ ਸ਼ਾਹੂਕਾਰਾਂ ਨਾਲੋਂ ਚੰਗੀਆਂ ਹੋਣ ਵਜੋਂ ਸਾਹਮਣੇ ਨਹੀਂ ਆਈਆਂ। ਅਜੇ ਕੱਲ੍ਹ ਦੀ ਗੱਲ ਹੈ ਕਿ ਵਿਸ਼ਵ ਆਰਥਿਕ ਫੋਰਮ ਅਤੇ ਹੋਰਾਂ ਵੱਲੋਂ ਵਪਾਰਕ ਐਮ ਐਫ ਆਈਜ਼ ਦੇ ਕਈ ਪ੍ਰਮੋਟਰਾਂ ਨੂੰ 'ਯੰਗ ਗਲੋਬਲ ਲੀਡਰਜ਼' ਅਤੇ 'ਸ਼ੋਸ਼ਲ ਇੰਟਰਪਰੇਨਰ ਆਫ ਦ ਯੀਅਰ' ਦੇ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ।

### ਨੇਮਬੱਧਤਾ ਦੇ ਮੁੱਦੇ

ਨਿਰਸੰਦੇਹ ਰਿਜ਼ਰਵ ਬੈਂਕ ਆਫ਼ ਇੰਡਿਆ ਵਪਾਰਕ ਐਮ ਐਫ ਆਈਜ਼ ਦੀਆਂ ਗਤੀਵਿਧੀਆਂ ਨੂੰ ਨੇਮਬੱਧ ਕਰਨ ਅਤੇ ਆਪਣੀ ਨਿਗਰਾਨੀ ਹੇਠ ਰੱਖਣ ਵਿਚ ਅਸਫ਼ਲ ਰਹੀ। ਜਿਹੜੀਆਂ ਐਨ ਬੀ ਐਫ ਸੀਜ਼ ਵਜੋਂ ਕੰਮ ਕਰਦੀਆਂ ਹਨ। ਆਰ ਬੀ ਆਈ ਨੂੰ ਵਿਸ਼ਾਲ ਐਮ ਐਫ ਆਈਜ਼ ਦੇ ਵਪਾਰਕ ਮਹਾਨ ਅਤੇ ਵਾਸਤਵਿਕ ਅਮਲ ਦਾ ਮੁਲੰਕਣ ਕਰਨ ਲਈ ਉਹਨਾਂ ਦੀ ਜਾਂਚ ਪੜਤਾਲ ਕਰਨੀ ਚਾਹੀਦੀ ਹੈ।

ਖੁਦਕਸ਼ੀਆਂ ਤੋਂ ਪਹਿਲਾਂ, ਆਰ ਬੀ ਆਈ, ਐਮ ਐਫ ਆਈਜ਼ ਦਾ ਕੰਮਕਾਰ ਦੇਖਣ ਲਈ ਇਕ ਉੱਚ ਪੱਧਰੀ ਕਮੇਟੀ ਗਠਿਤ ਕਰ ਚੁੱਕੀ ਹੈ। 2011 ਤੱਕ ਕਮੇਟੀ ਦੀ ਰਿਪੋਰਟ ਮਿਲਣ ਦੀ ਉਮੀਦ ਹੈ, ਨੇਮ ਰਹਿਤ ਵਿਆਜ਼ ਦਰਾਂ ਦੇ ਯੁਗ ਵਿਚ ਲਗਦਾ ਨਹੀਂ ਕਿ ਆਰ ਬੀ ਆਈ ਐਮ ਐਫ ਆਈਜ਼ ਦੀਆਂ ਵਿਆਜ ਦਰਾਂ ਨੂੰ ਨਿਯੰਤਰਿਤ ਕਰੇਗੀ। ਹਾਲਾਂ ਕਿ ਬੰਗਲਾ ਦੇਸ਼, ਜਿਹੜਾ ਮਾਈਕਰੋ ਫਾਈਨਾਂਸ ਦਾ ਘਰ ਹੈ, ਨੇ 2010 ਵਿਚ ਮਾਈਕਰੋ ਫਾਈਨਾਂਸ ਵਿਆਜ਼ ਦਰਾਂ ਨੂੰ ਘਟਾਉਣ ਦਾ ਫੈਸਲਾ ਲੈ ਲਿਆ ਹੈ।

ਬਦਲ ਵਜੋਂ, ਆਰ ਬੀ ਆਈ ਨੂੰ ਐਮ ਐਫ ਆਈਜ਼ ਦੀਆਂ ਵਿਆਜ਼ ਦਰਾਂ 6 ਤੋਂ 8 ਫੀਸਦੀ ਤੱਕ ਕਰ ਦੇਣੀਆਂ ਚਾਹੀਦੀਆਂ ਹਨ। ਵਿੱਤ ਮੰਤਰਾਲੇ ਨੂੰ ਸੂਬਿਆਂ ਦੇ ਅਧਿਕਾਰ ਹੇਠਲੇ ਬੈਂਕਾਂ ਨੂੰ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ ਕਿ ਉਹ ਠੱਗ ਐਮ ਐਫ ਆਈਜ਼ ਨੂੰ ਉਧਾਰ ਦੇਣਾ ਬੰਦ ਕਰ ਦੇਣ, ਜਿਹੜੀਆਂ ਇਸ ਨੂੰ ਅਗਾਂਹ ਕਰਜ਼ ਵਜੋਂ ਦਿੰਦੀਆਂ ਹਨ ਤੇ ਕਰਜ਼ ਵਸੂਲੀ ਦੇ ਨਾਦਰਸ਼ਾਹੀ ਢੰਗ ਅਪਨਾਉਂਦੀਆਂ ਹਨ। ਬੈਂਕਾਂ ਨੂੰ ਐਮ ਐਫ ਆਈਜ਼ ਨੂੰ ਉਧਾਰ ਦੇਣ ਲਈ ਸਖ਼ਤ ਜਾਂਚ ਅਤੇ ਕਾਰਗੁਜ਼ਾਰੀ ਕਸਵੱਟੀ ਵੀ ਵਿਕਸਿਤ ਕਰਨੀ ਚਾਹੀਦੀ ਹੈ। ਤਰਜੀਹੀ ਖੇਤਰ ਦੇ ਕਰਜ਼ਾ ਨੇਮਾਂ ਦਾ ਆਰ ਬੀ ਆਈ ਦੁਆਰਾ ਜਾਇਜ਼ਾ ਲੈ ਕੇ ਇੰਨ੍ਹਾਂ ਦੀਆਂ ਚੋਰ ਮੋਰੀਆਂ ਚੈੱਕ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿੰਨ੍ਹਾਂ ਦਾ ਵਪਾਰਕ ਖਿਡਾਰੀਆਂ ਵੱਲੋਂ ਸਫ਼ਲਤਾ ਸਹਿਤ ਸ਼ੋਸ਼ਣ ਕੀਤਾ ਜਾਂਦਾ ਹੈ।

ਵੱਡੀਆਂ ਐਮ ਐਫ ਆਈਜ਼ ਅਤੇ ਉਹਨਾਂ ਦੇ ਸਮੂਹਾਂ ਨੇ ਆਰਡੀਨੈਂਸ ਨੂੰ ਆਂਧਰਾ ਪ੍ਰਦੇਸ਼ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ। ਉਹਨਾਂ ਦੀ ਮੁੱਖ ਦਲੀਲ ਇਹ ਹੈ ਕਿ ਆਰਡੀਨੈਂਸ ਵਾਧੂ ਨੇਮਬੱਧਤਾ ਵੱਲ ਲੈ ਜਾਵੇਗਾ ਅਤੇ ਮਾਈਕਰੋ ਫਾਈਨਾਂਸ ਸਨਅੱਤ ਨੂੰ ਤਬਾਹ ਕਰ ਦੇਵੇਗਾ। ਪ੍ਰੰਤੂ ਅਸਲ ਮੁੱਦਾ ਐਮ ਐਫ ਆਈਜ਼ ਨੂੰ ਵਾਧੂ ਨੇਮਬੱਧ ਕਰਨ ਦਾ ਨਹੀਂ ਸਗੋਂ ਇਹਨਾਂ ਨੂੰ ਇਕ ਖਾਸ ਹੱਦ ਤੱਕ ਸਮਾਜਿਕ ਨਿਯੰਤਰਣ ਹੇਠ ਲਿਆਉਣ ਦਾ ਹੈ ਅਤੇ ਇਹ ਯਕੀਨੀ ਬਣਾਉਣ ਦਾ ਹੈ ਕਿ ਇਹ ਘੱਟੋ ਘੱਟ ਨੇਮਾਂ ਤੇ ਮਿਆਰਾਂ ਦਾ ਪਾਲਣ ਜ਼ਰੂਰ ਕਰਨ ਜਿਵੇਂ ਕਿ ਕਰਜ਼ਾ ਦੇਣ ਦੇ ਕਾਰੋਬਾਰ ਨਾਲ ਜੁੜੀਆਂ ਹੋਰ ਵਪਾਰਕ ਹਸਤੀਆਂ ਕਰਦੀਆਂ ਹਨ। ਨਵੇਂ ਨਿਯਮ ਉਮੀਦ ਹੈ ਐਮ ਐਫ ਆਈਜ਼ ਦੇ ਕੰਮ-ਕਾਜ ਵਿਚ ਜਵਾਬਦੇਹੀ ਅਤੇ ਸਥਿਰਤਾ ਲਿਆਉਣਗੇ ਜੋ ਕਿ ਗਰੀਬ ਉਧਾਰ ਲੈਣ ਵਾਲਿਆਂ ਲਈ ਚੰਗਾ ਹੋਵੇਗਾ। ਆਖਰਕਾਰ, ਐਮ ਐਫ ਆਈਜ਼ ਨੂੰ ਲਿਆਉਣ ਦਾ ਮਕਸਦ ਤਾਂ ਗਰੀਬ ਲੋਕਾਂ ਦੀ ਸੇਵਾ ਕਰਨਾ ਅਤੇ ਉਹਨਾਂ ਦੀਆਂ ਵਿੱਤੀ ਸੇਵਾਵਾਂ ਦੇ ਆਧਾਰ ਨੂੰ ਮੋਕਲਾ ਕਰਨਾ ਹੀ ਹੈ। ਲੋੜ ਦੋਹਰੀ ਪਹੁੰਚ ਅਪਨਾਉਣ ਦੀ ਹੈ, ਨੇਮਾਂ ਦਾ ਚੌਖਟਾ ਬਣਾਉਣ ਦੀ ਤੇ ਉਧਾਰ ਲੈਣ ਵਾਲਿਆਂ ਨੂੰ ਤਕੜਾ ਕਰਨ ਦੀ। ਦੇਰ ਨਾਲ, 30 ਤੋਂ ਵਧੇਰੇ ਐਮ ਐਫ ਆਈਜ਼ ਨੇ ਇਕ ਸਵੈ ਨਿਯਮਤ ਸੰਗਠਨ ਅਤੇ ਗਲਤ ਅਮਲ ਨੂੰ ਰੋਕਣ ਲਈ ਇਕ ਜ਼ਾਬਤਾ ਬਣਾਇਆ ਹੈ। ਅੰਦਰੂਨੀ ਸਫ਼ਾਈ ਲਈ ਇਹ ਇਕ ਹਾਂ-ਮੁਖੀ ਕਦਮ ਹੈ ਪ੍ਰੰਤੂ ਸੱਚ ਇਹ ਹੈ ਕਿ ਸਵੈ-ਨਿਯਮਤ ਜ਼ਾਬਤਾ ਸਵੈ-ਇੱਛਤ ਹੁੰਦਾ ਹੈ ਅਤੇ ਇਸ ਦੇ ਪਾਲਣ ਲਈ ਕੋਈ ਪਾਬੰਦ ਨਹੀਂ ਹੁੰਦੀ। ਸੋ, ਇਹ ਲਾਜ਼ਮੀ ਪ੍ਰਮੋਟਰਾਂ ਨੂੰ ਬੇਤਹਾਸ਼ਾ ਮੁਨਾਫ਼ਾਖੋਰੀ ਤੋਂ ਨਹੀਂ ਰੋਕ ਸਕਦਾ। ਸਭ ਤੋਂ ਚੰਗਾ ਇਹੀ ਹੈ ਕਿ ਸਵੈ-ਨਿਯਮਤ ਜ਼ਾਬਤੇ ਨੂੰ ਨੇਮ-ਬੱਧਤਾ ਤੇ ਨਿਗਰਾਨੀ -ਰੋਕਾਂ ਨਾਲ ਜੋੜ ਦਿੱਤਾ ਜਾਵੇ।

### ਕਾਰੋਬਾਰ ਮਾਡਲ ਸਬੰਧੀ ਪੁਨਰ ਵਿਚਾਰ

ਜਦੋਂ ਤੱਕ ਵਪਾਰਕ ਐਮ ਐਫ ਆਈਜ਼ ਆਪਣੇ ਮੁੱਖ ਬਜ਼ਾਰ ਆਧਾਰਿਤ ਕਾਰੋਬਾਰ ਮਾਡਲ ਵੱਲ ਮੁੜ ਤੋਂ ਨਹੀਂ ਪਰਤਦੀਆਂ ਜਿਸ ਦਾ ਉਦੇਸ਼ ਆਪਣੇ ਨਿਵੇਸ਼ਕਾਂ ਲਈ ਚੰਗਾ ਮੁਨਾਫ਼ਾ ਪੈਦਾ ਕਰਨਾ ਹੁੰਦਾ ਹੈ, ਉਦੋਂ ਤੱਕ ਇਹਨਾਂ ਦੇ ਕੰਮ-ਕਾਜ 'ਤੇ ਪ੍ਰਸ਼ਨ ਚਿੰਨ੍ਹ ਲੱਗੇ ਰਹਿਣਗੇ ਅਤੇ ਇਹ ਭਾਰਤ ਵਿਚ ਨਿਆਂਯੁਕਤ ਨਹੀਂ ਹੋਣਗੀਆਂ ਜਿਥੇ 77 ਫੀਸਦੀ ਅਬਾਦੀ 20 ਰੁਪਏ ਤੋਂ ਵੀ ਘੱਟ ਪ੍ਰਤੀ ਦਿਨ ਆਮਦਨ 'ਤੇ ਜੀਵਨ ਬਸਰ ਕਰਦੀ ਹੈ।

ਇਸ ਦੇ ਵਿਪਰੀਤ ਭਾਰਤ ਵਿਚ ਸਵੈ-ਸਹਾਇਤਾ ਗਰੁੱਪਾਂ (SHG) ਅਤੇ ਮਾਈਕਰੋਲੈਂਡਰਜ਼ ਦੀ ਭਰਮਾਰ ਹੈ ਜਿਹੜੇ ਵਿੱਤੀ ਮਜ਼ਬੂਤੀ ਤੇ ਸਮਾਜਿਕ ਉਦੇਸ਼ਾਂ ਲਈ ਸੰਤੁਲਿਤ ਪਹੁੰਚ ਅਪਨਾ ਰਹੇ ਹਨ। ਸਵੈ-ਸਹਾਇਤਾ ਗਰੁੱਪ ਮਾਡਲ ਭਾਰਤ ਵਿਚ ਐਮ ਐਫ ਆਈਜ਼ ਮਾਡਲ ਨਾਲੋਂ ਵਧੇਰੇ ਗਰੀਬ ਘਰਾਂ ਦੀ ਮਦਦ ਕਰਦਾ ਹੈ। ਸਵੈ-ਸਹਾਇਤਾ ਗਰੁੱਪਾਂ ਦਾ ਅਤੇ ਇਸ ਨਾਲ ਮਿਲਦੇ ਜੁਲਦੇ ਗਰੁੱਪਾਂ ਦਾ ਵਿੱਤੀ ਦਖਲ ਐਮ ਐਫ ਆਈਜ਼ ਨਾਲੋਂ ਚੰਗੇਰੇ ਸਿੱਟੇ ਕੱਢ ਸਕਦਾ ਹੈ, ਕਿਉਂ ਕਿ ਟਿਕਾਊ ਜੀਵਨ ਨਿਰਬਾਹ ਦੀ ਉਸਾਰੀ ਪ੍ਰਤੀ ਉਹਨਾਂ ਦੀ ਪਹੁੰਚ ਵਧੇਰੇ ਸੁਦ੍ਰਿੜ ਹੈ।

ਡਾ. ਵਾਈ.ਵੀ. ਰੈਡੀ (ਸਾਬਕਾ ਗਵਰਨਰ ਆਰ ਬੀ ਆਈ) ਨੇ ਠੀਕ ਹੀ ਨੁਕਤਾ ਉਠਾਇਆ ਹੈ ਕਿ ਐਮ ਐਫ ਆਈਜ਼ ਅਜਿਹੀਆਂ ਸ਼ਾਹੂਕਾਰ ਹਨ ਜਿਹੜੀਆਂ ਬੈਂਕਾਂ ਤੇ ਹੋਰ ਵਿੱਤੀ ਸੰਸਥਾਵਾਂ ਤੋਂ ਵੱਡਾ ਉਧਾਰ ਲੈ ਕੇ ਇਸ ਨੂੰ ਅੱਗੇ ਕਰਜ਼ੇ ਦੇ ਰੂਪ ਵਿਚ ਦਿੰਦੀਆਂ ਹਨ। ਇਸ ਤੋਂ ਇਲਾਵਾ ਵਪਾਰਕ ਐਮ ਐਫ ਆਈਜ਼ ਦੇਸ਼ ਵਿਚ ਕਰੋੜਾਂ ਗਾਹਕਾਂ ਨੂੰ ਜਨਤਕ ਪੱਧਰ 'ਤੇ ਸੇਵਾਵਾਂ ਦਿੰਦੀਆਂ ਹਨ। ਇਸ ਲਈ ਇਹ ਢੁਕਵਾਂ ਸਮਾਂ ਹੈ ਕਿ ਮਾਈਕਰੋ ਫਾਈਨਾਂਸ ਦਾ ਨਾਦਰਸ਼ਾਹੀ ਦੌਰ ਗੁਜ਼ਰ ਗਿਆ ਹੈ। □

ਪੰਜਾਬ ਦੇ ਮੱਥੇ 'ਤੇ ਕਲੰਕ ਦਰ ਕਲੰਕ

# 75 ਹਜ਼ਾਰ ਭਰੂਣ ਕੁੱਖ ਵਿਚੋਂ ਹੀ ਗ਼ਾਇਬ!

ਬਠਿੰਡਾ (ਨਦਬ) : ਪੰਜਾਬ ਵਿਚ ਜਨਵਰੀ 2010 ਤੋਂ ਅਕਤੂਬਰ 2010 ਤਕ 10 ਮਹੀਨਿਆਂ ਦੌਰਾਨ ਹੀ 75 ਹਜ਼ਾਰ ਭਰੂਣ ਗਰਭ ਵਿਚੋਂ ਗ਼ਾਇਬ ਹੋ ਗਏ ਹਨ। ਪੀ.ਐਨ.ਡੀ.ਟੀ. ਸੈੱਲ ਬਠਿੰਡਾ ਦੇ ਪ੍ਰਾਜੈਕਟ ਅਫ਼ਸਰ ਸਾਧੂ ਰਾਮ ਕੁਸਲਾ ਵਲੋਂ ਸ੍ਰੀਮਤੀ ਸ਼ਾਂਤਾ ਸਿਨਹਾ ਚੇਅਰਪਰਸਨ ਨੈਸ਼ਨਲ ਕਮਿਸ਼ਨ ਫ਼ਾਰ ਪ੍ਰੋਟੈਕਸ਼ਨ ਆਫ਼ ਚਾਈਲਡ ਰਾਈਟਸ (ਨਵੀਂ ਦਿੱਲੀ) ਨੂੰ ਲਿਖੇ ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਇਸ ਦੀ ਪੜਤਾਲ ਕਰਵਾਈ ਜਾਵੇ। ਜਿਥੇ ਵੀ ਗਰਭਪਾਤ ਬਿਨਾਂ ਕਿਸੇ ਠੋਸ ਕਾਰਨ ਅਤੇ ਐਮ.ਟੀ.ਪੀ. ਐਕਟ ਦੀਆਂ ਧਾਰਾਵਾਂ ਦੇ ਉਲਟ ਕਰਵਾਇਆ ਗਿਆ ਹੈ, ਉਨ੍ਹਾਂ ਕੇਸਾਂ ਵਿਚ ਕਾਨੂੰਨੀ ਕਾਰਵਾਈ ਕੀਤੀ ਜਾਵੇ। ਬੇਟੀ ਬਚਾਉ ਮੰਚ ਦੇ ਕਨਵੀਨਰ ਰਜਨੀਸ਼ ਰਾਣਾ ਅਤੇ ਰਣਬੀਰ ਬਰਾੜ ਨੇ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਿਹਤ ਮੰਤਰੀ ਅਤੇ ਹੋਰਨਾਂ ਨੂੰ ਜਾਰੀ ਪੱਤਰ ਵਿਚ ਲਿਖਿਆ ਹੈ ਕਿ ਪੰਜਾਬ ਸਰਕਾਰ ਵਲੋਂ ਰੋਜ਼ਾਨਾ ਬਿਆਨ ਦਾਗ਼ੇ ਜਾ ਰਹੇ ਹਨ ਕਿ ਭਰੂਣ-ਹਤਿਆ ਰੋਕੀ ਜਾ ਰਹੀ ਹੈ ਪਰ ਅਸਲੀਅਤ ਕੁੱਝ ਹੋਰ ਹੀ ਹੈ। ਪੰਜਾਬ ਵਿਚ ਗਰਭ ਦੀ ਰਜਿਸਟਰੇਸ਼ਨ ਚਾਲੂ ਕਰਨ ਦਾ ਮੁੱਖ ਮਕਸਦ ਇਹ ਸੀ ਕਿ ਕੰਨਿਆਂ ਭਰੂਣ-ਹਤਿਆ ਰੋਕਣ ਲਈ ਉਪਰਾਲੇ ਕੀਤੇ ਜਾਣ ਅਤੇ ਰਜਿਸਟਰ ਹੋਏ ਜੋੜਿਆਂ ਉਪਰ ਨਿਗਾਹ ਰੱਖੀ ਜਾ ਸਕੇ। ਜਾਪਦਾ ਹੈ ਕਿ ਸਰਕਾਰ ਨੇ ਇਹ ਸਕੀਮ ਈਮਾਨਦਾਰੀ ਨਾਲ



ਲਾਗੂ ਨਹੀਂ ਕੀਤੀ ਜਿਸ ਕਾਰਨ 10 ਮਹੀਨਿਆਂ ਵਿਚ ਹੀ 75 ਹਜ਼ਾਰ ਭਰੂਣ ਗਰਭ ਵਿਚੋਂ ਗ਼ਾਇਬ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਰਜਿਸਟਰੇਸ਼ਨ ਸਾਰੇ ਕੇਸਾਂ ਵਿਚ ਨਾ ਹੋਈ ਹੋਵੇ ਪਰ ਜੋ ਬੱਚੇ ਪੈਦਾ ਹੋਏ, ਉਹ ਨਿਜੀ ਅਤੇ ਸਰਕਾਰੀ ਹਸਪਤਾਲਾਂ ਦੇ ਅੰਕੜਿਆਂ ਅਨੁਸਾਰ ਹਨ। ਇਸ ਤਰ੍ਹਾਂ ਗ਼ਾਇਬ ਹੋਏ ਭਰੂਣਾਂ ਦੀ ਗਿਣਤੀ 75000 ਤੋਂ ਵੀ ਵੱਧ ਸਕਦੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਗ਼ਾਇਬ ਹੋਏ ਭਰੂਣਾਂ ਦੀ ਤੁਰੰਤ ਪੜਤਾਲ ਕਰਵਾਈ ਜਾਵੇ। ਜਿਥੇ-ਕਿਤੇ ਬਿਨਾਂ ਕਿਸੇ ਠੋਸ ਕਾਰਨ ਅਤੇ ਐਮ.ਟੀ.ਪੀ. ਦੀ ਵਿਵਸਥਾ ਤੋਂ ਬਿਨਾਂ ਗਰਭਪਾਤ ਹੋਇਆ ਹੈ, ਉਸ ਵਿਰੁਧ ਕਾਰਵਾਈ ਕੀਤੀ ਜਾਵੇ ਅਤੇ ਸਬੰਧਤ ਸਿਵਲ ਸਰਜਨ ਜੋ ਪੀ.ਐਨ.ਡੀ.ਟੀ. ਐਕਟ ਤਹਿਤ ਜ਼ਿਲ੍ਹੇ ਦੇ ਯੋਗ ਅਧਿਕਾਰੀ ਹਨ, ਵਿਰੁਧ ਵੀ ਕਾਰਵਾਈ ਕੀਤੀ ਜਾਵੇ। ਬੇਟੀ ਬਚਾਉ ਵਿਕਾਸ ਮੰਚ ਦੇ ਆਗੂਆਂ ਨੇ ਗਰਭ ਦੌਰਾਨ ਗ਼ਾਇਬ ਹੋਏ ਬੱਚਿਆਂ ਦੀ ਸੂਚੀ ਜਾਰੀ ਕਰਦਿਆਂ ਦਸਿਆ ਕਿ ਇਹ ਮਾਮਲਾ ਅਤਿ ਗੰਭੀਰ ਹੈ ਤੇ ਸਰਕਾਰ ਨੂੰ ਇਸ ਪਾਸੇ ਤੁਰੰਤ ਕੰਮ ਕਰਨਾ ਚਾਹੀਦਾ ਹੈ।

## ਜ਼ਿਲ੍ਹਾਵਾਰ ਗ਼ਾਇਬ ਹੋਏ ਭਰੂਣਾਂ ਦਾ ਵੇਰਵਾ ਇਹ ਦਸਿਆ ਗਿਆ ਹੈ

| ਜ਼ਿਲ੍ਹਾ | ਗਰਭ ਦੀ ਰਜਿਸਟਰੇਸ਼ਨ | ਪੈਦਾ ਹੋਏ ਬੱਚੇ |
|---|---|---|
| ਅੰਮ੍ਰਿਤਸਰ | 25833 | 23513 |
| ਬਰਨਾਲਾ | 6017 | 4846 |
| ਬਠਿੰਡਾ | 14654 | 12405 |
| ਫ਼ਰੀਦਕੋਟ | 8445 | 5332 |
| ਫ਼ਤਹਿਗੜ੍ਹ ਸਹਿਬ | 6844 | 3870 |
| ਫ਼ਿਰੋਜ਼ਪੁਰ | 24507 | 16855 |
| ਗੁਰਦਾਸਪੁਰ | 23920 | 19901 |
| ਹੁਸ਼ਿਆਰਪੁਰ | 17128 | 14036 |
| ਜਲੰਧਰ | 22236 | 17801 |
| ਕਪੂਰਥਲਾ | 9765 | 6064 |
| ਲੁਧਿਆਣਾ | 34798 | 28248 |
| ਮਾਨਸਾ | 7748 | 6851 |
| ਮੋਗਾ | 11028 | 8270 |
| ਐਸ.ਏ.ਐਸ. ਨਗਰ | 10660 | 4636 |
| ਮੁਕਤਸਰ | 9804 | 9252 |
| ਨਵਾਂ ਸ਼ਹਿਰ | 6074 | 5131 |
| ਪਟਿਆਲਾ | 24239 | 13589 |
| ਰੋਪੜ | 8989 | 6225 |
| ਸੰਗਰੂਰ | 18225 | 11489 |
| ਤਰਨਤਾਰਨ | 13132 | 11956 |
| ਕੁਲ | 304046 | 221271 |














ਐਡਮਿੰਟਨ ਵਿਖੇ ਹੋਈ ਭਾਰੀ ਬਰਫ਼ਬਾਰੀ ਦੀ ਕਹਾਣੀ ਤਸਵੀਰਾਂ ਦੀ ਜੁਬਾਨੀ . . .





ਪੋਲਾਰਡ ਮੈਡੋ ਸਕੂਲ ਮਿਲਵੂਡਜ਼ ਵਿਖੇ ਨਵੇਂ ਸਾਲ ਅਤੇ ਕ੍ਰਿਸਮਿਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਵੱਖ-ਵੱਖ ਕਲਾਸਾਂ ਦੇ ਬੱਚੇ ਪ੍ਰੋਗਰਾਮ ਪੇਸ਼ ਕਰਦੇ ਹੋਏ।

ਨਿਰਭੈਅ ਸਿੰਘ ਢੁੱਡੀਕੇ, ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਪੰਜਾਬ ਇੱਕ ਜਨਤਕ ਮੀਟਿੰਗ ਤੋਂ ਬਾਅਦ ਯਾਦਗਰੀ ਤਸਵੀਰ ਖਿਚਵਾਉਂਦੇ ਹੋਏ




# Guaranteed Paid up Life Insurance

## Get your money back if you don't develop any critical illness



Life Insurance
ਲਾਈਫ ਇੰਸ਼ੋਰੈਂਸ



Retirement Savings Plans
ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼



Mortgage Insurance
ਮੋਰਟਗੇਜ ਇੰਸ਼ੋਰੈਂਸ



Critical Illness Plans
ਕਰਿਟੀਕਲ ਇਲਨੈਸ ਇੰਸ਼ੋਰੈਂਸ



Health Plans
ਹੈਲਥ ਪਲੈਨਜ਼

Disability Insurance
ਡਿਸਏਬਿਲਟੀ ਇੰਸ਼ੋਰੈਂਸ



Travel Insurance
ਟਰੈਵਲ ਇੰਸ਼ੋਰੈਂਸ

For More Information Please Contact :

Jasvir Deol
Phone: 780-465-6900
Cell: 780-906-4497

DEOL
Insurance & Financial Planning

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖ਼ਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

**Ph. 780-996-2873**

Millbourne Road
# Medical Clinic
WALK-INS WELCOME


Dr. B. Jassar

**Dr. Vijay Thapar** (M.D., CCFP)*
Family Physician
By Appointment Only

**Dr. B. Jassar** (M.D., Ph. D, CCFP)*
Family Physician
Cell: 780-918-0516


Dr. Vijay Thapar

131 Millbourne Road East, Lee Ridge Plaza Edmonton, AB. T6K 1P6
**Tel: 780-462-4229 Fax: 780-462-3315** *Professional Corporation

# Passport Photos
by Kanwal Lyall



Unit 207, 2603
Hewes Way, Edmonton
AB T6L 6W6
Phone: 780 903 8019

All types of Immigration, Passport, PIO, Citizenship Photos
**Phone: 780 952 8017**

# WESTFORK Interiors
## Specializing in Cabinets & Counter tops
Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889

# Fancy Doors & Mouldings
Interior & Exterior, Prehung Unit, Locks & Hardware, French Doors, Bi-Folds, Mouldinghs & Accessories



**French Doors**
Cascade with Zinc Bars
Deco Frosted Clear
Heritage V-Groove Fully Sandblasted
Heritage V-Groove Clear
Montana Clear Slab
Pantry Slab

**Interior Doors**
2-Panel Curved Top
3-Panel MDF Shaker-Slab
3-Panel Shaker-Mission
6-Panel Oak-Slab
Stratos-Slab

**Fibreglass Exterior Door**

Ask about our finishing packages!

* Interior and Exterior
* Prehung Units
* Locks and Hardware
* French Doors
* Bi-folds
* Mouldings
* MDF Sheet: Oak & Maple
* Plywood
* Bullnose Shelf
* Adhesives
* DAP
* Shims
* Brad Nails
* Fireplace Mantels
* Accessories

We Supply and install Building Materials!

ALEXANDRIA Moulding
## Moulding
Available in MDF, Oak & Maple

| Baseboards | Casings | Crowns | Chair Rails | Architrave |
|---|---|---|---|---|
| 094 Base 5/8" x 4" MDF Primed BDL-6 | 092 Casing 5/8" x 2-1/2" MDF Primed BDL-6 | 47 Crown 9/16" x 4-1/4" MDF Primed BDL-6 | 297 Chair Rail 11/16" x 3" MDF Primed BDL-5 | 5010 Architrave 1-1/4" x 4-3/16" MDF Primed BDL-4 |
| 095 Base 5/8" x 5" MDF Primed BDL-6 | 093 Casing 5/8" x 3-1/4" MDF Primed BDL-6 | 47D Crown 9/16" x 4-3/16" Ultralite BDL-8 | | |
| 238 Base 1/2" x 5" MDF Primed BDL-1 | 338 Casing 5/8" x 3" MDF Primed BDL-6 | 51 Crown 5/8" x 3-1/4" MDF Primed BDL-6 | | |
| 387 Casing 9/16" x 3-1/4" MDF Primed BDL-6 | 386 Base 9/16" x 3-1/4" MDF Primed BDL-6 | 512 Crown 9/16" x 5-1/4" MDF Primed BDL-4 | | |
| 405 Base 1/2" x 4" MDF Primed BDL-10 | 403 Casing 5/8" x 3" MDF Primed BDL-6 | 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4 | | |
| 412 Base 5/8" x 4-1/4" MDF Primed BDL-6 | 411 Casing 11/16" x 3" MDF Primed BDL-6 | | | |
| 425 Base 1/2" x 4" MDF Primed BDL-10 | 423 Casing 5/8" x 3" MDF Primed BDL-6 | | | |
| 545 Base 9/16" x 5" Ultralite Primed BDL - 5 5/8 x 5" MDF Primed BDL-4 | 535 Casing 1/16" x 3-1/2" Ultralite BDL - 5 11/16"x3-1/2" MDF Primed BDL-6 | | | |
| 3140 Base 3/8" x 3-1/4" MDF Primed BDL-10 | 8263 Base 9/16" x 6-1/2" Ultralite BDL-4 | | | |
| 356 Casing MDF 356 Casing Oak 356 Casing Maple | 908 Casing 9/16" x 3-1/4" Ultralite BDL-7 | | | |
| | 8063 Casing 11/16" x 3-1/4" Ultralite BDL-8 | | | |

New Stock!

24" White Medallion

24" Coloured Medallion

Bath Fixtures
Pearl
Lux
Ax--------------
A--------------
Door Locks
WEISER LOCK

Alberta Location: 9129-35 Avenue, Edmonton, AB T6E 5Y1
Phone: 780-432-7700 Fax: 780-432-7710
**www.fancy-doors.com**

# ਜੇਠੀ ਨੂੰਹ ਦੀ ਬਲੀ

## ਲੋਕ-ਗੀਤ



ਡਾ. ਕਰਮਜੀਤ ਸਿੰਘ

ਕੱਚਾ ਕੋਠਾ। ਅੰਦਰ ਵੜੀਏ ਤਾਂ ਚਾਰੇ ਪਾਸੇ ਕੋਈ ਹੋਰ ਬੂਹਾ ਬਾਰੀ ਨਹੀਂ। ਦਿਨੇ ਵੀ ਹਨੇਰਾ। ਇਕ ਪਾਸੇ ਮਿੱਟੀ ਦੀਆਂ ਕੋਠੀਆਂ, ਭੜੋਲੇ। ਜਿਨ੍ਹਾਂ ਵਿਚੋਂ ਕੋਈ ਚੀਜ਼ ਕੱਢਣੀ ਪਵੇ ਤਾਂ ਦਿਨੇ ਵੀ ਦੀਵੇ ਦੀ ਜ਼ਰੂਰਤ ਪੈਂਦੀ। ਛੱਤ ਦੀ ਵਿੰਗੀ ਟੇਢੀ ਕੜੀ ਧੂੰਏ ਨਾਲ ਧੁਆਂਖੀ। ਉਪਰ ਸਿਰਕੀ ਦੀ ਛੱਤ। ਇੰਨੀ ਪੁਰਾਣੀ ਕਿ ਚੂਹਿਆਂ ਨੇ ਘਰ ਬਣਾ ਲਿਆ। ਜਦੋਂ ਉਹ ਟੱਪਦੇ ਤਾਂ ਛੱਤ ਦੀ ਮਿੱਟੀ ਕਿਰਦੀ। ਅੱਜ ਦੇ ਕਿਸੇ ਬੰਦੇ ਨੂੰ ਇਹ ਘਰ ਰੁਮਾਂਟਿਕ ਲੱਗ ਸਕਦਾ ਹੈ, ਪਰ ਇਹ ਘਰ ਦਿਆਂ ਦੀ ਆਰਥਿਕਤਾ ਦੀ ਕਹਾਣੀ ਕਹਿ ਰਿਹਾ ਸੀ। ਮੈਂ ਸ਼ਾਮ ਜਿਹੇ ਨੂੰ ਇਸ ਘਰ ਵਿਚ ਪ੍ਰਵੇਸ਼ ਕੀਤਾ ਸੀ। ਕੜੀ ਦੇ ਬੋਦੀ ਹੋਣ ਕਾਰਨ ਵਿਚਕਾਰ ਥੰਮੀ ਦਿੱਤੀ ਹੋਈ ਸੀ ਜਿਸ ਦੇ ਨੇੜੇ ਅਲਾਣੀ ਮੰਜੀ ਪਈ ਸੀ। ਇਹ ਕੋਠਾ ਮੇਰੇ ਲਈ ਨਵਾਂ ਨਹੀਂ ਸੀ। ਜਦੋਂ ਤੋਂ ਮੈਂ ਹੋਸ਼ ਸੰਭਾਲੀ ਸੀ, ਇੱਥੇ ਆਉਂਦਾ ਜਾਂਦਾ ਸਾਂ। ਜਦੋਂ ਮੈਂ ਲੋਕਗੀਤ ਇਕੱਠੇ ਕਰਨੇ ਸ਼ੁਰੂ ਕੀਤੇ ਤਾਂ ਇਹ ਕੋਠਾ ਮੇਰੇ ਲਈ ਬੜੀ ਕੀਮਤੀ ਖਾਣ ਬਣ ਗਿਆ ਸੀ।

ਇਸ ਕੋਠੇ ਵਿਚ ਹਮੇਸ਼ਾ ਚਹਿਲ ਪਹਿਲ ਰਹਿੰਦੀ ਸੀ ਪਰ ਇਸ ਫੇਰੀ ਵਿਚ ਚੁੱਪ ਚਾਪ ਵਰਤੀ ਹੋਈ ਸੀ। ਮੈਂ ਇਸ ਦਾ ਕਾਰਨ ਜਾਣਨ ਲਈ ਉਤਸੁਕ ਸਾਂ। ਪਤਾ ਲੱਗਾ ਕਿ ਮਾਮੇ (ਮਾਤਾ ਜੀ ਦੇ ਭੂਆ ਦੇ ਪੁੱਤ) ਦੀ ਗੁੱਡੀ ਘਰ ਕਾਕੀ ਆਈ ਸੀ। ਗੱਲ ਇਕਦਮ ਸਪੱਸ਼ਟ ਹੋ ਗਈ। ਇਹ ਤਾਂ ਕੁੜੀ ਜੰਮਣ ਦਾ ਪ੍ਰਭਾਵ ਸੀ। ਮੈਂ ਮਾਮੇ ਮਾਮੀਆਂ ਨੂੰ ਅੰਦਰੋਂ ਜਾਣਦਾ ਸਾਂ। ਮੈਂ ਮਜ਼ਾਕ ਦੇ ਮੂਡ ਵਿਚ ਆ ਗਿਆ, ਮੈਂ ਕਿਹਾ 'ਮਾਮੀ ਕੋਈ ਬਰਫੀ ਖਲਾ, ਤੂੰ ਤਾਂ ਖੋਤਾ ਈ ਖੂਹ 'ਚ ਪਾ ਤਾ, ਅੱਜ ਤਾਈਂ ਤਾਂ ਤੁਸੀਂ ਇਵੇਂ ਨਹੀਂ ਸੋਚਿਆ' ਉਸ ਨੇ ਉਦਾਸ ਜਿਹੇ ਸੁਰ 'ਚ ਕਿਹਾ 'ਕੀ ਕਰੀਏ ਕਰਮਜੀਤ ਕੁੜੀ ਦੀ ਸੱਸ ਨੇ ਮੂੰਹ ਵੱਟਿਆ।' ''ਉਹ ਮਾਰ ਗੋਲੀ ਸੱਸ ਨੂੰ, ਤੁਸੀਂ ਤਾਂ ਕੁੜੀ ਨੂੰ ਵੀ ਉਦਾਸ ਕੀਤਾ ਹੋਣਾ।'' ਮੈਂ ਹੌਲੀ ਹੌਲੀ ਸਾਰਿਆਂ ਨੂੰ ਨਾਰਮਲ ਕਰਨ ਵਿਚ ਇਕ ਹੱਦ ਤਕ ਕਾਮਯਾਬ ਹੋ ਗਿਆ। ਰੋਟੀ ਪਾਣੀ ਕਰ ਕੇ ਅਸੀਂ ਕੋਠੇ ਵਿਚ ਆ ਬੈਠੇ। ਕੁੜੀ ਨਾਲ ਵਾਲੇ ਇਸੇ ਤਰ੍ਹਾਂ ਦੇ ਦੂਸਰੇ ਕਮਰੇ ਵਿਚ ਪਈ ਸੀ।

ਉਸ ਰਾਤ ਲਾਭੀ ਤੇ ਕਿਸ਼ਨੋ ਨੇ, ਦੇਬੋ ਤੇ ਪੱਪੀ ਨਾਲ ਮਿਲ ਕੇ ਅਜਿਹੇ ਗੀਤ ਸੁਣਾਏ ਜੋ ਮੇਰੇ ਲਈ ਬੇਹੱਦ ਮਹੱਤਵਪੂਰਨ ਸਨ। ਅੱਜ ਤਕ ਮੈਂ ਉਨ੍ਹਾਂ ਗੀਤਾਂ ਦੇ ਸਮਾਜ ਸ਼ਾਸਤਰ ਉਪਰ ਵਿਚਾਰ ਕਰਦਾ ਆ ਰਿਹਾ ਹਾਂ, ਪਰ ਅਜੇ ਵੀ ਕਈ ਪੱਖ ਅਧੂਰੇ ਹਨ। ਟਿਕੀ ਹੋਈ ਰਾਤ ਦੀਵੇ ਦੀ ਲੋਅ ਵਿਚ, ਸਾਹਮਣੇ ਟੇਪ ਰਖੀ ਮੈਂ ਗੀਤਾਂ ਦੇ ਹਰੇਕ ਬੋਲ ਨੂੰ ਸਾਂਭਣ ਦਾ ਯਤਨ ਕਰ ਰਿਹਾ ਸਾਂ।

ਅਚਾਨਕ ਨਾਨੀ ਤੇ ਮਾਮੀ ਨੇ ਇਕ ਦੂਜੇ ਨੂੰ ਇਸ਼ਾਰਾ ਕੀਤਾ। ਨਾਨੀ ਪੀੜ੍ਹੀ ਸਮੇਤ ਟੇਪ ਦੇ ਕੋਲ ਹੋ ਗਈ। ਮਾਮੀ ਨੇ ਬੋਲ ਉੱਚਾ ਕੀਤਾ। ਉਸ ਦੀ ਆਵਾਜ਼ ਫਟਦੀ ਸੀ, ਪਰ ਏਨੀ ਉਚੀ ਕਿ ਉਸ ਨਾਲ ਰਲਣਾ ਔਖਾ, ਇਹ ਕੰਮ ਨਾਨੀ, ਦੇਬੋ ਤੇ ਪੱਪੀ ਹੀ ਕਰ ਰਹੀਆਂ ਸਨ। ਬਾਹਰ ਲੋਕ ਪਤਾ ਨਹੀਂ ਕੀ ਸੋਚਦੇ ਹੋਣ ਕਿ ਘਰ ਕੁੜੀ ਜੰਮੀ ਹੈ ਤੇ ਇਨ੍ਹਾਂ ਨੂੰ ਗਾਉਣ ਸੁਝਦੇ ਨੇ। ਮਾਮਾ ਬਾਹਰ ਦਰਵਾਜ਼ੇ ਕੋਲ ਆ ਬੈਠਾ ਸੀ। ਮਾਹੌਲ ਮੇਲ-ਮਿਲਾਪ ਦਾ ਸੀ। ਨਾਨੀ ਤੇ ਮਾਮੀ ਨੇ ਇਕ ਨਵਾਂ ਗੀਤ ਛੁਹਿਆ :

**ਕੋਈ ਸਾਡੇ ਤਾਂ ਸਹੁਰੇ ਨੇ ਖੂਹਾ ਲੁਆਇਆ,**
**ਖੂਹਾ ਲੁਆਇਆ,**
**ਕੋਈ ਪਾਣੀ ਦੀ ਬੂੰਦ ਨਾ ਆਈ ਅੜਿਆ।**

ਮੈਂ ਸਮਝ ਗਿਆ ਕਿ ਕੋਈ ਕਹਾਣੀ ਕਹਿਣ ਜਾ ਰਿਹਾ ਹੈ, ਇਹ ਗੀਤ

**ਕੋਈ ਪੜ੍ਹਿਆਂ ਨੂੰ ਪੁੱਛੇ, ਪੜ੍ਹਿਆ ਪੰਡਤਾਂ ਨੂੰ ਪੁੱਛਦਾ,**
**ਪੰਡਤਾਂ ਨੂੰ ਪੁੱਛਦਾ ਪਾਣੀ ਦੀ ਬੂੰਦ ਨਾ ਆਈ ਅੜਿਆ।**

ਆਵਾਜ਼ ਬਹੁਤ ਉਚੀ ਸੀ, ਅੜਿਆ ਉਪਰ ਆ ਕੇ ਲਮਕਾਅ ਸੀ। ਲਗਦਾ ਸੀ ਗੀਤ ਲੰਮਾ ਚਲੇਗਾ, ਪਰ ਇਨ੍ਹਾਂ ਸੱਭ ਨੂੰ ਮੈਂ ਜਾਣਦਾ ਸੀ, ਕਿ ਪੂਰਾ ਕਰ ਕੇ ਹੱਟਣਗੀਆਂ। ਇਹ ਪਹਿਲਾ ਗੀਤ ਸੀ ਜਿਸ ਵਿਚ ਬ੍ਰਿਤਾਂਤ ਥੋੜਾ ਵਧੇਰੇ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਸਦੀਆਂ ਤੋਂ ਗੀਤ ਦੇ ਬੋਲਾਂ ਨੇ ਲੈਅ ਨਾਲ ਏਨੀ ਇਕਮਿਕਤਾ ਕਰ ਲਈ ਸੀ ਕਿ ਕਿਤੇ ਕੋਈ ਸ਼ਬਦ ਨਹੀਂ ਸੀ ਰੜਕ ਰਿਹਾ।

**ਕੋਈ ਪੜ੍ਹਿਆਂ ਨੇ ਦਸਿਆ, ਪੜ੍ਹਿਆਂ ਪੰਡਿਤਾਂ ਨੇ ਦਸਿਆ,**
**ਜੇਠੇ ਪੁੱਤਰ ਦੀ ਬਲ ਦੇਵੀਂ ਅੜਿਆ।**

ਜੇ ਪਾਣੀ ਲੈਣਾ ਸੀ ਤਾਂ ਜੇਠੇ ਪੁੱਤਰ ਦੀ ਬਲੀ ਮੰਗੀ ਗਈ ਸੀ। ਗੀਤ ਜਾਦੂ ਟੂਣੇ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਲੋਕ ਗੀਤ ਕਿਉਂਕਿ ਇਤਿਹਾਸ ਵਿਚ ਕਈ ਸਮਾਜਿਕ ਅਵਸਥਾਵਾਂ ਵਿਚੋਂ ਦੀ ਗੁਜ਼ਰੇ ਹਨ, ਇਸ ਲਈ ਉਨ੍ਹਾਂ ਵਿਚ ਹਰ ਇਤਿਹਾਸਕ ਦੌਰ ਦਾ ਕੁੱਝ ਨਾ ਕੁੱਝ ਸਾਂਭਿਆ ਪਿਆ ਹੈ। ਦਿਖਾਈ ਤਾਂ ਦੇਵੇਗਾ ਜੇਕਰ ਅਸੀਂ, ਸਮਾਜਿਕ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਇਨ੍ਹਾਂ ਦੀ ਨਿਰਖ ਪਰਖ ਕਰਾਂਗੇ। ਲੱਗਦਾ ਇਉਂ ਸੀ ਕਿ ਰਾਜਾ ਜੇਠੇ ਪੁੱਤਰ ਦੀ ਬਲੀ ਦੇਵੇਗਾ ਤੇ ਖੂਹ ਵਿਚ ਪਾਣੀ ਆ ਜਾਵੇਗਾ ਪਰ ਗੀਤ ਤਾਂ ਕੁੱਝ ਹੋਰ ਕਹਿ ਰਿਹਾ ਸੀ।

**ਜੇਠਾ ਤਾਂ ਪੁੱਤਰ ਮੈਨੂੰ ਬਹੁਤ ਪਿਆਰਾ, ਬਹੁਤ ਪਿਆਰਾ,**
**ਜੇਠੀ ਨੂੰਹ ਦੀ ਬਲੀ ਦੇਵੀਂ ਅੜਿਆ**

ਜਾਗੀਰਦਾਰੀ ਯੁੱਗ ਦਾ ਰਾਜਾ, ਮਰਦ-ਪ੍ਰਧਾਨ ਸਮਾਜ ਦਾ ਰਾਜਾ, ਪਾਣੀ ਲੈਣ ਲਈ ਪੁੱਤਰ ਦੀ ਥਾਂ 'ਤੇ ਨੂੰਹ ਦੀ ਬਲੀ ਦੇਣ ਲਈ ਤਿਆਰ ਸੀ।

**ਸਹੁਰੇ ਜੁ ਸਾਡੇ ਨੇ ਚਿੱਠੀ ਜੁ ਭੇਜੀ ਚਿੱਠੀ ਜੁ ਭੇਜੀ,**
**ਛੇਤੀ-ਸ਼ਤਾਬੀ ਘਰ ਆ ਜਾ ਨੋਹੇਂ।**

ਸਾਫ ਸੀ ਕਿ ਪੰਡਿਤ ਦੀ ਰਾਜਾ ਨੇ ਦਲੀਲ ਮੰਨ ਲਈ ਸੀ। ਇਥੋਂ ਸ਼ੁਰੂਆਤ ਹੁੰਦੀ ਹੈ ਦੁਖਾਂਤ ਦੀ। ਰਾਜਾ ਤੇ ਪੰਡਿਤ ਮਿਲ ਕੇ ਉਸ ਔਰਤ ਨੂੰ ਬਲੀ ਚੜਾਅ ਰਹੇ ਸਨ ਜਿਸਨੇ ਇਸ ਸਭ ਨੂੰ ਵੀ ਆਪਣੀ ਹੋਣੀ ਸਮਝ ਲਿਆ ਸੀ। ਗੀਤ ਦੀ ਲੈਅ, ਪਹਿਲਾਂ ਹੀ ਦੁਖਾਂਤ ਦੀ ਛਾਇਆ ਲਈ ਬੈਠੀ ਸੀ।

**ਕੋਈ ਢਲ ਪਰਛਾਵੇਂ ਚਿੱਠੀ ਜੋ ਪੜ੍ਹਦੀ, ਚਿੱਠੀ ਜੋ ਪੜ੍ਹਦੀ,**
**ਨੈਣਾਂ ਨੇ ਛਹਿਬਰ ਲਾਈ ਅੜਿਆ।**
**ਕੋਈ ਸੱਦੋ ਕਹਾਰਾਂ ਨੂੰ ਬੀੜੋ ਮੇਰਾ ਡੋਲਾ, ਬੀੜੋ ਮੇਰਾ ਡੋਲਾ,**
**ਛੇਤੀ-ਸ਼ਤਾਬੀ ਘਰ ਜਾਣਾ ਅੜਿਆ।**
**ਕੋਈ ਪੰਜ ਰੁਪਈਏ ਆਪਣੇ ਬਾਬਲ ਨੂੰ ਦੇਵਾਂ, ਬਾਬਲ ਨੂੰ ਦੇਵਾਂ,**
**ਇਹੋ ਧੀਉ ਦੀ ਨਿਸ਼ਾਨੀ ਅੜਿਆ।**

ਬਲੀ ਦੀ ਬੇਦੀ ਤੇ ਜਾ ਰਹੀ ਨੂੰਹ ਦਾ ਹਰ ਕਾਰਜ ਦੁਖਾਂਤ ਨੂੰ ਡੂੰਘਾਈ ਦੇ ਰਿਹਾ ਸੀ। ਜਿਵੇਂ ਉਹ ਬਾਬਲ ਨੂੰ ਪੰਜ ਰੁਪਈਏ ਨਿਸ਼ਾਨੀ ਦੇ ਰਹੀ ਸੀ, ਉਵੇਂ ਹੀ ਮਾਈ ਨੂੰ ਆਪਣੇ ਸਿਰ ਦਾ ਸਾਲੂ ਦੇ ਦਿੰਦੀ ਹੈ। ਵੀਰ ਨੂੰ ਹੱਥ ਦੀ ਮੁੰਦਰੀ ਲਾਹ ਦਿੱਤੀ ਉਸ ਨੇ। ਬਾਹਾਂ ਦਾ ਚੂੜਾ, ਭਾਬੋ ਨੂੰ ਸੌਂਪ ਦਿਤਾ ਤੇ ਇਉਂ ਸਾਰਿਆਂ ਨੂੰ ਰੁਆਉਂਦੀ ਉਹ ਅਗਾਂਹ ਤੁਰ ਰਹੀ ਸੀ। ਜਿਉਂ ਜਿਉਂ ਪ੍ਰਸਥਿਤੀਆਂ ਬਦਲ ਰਹੀਆਂ ਸਨ, ਦੁਖਾਂਤ ਹੋਰ ਡੂੰਘਾ ਹੋ ਰਿਹਾ ਸੀ।

**ਕੋਈ ਚੱਕਿਆ ਡੋਲਾ ਮੇਰਾ ਬਾਗਾਂ ਵਿਚ ਆਇਆ,**
**ਬਾਗਾਂ ਵਿਚ ਆਇਆ,**
**ਮੇਰਾ ਸਹੁਰਾ ਤਾਂ ਦੇਖ ਦੇਖ ਰੋਵੇ ਅੜਿਆ।**
**ਕੋਈ ਤੈਨੂੰ ਤਾਂ ਸਹੁਰਿਆ ਨੋਹਾਂ ਹੋਰ ਬਥੇਰੀਆਂ, ਹੋਰ ਬਥੇਰੀਆਂ,**
**ਮੇਰੇ ਬਾਬਲ ਦੀ ਧੀ ਹੈ ਨਾ ਕੋਈ ਅੜਿਆ।**

ਇਹ ਪਹਿਲਾ ਗੀਤ ਮੈਂ ਸੁਣ ਰਿਹਾ ਸਾਂ, ਜਿਸ ਵਿਚ ਸੱਸ ਤੇ ਸਹੁਰਾ ਨੂੰਹ ਦੇ ਮਰਨ ਦਾ ਗਮ ਕਰ ਰਹੇ ਸਨ। ਨਹੀਂ ਤਾਂ ਬਾਕੀ ਗੀਤਾਂ ਵਿਚ ਉਹ ਸ਼ੁਕਰ ਮਨਾਉਂਦੇ ਹਨ ਅਤੇ ਪੁੱਤਰ ਦਾ ਹੋਰ ਵਿਆਹ ਕਰਨ ਲਈ ਉਤਾਵਲੇ ਦਿਖਾਈ ਦਿੰਦੇ ਹਨ। ਨੂੰਹ ਦੇ ਜਵਾਬ ਵਾਤਾਵਰਨ ਵਿਚ ਵੀ ਦੁੱਖਾਂ ਦਾ ਸੰਚਾਰ ਕਰਦੇ ਜਾਂਦੇ ਹਨ। ਇਉਂ ਹੀ ਸੱਸ ਨੂੰ ਰੋਂਦਿਆਂ ਵੇਖ ਕੇ ਨੂੰਹ ਜਵਾਬ ਦਿੰਦੀ ਹੈ ਕਿ ਉਸ ਨੂੰ ਤਾਂ ਨੂੰਹਾਂ ਹੋਰ ਵੀ ਮਿਲ ਜਾਣਗੀਆਂ, ਪਰ ਉਸ ਦੀ ਮਾਂ ਇਕੱਲੀ ਰਹਿ ਜਾਵੇਗੀ। ਦੇਵਰ ਨੂੰ ਭਾਬੀਆਂ ਹੋਰ ਮਿਲ ਜਾਣਗੀਆਂ ਪਰ ਉਸ ਦੇ ਵੀਰ ਨੂੰ ਭੈਣ ਨਸੀਬ ਨਹੀਂ ਹੋਵੇਗੀ। ਨਣਾਨ ਨੂੰ ਹੋਰ ਭਾਬੀਆਂ ਦੇਖਣੀਆਂ ਨਸੀਬ ਹੋ ਸਕਦੀਆਂ ਹਨ, ਉਸ ਦੀ ਭਾਬੋ ਨੂੰ ਹੋਰ ਕਿਥੋਂ ਮਿਲੇਗੀ? ਇਉਂ ਗੱਲ ਕੌਂਤ ਤਕ ਪਹੁੰਚ ਗਈ ਸੀ। ਗੀਤ ਆਪਣਾ ਸਫ਼ਰ ਤੈਅ ਕਰ ਰਿਹਾ ਸੀ, ਰਾਤ ਦਾ ਸੰਨਾਟਾ ਦੁਖਾਂਤ ਨੂੰ ਹੋਰ ਗਹਿਰਾਈ ਦੇ ਰਿਹਾ ਸੀ, ਕੱਚਾ ਕੋਠਾ, ਦੁਖਾਂਤ ਨਾਟਕ ਦਾ ਰੰਗਮੰਚ ਬਣਿਆ ਹੋਇਆ ਸੀ। ਮੈਨੂੰ ਆਲੇ ਦੁਆਲੇ ਦੀ ਕੋਈ ਖ਼ਬਰ ਨਹੀਂ ਸੀ। ਗੀਤ ਕਹਿ ਰਿਹਾ ਸੀ।

**ਕੋਈ ਚੱਕਿਆ ਡੋਲਾ ਮੇਰਾ ਖੂਹ ਪਰ ਆਇਆ,**
**ਖੂਹ ਪਰ ਆਇਆ,**
**ਮੇਰਾ ਕੌਂਤ ਤਾਂ ਦੇਖ ਰੋਵੇ ਅੜਿਆ।**
**ਕੋਈ ਤੈਨੂੰ ਤਾਂ ਕੌਂਤਾ ਨਾਰਾਂ ਹੋਰ ਬਥੇਰੀਆਂ,**
**ਹੋਰ ਬਥੇਰੀਆਂ,**
**ਮੇਰੇ ਵੀਰੇ ਦੀ ਭੈਣ ਹੈ ਨਾ ਕੋਈ ਅੜਿਆ।**

ਲੱਗਦਾ ਸੀ ਕਿ ਸਾਰਿਆਂ ਨੇ ਨੂੰਹ ਦੀ ਬਲੀ ਨੂੰ ਪ੍ਰਵਾਨਗੀ ਦੇ ਦਿਤੀ ਸੀ। ਰੋਣ ਤੋਂ ਸਿਵਾ ਕੋਈ ਹੋਰ ਬੋਲ ਸਾਂਝਾ ਨਹੀਂ ਸੀ ਹੋ ਰਿਹਾ। ਰਾਜੇ ਵਲੋਂ ਕੀਤੇ ਫ਼ੈਸਲੇ ਦਾ ਰੱਤਾ ਭਰ ਵੀ ਵਿਰੋਧ ਨਹੀਂ ਸੀ। ਖੂਹ 'ਚੋਂ ਪਾਣੀ ਆਉਣਾ ਚਾਹੀਦਾ ਹੈ, ਭਾਵੇਂ ਬਲੀ ਦੇਣੀ ਪਵੇ, ਜਿਸ ਖੇਤਰ ਵਿਚ ਇਹ ਗੀਤ ਗਾਇਆ ਜਾ ਰਿਹਾ ਸੀ ਉਥੇ ਪਾਣੀ ਸੌ ਡੇਢ ਸੌ ਫੁੱਟ ਡੂੰਘਾ ਸੀ। ਪਾਣੀ ਲੈਣ ਲਈ ਅਜਿਹੇ ਵਿਸ਼ਵਾਸਾਂ ਨਾਲ, ਭੂਗੋਲਿਕ ਸਥਿਤੀ ਜੁੜ ਰਹੀ ਸੀ। ਉਸੇ ਵਿਸ਼ਵਾਸ ਵਿਚੋਂ ਇਹ ਗੀਤ ਜਨਮ ਲੈ ਰਿਹਾ ਸੀ।

**ਕੋਈ ਚੱਕਿਆ ਡੋਲਾ ਮੇਰਾ ਖੂਹ ਵਿਚ ਤਾਰਿਆ,**
**ਖੂਹ ਵਿਚ ਤਾਰਿਆ,**
**ਹੁਣ ਪਾਣੀ ਰੇਲ ਛੇਲ ਹੋਈ ਅੜਿਆ**

ਗੀਤ ਸਿਖਰ 'ਤੇ ਪਹੁੰਚ ਕੇ ਚੁੱਪ ਹੋ ਗਿਆ। ਪਸੀਨੋ ਪਸੀਨ ਹੋਈਆਂ ਨਾਨੀ, ਮਾਮੀ ਤੇ ਭੈਣਾਂ ਨੇ ਪੱਲਿਆਂ ਨਾਲ ਮੂੰਹ ਸਾਫ਼ ਕੀਤੇ ਤੇ ਨਾਲ ਹੀ ਪੁੱਤ ਦੀ ਥਾਂ ਨੂੰਹ ਦੀ ਬਲੀ ਬਾਰੇ ਗਿਲੇ ਸ਼ਿਕਵੇ ਵੀ ਹੁੰਦੇ ਰਹੇ। ਰਾਤ ਬਹੁਤ ਹੋ ਚੁੱਕੀ ਸੀ। ਮਾਮੀ ਨਾਲ ਦੇ ਕਮਰੇ ਵਿਚ ਗਈ ਤੇ ਹਸਦੀ ਵਾਪਸ ਪਰਤੀ। ਦੂਜਿਆਂ ਨੇ ਇਸ ਦਾ ਕਾਰਨ ਪੁਛਿਆ। ਉਸ ਨੇ ਕਿਹਾ, ''ਕੁੜੀ ਕਹਿੰਦੀ ਆ ਭਾਜੀ ਮੈਂ ਵੀ ਗੀਤ ਗਾਉਣੇ ਸੀ।'' ਸਾਰੀਆਂ ਹੱਸ ਹੱਸ ਲੋਟ-ਪੋਟ। ''ਕੁੜੇ ਪਹਿਲਾਂ ਮੰਜੇ ਤੋਂ ਤਾਂ ਉਠ ਲੈ, ਫੇਰ ਗਾਈ ਜਾਈਂ ਘੋੜੀਆਂ, ਜਿਹੜੀਆਂ ਗਾਉਣੀਆਂ'' ਮੈਂ ਵੀ ਹਾਸੇ ਵਿਚ ਉਚੀ ਦੂਜੇ ਕਮਰੇ ਵਿਚ ਕੁੜੀ ਨੂੰ ਸੁਣਾ ਕੇ ਕਿਹਾ, ''ਕੋਈ ਨਾ ਫੇਰ ਸੁਣਾਂਗੇ ਤੇਰੇ ਕੋਲੋਂ ਕੱਲੀ ਤੋਂ'' ਮੇਰੇ ਆਉਣ 'ਤੇ ਜੋ ਗੰਭੀਰ ਮਾਹੌਲ ਸੀ, ਹੁਣ ਉਹ ਬਿਲਕੁਲ ਹਲਕਾ ਫੁਲਕਾ ਹੋ ਗਿਆ ਸੀ।

ਜਿਉਂ ਜਿਉਂ ਮੈਨੂੰ ਹੋਰ ਸੰਗ੍ਰਹਿ ਪੜ੍ਹਨ ਨੂੰ ਮਿਲੇ। ਉਨ੍ਹਾਂ ਵਿਚ ਇਸ ਗੀਤ ਦੇ ਕਈ ਹੋਰ ਰੂਪ ਸਨ। ਅੰਮ੍ਰਿਤਾ ਦੇ ਸੰਗ੍ਰਹਿ ਵਿਚ ਇਹ 'ਰੁਲ੍ਹ ਕੁਲ੍ਹ' ਦੇ ਨਾਂ ਹੇਠ ਸੀ, ਜਿਸ ਦੀ ਭਾਸ਼ਾ ਕਾਂਗੜੀ ਸੀ ਤੇ ਜਿਥੇ ਖੂਹ ਦੀ ਥਾਂ ਨਹਿਰ ਸੀ। ਇਵੇਂ ਹੀ ਇਕ ਲੇਖਕ ਦਾ ਨਵੇਂ ਸ਼ਹਿਰ ਤੋਂ ਸੰਗ੍ਰਹਿ ਕੀਤਾ ਇਸ ਦਾ ਇਕ ਹੋਰ ਪਾਠ ਦੇਖਣ ਨੂੰ ਮਿਲਿਆ। ਪਰ ਉਸ ਵਿਚ ਵੀ ਦੁਖਾਂਤ ਏਨਾ ਗਹਿਰਾ ਨਹੀਂ ਸੀ। ਇਸ ਦਾ ਕਾਰਨ ਇਹ ਵੀ ਹੋ ਸਕਦਾ ਸੀ ਕਿ ਮੈਂ ਇਹ ਗੀਤ ਗਾਇਆ ਸੁਣਿਆ ਸੀ। ਗੀਤ ਹੁੰਦਾ ਹੀ ਗਾਉਣ ਲਈ ਹੈ ਤੇ ਉਸ ਦਾ ਅਸਰ ਵੀ ਇਸੇ ਰੂਪ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ।

ਅਗਲੇ ਦਿਨ ਮੈਂ ਕੁੜੀ ਦੀ ਕੁੜੀ ਨੂੰ ਸ਼ਗਨ ਦੇ ਕੇ ਆਪਣਾ ਥੈਲਾ ਭਰੀ ਵਾਪਿਸ ਪਰਤ ਆਇਆ। ਪਰ ਜਦੋਂ ਵੀ ਮੈਂ ਇਸ ਗੀਤ ਦੀ ਧੁੰਨ ਗੁਣਗੁਣਾਉਂਦਾ ਹਾਂ ਤਾਂ ਫਿਰ ਉਸੇ ਪੁਰਾਣੇ ਮਾਹੌਲ ਵਿਚ ਪਹੁੰਚ ਜਾਂਦਾ ਹਾਂ, ਜਦੋਂ ਇਸ ਨੂੰ ਮੈਂ ਪਹਿਲੀ ਵਾਰ ਸੁਣਿਆ ਸੀ।

## ਜਗਦੇ ਚਰਾਗ ਜਿਹਾ ਸ਼ਾਇਰ–
## ਪ੍ਰੋ. ਸ਼ਮਸ਼ੇਰ ਸਿੰਘ ਸੰਧੂ, ਕੈਲਗਰੀ, ਕੈਨੇਡਾ



ਪ੍ਰੋ. ਸ਼ਮਸ਼ੇਰ ਸਿੰਘ ਸੰਧੂ, ਰੀ. ਡਿ. ਡੀ. ਪੀ. ਆਈ, ਪੰਜਾਬ, ਚੰਡੀਗੜ੍ਹ, ਪੰਜਾਬੀ ਦਾ ਪ੍ਰਸਿੱਧ ਪਰਵਾਸੀ ਸ਼ਾਇਰ ਹੈ। ਉਸ ਦੀਆਂ ਹੁਣ ਤਕ ਗ਼ਜ਼ਲ ਦੀਆਂ 5 ਪੁਸਤਕਾਂ 'ਗਾ ਜ਼ਿੰਦਗੀ ਦੇ ਗੀਤ ਤੂੰ', 'ਜੋਤ ਸਾਹਸ ਦੀ ਜਗਾ', 'ਬਣ ਸ਼ੁਆ ਤੂੰ', 'ਰੌਸ਼ਨੀ ਦੀ ਭਾਲ' ਅਤੇ 'ਸੁਲਗਦੀ ਲੀਕ' ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਹ ਪੰਜੇ ਪੁਸਤਕਾਂ ਇਕ ਵੱਡ ਆਕਾਰੀ ਪੁਸਤਕ 'ਗੀਤ ਤੋਂ ਸੁਲਗਦੀ ਲੀਕ ਤਕ' ਦੇ ਨਾਂ ਥੱਲੇ ਵੀ ਛਪ ਚੁਕੀਆਂ ਹਨ। ਇਹ ਸਾਰੀਆਂ ਗ਼ਜ਼ਲਾਂ ਜ਼ਿੰਦਗੀ ਦੇ ਮੇਚ ਅਤੇ ਉੱਚ ਪਾਏ ਦੀਆਂ ਹਨ। ਉਸਦਾ ਸ਼ੁਮਾਰ ਉੱਚ ਪਾਏ ਦੇ ਪਰਵਾਸੀ ਸ਼ਾਇਰਾਂ ਦੀ ਢਾਣੀ ਵਿੱਚ ਪੇਸ਼ ਪੇਸ਼ ਹੈ ਅਤੇ ਉਸਦਾ ਪੰਜਾਬ ਵਿੱਚ ਵੀ ਵਰਨਣ ਯੋਗ ਜ਼ਿਕਰ ਹੈ। ਉਸਦਾ ਨਵਾਂ ਗ਼ਜ਼ਲ ਸੰਗ੍ਰਹਿ 'ਢਲ ਰਹੇ ਐ ਸੂਰਜਾ' ਛੇਤੀ ਹੀ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ। ਮੈਂ ਉਸ ਦੀ ਭੂਮਿਕਾ ਲਿਖੀ ਹੈ ਤੇ ਜਾਣਿਆ ਹੈ ਕਿ ਉਹ ਮਾਨਵਤਾ ਦਾ ਸੁੱਚਾ ਸ਼ਾਇਰ ਹੈ। ਪੇਸ਼ ਹਨ ਉਸ ਦੀਆਂ ਕੁਛ ਗ਼ਜ਼ਲਾਂ।

ਸੁਲੱਖਣ ਸਰਹੱਦੀ 9417484337

-1-

ਢਲ ਰਹੇ ਐ ਸੂਰਜਾ ਤੂੰ ਬਾਤ ਮੇਰੀ ਸੁਣ ਜ਼ਰਾ
ਵੀਰ ਬਣਕੇ ਕਿਰਨ ਕੋਈ ਝੁੱਗੀਆਂ ਦੇ ਵਿੱਚ ਪਾ।

ਆਦਮੀ ਦੀ ਜੂਨ ਬੰਦੇ ਨਜ਼ਰ ਭਾਂਵੇਂ ਆਂਵਦੇ
ਕਰ ਵਸੀਲਾ, ਰੌਸ਼ਨੀ ਦੇ, ਕਰਮ ਬੰਦੇ ਦੇ ਸਿਖਾ।

ਆਦਮੀ ਨੂੰ ਖਾਣ ਵਾਲੀ ਨੀਤ ਜਾਂਦੀ ਨਾ ਅਜੇ
ਕੌਡਿਆਂ ਦੀ ਨਸਲ ਸਾਰੀ ਜੱਗ ਤੋਂ ਤੂੰ ਦੇ ਮਿਟਾ।

ਹਕ ਬਗਾਨੇ ਰਾਤ ਦਿਨ ਨੇ ਜ਼ੋਰਆਵਰ ਮਾਰਦੇ
ਡਾਕੂਆਂ ਨੂੰ ਬਾਲਮੀਕਾਂ ਵਿੱਚ ਹੁਣ ਤੂੰ ਦੇ ਵਟਾ।
ਬਾਲਮੀਕ ਵਰਗੇ ਮਹਾਨ ਰਿਸ਼ੀ
ਇਲਮ ਸਾਰਾ ਅਕਲ ਸਾਰੀ ਪੰਧ ਕਸੂਤੇ ਜਾ ਰਹੀ
ਦੁੱਜਿਆਂ ਲਈ ਕਿੰਝ ਮਰਨਾ ਜੀਣ ਐਸਾ ਦੇ ਸਿਖਾ

ਜ਼ਿੰਦਗੀ ਦਾ ਰਾਜ਼ ਤੇਰੀ ਰੌਸ਼ਨੀ ਸਭ ਜਾਣਦੇ
ਦੇਕੇ ਥੋੜੀ ਊਰਜਾ ਤੂੰ ਲੋਕ ਸੁੱਤੇ ਦੇ ਜਗਾ।

-2-

ਮੰਦਰ ਜਾਂ ਹੋਇ ਮਸਜਿਦ ਹਰ ਥਾਂ ਚਰਾਗ ਬਲਣਾ
ਹਰਥਾਂ ਕਰੇ ਉਹ ਚਾਨਣ ਮਜ਼ਹਬ ਨਾ ਉਸ ਬਦਲਣਾ।

ਅੱਲਾ ਜਾਂ ਓਮ ਆਖੋ ਸਤਿਨਾਮ ਹੈ ਜੋ ਉਸਦਾ
ਰਸਤੇ ਅਨੇਕ ਚਾਹੇ ਇੱਕੋ ਹੀ ਥਾਂ ਤੇ ਰਲਣਾ।

ਸ਼ੱਮਸ ਕਹੋ ਜਾਂ ਸੂਰਜ ਪੈਂਦਾ ਨਾ ਫਰਕ ਕੋਈ
ਰੌਸ਼ਨ ਕਰੇ ਉਹ ਦੁਨੀਆਂ ਬਦਲੇ ਉਦੈ ਨਾ ਢਲਣਾ।

ਮਜ਼ਹਬ ਦੇ ਸਭ ਝਮੇਲੇ ਦੇਵੋ ਤਿਆਗ ਜੇਕਰ
ਸਾਂਝਾਂ ਦਾ ਤਾਂ ਹੀ ਸੂਰਜ ਆਕੇ ਹੈ ਫਿਰ ਨਿਕਲਣਾ।

ਧਰਤੀ ਤੇ ਤਾਂ ਹੀ ਹੋਣੀ ਅਮਨਾਂ ਦੀ ਫੇਰ ਵਰਖਾ
ਸਿਖ ਲੈ ਅਗਰ ਜੇ ਬੰਦਾ ਕਰਕੇ ਪਿਆਰ ਚਲਣਾ।

ਮੰਦਰ ਮਸੀਤ ਵਾਲੇ ਝਗੜੇ ਨੂੰ ਸਭ ਤਿਆਗੋ
ਗਿਰਜੇ ਤੇ ਗੁਰਘਰਾਂ ਨੇ ਏਕੇ 'ਚ ਤਾਂ ਹੀ ਰਲਣਾ।

ਸਦੀਆਂ ਅਜ਼ਾਬ ਝੱਲੇ ਆਦਮ ਨੇ ਧਰਤ ਉੱਤੇ
ਹੋਸ਼ਾਂ ਦੀ ਕਰ ਦਵਾ ਤੂੰ ਜ਼ਹਿਮਤ ਨੇ ਤਾਂ ਹੀ ਟਲਣਾ।

-3-

ਸੋਗਵਾਰੇ ਨਾ ਸਵੇਰੇ ਆਉਣ ਮੁੜਕੇ ਧਰਤ ਤੇ

## ਸੁਖ਼ਨ-ਸਾਜ਼



ਸੁਲੱਖਣ ਸਰਹੱਦੀ

ਮਰਘਟਾਂ ਦੇ ਗੀਤ ਫਿਰ ਨਾ ਗਾਉਣ ਮੁੜਕੇ ਧਰਤ ਤੇ।

ਨਾ ਧੁਆਂਖੇ ਚਾਨਣੀ ਸੋਗੀ ਸਵੇਰੇ ਹੋਣ ਨਾ
ਨਾ ਤਬਾਹੀ ਅਗਣ ਬੰਬ ਵਰਸਾਉਣ ਮੁੜਕੇ ਧਰਤ ਤੇ।

ਖੰਭ ਮੇਰੇ ਖੋਲ੍ਹ ਦੇ ਪਰਵਾਜ਼ ਐਸੀ ਬਖਸ਼ ਦੇ
ਨਾ ਕਿਸੇ ਦੇ ਆਲ੍ਹਣੇ ਇਹ ਢਾਉਣ ਮੁੜਕੇ ਧਰਤ ਤੇ।

ਬਣ ਮਸੀਹਾ ਅਮਨ ਦਾ ਹਰ ਇਕ ਬਸ਼ਰ ਏਥੇ ਰਹੇ
ਰਹਿਮਤਾਂ ਹੀ ਰਹਿਮਤਾਂ ਵਰਸਾਉਣ ਮੁੜਕੇ ਧਰਤ ਤੇ।

ਧਰਤ ਸਾਰੀ ਹੀ ਬਣੇ ਦਰਪਣ ਉਮੀਦਾਂ ਦਾ ਜਿਵੇਂ
ਸੋਗਵਾਰੇ ਵਕਤ ਫਿਰ ਨਾ ਆਉਣ ਮੁੜਕੇ ਧਰਤ ਤੇ।

ਦੂਧੀਆ ਇਸ ਚਾਨਣੀ ਵਿਚ ਸਭ ਧਮਾਲਾਂ ਪਾ ਸਕਣ
ਸੂਰਜਾਂ ਦਾ ਚਾਨਣਾ ਲਸ਼ਕਾਉਣ ਮੁੜਕੇ ਧਰਤ ਤੇ।

ਫੈਲਰੇ ਜਿੱਥੋਂ ਵੀ ਤੀਕਰ ਅੰਬਰਾਂ ਦੇ ਸਿਲਸਲੇ
ਭਰ ਉਡਾਰੀ ਚਾ ਕੁਆਰੇ ਆਉਣ ਮੁੜਕੇ ਧਰਤ ਤੇ।

ਧਰਤੀਆਂ ਤੇ ਸਾਗਰਾਂ ਦੀ ਵੰਡ ਕਾਣੀ ਨਾ ਰਹੇ
ਸਭ ਕਿਨਾਰੇ ਸਾਂਝ ਦੇ ਮੁਸਾਉਣ ਮੁੜਕੇ ਧਰਤ ਤੇ।

ਰਾਵਣਾ ਮਹਿਖਾਸਰਾਂ ਚੰਗੇਜ਼ ਗੌਰੀ ਦੇ ਜਹੇ
ਬਣ ਦਰਿੰਦੇ ਜ਼ੁਲਮ ਨਾ ਵਰਤਾਉਣ ਮੁੜਕੇ ਧਰਤ ਤੇ।

ਚੇਤੇ ਦੀ ਚੰਗੇਰ 'ਚੋਂ

# ਉਹ ਕਾਲੇ ਦਿਨ



ਅਮਰਦੀਪ ਗਿੱਲ

ਜਦੋਂ ਪੰਜਾਬ ਵਿਚ ਪੀਲ਼ੀ ਦਹਿਸ਼ਤ ਦਾ ਦੌਰ ਸੀ, ਉਦੋਂ ਮੇਰੀ ਉਮਰ ਪੰਦਰਾਂ-ਸੋਲ਼ਾਂ ਸਾਲ ਸੀ। ਕਾਲਜ ਦੀ ਪੜ੍ਹਾਈ ਸ਼ੁਰੂ ਕੀਤੀ ਹੀ ਸੀ। ਬਠਿੰਡੇ ਸਰਕਾਰੀ ਰਾਜਿੰਦਰਾ ਕਾਲਜ ਵਿਚ ਪੜ੍ਹਦਾ ਸਾਂ। ਬਾਪੂ ਅਤੇ ਮਾਂ ਘੋਲੀਆਂ ਕਲਾਂ ਰਹਿੰਦੇ ਸਨ, ਮੈਂ ਅਪਣੀ ਪਾਲਣਹਾਰ ਮਾਂ ਅਤੇ ਮਾਂ ਵਰਗੀ ਵੱਡੀ ਭੈਣ ਕੋਲ਼ ਬਠਿੰਡੇ। ਜਨਮ ਵੀ ਮੇਰਾ ਇੱਥੇ ਬਠਿੰਡੇ ਹੀ ਹੋਇਆ। ਪੰਜਵੀਂ ਤੱਕ ਦੀ ਪੜ੍ਹਾਈ ਵੀ ਬਠਿੰਡੇ ਹੀ ਕੀਤੀ, ਛੇਵੀਂ ਜਮਾਤ ਤੋਂ ਲੈ ਕੇ ਦੱਸਵੀਂ ਤਕ ਘੋਲੀਆਂ ਕਲਾਂ ਪੜ੍ਹਿਆ, ਉਨੀ ਸੌ ਬਿਆਸੀ 'ਚ ਫਿਰ ਆ ਕੇ ਬਠਿੰਡੇ ਪੜ੍ਹਨ ਲੱਗ ਪਿਆ।

ਘਰ ਵਿਚ ਅਸੀਂ ਤਿੰਨ ਹੀ ਜੀਅ ਸਾਂ; ਮਾਂ, ਭੈਣ ਅਤੇ ਮੈਂ। ਮੇਰਾ ਇਹ ਘਰ ਜਿੱਥੇ ਹੁਣ ਵੀ ਮੈਂ ਰਹਿੰਦਾ ਹਾਂ, ਰਾਜਿੰਦਰਾ ਕਾਲਜ ਦੀ ਪਿਛਲੀ ਕੰਧ ਨਾਲ਼ ਲਗਦਾ ਹੈ। ਮੈਂ ਕਾਲਜ ਜਾਂਦਾ; ਭੈਣ ਬਠਿੰਡੇ ਦੇ ਨੇੜੇ ਮੰਡੀ ਗੋਨਿਆਣਾ ਦੇ ਭਾਈ ਆਸਾ ਸਿੰਘ ਗਰਲਜ਼ ਕਾਲਜ ਵਿਚ ਪੰਜਾਬੀ ਦੀ ਪ੍ਰਾਧਿਆਪਕਾ ਸੀ, ਉਹ ਵੀ ਨੌਕਰੀ ਕਰਨ ਚਲੀ ਜਾਂਦੀ। ਮਾਂ ਘਰੇ ਕੱਲੀ ਹੁੰਦੀ। ਉਨ੍ਹੀਂ ਦਿਨੀਂ ਸਾਡੀ ਇਸ ਏਕਤਾ ਕਾਲੋਨੀ ਵਿਚ ਵੈਸੇ ਵੀ ਦੋ ਤਿੰਨ ਹੀ ਘਰ ਪਏ ਸਨ; ਬਾਕੀ ਸਾਰਾ ਥਾਂ ਛੋਟੀਆਂ-ਛੋਟੀਆਂ ਝਾੜੀਆਂ, ਪਹਾੜੀ ਕਿੱਕਰਾਂ ਅਤੇ ਲੋਕਾਂ ਦੇ ਸੁੱਟੇ ਗੰਦ ਨੇ ਮੱਲਿਆ ਹੋਇਆ ਸੀ।



ਅਪਣੇ ਪੁਤ ਦੇ ਵਿਆਹ ਚ ਸੁਰਜੀਤ ਗਿੱਲ (ਖੱਬੇ ਹੱਥ) ਦੇ ਮੋਢੇ 'ਤੇ ਦੁਨਾਲ਼ੀ

ਭੈਣ ਤਾਂ ਦੋ ਤਿੰਨ ਵਜੇ ਤਕ ਆ ਜਾਂਦੀ, ਪਰ ਮੈਂ ਕੁਝ ਜ਼ਿਆਦਾ ਹੀ ਆਵਾਰਾ ਤੇ ਲਾਪਰਵਾਹ ਸਾਂ, ਮੈਂ ਰਾਤ ਨੂੰ ਨੌਂ-ਦੱਸ ਵਜੇ ਘਰ ਮੁੜਦਾ।

ਬੇਬੇ ਆਖਦੀ, "ਪੁੱਤ ਐਨਾ ਨ੍ਹੇਰਾ ਨਾ ਕਰਿਆ ਕਰ, ਛੇਤੀ ਘਰੇ ਆ ਜਿਆ ਕਰ। ਵੇਲਾ ਮਾੜੈ। ਅਸੀਂ ਕੱਲੀਆਂ ਬੁੜੀਆਂ ਘਰੇ ਹੁੰਨੀਆਂ...ਨੇੜ੍ਹੇ-ਤੇੜੇ ਕੋਈ ਘਰ ਵੀ ਹੈ ਨੀ।"

ਭਾਵੇਂ ਰਾਤ ਨੂੰ ਥੋੜੀ ਦੂਰ ਰਹਿੰਦਾ ਸਾਡਾ ਮਾਮਾ ਸਾਡੇ ਕੋਲ਼ ਆ ਕੇ ਸੌਂਦਾ; ਪਰ ਦਹਿਸ਼ਤ ਦਾ ਮਾਹੌਲ ਉਵੇਂ ਹੀ ਰਹਿੰਦਾ, ਜਿਵੇਂ ਸਾਰੇ ਪੰਜਾਬ ਚ ਸੀ। ਅਸੀਂ ਸਾਰੇ ਖ਼ਾਮੋਸ਼ ਡਰ 'ਚ ਜਿਉਂਦੇ ਸਾਂ। ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਮੈਂ ਉਨ੍ਹਾਂ ਦਿਨਾਂ ਚ ਪੱਗ ਬੰਨ੍ਹਦਾ ਸਾਂ। ਸਿਰ ਦੇ ਵਾਲ਼ ਬਹੁਤ ਲੰਬੇ ਸਨ; ਦਾੜ੍ਹੀ ਵੀ ਲੰਬੀ ਹੋਣ ਲੱਗ ਪਈ ਸੀ। ਉਂਜ ਉਨ੍ਹਾਂ ਦਿਨਾਂ ਵਿਚ ਕਰਤਾਰੀ ਨੁਹਾਰ ਵੀ ਜਾਨ ਦੀ ਰਾਖੀ ਸੀ ਨਹੀਂ ਕਰਦੀ। ਮੋਨਿਆਂ ਨੂੰ ਅੱਤਵਾਦੀ ਮਾਰੀ ਜਾਂਦੇ ਸਨ ਅਤੇ ਪੱਗ ਵਾਲ਼ਿਆਂ ਨੂੰ ਪੁਲਿਸ; ਪਰ ਫਿਰ ਵੀ ਪੱਗ ਨਾਲ਼ ਕੱਟੇ ਵਾਲ਼ਾਂ ਤੋਂ ਰਤਾ ਬਚਾਅ ਸੀ। ਮੈਂ ਪੱਗ ਉਂਜ ਛੇਵੀਂ-ਸੱਤਵੀਂ ਜਮਾਤ ਤੋਂ ਹੀ ਬੰਨ੍ਹਦਾ ਸੀ, ਪਰ ਡਰ ਕਰਕੇ 'ਸਿੱਖ' ਦੀ ਦਿੱਖ ਬਣਾ ਕੇ ਰੱਖਣ ਕਾਰਣ ਮੇਰੇ ਅੰਦਰਲਾ 'ਕਾਮਰੇਡ' ਮੈਨੂੰ ਝਾੜਾਂ ਪਾਉਂਦਾ। ਇਹ ਗੱਲ ਵੱਖਰੀ ਹੈ ਕਿ ਸਾਡੇ ਪੁਰਾਣੇ ਕਾਮ-ਰੇਡ, ਕਾਮਰੇਡ ਘੱਟ ਅਤੇ ਸਿੱਖ ਬਹੁਤੇ ਰਹੇ ਹਨ; ਮੇਰਾ ਬਾਪੂ ਵੀ ਮੇਰੇ ਵਾਲ਼ ਕਟਵਾਉਣ ਦੇ ਖ਼ਿਲਾਫ਼ ਸੀ। ਮੈਂ ਕਈ ਵਾਰ ਵਾਲ਼ ਕਟਵਾਏ; ਕਈ ਵਾਰ ਰੱਖੇ।

ਅਪਣੀ ਲੰਬੀ ਦਾੜ੍ਹੀ ਤੇ ਪੱਗ ਕਰਕੇ ਮੈਨੂੰ ਕਈ ਵਾਰ ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਹੱਥੋਂ ਜ਼ਲੀਲ ਹੋਣਾ ਪਿਆ ਸੀ। ਮੈਨੂੰ ਪਟਿਆਲ਼ੇ ਯੂਨੀਵਰਸਿਟੀ ਵਿਚ ਕੋਈ ਕੰਮ ਸੀ। ਮੈਂ ਡਾਕਟਰ ਰਵਿੰਦਰ ਸਿੰਘ ਰਵੀ ਹੁਰਾਂ ਨੂੰ ਮਿਲਣ ਗਿਆ, ਪਰ ਉਹ ਉਸ ਦਿਨ ਛੁੱਟੀ 'ਤੇ ਸਨ। ਮੈਂ ਫ਼ੋਨ ਕਰਕੇ ਉਨ੍ਹਾਂ ਦੇ ਘਰ ਵਲ ਚੱਲ ਪਿਆ। ਯੂਨੀਵਰਸਿਟੀ ਦੇ ਗੇਟ 'ਤੇ ਆ ਕੇ ਮੈਂ ਸੋਚਿਆ ਕਿ ਚਲੋ ਭੂਆ ਜੀ ਬਲਜੀਤ ਕੌਰ ਬੱਲੀ ਨੂੰ ਮਿਲ਼ ਜਾਂਦਾ ਹਾਂ। ਮੈਂ ਉਨ੍ਹਾਂ ਨੂੰ ਅਰਬਨ ਅਸਟੇਟ ਮਿਲਣ ਚਲੇ ਗਿਆ। ਜਦ ਉਨ੍ਹਾਂ ਦੇ ਘਰੋਂ ਨਿਕਲਣ ਲੱਗਿਆ, ਤਾਂ ਬਹੁਤ ਤੇਜ਼ ਮੀਂਹ ਪੈਣ ਲਗ ਪਿਆ। ਭੂਆ ਜੀ ਨੇ ਮੈਨੂੰ ਛੋਟੀ-ਜਿਹੀ ਛੱਤਰੀ ਦੇ ਦਿੱਤੀ। ਮੈਂ ਉਨ੍ਹਾਂ ਦਿਨੀਂ ਕੁੜਤਾ ਪਜਾਮਾ ਪਹਿਨਦਾ ਸਾਂ; ਪਜਾਮਾ ਵੀ ਝੋਲ਼ੀ ਵਾਲ਼ਾ ਤੰਗ ਮੂਹਰੀ ਦਾ; ਲੰਮਾ ਨੀਵਾਂ ਕੁੜਤਾ; ਸਿਰ 'ਤੇ ਪਟਿਆਲੇ ਸ਼ਾਹੀ ਪੱਗ, ਹਲਕੀ ਲੰਬੀ ਦਾੜ੍ਹੀ, ਲੰਮਾ ਕੱਦ, ਨਜ਼ਰ ਦੀਆਂ ਐਨਕਾਂ, ਮੋਢੇ ਤਣੀ ਵਾਲ਼ਾ ਝੋਲਾ, ਹੱਥ 'ਚ ਇਕ-ਦੋ ਅਖ਼ਬਾਰ। ਮੈਂ ਛੱਤਰੀ ਤਾਣ ਕੇ ਅਰਬਨ ਅਸਟੇਟ ਦੇ ਲੋਕਲ ਬੱਸ-ਸਟੈਂਡ ਤਕ ਪਹੁੰਚ ਗਿਆ। ਮੀਂਹ ਵੀ ਘਟ ਗਿਆ। ਮੈਂ ਛੱਤਰੀ ਬੰਦ ਕਰਕੇ ਝੋਲ਼ੇ ਵਿਚ ਪਾ ਲਈ ਅਤੇ ਝੋਲ਼ੇ 'ਚੋਂ ਪਰਨਾ ਕੱਢ ਕੇ ਮੋਢਿਆਂ ਉੱਤੋਂ ਦੀ ਬੁੱਕਲ਼-ਜਿਹੀ ਮਾਰ ਲਈ। ਉਥੋਂ ਬੱਸ ਫੜ ਕੇ ਮੈਂ ਰੇਲਵੇ ਸਟੇਸ਼ਨ ਆ ਗਿਆ। ਰੇਲਵੇ ਸਟੇਸ਼ਨ ਤੋਂ ਮੈਂ ਰਵੀ ਦੇ ਲਾਲ ਬਾ ਵਾਲ਼ੇ ਘਰ ਤਕ ਜਾਣ ਲਈ ਥ੍ਰੀ-ਵੀਲ੍ਹਰ ਲੈ ਲਿਆ। ਥ੍ਰੀ-ਵੀਲ੍ਹਰ ਵਾਲ਼ਾ ਮੇਰੀ ਹੀ ਉਮਰ ਦਾ ਸਿੱਖ ਮੁੰਡਾ ਸੀ। ਉਹਨੇ ਪੈਂਟ, ਟੀ-ਸ਼ਰਟ ਨਾਲ਼ ਸਿਰ 'ਤੇ ਪਟਕਾ ਬੰਨ੍ਹਿਆ ਹੋਇਆ ਸੀ; ਗੋਰਾ ਰੰਗ ਘੁੰਗਰਾਲ਼ੀ ਦਾੜ੍ਹੀ। ਇਨ੍ਹਾਂ ਲੋਕਾਂ ਨੂੰ ਅਸੀਂ ਅਕਸਰ 'ਭਾਪੇ' ਕਹਿੰਦੇ ਹਾਂ। ਇਹ ਪਟਿਆਲ਼ੇ ਚ ਬਹੁਤ ਨੇ।

ਸਾਡਾ ਥ੍ਰੀ-ਵੀਲ੍ਹਰ ਹਾਲੇ ਕੈਪੀਟਲ ਸਿਨੇਮੇ ਦੇ ਸਾਹ-ਮਣੇ ਹੀ ਪੁੱਜਾ ਸੀ ਕਿ ਪਿੱਛੋਂ ਪੰਜਾਬ ਪੁਲਿਸ ਅਤੇ ਸੀ. ਆਰ.ਪੀ. ਦੀਆਂ ਦੋ ਗੱਡੀਆਂ ਨੇ ਆ ਕੇ ਸਾਨੂੰ ਰੋਕ ਲਿਆ। ਪਲਾਂ ਵਿਚ ਹੀ ਸੜਕ 'ਤੇ ਜਾਮ ਲੱਗ ਗਿਆ। ਦਰਜਨ ਦੇ ਕਰੀਬ ਬੰਦੂਕਾਂ ਸਾਡੇ ਦੁਆਲ਼ੇ ਤਣ ਗਈਆਂ। ਪੰਜਾਬ ਪੁਲਿਸ ਦੇ ਥਾਣੇਦਾਰ ਨੇ ਹੱਥ 'ਚ ਰਿਵਾਲਵਰ ਲੈ ਕੇ ਮੈਨੂੰ ਦਬਕਾ ਮਾਰਿਆ, "ਹੱਥ ਉਪਰ, ਹੱਥ ਉਪਰ...ਬਾਹਰ ਨਿਕਲ਼ ...ਨਿਕਲ਼ ਬਾਹਰ!"

ਮੈਨੂੰ ਕੁਝ ਸਮਝ ਨਾ ਆਈ ਮੈਂ ਡੌਰ-ਭੌਰ ਜਿਹਾ ਹੋਇਆ ਬਾਹਾਂ ਖੜ੍ਹੀਆਂ ਕਰਕੇ ਬਾਹਰ ਨਿਕਲ਼ਿਆ। ਥਾਣੇਦਾਰ ਨੇ ਰਿਵਾਲਵਰ ਤਾਣੀ ਰੱਖਿਆ ਅਤੇ ਖੱਬੇ ਹੱਥ ਨਾਲ਼ ਮੇਰੇ ਝੋਲ਼ੇ 'ਚੋਂ ਦਿਸਦਾ ਛੱਤਰੀ ਦਾ ਹੱਥਾ ਫੜ ਕੇ ਜ਼ੋਰ ਦੀ ਬਾਹਰ ਖਿੱਚ ਲਿਆ। ਛੱਤਰੀ ਵੇਖ ਕੇ ਥਾਣੇਦਾਰ ਕੱਚਾ-ਜਿਹਾ ਹੋ ਗਿਆ ਤੇ ਓਨੀ ਹੀ ਤੇਜ਼ੀ ਨਾਲ਼ ਛੱਤਰੀ ਝੋਲ਼ੇ 'ਚ ਵਾਪਸ ਪਾਉਂਦਾ ਨਾਲ਼ ਦੇ ਸਿਪਾਹੀਆਂ ਨੂੰ ਝਾੜ ਪਾਉਣ ਵਾਂਗ ਬੋਲਿਆ, "ਓਏ ਇਹ ਤਾਂ ਛੱਤਰੀ ਐ! ਹੂੰਅ!"

ਮੈਨੂੰ ਉਦੋਂ ਗੱਲ ਸਮਝ ਆਈ ਕਿ ਦਰਅਸਲ ਇਹ ਲੋਕ ਮੇਰੀ ਛੱਤਰੀ ਨੂੰ ਏ. ਕੇ. ਸੰਤਾਲ਼ੀ ਸਮਝ ਕੇ ਸਟੇਸ਼ਨ ਤੋਂ ਮੇਰੇ ਪਿੱਛੇ ਲੱਗ ਗਏ ਸਨ। ਮੇਰਾ ਹਾਸਾ ਨਿਕਲ਼ ਗਿਆ, ਤਾਂ ਥਾਣੇਦਾਰ ਹੋਰ ਚਿੜ੍ਹ ਗਿਆ। ਉਹ ਛਿੱਥਾ ਪੈਂਦਾ ਬੋਲਿਆ, "ਸਾਡੀ ਡਿਊਟੀ ਐ! ਡਿਊਟੀ ਨ੍ਹੀਂ ਸਾਡੀ?"

ਮੈਂ ਸੋਚੀਂ ਪੈ ਗਿਆ ਕਿ ਹਾਂ ਤੁਹਾਡੀ ਡਿਊਟੀ ਹੈ ਛੱਤਰੀਆਂ ਨੂੰ ਏ. ਕੇ. ਸੰਤਾਲ਼ੀ ਬਣਾਉਣ ਦੀ। ਕਿਸੇ ਵੀ ਸਿੱਖ ਦਿੱਖ ਵਾਲ਼ੇ ਮੁੰਡੇ ਨੂੰ ਅੱਤਵਾਦੀ ਬਣਾ ਕੇ ਝੂਠੇ ਪੁਲਿਸ ਮੁਕਾਬਲਿਆਂ ਚ ਮਾਰਨ ਦੀ।

ਮੈਂ ਜਦ ਥ੍ਰੀ-ਵੀਲ੍ਹਰ ਚ ਫਿਰ ਬੈਠਾ, ਤਾਂ ਮੇਰਾ ਧਿਆਨ ਡਰਾਈਵਰ ਵੱਲ ਸੀ। ਉਹ ਮਾੜੂਆ-ਜਿਹਾ ਰੀਬ ਮੁੰਡਾ ਥਰ-ਥਰ ਕੰਬੀ ਜਾਂਦਾ ਸੀ। ਮੈਂ ਉਹਨੂੰ ਇਸ਼ਾਰੇ ਨਾਲ਼ ਚੱਲਣ ਲਈ ਕਿਹਾ। ਉਹਨੇ ਥ੍ਰੀ-ਵੀਲ੍ਹਰ ਤੋਰ ਲਿਆ। ਮੈਂ ਚੁੱਪ ਤੋੜਨ ਲਈ ਹੱਸ ਕੇ ਉਹਦੀ ਪਿੱਠ 'ਤੇ ਹੱਥ ਮਾਰਦਿਆਂ ਕਿਹਾ, "ਕਿਵੇਂ, ਡਰ ਗਿਐਂ ਭਰਾ?"

"ਹਾਂਅ...ਭਾਅ ਜੀ...ਭਾਅ ਜੀ...ਮੈਂ ਸੋਚਿਆ...ਭੈਂ ਚੋ...ਭੈਂ ਚੋ...ਅੱਜ ਤਾਂ ਮਰਗੇ...ਖੌਰੇ ਭਾਅ ਜੀ ਕੌਣ ਹੋਣ!" ਉਹ ਹਾਲੇ ਵੀ ਆਪੇ ਵਿਚ ਨਹੀਂ ਸੀ ਆਇਆ। ਇੰਜ ਹੀ ਅਸੀਂ ਹਲਕੀਆਂ-ਫੁਲਕੀਆਂ ਗੱਲਾਂ ਕਰਦੇ ਰਵੀ ਦੀ ਕੋਠੀ ਪਹੁੰਚ ਗਏ। ਮੁੰਡੇ ਦੀ ਹਰ ਗੱਲ ਖ਼ਾਲਿਸਤਾਨ-ਪੱਖੀ ਸੀ। ਉਹ ਮੈਨੂੰ ਵੀ ਅਪਣੇ ਨਾਲ਼ ਦਾ ਹੀ ਸਮਝ ਰਿਹਾ ਸੀ। ਪੁਲਿਸ ਦੀ ਕਾਰਵਾਈ ਤੇ ਮੇਰੀ ਦਿੱਖ ਨੇ ਉਹਦੀ ਧਾਰਣਾ ਹੋਰ ਵੀ ਪੱਕੀ ਕਰ ਦਿੱਤੀ ਸੀ। ਉਹਨੇ ਪੰਜਾਬ ਪੁਲਿਸ ਨੂੰ, ਹਿੰਦੂਆਂ ਨੂੰ, ਇੰਦਰਾ ਗਾਂਧੀ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ। ਮੈਂ ਦਸ ਮਿੰਟ ਦਾ ਇਹ ਸਫ਼ਰ ਮਸਾਂ ਤੈਅ ਕੀਤਾ। ਮੈਨੂੰ ਲੱਗਿਆ ਕਿ ਹੁਣ ਵੀ ਬੰਦੂਕਾਂ ਮੇਰੇ ਦੁਆਲ਼ੇ ਉਵੇਂ ਹੀ ਤਣੀਆਂ ਹੋਈਆਂ ਹਨ, ਬਸ ਹੱਥ ਹੀ ਬਦਲ ਗਏ ਹਨ।

ਰਵੀ ਹੁਰਾਂ ਨੂੰ ਜਦ ਮੈਂ ਸਾਰੀ ਗੱਲ ਦੱਸੀ, ਤਾਂ ਉਹ ਬਹੁਤ ਹੱਸੇ। ਉਹ ਬਾਅਦ ਵਿਚ ਕਿੰਨਾ ਹੀ ਚਿਰ ਮੈਨੂੰ ਹਮੇਸ਼ਾ 'ਖਾੜਕੂ' ਕਹਿ ਕੇ ਬੁਲਾਉਂਦੇ ਰਹੇ।

ਦਹਿਸ਼ਤਗਰਦੀ ਦੀ ਇਸ ਅੰਨ੍ਹੇਰੀ ਚ ਖੱਬੀ ਲਹਿਰ ਦੇ ਕਿੰਨੇ ਹੀ ਸਿਆਸੀ ਕਾਮੇ, ਕਵੀ, ਰੰਗਕਰਮੀ ਸਾਡੇ ਤੋਂ ਵਿੱਛੜ ਗਏ। ਇੰਨ੍ਹਾਂ 'ਚੋਂ ਬਹੁਤਿਆਂ ਨਾਲ਼ ਮੇਰਾ ਜ਼ਾਤੀ ਰਿਸ਼ਤਾ ਸੀ। ਮੈਂ ਵਿਦਿਆਰਥੀ ਜੀਵਨ ਵਿਚ ਸਰਗਰਮ ਰਾਜਨੀਤੀ ਦਾ ਵੀ ਹਿੱਸਾ ਸਾਂ। ਨਾਟਕ ਵੀ ਕਰਦਾ ਸਾਂ, ਕਵਿਤਾ ਵੀ ਲਿਖਦਾ ਸਾਂ। ਮੈਂ ਕਾਲਜ ਸਮੇਂ ਸਟੂਡੈਂਟਸ ਫ਼ੈਡਰੇਸ਼ਨ ਔਂਵ ਇੰਡੀਆ (ਐੱਸ. ਐੱਫ਼. ਆਈ.) ਦਾ ਸਰਗਰਮ ਕਾਮਾ ਸਾਂ ਅਤੇ ਅਪਣੇ ਜ਼ਿਲੇ ਬਠਿੰਡੇ ਵਿਚ ਇਸ ਜੱਥੇਬੰਦੀ ਦਾ ਪਹਿਲਾ ਜ਼ਿਲਾ ਪ੍ਰਧਾਨ ਵੀ। ਮੈਂ ਸਾਰਾ ਕੁਝ ਉਹ ਹੀ ਕੀਤਾ, ਜੋ ਉਸ ਸਮੇਂ ਖੱਬੇ-ਪੱਖੀ ਵਿਦਿਆਰਥੀ ਜੱਥੇਬੰਦੀਆਂ ਦੇ ਕੁੱਲਵਕਤੀ ਕਾਮਿਆਂ ਨੂੰ ਕਰਨਾ ਹੁੰਦਾ ਸੀ। ਹੜਤਾਲਾਂ ਕੀਤੀਆਂ; ਮੁਜ਼ਾਹਰੇ ਕੀਤੇ, ਕਾਲਜ'ਚ ਸਿੱਖ ਸਟੂਡੈਂਟਸ ਫ਼ੈਡਰੇਸ਼ਨੀਆਂ ਨਾਲ਼ ਲੋਹਾ ਲਿਆ।

ਮੇਰਾ ਬਾਪੂ ਸੁਰਜੀਤ ਗਿੱਲ ਅਪਣੇ ਪੱਧਰ 'ਤੇ ਇਹ ਲੜਾਈ ਲੜ ਰਿਹਾ ਸੀ; ਮੈਂ ਅਪਣੀ ਜੱਥੇਬੰਦੀ ਵਿਚ ਅਪਣੇ ਪੱਧਰ 'ਤੇ। ਸਾਡੇ ਘਰਦਿਆਂ ਨੂੰ, ਸਾਡੇ ਰਿਸ਼ਤੇਦਾਰਾਂ ਨੂੰ ਸਾਡਾ ਦੋਹਵਾਂ ਦਾ ਹੀ ਫ਼ਿਕਰ ਰਹਿੰਦਾ ਸੀ।

ਅਪਣੀ ਦਿੱਖ ਤੇ ਪਹਿਰਾਵੇ ਕਾਰਣ ਮੈਂ ਕਈ ਵਾਰ ਕਈ ਉਲਝਣਾਂ ਵਿਚ ਫਸਿਆ ਅਤੇ ਇਸੇ ਕਰਕੇ ਇਕ ਦਿਨ ਤੰਗ ਆ ਕੇ ਮੈਂ ਦਾੜ੍ਹੀ ਕੇਸ ਫਿਰ ਤੋਂ ਕਟਵਾ ਦਿੱਤੇ। ਇਹ ਉਹ ਸਮਾਂ ਸੀ, ਜਦੋਂ ਹਰ ਅਣਪਛਾਤੇ ਚਿਹਰੇ ਤੋਂ ਡਰ ਲਗਦਾ ਸੀ। ਇਸੇ ਦੌਰਾਨ ਐੱਸ. ਐੱਫ਼. ਆਈ. ਵਿਚ ਕੰਮ ਕਰਦੇ ਸਮੇਂ ਸਾਡਾ ਬਹੁਤੇ ਸਾਥੀਆਂ ਦਾ ਅਕਸਰ ਮੌਤ ਨਾਲ਼ ਸਾਹ-ਮਣਾ ਹੋਇਆ।

ਇਕ ਵਾਰ ਮੈਂ ਤੇ ਜੱਥੇਬੰਦੀ ਦਾ ਜ਼ਿਲਾ ਸਕੱਤਰ ਗੁਰਉਪਦੇਸ਼ ਭੁੱਲਰ ਓਦੋਂ ਦੇ ਫ਼ਰੀਦਕੋਟ ਜ਼ਿਲੇ ਦੇ ਪਿੰਡ ਖਿਉਵਾਲ਼ ਵਿਚ ਅੱਤਵਾਦੀਆਂ ਦੀਆਂ ਗੋਲ਼ੀਆਂ ਦਾ ਨਿਸ਼ਾਨਾ ਬਣਦੇ-ਬਣਦੇ ਬਚੇ। ਇਹ ਪਿੰਡ ਭਾਵੇਂ ਸਾਡੇ ਜ਼ਿਲੇ ਵਿਚ ਨਹੀਂ ਸੀ ਆਉਂਦਾ, ਪਰ ਫ਼ਰੀਦਕੋਟ ਜ਼ਿਲੇ ਵਿਚ ਦੀ ਸ਼ਾਖ ਨਾ ਹੋਣ ਕਾਰਣ ਆਈ. ਟੀ. ਆਈ. ਖਿਉਵਾਲ਼ੀ ਦੀਆਂ ਸਿਖਿਆਰਥਣਾਂ ਦੀਆਂ ਮੰਗਾਂ ਲਈ ਸਾਨੂੰ ਬਠਿੰਡੇ ਜ਼ਿਲੇ ਦੀ ਸ਼ਾਖ ਵੱਲੋਂ ਲੰਮਾ ਘੋਲ ਲੜਨਾ ਪਿਆ ਸੀ। ਉਸ ਸੰਸਥਾ ਦੀ ਪ੍ਰਿੰਸੀਪਲ ਦੇ ਇਲਾਕੇ ਦੇ ਅਕਾਲੀ ਲੀਡਰ ਨਾਲ਼ 'ਨੇੜਲੇ ਸੰਬੰਧ' ਦੱਸੇ ਜਾਂਦੇ ਸਨ। ਇਹ ਅਕਾਲੀ ਲੀਡਰ ਵੀ ਬਾਅਦ ਵਿਚ ਖ਼ਾਲਿਸਤਾਨੀ ਦਹਿਸ਼ਤਗਰਦਾਂ ਦੇ ਕੀਤੇ ਬੰਬ ਧਮਾਕੇ ਵਿਚ ਮਾਰਿਆ ਗਿਆ ਸੀ। ਉਸ ਪ੍ਰਿੰਸੀਪਲ ਔਰਤ ਨੇ ਸਾਡੇ ਪ੍ਰਮੁੱਖ ਵਿਦਿਆਰਥੀ ਆਗੂਆਂ ਦੇ ਨਾਂ ਉਸ ਅਕਾਲੀ ਆਗੂ ਨੂੰ ਦੇ ਦਿੱਤੇ ਸਨ ਅਤੇ ਉਸ ਅਕਾਲੀ ਆਗੂ ਨੇ ਅਪਣੇ ਪਾਲਤੂ ਦਹਿਸ਼ਤਗਰਦਾਂ ਦੀ ਡਿਊਟੀ ਲਾ ਦਿੱਤੀ ਸੀ ਕਿ ਇਨ੍ਹਾਂ 'ਕਾਮਰੇਡ ਜੁਆਕਾਂ' ਨੂੰ ਸੋਧ ਦਿਉ। ਮਲੋਟ ਡੱਬਵਾਲ਼ੀ ਸੜਕ 'ਤੇ ਟਰੈਫ਼ਿਕ ਜਾਮ ਕਰਕੇ ਅਸੀਂ ਮੁਜ਼ਾਹਰਾ ਕਰ ਰਹੇ ਸਾਂ, ਤਾਂ ਮੋਟਰ ਸਾਈਕਲਸਵਾਰ ਦੋ ਅੱਤਵਾਦੀਆਂ ਨੇ ਸਾਡੇ ਉੱਪਰ ਹਮਲਾ ਕਰ ਦਿੱਤਾ। ਮੈਂ ਤੇ ਗੁਰਉਪਦੇਸ਼ ਭੁੱਲਰ ਵਾਲ਼-ਵਾਲ਼ ਬਚ ਗਏ ਅਤੇ ਕਿਸੇ ਤਰ੍ਹਾਂ ਉਥੋਂ ਭੱਜ ਕੇ ਅਸੀਂ ਮਲੋਟ ਆ ਗਏ। ਮਲੋਟ ਕਿਸੇ ਮਿੱਲ ਵਿਚ ਸੀਟੂ ਦੀ ਸ਼ਾਖਾ ਦੇ ਦਫ਼ਤਰ ਪਹੁੰਚ ਗਏ। ਬਾਅਦ ਵਿਚ ਅਸੀਂ ਮਲੋਟ ਤੋਂ ਰੇਲ ਗੱਡੀ ਰਾਹੀਂ ਬਠਿੰਡੇ ਆ ਗਏ। ਅਸੀਂ ਉਸ ਮੋਟਰ ਸਾਈਕਲ ਦਾ ਨੰਬਰ ਨੋਟ ਕਰ ਲਿਆ ਸੀ। ਕੁਝ ਦਿਨਾਂ ਬਾਅਦ ਉਹ ਦੋਨੋਂ ਮੋਟਰ ਸਾਈਕਲ ਸਵਾਰ ਲੰਬੀ ਥਾਣੇ ਦੀ ਪੁਲਿਸ ਨੇ 'ਮੁਕਾਬਲੇ' ਵਿਚ ਮਾਰ ਦਿੱਤੇ, ਤਾਂ ਪੁਲਿਸ ਤੋਂ ਸਾਨੂੰ ਉਨ੍ਹਾਂ ਦੀ ਰਚੀ ਸਾਜ਼ਿਸ਼ ਦਾ ਪਤਾ ਲੱਗਿਆ।

ਉਸ ਦਿਨ ਤੋਂ ਬਾਅਦ ਮੈਂ ਕੁਝ ਵਧੇਰੇ ਸਚੇਤ ਰਹਿਣ ਲੱਗ ਪਿਆ ਸਾਂ। ਮੈਨੂੰ ਰਾਜਨੀਤਕ ਪ੍ਰਤੀਬੱਧਤਾ ਤੋਂ ਵਧੇਰੇ ਭਾਵੁਕ ਸੂਖਮਤਾ ਤੰਗ ਕਰਦੀ ਸੀ। ਮੈਨੂੰ ਅੱਤਵਾਦੀਆਂ ਹੱਥੋਂ ਮਰਦੇ ਲੋਕਾਂ ਦਾ ਦੁੱਖ ਵੀ ਸਤਾਉਂਦਾ ਸੀ ਅਤੇ ਪੁਲਿਸ ਹੱਥੋਂ ਮਰਦੇ ਬੇਕਸੂਰ ਸਿੱਖ ਨੌਜਵਾਨਾਂ ਦੀ ਮੌਤ ਵੀ ਦੁੱਖ ਦਿੰਦੀ ਸੀ।

ਇਸ ਦੌਰਾਨ ਕੁਝ ਹਾਸੋ-ਹੀਣੀਆਂ ਪ੍ਰਸਥਿਤੀਆਂ ਵੀ ਪੈਦਾ ਹੋ ਜਾਂਦੀਆਂ ਸਨ। ਜਿਵੇਂ ਕਿ ਉਨ੍ਹਾਂ ਹੀ ਦਿਨਾਂ ਵਿਚ ਜਦੋਂ ਮੈਂ ਕਵੀ ਦੇ ਤੌਰ 'ਤੇ ਵੀ ਅਪਣਾ ਨਾਂ ਥੋੜਾ-ਬਹੁਤ ਬਣਾ ਲਿਆ ਸੀ, ਤਾਂ ਇਕ ਦਿਨ ਮੈਨੂੰ ਹਰਮੀਤ ਵਿਦਿਆਰਥੀ ਅਤੇ ਤੇਜਵਿੰਦਰ ਪਹਿਲੀ ਵੇਰ ਮਿਲਣ ਲਈ ਬਠਿੰਡੇ ਮੇਰੇ ਘਰ ਆਏ। ਨਾ ਮੈਂ ਉਨ੍ਹਾਂ ਦੀ ਸ਼ਕਲ ਸੂਰਤ ਤੋਂ ਜਾਣੂ ਸੀ ਤੇ ਨਾ ਉਹ ਮੇਰੀ ਸ਼ਕਲ ਸੂਰਤ ਤੋਂ। ਉਹ ਦੋਨੋ ਮੋਟਰ ਸਾਈਕਲ 'ਤੇ ਸਵਾਰ ਸਨ। ਦੋਹਵਾਂ ਦੇ ਲੰਮੀਆਂ ਦਾਹੜੀਆਂ ਸਨ ਅਤੇ ਦੋਨਾਂ ਦੀ ਦਿੱਖ ਪੂਰੀ ਤਰ੍ਹਾਂ ਉਨ੍ਹਾਂ "ਮੁੰਡਿਆਂ" ਵਰਗੀ ਸੀ ਜੋ ਉਨ੍ਹਾਂ ਦਿਨਾਂ ਵਿਚ ਮੌਤ ਦੇ ਫ਼ਰਿਸ਼ਤੇ ਬਣਕੇ ਅਕਸਰ ਪਿੰਡਾਂ-ਸ਼ਹਿਰਾਂ ਵਿਚ ਘੁੰਮਦੇ ਰਹਿੰਦੇ ਸਨ।

"ਇਹ ਕਾਮਰੇਡ ਸੁਰਜੀਤ ਗਿੱਲ ਦਾ ਘਰ ਹੈ?" ਹਰਮੀਤ ਨੇ ਪੁੱਛਿਆ।

"ਨਹੀਂ।" ਮੈਂ ਸੰਖੇਪ ਜਵਾਬ ਦਿੱਤਾ

"ਅਮਰਦੀਪ ਗਿੱਲ ਏਥੇ ਨਹੀਂ ਰਹਿੰਦਾ ਬ੍ਰਦਰ?" ਤੇਜਵਿੰਦਰ ਨੇ ਅਪਣੇ ਅੰਦਾਜ਼ 'ਚ ਪੁੱਛਿਆ।

"ਨਹੀਂ, ਏਥੇ ਕੋਈ ਅਮਰਦੀਪ ਨਹੀਂ ਰਹਿੰਦਾ!" ਮੈਂ ਸਖ਼ਤੀ ਨਾਲ਼ ਜਵਾਬ ਦਿੱਤਾ।

ਉਹ ਵਿਚਾਰੇ ਸ਼ਸ਼ੋਪੰਜ ਵਿਚ ਪੈ ਕੇ ਮੁੜ ਗਏ। ਉਨ੍ਹਾਂ ਨੂੰ ਪਤਾ ਤਾਂ ਲੱਗ ਗਿਆ ਸੀ ਕਿ ਮੈਂ ਹੀ ਅਮਰਦੀਪ ਗਿੱਲ ਹਾਂ, ਪਰ ਉਹ ਬਿਨਾਂ ਕੁਝ ਬੋਲੇ ਪਰਤ ਗਏ। ਉਨ੍ਹਾਂ ਦਾ ਪਹਿਲਾ ਸਵਾਲ ਹੀ ਲਤ ਸੀ। ਉਹ ਘਰ ਸੁਰਜੀਤ ਗਿੱਲ ਦਾ ਘਰ ਨਹੀਂ ਹੈ; ਨਾ ਹੀ ਸੁਰਜੀਤ ਗਿੱਲ ਕਦੇ ਉਸ ਘਰ ਵਿਚ ਰਿਹਾ ਹੈ। ਵਿਦਿਆਰਥੀ ਹੋਰਾਂ ਨੇ ਅਪਣੇ ਵੱਲੋਂ ਹੀ ਇਹ ਗੱਲ ਸੋਚ ਲਈ ਕਿ ਜਿੱਥੇ ਪੁੱਤ ਰਹਿੰਦਾ, ਪਿਉ ਵੀ ਉਥੇ ਰਹਿੰਦਾ ਹੋਣਾ। ਉਨ੍ਹਾਂ ਦੇ ਪਹਿਲੇ ਸਵਾਲ ਨੇ ਹੀ ਮੇਰੇ ਮਨ ਵਿਚ ਸ਼ੰਕਾ ਪੈਦਾ ਕਰ ਦਿੱਤੀ ਸੀ। ਬਾਪੂ ਦੇ ਦੁਸ਼ਮਣ ਮੇਰੇ ਨਾਲ਼ੋਂ ਕਿਤੇ ਵਧੇਰੇ ਹੋਣਗੇ। ਜੇ ਮੇਰੇ ਇਹ ਦੋਸਤ ਸਿੱਧਾ ਮੇਰਾ ਪੁੱਛਦੇ, ਤਾਂ ਮੈਂ ਕਹਿ ਦੇਣਾ ਸੀ ਕਿ ਹਾਂ ਮੈਂ ਹੀ ਹਾਂ ਅਮਰਦੀਪ ਗਿੱਲ।

ਕੁਝ ਦੇਰ ਬਾਅਦ ਮੈਨੂੰ ਹਰਮੀਤ ਵਿਦਿਆਰਥੀ ਤੇ ਤੇਜਵਿੰਦਰ ਫਿਰ ਮਿਲ਼ੇ ਅਤੇ ਸਾਡੀ ਪੱਕੀ ਯਾਰੀ ਪੈ ਗਈ। ਹੁਣ ਉਹ ਘਟਨਾ ਯਾਦ ਆਉਂਦੀ ਹੈ, ਤਾਂ ਸਾਨੂੰ ਅਜੀਬ-ਜਿਹਾ ਲਗਦਾ ਹੈ। ਇਸ ਘਟਨਾ ਦਾ ਰਾਜਿੰਦਰ ਕੁਕਨੂਸ ਨੇ ਲਤੀਫ਼ਾ ਬਣਾਕੇ ਕਿਸੇ ਅਖ਼ਬਾਰ ਵਿਚ ਵੀ ਛਪਵਾਇਆ ਸੀ।

ਜਦੋਂ ਸਾਡੇ ਪਿੰਡ ਘੋਲੀਆਂ ਕਲਾਂ ਵਿਚ ਅੱਤਵਾਦੀਆਂ ਦਾ ਟੋਲਾ ਹਿੰਦੂਆਂ ਨੂੰ ਮਾਰਨ ਆਇਆ, ਤਾਂ ਸਾਡਾ ਸਾਰਾ ਪਿੰਡ ਸੁੱਸਰੀ ਵਾਂਗ ਸੌਂ ਗਿਆ ਸੀ। ਮੈਂ ਇੱਕਲੇ ਬਾਪੂ ਨੂੰ ਅੱਤਵਾਦੀਆਂ ਦੇ ਟੋਲੇ ਨਾਲ਼ ਲੜਦਾ ਵੇਖਿਆ ਹੈ। ਇਕ ਹੱਥ ਵਿਚ ਰਿਵਾਲਵਰ ਅਤੇ ਦੂਜੇ ਹੱਥ ਵਿਚ ਦੁਨਾਲ਼ੀ ਬੰਦੂਕ ਤੇ ਦੁਖਦੇ ਗੋਡਿਆਂ ਨਾਲ਼ ਲੰਗ ਮਾਰਦਾ ਉਹ ਬੁੱਢਾ ਸ਼ੇਰ ਓਧਰ



'ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ' ਫ਼ਿਲਮ ਵਿੱਚੋਂ

ਭੱਜਿਆ ਜਾਂਦਾ ਸੀ, ਜਿਧਰੋਂ ਲੋਕ ਭੱਜੇ ਆਉਂਦੇ ਸਨ। ਬਾਪੂ ਕਦੇ ਲਲਕਾਰਾ ਮਾਰਦਾ; ਕਦੇ ਰੁਕ ਕੇ ਫ਼ਾਇਰ ਕਰਦਾ। ਉਹਨੂੰ ਦੇਖ ਕੇ ਉਹਦੇ ਨਾ਼ਲ ਸਾਡੇ ਪਿੰਡ ਦੇ ਹਥਿਆਰਾਂ ਵਾ਼ਲੇ ਦੋ-ਚਾਰ ਬੰਦੇ ਰ਼ਲ ਗਏ ਸਨ। ਸਾਰੇ ਜਣੇ ਅਪਣੇ-ਅਪਣੇ ਕੋਠਿਆਂ ਤੋਂ ਫ਼ਾਇਰ ਕਰਨ ਲੱਗ ਪਏ ਸਨ, ਜਿਸ ਕਰਕੇ ਅੱਤਵਾਦੀਆਂ ਨੂੰ ਭੱਜਣਾ ਪਿਆ ਸੀ। ਨਹੀਂ ਤਾਂ ਉਸ ਰਾਤ ਸਾਡੇ ਪਿੰਡ ਵਿਚ ਹਿੰਦੂਆਂ ਦਾ ਕਤਲੇਆਮ ਹੋ ਜਾਣਾ ਸੀ।

ਉਹ ਕਾ਼ਲੇ ਦਿਨ ਮੇਰੇ ਪਿੰਡ ਘੋਲੀਆਂ ਕਲਾਂ ਨੇ ਮੇਰੇ ਬਾਪੂ ਕਾਮਰੇਡ ਸੁਰਜੀਤ ਗਿੱਲ ਦੀ ਬੰਦੂਕ ਦੇ ਛਾਵੇਂ ਕੱਟੇ। ਇਸੇ ਤਰ੍ਹਾਂ ਜਦੋਂ ਮੇਰਾ ਵਿਆਹ ਹੋਇਆ, ਤਾਂ ਖ਼ਾਲਿਸਤਾਨੀਆਂ ਦਾ ਹੁਕਮ ਚਲਦਾ ਸੀ ਕਿ ਬਾਰਾਤ ਵਿਚ ਗਿਆਰਾਂ ਬੰਦਿਆਂ ਤੋਂ ਵੱਧ ਬੰਦੇ ਨਹੀਂ ਲੈ ਕੇ ਜਾਣੇ, ਪਰ ਮੇਰੀ ਬਾਰਾਤ ਵਿਚ ਪੂਰੇ ਚਾਲੀ-ਪੰਜਤਾਲੀ ਬੰਦੇ ਗਏ ਸਨ। ਮੇਰਾ ਵਿਆਹ ਬਠਿੰਡੇ ਹੋਇਆ ਸੀ ਅਤੇ ਮੇਰੀ ਬਾਰਾਤ ਭੁੱਚੋ ਮੰਡੀ ਕੋਲ ਪੈਂਦੇ ਪਿੰਡ ਬਾਲਿਆਂਵਾ਼ਲੀ ਗਈ ਸੀ। ਵਿਆਹ ਤੋਂ ਇਕ-ਦੋ ਦਿਨ ਪਹਿਲਾਂ ਅੱਤਵਾਦੀਆਂ ਨੇ ਭਾਰਤੀ ਕਮਿਊਨਿਸਟ ਪਾਰਟੀ ਦਾ ਆਗੂ ਕਾਮਰੇਡ ਗੁਰਸੇਵਕ ਸਿੰਘ ਸ਼ਹੀਦ ਕਰ ਦਿੱਤਾ ਸੀ, ਇਸ ਕਰਕੇ ਮੇਰੇ ਵਿਆਹ ’ਤੇ ਦਹਿਸ਼ਤ ਦਾ ਪਰਛਾਵਾਂ ਥੋੜ੍ਹਾ ਹੋਰ ਗੂੜ੍ਹਾ ਹੋ ਗਿਆ ਸੀ। ਮੈਨੂੰ ਬਾਰਾਤ ਵਾਲੇ ਦਿਨ ਹੀ ਘਰੇ ਲਿਆਂਦਾ ਗਿਆ ਅਤੇ ਜਦੋਂ ਬਾਰਾਤ ਰਵਾਨਾ ਹੋਈ, ਤਾਂ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ। ਬਾਪੂ ਦੇ ਹੱਥ ਵਿਚ ਰਿਵਾਲਵਰ ਫੜਿਆ ਹੋਇਆ ਸੀ ਅਤੇ ਉਹਨੇ ਪੂਰੇ ਦੋ ਦਿਨ ਮੇਰੀ ਅਤੇ ਘਰ ਦੀ ਰਖਵਾਲੀ ਕੀਤੀ। ਮੇਰੇ ਸਹੁਰੇ ਬਾਦਲ ਅਕਾਲੀ ਦਲ ਵਿਚ ਹਨ, ਉਨ੍ਹਾਂ ਨੇ ਅਪਣਾ ਇੰਤਜ਼ਾਮ ਕੀਤਾ ਹੋਇਆ ਸੀ। ਅੱਜ ਵੀ ਜਦੋਂ ਮੈਂ ਅਪਣੇ ਵਿਆਹ ਦੀ ਵੀਡੀਉ ਦੇਖਦਾ ਹਾਂ, ਤਾਂ ਬਾਪੂ ਦੀ ਚਾਲ-ਢਾ਼ਲ, ਜੋਸ਼, ਰੋਹਲਾ ਚਿਹਰਾ ਅਤੇ ਹੱਥ ਵਿਚ ਫੜਿਆ ਰਿਵਾਲਵਰ ਦੇਖ ਕੇ ਮੇਰੇ ਲੂੰ ਕੰਡੇ ਹੋ ਜਾਂਦੇ ਹਨ। ਮੇਰੇ ਬੇਟੇ ਇਹ ਕੈਸਿਟ ਦੇਖਦੇ ਸਮੇਂ ਮੇਰੇ ਤੋਂ ਪੁੱਛਦੇ ਹਨ, “ਬਾਬਾ ਜੀ ਨੇ ਹੱਥ ਵਿਚ ਪਿਸਤੌਲ ਕਿਉਂ ਚੁੱਕਿਆ ਹੋਇਆ ਹੈ? ਉਥੇ ਕੋਈ ਫ਼ਿਲਮ ਦੀ ਸ਼ੂਟਿੰਗ ਹੁੰਦੀ ਸੀ?” ਤਾਂ ਮੈਂ ਸੰਖੇਪ-ਜਿਹਾ ਜਵਾਬ ਦੇ ਕੇ ਚੁੱਪ ਕਰ ਜਾਂਦਾ ਹਾਂ ਕਿ ਪੁੱਤ ਉਦੋਂ ਮਾਹੌਲ ਹੀ ਇਹੋ-ਜਿਹਾ ਸੀ।



ਸੰਨ ਚੁਰਾਸੀ ਵੇਲੇ ਕਰਫ਼ਿਊ - ਕੰਵਲ ਧਾ਼ਲੀਵਾ਼ਲ ਦੀ ਬਣਾਈ ਡਰਾਇੰਗ



ਸ਼ਹੀਦ ਗਿਆਨ ਸਿੰਘ ਸੰਘਾ

ਮੇਰੇ ਵਿਆਹ ਦੀ ਕੈਸਿਟ ਵਿਚ ਮੇਰੇ ਹੱਥ ਵਿਚ ਕਿਰਪਾਨ ਹੈ ਤੇ ਬਾਪੂ ਦੇ ਹੱਥ ਵਿਚ ਰਿਵਾਲਵਰ। ਮੈਂ ਸੋਚਦਾ ਹਾਂ, ਮੈਂ ਤਾਂ ਉਸ ਦਿਨ ਉਸ ਬਾਰਾਤ ਦਾ ਲਾੜਾ ਸਾਂ, ਮੈਂ ਤਾਂ ਉਸ ਦਿਨ ਅਪਣੀ ਪਤਨੀ ਵਿਆਹ ਕੇ ਲਿਆਂਦੀ ਸੀ, ਪਰ ਕੀ ਬਾਪੂ ਵੀ ਕਿਸੇ ਬਾਰਾਤ ਦਾ ਲਾੜਾ ਸੀ? ਇਸੇ ਲਈ ਤਾਂ ਉਹ ਸ਼ਗਨਾਂ ਦੀ ਕਿਰਪਾਨ ਵਾਂਗ ਹੱਥ ਵਿਚ ਰਿਵਾਲਵਰ ਲੈ ਕੇ ਮੇਰੇ ਸ਼ਗਨ ਮਨਾਉਂਦਾ ਰਿਹਾ।

ਖ਼ਾਲਿਸਤਾਨੀਆਂ ਨੇ ਜਿੱਥੇ ਸਾਡੇ ਰੰਗਕਰਮੀ ਸਾਥੀ ਸੁਖਦੇਵ ਪ੍ਰੀਤ ਅਤੇ ਉਹਦੀ ਪਤਨੀ ਨੂੰ ਸ਼ਹੀਦ ਕਰ ਦਿੱਤਾ, ਉਥੇ ਪੰਜਾਬ ਤੋਂ ਬਾਹਰ ਯੂ.ਪੀ. ਵਿਚ ਨਾਟਕਕਾਰ ਕਾਮ-ਰੇਡ ਸਫ਼ਦਰ ਹਾਸ਼ਮੀ ਦੀ ਜਾਨ ਵੀ ਅਪਣੀ ਹੀ ਤਰ੍ਹਾਂ ਦੇ ਅੱਤਵਾਦ ਨੇ ਲੈ ਲਈ। ਸੁਖਦੇਵ ਨੂੰ ਤਾਂ ਮੈਂ ਜਾਣਦਾ ਸੀ, ਪਰ ਹਾਸ਼ਮੀ ਨੂੰ ਮੈਂ ਕਦੇ ਵੀ ਨਹੀ ਸਾਂ ਮਿ਼ਲਿਆ। ਉਸ ਕਲਾਕ-ਾਰ ਦੀ ਮੌਤ ਤੋਂ ਬਾਅਦ ਅਸੀਂ ਉਹਦਾ ਲਿਖਿਆ ਨਾਟਕ ‘ਅਪਹਰਣ ਭਾਈਚਾਰੇ ਕਾ’ ਕਈ ਵਾਰ ਪੰਜਾਬ ਦੇ ਚੌਂਕਾਂ ਵਿਚ ਖੇਡਿਆ। ਜਦ ਐੱਸ. ਐਫ਼. ਆਈ. ਦੇ ਸੱਦੇ ’ਤੇ ਹਾਸ਼ਮੀ ਦੀ ਪਤਨੀ ਮਾਲਾ ਅਪਣੇ ਕਲਾਕਾਰਾਂ ਸਮੇਤ ਪੰਜਾਬੀ ਯੂਨੀਵਰਸਿਟੀ ਆਈ, ਤਾਂ ਅਸੀਂ ਬਠਿੰਡਿਓਂ ਉਨ੍ਹਾਂ ਨੂੰ ਉਚੇਚਾ ਮਿਲਣ ਗਏ ਸੀ।

ਉਨ੍ਹਾਂ ਦਿਨਾਂ ਵਿਚ ਬੰਬਈ ਦੇ ਆਨੰਦ ਪਟਵਰਧਨ ਨੇ ਪੰਜਾਬ ਦੇ ਦਹਿਸ਼ਤਵਾਦ ਅਤੇ ਲੋਕ ਲਹਿਰ ਦੀ ਦਸਤਾਵੇਜ਼ੀ ਫ਼ਿਲਮ ‘ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ’ (1990) ਬਣਾਈ ਸੀ। ਪੰਜਾਬ ਵਿਚ ਇਹ ਫ਼ਿਲਮ ਮੈਨੂੰ ਬਹੁਤ ਹੀ ਔਖੀ ਲੱਭੀ ਤੇ ਲੱਭੀ ਦੁਆਬੇ ਦੇ ਜੁਝਾਰੂ ਕਮਿਊਨਿਸਟ ਗਿਆਨ ਸਿੰਘ ਸੰਘੇ ਕੋ਼ਲੋਂ। ਉਸ ਦਿਨ ਮੇਰੀ ਜੇਬ ਵਿਚ ਇਹਦਾ ਮੁੱਲ ਚੁਕਾਉਣ ਜਿੰਨੇ ਪੈਸੇ ਨਹੀਂ ਸਨ।

“ਉਏ ਛੋਟਿਆ, ਕੋਈ ਗੱਲ ਨਹੀਂ ਆ ਜਾਣਗੇ ਪੈਸੇ!” ਕਹਿ ਕੇ ਕਾਮਰੇਡ ਨੇ ਮੈਨੂੰ ਅਪਣਾ ਕ੍ਰਿਤਾਰਥੀ ਬਣਾ ਲਿਆ।

ਮੈਂ ਬੜੇ ਚਾਅ ਨਾ਼ਲ ਘਰੇ ਲਿਆ ਕੇ ਇਹ ਫ਼ਿਲਮ ਵੇਖੀ। ਇਸ ਲਈ ਪਟਵਰਧਨ ਨੂੰ ਕੌਮੀ ਤੇ ਕੌਮਾਂਤਰੀ ਇਨਾਮ ਵੀ ਮਿ਼ਲੇ ਸਨ। ਇਸ ਫ਼ਿਲਮ ਵਿਚ ਖ਼ਾਲਿਸਤਾਨੀ ਆਗੂਆਂ ਦੀਆਂ ਮੁਲਾਕਾਤਾਂ ਵੀ ਹਨ ਅਤੇ ਲੋਕ-ਪੱਖੀ ਆਗੂਆਂ ਦੀਆਂ ਸਰਗਰਮੀਆਂ ਨੂੰ ਵੀ ਵਿਖਾਇਆ ਗਿਆ ਹੈ। ਅੰਤਿਮ ਰੂਪ ਵਿਚ ਇਹ ਫ਼ਿਲਮ ਕਾ਼ਲੇ ਦਿਨਾਂ ਵਿਚ ਸ਼ਹੀਦ ਹੋਏ ਲੋਕ-ਪੱਖੀ ਸੂਝਵਾਨਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹੈ।

ਇਸ ਤੋਂ ਪਹਿਲਾਂ ਕਿ ਮੈਂ ਕਾਮਰੇਡ ਗਿਆਨ ਸਿੰਘ ਨੂੰ ਮਨੀਆਰਡਰ ਰਾਹੀਂ ਉਸ ਫ਼ਿਲਮ ਦੇ ਪੈਸੇ ਭੇਜਦਾ, ਖ਼ਾਲਿਸਤਾਨੀ ਦਹਿਸ਼ਤਗਰਦਾਂ ਨੇ ਉਹਨੂੰ ਸ਼ਹੀਦ ਕਰ ਦਿੱਤਾ। ਮੈਂ ਜਦ ਅਗਲੀ ਸਵੇਰ ਇਹ ਖ਼ਬਰ ਪੜ੍ਹੀ, ਤਾਂ ਮੇਰੀਆਂ ਅੱਖਾਂ ਭਰ ਆਈਆਂ। ਅਗਲੇ ਹੀ ਪਲ ਮੈਂ ਅਲਮਾਰੀ ਖੋਲ੍ਹੀ ਅਤੇ ਉਸ ਵਿੱਚੋਂ ਉਹ ਫਿਲਮ ਕੱਢ ਕੇ ਵੇਖਣ ਲੱਗਾ। ਇਸ ਕੈਸਿਟ ਦੀ ਸਾਈਡ ’ਤੇ ਕਾਮਰੇਡ ਸੰਘੇ ਦਾ ਅਪਣੇ ਹੱਥੀਂ ਲਿਖਿਆ ਹੋਇਆ ਸੀ - ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ।

ਪੰਜਾਬ ਦੇ ਹਾਲਾਤ ਬਦਲੇ। ਸਰਕਾਰ ਭਾਣੇ ਅੱਤਵਾਦ ਦਾ ਅੰਤ ਹੋ ਗਿਆ। ਪੰਜਾਬ ਨੂੰ ਬਹੁਤ ਵੱਡਾ ਨੁਕਸਾਨ ਝੱਲਣਾ ਪਿਆ। ਪੰਜਾਬ ਪੰਜਾਹ ਸਾਲ ਪੱਛੜ ਗਿਆ। ਸਤਾਰਾਂ-ਅਠਾਰਾਂ ਸਾਲ ਚੱਲੀ ਇਸ ਅੰਨ੍ਹੇਰੀ ਨੇ ਅਨੇਕ ਘਰ ਤਬਾਹ ਕਰ ਦਿੱਤੇ। ਕੋਈ ਅੱਤਵਾਦੀ ਹੋਣ ਕਰਕੇ ਮਾਰਿਆ ਗਿਆ; ਕੋਈ ਪੁਲਿਸ ਵਾ਼ਲਾ ਹੋਣ ਕਰਕੇ ਜਾਨ ਤੋਂ ਹੱਥ ਧੋ ਬੈਠਾ; ਕੋਈ ਅੱਤਵਾਦ-ਵਿਰੋਧੀ ਹੋਣ ਕਰਕੇ ਮਾਰ ਦਿੱਤਾ ਗਿਆ। ਪੁ਼ਲਸੀਆਂ ਨੇ ਤਰੱਕੀਆਂ ਲਈਆਂ; ਅੱਤਵਾਦੀਆਂ ਨੂੰ ਪਨਾਹ ਦੇਣ ਵਾ਼ਲਿਆਂ ਨੇ ਦੌਲਤ ਕਮਾਈ; ਰਾਜਨੀਤਕ ਆਗੂਆਂ ਨੇ ਨਾਟਕ ਕਰ-ਕਰ ਅਪਣੇ ਰਾਜਨੀਤਕ ਕੱਦ-ਬੁੱਤ ਉੱਚਾ ਕੀਤਾ ਅਤੇ ਬਹੁਤ ਸਾਰੇ ਵਿਦੇਸਾਂ ਵਿਚ ਜਾ ਸੈੱਟ ਹੋ ਗਏ। ਇਸ ਲੜਾਈ ਵਿਚ ਨਾ ਕੋਈ ਰਾਮ ਜਿੱਤਿਆ, ਨਾ ਕੋਈ ਰਾਵਣ ਹਾਰਿਆ।

ਲੇਖਕ ਦੀਆਂ ਕਵਿਤਾਵਾਂ ਦੀ ਕਿਤਾਬ ਅਰਥਾਂ ਦਾ ਜੰਗਲ (ਦ੍ਰਿਸ਼ਟੀਕੋਣ ਪ੍ਰਕਾਸ਼ਨ) ਪਿਛਲੇ ਸਾਲ ਛਪੀ ਹੈ।



**ਪ੍ਰਿੰ. ਸੁਜਾਨ ਸਿੰਘ ਦੀ ਸ਼ਾਹਕਾਰ ਕਹਾਣੀ**

# ਪਠਾਣ ਦੀ ਧੀ

**ਪੰਜਾਬੀ ਵਿਚ ਨਿੱਕੀ ਕਹਾਣੀ ਨੂੰ 'ਹੁਨਰੀ ਕਹਾਣੀ' ਵੀ ਕਿਹਾ ਜਾਂਦਾ ਰਿਹਾ ਹੈ। ਵਾਸਤਵ ਵਿਚ ਨਿੱਕੀ ਕਹਾਣੀ ਦੀ ਰਚਨਾ ਕਰਨਾ ਹੁਨਰਮੰਦ ਲੇਖਕਾਂ ਦਾ ਹੀ ਕਾਰਜ ਸੀ। ਨਿਰਸੰਦੇਹ, ਪਹਿਲੀ ਪੀੜ੍ਹੀ ਦੇ ਪੰਜਾਬੀ ਕਹਾਣੀ ਲੇਖਕਾਂ ਨੇ ਇਸ ਹੁਨਰ ਵਿਚ ਚੋਖੀ ਪ੍ਰਬੀਨਤਾ ਹਾਸਲ ਕਰ ਲਈ ਸੀ। ਉਹਨਾਂ ਵਲੋਂ ਲਿਖੀਆਂ ਕਹਾਣੀਆਂ 'ਨਿੱਕੀ ਕਹਾਣੀ' ਦੀ ਇਸ ਮਿਆਰੀ ਪਰਿਭਾਸ਼ਾ 'ਤੇ ਖੂਬ ਖਰੀਆਂ ਉਤਰਦੀਆਂ ਹਨ ਕਿ 'ਨਿੱਕੀ ਕਹਾਣੀ ਸਧਾਰਣ ਮਨੁੱਖ ਨੂੰ ਉਸਦੀ ਸਧਾਰਨਤਾ ਵਿਚ ਪੇਸ਼ ਕਰਦੀ ਹੈ' ਪਹਿਲੀ ਪੀੜ੍ਹੀ ਦੇ ਪੰਜਾਬੀ ਕਹਾਣੀਕਾਰਾਂ ਨੇ ਆਪਣੀ ਉੱਚ-ਪ੍ਰਤਿਭਾ ਸਦਕਾ ਜਿਹੜੀਆਂ ਸ਼ਾਹਕਾਰ ਕਹਾਣੀਆਂ ਦੀ ਰਚਨਾ ਕੀਤੀ 'ਪਠਾਣ ਦੀ ਧੀ' ਉਨ੍ਹਾਂ ਵਿਚੋਂ ਇਕ ਹੈ। ਇਸ ਕਹਾਣੀ ਦਾ ਬੜਾ ਸਰਲ ਜਿਹਾ ਕਥਾਨਕ ਇਨਸਾਨੀਅਤ ਦਾ ਬੜਾ ਜ਼ੋਰਦਾਰ ਸੁਨੇਹਾ ਦਿੰਦਾ ਹੈ। ਇਹ ਸ਼ਾਇਦ ਆਧੁਨਿਕ ਪੰਜਾਬੀ ਸਾਹਿਤ ਵਿਚ ਪਹਿਲੀ ਵਾਰ ਵਾਪਰਿਆ ਕਿ ਕਿਵੇਂ ਵਿਦੇਸ਼ੀ (ਪਠਾਣ) ਨੂੰ ਮਾਨਵਤਾ ਦੀ ਭਾਵਨਾ ਨਾਲ ਓਤਪੋਤ ਦੇਖਿਆ ਗਿਆ ਤੇ 'ਆਪਣਿਆਂ' ਦੀ ਸੰਕੀਰਨਤਾ ਵੱਲ ਇਸ਼ਾਰਾ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ ਗਿਆ। ਨਹੀਂ ਤਾਂ ਅਸੀਂ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਦੀ ਰੁਚੀ ਦਾ ਸ਼ਿਕਾਰ ਹੀ ਰਹੇ ਹਾਂ। ਉਮੀਦ ਹੈ ਕਿ 'ਨਵੀਂ ਦੁਨੀਆ' ਦੇ ਪਾਠਕ ਇਸ ਕਹਾਣੀ ਨੂੰ ਪਸੰਦ ਕਰਨਗੇ। - - ਸੰਪਾਦਕ**

ਗਫ਼ੂਰ ਪਠਾਣ ਜਦ ਵੀ ਸ਼ਾਮ ਨੂੰ ਆਪਣੀ ਲਾਂਦੀ ਵਿਚ ਆਉਂਦਾ, ਉਨ੍ਹਾਂ ਲਾਂਦੀਆਂ ਵਿਚ ਰਹਿਣ ਵਾਲੇ ਬੱਚੇ ''ਕਾਬਲੀ ਵਾਲਾ'', ''ਕਾਬਲੀ ਵਾਲਾ'' ਕਰਦੇ ਆਪੋ ਆਪਣੀ ਲਾਂਦੀ ਵਿਚ ਜਾ ਲੁਕਦੇ। ਇਕ ਨਿੱਕਾ ਜਿਹਾ ਸਿੱਖ ਮੁੰਡਾ ਬੇਖ਼ੌਫ਼ ਉਥੇ ਖੜੋਤਾ ਰਹਿੰਦਾ ਤੇ ਉਸ ਦੇ ਬੈਲੇ, ਖੁੱਲ੍ਹੇ ਡੁੱਲ੍ਹੇ ਕੱਪੜੇ, ਉਸ ਦੇ ਸਿਰ ਤੇ ਪੱਟੇ ਤੇ ਉਘੜ ਦੁਘੜੀ ਪੱਗ ਵੱਲ ਦੇਖਦਾ ਰਹਿੰਦਾ। ਗਫ਼ੂਰ ਨੂੰ ਉਹ ਬੱਚਾ ਬੜਾ ਪਿਆਰਾ ਲਗਦਾ ਸੀ। ਇਕ ਦਿਨ ਉਸ ਨੇ ਉਸ ਮੁੰਡੇ ਕੋਲੋਂ ਪਠਾਣੀ ਲਹਿਜੇ ਦੀ ਹਿੰਦੁਸਤਾਨੀ ਵਿਚ ਪੁੱਛਿਆ, ''ਤੈਨੂੰ ਮੇਰੇ ਕੋਲੋਂ ਡਰ ਨਹੀਂ ਆਉਂਦਾ ਬੱਚਾ?''

ਬੱਚੇ ਨੇ ਮੁਸਕਰਾ ਕੇ ਸਿਰ ਹਿਲਾ ਦਿੱਤਾ। ਗਫ਼ੂਰ ਦੇ ਸੁਰਖ਼ ਚਿਹਰੇ ਤੇ ਹੋਰ ਲਾਲੀ ਚੜ੍ਹ ਗਈ। ਉਸ ਬੱਚੇ ਵੱਲ ਦੋਵੇਂ ਬਾਹਵਾਂ ਬੜੀ ਕੋਮਲਤਾ ਤੇ ਪਿਆਰ ਭਰੇ ਜਜ਼ਬੇ ਨਾਲ ਵਧਾਈਆਂ। ਬੱਚਾ ਪਠਾਣ ਦੀ ਲੱਤ ਨਾਲ ਚੰਬੜ ਗਿਆ, ਪਰ ਫ਼ੂਰ ਨੇ ਉਸ ਨੂੰ ਕੱਛਾਂ ਵਿਚ ਹੱਥ ਦੇ ਕੇ ਆਪਣੇ ਸਿਰ ਤੋਂ ਉਪਰ ਚੁੱਕ ਲਿਆ ਤੇ ਪਾਸਿਓਂ-ਪਾਸੇ ਹਿਲਾ-ਜੁਲਾ ਕੇ ਲਾਡ ਕਰਨ ਲਗ ਪਿਆ। ਸਾਜਮਣੀ ਲਾਂਦੀ ਵਿਚੋਂ ਬੱਚੇ ਦੀ ਭੈਣ ਨਿਕਲੀ; ਜੋ ਮਸੀਂ ਅੱਠਾਂ ਕੁ ਵਰ੍ਹਿਆਂ ਦੀ ਸੀ। ਵੀਰ ਨਾਲ ਪਠਾਣ ਪਿਆਰ ਕਰਦਾ ਵੇਖ ਉਹ ਵੀ ਕੋਲ ਆਣ ਖਲੋਤੀ। ਪਠਾਣ ਬੜੇ ਜ਼ੋਰ ਦੀ ਖਿੜ-ਖਿੜਾ ਕੇ ਹੱਸ ਰਿਹਾ ਸੀ ਤੇ ਵੀਰੋ ਦਾ ਵੀਰ, ਅਜਮੇਰ, ਪੈਰ ਦੇ ਠੁੱਡਾਂ ਨਾਲ ਪਠਾਣ ਦੀ ਪੱਗ ਉਡਾਉਣੀ ਚਾਹੁੰਦਾ ਸੀ। ਆਖਰ ਇਕ ਠੁੱਡੇ ਨਾਲ ਉਸ ਦੀ ਪੱਗ ਥੱਲੇ ਜਾ ਹੀ ਪਈ। ਗਫ਼ੂਰ ਜ਼ੋਰ ਦੀ ਹੱਸਿਆ ਤੇ ਅਜਮੇਰ ਨੂੰ ਥੱਲੇ ਉਤਾਰ ਕੇ ਕਹਿਣ ਲੱਗਾ, ''ਬਾਬਾ ਤੁਮ ਜੀਤਾ!''

ਜਦ ਪਠਾਣ ਨੇ ਵੀਰੋ ਨੂੰ ਆਪਣੇ ਲਾਗੇ ਖੜਿਆ ਦੇਖਿਆ ਤਾਂ ਉਸ ਅਜਮੇਰ ਕੋਲੋਂ ਪੁੱਛਿਆ, ''ਇਹ ਤੇਰੀ ਭੈਣ ਹੈ?''

ਅਜਮੇਰ ਨੇ ਬੁੱਲ੍ਹ ਮੀਟ ਕੇ ਮੁਸਕਰਾਉਂਦਿਆਂ ਕਿਹਾ, ''ਹੂੰ...ਊਂ।''

ਕਾਬਲੀ ਵਾਲੇ ਨੇ ਇਕ ਹੱਥ ਨਾਲ ਵੀਰੋ ਤੇ ਦੂਜੇ ਹੱਥ ਨਾਲ ਅਜਮੇਰ ਨੂੰ ਲੱਕ ਦਵਾਲਿਓਂ ਫੜ ਲਿਆ ਤੇ ਲੱਗਾ ਜ਼ੋਰ ਦੀ ਚੱਕਰ ਲਾਉਣ। ਬੱਚੇ ਖਿੜ ਖਿੜ ਹੱਸਦੇ ਸਨ। ਗਫ਼ੂਰ ਉੱਚੀ ਉੱਚੀ ਹੂੰ....ਊਂ ਹੂੰ..ਊਂ ਕਰੀ ਜਾਂਦਾ ਸੀ।

ਇਸ ਹੂੰ...ਊਂ ਨੂੰ ਸੁਣ ਕੇ ਨਿੱਕੀ ਕੁੜੀ ਨੂੰ ਕੁੱਛੜ ਚੁੱਕੀ ਤੇਜੋ ਬਾਹਰ ਨਿਕਲੀ ਤੇ ਆਪਣੇ ਬੱਚਿਆਂ ਨੂੰ ਗਫ਼ੂਰ ਕੋਲੋਂ ਭਾਂ ਭਾਂ ਬਿੱਲੀਆਂ ਦੇ ਹੁਟੇ ਲੈਂਦੇ ਦੇਖ ਕੇ ਡਰ ਜਿਹੀ ਗਈ; ਪਰ ਪੰਜਾਬਣਾਂ ਵਾਲਾ ਹੌਸਲਾ ਕਰਕੇ ਬੋਲੀ; ''ਵੇ ਅਜਮੇਰ! ਨੀ ਵੀਰੋ!''

ਗਫ਼ੂਰ ਉਥੇ ਦਾ ਉਥੇ ਖੜਾ ਹੋ ਗਿਆ ਤੇ ਬੱਚਿਆਂ ਦੀ ਮਾਂ ਦੀ ਚੜ੍ਹੀ ਹੋਈ ਤੀਊੜੀ ਤੇ ਖਿੱਚੀਆਂ ਹੋਈਆਂ ਅੱਖਾਂ ਦੇਖ ਕੇ ਉਸ ਦੋਹਾਂ ਨੂੰ ਉਤਾਰ ਦਿੱਤਾ ਤੇ ਆਪ ਮਸੀਂ ਡਿਗਣੋਂ ਬਚਿਆ।

ਤੇਜੋ ਨੇ ਬੱਚਿਆਂ ਨੂੰ ਡਾਂਟਦਿਆਂ ਕਿਹਾ, ''ਆ ਲੈਣ ਦਿਓ ਅੱਜ ਤੁਹਾਡੇ ਬਾਪੂ ਨੂੰ।''

ਵੀਰੋ ਤੇ ਝੱਟ ਅੰਦਰ ਜਾ ਵੜੀ, ਪਰ ਅਜਮੇਰ ਡਟ ਕੇ ਖਲੋ ਗਿਆ ਤੇ ਸਿਪਾਹੀਆਂ ਵਾਂਗ ਕਮਰ ਉਤੇ ਦੋਵੇਂ ਹੱਥ ਰੱਖ ਕੇ ਕਹਿਣ ਲੱਗਾ, ''ਆ ਲੈਣ ਦੇ ਫੇਰ।''

ਤੇਜੋ ਨੇ ਅਗਾਂਹ ਵਧ ਕੇ ਅਜਮੇਰ ਨੂੰ ਬਾਹੋਂ ਫੜ ਲਿਆ ਤੇ ਉਸ ਨੂੰ ਧ੍ਰੀਕਦੀ ਧ੍ਰੀਕਦੀ ਆਪਣੀ ਲਾਂਦੀ ਵਿਚ ਲੈ ਗਈ। ਫ਼ੂਰ ਕਿੰਨਾ ਚਿਰ ਅਜਮੇਰ ਦਾ ਰੋਣਾ ਧੋਣਾ ਸੁਣਦਾ ਰਿਹਾ। ਆਖਰ ਉਹ ਆਪਣੇ ਅੰਦਰ ਵੜਿਆ ਤੇ ਆਪਣੇ ਝੋਲੇ ਵਿਚੋਂ ਇਕ ਨਿੱਕਾ ਜਿਹਾ ਟੁੱਟਾ ਸ਼ੀਸ਼ਾ ਕੱਢ ਕੇ ਮੂੰਹ ਦੇਖਣ ਲਗ ਪਿਆ। ਉਸ ਦਿਨ ਉਸ ਰੋਟੀ ਨਾ ਪਕਾਈ ਤੇ ਐਵੇਂ ਹੀ ਸੌਂ ਗਿਆ,

ਕਿਸੇ ਨੂੰ ਪਤਾ ਨਹੀਂ ਸੀ ਕਿ ਫ਼ੂਰ ਕੀ ਕੰਮ ਕਰਦਾ ਹੈ। ਕੋਈ ਕਹਿੰਦਾ ਸੀ ਕਿ ਹਿੰਗ, ਜ਼ੀਰਾ ਤੇ ਸ਼ਲਾਜੀਤ ਵੇਚਦਾ ਹੈ, ਕੋਈ ਕਹਿੰਦਾ ਸੂਦੀ ਰੁਪਏ ਦਿੰਦਾ ਹੈ ਤੇ ਬੜਾ ਬੜਾ ਵਿਆਜ ਲੈਂਦਾ ਹੈ ਅਤੇ ਕੋਈ ਕਹਿੰਦਾ ਸੀ ਕਿ ਇਸ ਕੋਲੋਂ ਬਚ ਕੇ ਰਹਿਣਾ, ਇਹ ਨਿਆਣਿਆਂ ਨੂੰ ਚੁੱਕ ਕੇ ਲੈ ਜਾਂਦੇ ਹੁੰਦੇ ਜੇ। ਲਾਂਦੀ ਦੀਆਂ ਕਤਾਰਾਂ ਵਿਚ ਸਾਰੇ ਉੜੀਏ, ਬੰਗਾਲੀ ਤੇ ਬਿਹਾਰੀ ਮਜ਼ਦੂਰ ਰਹਿੰਦੇ ਸਨ। ਕਿਸੇ ਕਿਸੇ ਦਾ ਹੀ ਬਾਲ ਬੱਚਾ ਨਾਲ ਸੀ। ਉਨ੍ਹਾਂ ਦੇ ਬੱਚੇ ਤਾਂ ਕਿਤੇ ਰਹੇ, ਉਹ ਆਪ ਹੀ ਪਠਾਣਾਂ ਕੋਲੋਂ ਬੜੇ ਡਰਦੇ ਸਨ। ਲਾਂਦੀਆਂ ਦੀਆਂ ਆਹਮੋ ਸਾਹਮਣੀਆਂ ਕਤਾਰਾਂ ਦੇ ਸਿਰੇ ਉਤੇ ਅਜਮੇਰ ਤੇ ਗਫ਼ੂਰ ਪਠਾਣ ਦਾ ਘਰ ਸੀ। ਅਜਮੇਰ ਦਾ ਪਿਓ ਰਿਜ਼ਰਵ ਵਿਚ ਆਇਆ ਹੋਇਆ ਫ਼ੌਜੀ ਸੀ ਤੇ ਲਾਗਲੀ ਮਿੱਲ ਵਿਚ ਚੌਕੀਦਾਰੀ ਦਾ ਕੰਮ ਕਰਦਾ ਸੀ। ਤੇਜੋ ਨੇ ਆਉਂਦਿਆਂ ਹੀ ਮਾਲਕ ਦੇ ਖ਼ੂਬ ਕੰਨ ਭਰੇ।

ਦਿਨ ਚੜ੍ਹਦਿਆਂ ਹੀ ਅਜਮੇਰ ਦੇ ਬਾਪੂ ਨੇ ਗਫ਼ੂਰ ਦੀ ਲਾਂਦੀ ਦਾ ਚਾਦਰ ਦਾ ਬੂਹਾ ਜਾ ਖੜਕਾਇਆ। ਕੁਝ ਚਿਰ ਮਗਰੋਂ ਗਫ਼ੂਰ ਸਿਰੋਂ ਨੰਗਾ ਅੱਖਾਂ ਮਲਦਾ ਬਾਹਰ ਨਿਕਲਿਆ ਤੇ ਉਸ ਨੂੰ ਸਾਹਮਣੇ ਦੇਖ ਕੇ ਕਹਿਣ ਲੱਗਾ, ''ਕਿਆ ਗੱਲ ਹੈ ਜਮਾਦਾਰ, ਸਰਦਾਰਾ?''

ਵੀਰੋ ਦੇ ਪਿਓ ਨੇ ਟੁੱਟੀ ਭੱਜੀ ਹਿੰਦੁਸਤਾਨੀ ਵਿਚ ਕਿਹਾ, ''ਦੇਖ ਬਈ ਤੂੰ ਮੁਸਲਮਾਨ ਹੈਂ ਖ਼ਾਨ, ਤੇ ਅਸੀਂ ਸਿੱਖ ਲੋਗ। ਤੂੰ ਸਾਡੇ ਬੱਚਿਆਂ ਨਾਲ ਨਾ...........।''

''ਸਿੱਖ ਹੈ ਕਿ ਮੁਸਲਮਾਨ, ਬੱਚਾ ਤੋ ਸਭ ਕਾ ਏਕ ਹੈ, ਸਰਦਾਰ! ਖ਼ੁਦਾ ਤੋ ਸਭ ਦਾ ਏਕ ਹੈ।''

ਜਮਾਦਾਰ ਨੇ ਗਰਮ ਹੁੰਦਿਆਂ ਕਿਹਾ, ''ਏਕ ਵੇਕ ਕੋਈ ਨਹੀਂ! ਤੂੰ ਸਾਡਿਆਂ ਬੱਚਿਆਂ ਨਾਲ ਨਾ ਖੇਲ੍ਹ। ਨਹੀਂ ਤੇ ਜੇ ਤੂੰ ਪਠਾਣ ਹੈਂ ਤਾਂ ਮੈਂ ਵੀ ਸਿੱਖ ਹਾਂ।''

ਪਠਾਣ ਨੇ ਆਪਣੇ ਕੌਮੀ ਸੁਭਾ ਤੋਂ ਉਲਟ ਹੋਰ ਨਰਮਾਈ ਨਾਲ ਕਿਹਾ, ''ਸਭ ਬੱਚੇ ਮੇਰੇ ਕੋਲੋਂ ਡਰਦੇ ਹਨ, ਤੇਰੇ ਬੱਚੇ ਮੇਰੇ ਕੋਲੋਂ ਨਹੀਂ ਡਰਦੇ। ਮੈਨੂੰ ਉਹ ਚੰਗੇ ਲੱਗੇ ਸਨ। ਤੂੰ ਆਪਣੇ ਬੱਚਿਆਂ ਨੂੰ ਹਟਾ ਲੈ ਕਿ ਮੇਰੇ ਕੋਲ ਨਾ ਆਉਣ। ਮੈਂ ਕਿਸੇ ਨੂੰ ਸੱਦਦਾ ਨਹੀਂ। ਮੈਂ ਤੇ ਕੱਲਾ ਰਹਿ ਰਿਹਾ ਹਾਂ।''

''ਬਸ, ਬਸ'' ਜਮਾਦਾਰ ਨੇ ਕਿਹਾ, ''ਫੈਸਲਾ ਹੋ ਗਿਆ ਹੈ।''

ਬੱਚੇ ਅਕਸਰ ਦਾਅ ਬਚਾ ਕੇ ਫ਼ੂਰ ਕੋਲ ਆਉਂਦੇ ਸਨ, ਪਰ ਫ਼ੂਰ ਉਹਨਾਂ ਨੂੰ ਘੂਰੀ ਵੱਟ ਕੇ ਇਹ ਕਹਿ ਕੇ ਨਸਾ ਦਿੰਦਾ ਸੀ ਕਿ ਤੁਹਾਡਾ ਬਾਪ ਮਾਰੇਗਾ। ਫੇਰ ਵੀ ਕਈ ਵਾਰੀ ਫ਼ੂਰ ਦਾ ਜੀਅ ਪਸੀਜ ਜਾਂਦਾ ਸੀ ਤੇ ਉਹ ਚੋਰੀ-ਚੋਰੀ ਉਨ੍ਹਾਂ ਨੂੰ ਕਾਬਲ ਦਾ ਅਨਾਰ ਦੇ ਦਿੰਦਾ ਸੀ ਤੇ ਕਹਿੰਦਾ ਸੀ ਕਿ ਚੋਰੀ-ਚੋਰੀ ਖਾ ਕੇ ਘਰ ਜਾਣਾ। ਬੱਚੇ ਇਵੇਂ ਹੀ ਕਰਦੇ ਸਨ।

ਵੀਰੋ ਤੇ ਅਜਮੇਰ ਕੋਲੋਂ ਛੋਟੀ ਤੇ ਕੁੱਛੜਲੀ ਕੁੜੀ ਕੋਲੋਂ ਵੱਡੀ ਤੇਜੋ ਦੀ ਇਕ ਹੋਰ ਧੀ ਸੀ। ਉਹ ਬਹੁਤ ਘੱਟ ਘਰੋਂ ਬਾਹਰ ਨਿਕਲਦੀ ਸੀ। ਨਿੱਕੀ ਕੁੜੀ ਦੇ ਜੰਮਣ ਤੋਂ ਪਹਿਲਾਂ ਉਹ ਬੜੀ ਛਿੰਦੀ ਸੀ। ਹੁਣ ਮਾਂ ਦਾ ਪਿਆਰ ਨਵੇਂ ਬਾਲ ਵੱਲ ਹੋਣ ਕਰਕੇ ਉਹ ਪਿਆਰ ਦੀ ਥੁੜ੍ਹ ਅੰਦਰੋਂ-ਅੰਦਰ ਮਹਿਸੂਸ ਕਰਦੀ ਸੀ ਤੇ ਪੂਰਾ ਖ਼ਿਆਲ ਆਪਣੇ ਵੱਲ ਨਾ ਦੇਖ ਕੇ ਅਕਸਰ ਮਾਮੂਲੀ ਗੱਲ ਤੋਂ ਰੋ ਪੈਂਦੀ ਸੀ ਤੇ ਜ਼ਿੱਦਾਂ ਕਰਦੀ ਸੀ। ਤੇਜੋ ਉਸ ਨੂੰ ਗੁੱਸੇ ਹੁੰਦੀ ਸੀ। ਉਹ ਰੋਂਦੀ ਸੀ ਤੇ ਉਸ ਨੂੰ ਹੋਰ ਮਾਰ ਪੈਂਦੀ ਸੀ। ਤੇਜੋ ਵੱਲੋਂ ਕੁੜੀ ਦੀ ਇਹ ਹਾਲਤ ਦੇਖ ਕੇ ਵੀਰੋ ਤੇ ਅਜਮੇਰ ਵੀ ਉਸ ਨੂੰ ਦਾਅ ਲਗਦੇ ਕੁੱਟ ਲੈਂਦੇ ਸਨ ਤੇ ਜਦ ਉਹ ਰੋਂਦੀ ਸੀ ਤਾਂ ''ਐਵੇਂ ਰੋਂਦੀ'' ਕਹਿ ਕੇ ਤੇਜੋ ਕੋਲੋਂ ਹੋਰ ਮਾਰ ਪੁਆ ਦਿੰਦੇ ਸਨ। ਕੁੜੀ ਰੁਲ ਜਿਹੀ ਗਈ ਤੇ ਆਪਣੇ ਬਚਾਅ ਵਾਸਤੇ ਲਾਂਦੀਓਂ ਬਾਹਰ ਫਿਰਨਾ ਤੁਰਨਾ ਸ਼ੁਰੂ ਕਰ ਦਿੱਤਾ। ਵੱਡੇ ਬਾਲ ਫਿਰ ਵੀ ਉਸ ਦਾ ਪਿੱਛਾ ਨਹੀਂ ਸਨ ਛੱਡਦੇ! ਗਫ਼ੂਰ ਰੋਜ਼ ਸਭ ਦੇਖਦਾ ਸੀ, ਪਰ ਕੁਝ ਕਹਿ ਨਹੀਂ ਸੀ ਸਕਦਾ। ਵੱਡਿਆਂ ਬੱਚਿਆਂ ਦੀ ਚਾਹ ਉਸ ਦੇ ਦਿਲ ਵਿਚੋਂ ਘਟਦੀ ਗਈ ਤੇ ਜ਼ਾਲਮਾਂ ਨੂੰ ਛੱਡ ਕੇ ਮਜ਼ਲੂਮ ਵੱਲ ਉਸ ਦੀ ਹਮਦਰਦੀ ਵਧਦੀ ਗਈ। ਬਹੁਤਾ ਚਿਰ ਪੰਜਾਬੀਆਂ ਦੇ ਸਾਹਮਣੇ ਰਹਿਣ ਕਰਕੇ ਉਹ ਪੰਜਾਬੀਆਂ ਦੀ ਬੋਲੀ ਕਾਫ਼ੀ ਸਮਝ ਲੈਂਦਾ ਸੀ ਤੇ ਤੇਜੋ ਦੀ ਨਿੱਕੀ ਕੁੜੀ ਨੂੰ ਦਿੱਤੀਆਂ ਗਾਲ੍ਹਾਂ ਸੁਣ ਕੇ ਬੜਾ ਦੁਖੀ ਹੁੰਦਾ ਸੀ।

ਵੀਰੋ ਤੇ ਅਜਮੇਰ ਕੋਲੋਂ ਛੋਟੀ ਤੇ ਕੁੱਛੜਲੀ ਕੁੜੀ ਕੋਲੋਂ ਵੱਡੀ ਤੇਜੋ ਦੀ ਇਕ ਹੋਰ ਧੀ ਸੀ। ਉਹ ਬਹੁਤ ਘੱਟ ਘਰੋਂ ਬਾਹਰ ਨਿਕਲਦੀ ਸੀ। ਨਿੱਕੀ ਕੁੜੀ ਦੇ ਜੰਮਣ ਤੋਂ ਪਹਿਲਾਂ ਉਹ ਬੜੀ ਛਿੰਦੀ ਸੀ। ਹੁਣ ਮਾਂ ਦਾ ਪਿਆਰ ਨਵੇਂ ਬਾਲ ਵੱਲ ਹੋਣ ਕਰਕੇ ਉਹ ਪਿਆਰ ਦੀ ਥੁੜ੍ਹ ਅੰਦਰੋਂ-ਅੰਦਰ ਮਹਿਸੂਸ ਕਰਦੀ ਸੀ ਤੇ ਪੂਰਾ ਖ਼ਿਆਲ ਆਪਣੇ ਵੱਲ ਨਾ ਦੇਖ ਕੇ ਅਕਸਰ ਮਾਮੂਲੀ ਗੱਲ ਤੋਂ ਰੋ ਪੈਂਦੀ ਸੀ ਤੇ ਜ਼ਿੱਦਾਂ ਕਰਦੀ ਸੀ। ਤੇਜੋ ਉਸ ਨੂੰ ਗੁੱਸੇ ਹੁੰਦੀ ਸੀ। ਉਹ ਰੋਂਦੀ ਸੀ ਤੇ ਉਸ ਨੂੰ ਹੋਰ ਮਾਰ ਪੈਂਦੀ ਸੀ। ਤੇਜੋ ਵੱਲੋਂ ਕੁੜੀ ਦੀ ਇਹ ਹਾਲਤ ਦੇਖ ਕੇ ਵੀਰੋ ਤੇ ਅਜਮੇਰ ਵੀ ਉਸ ਨੂੰ ਦਾਅ ਲਗਦੇ ਕੁੱਟ ਲੈਂਦੇ ਸਨ ਤੇ ਜਦ ਉਹ ਰੋਂਦੀ ਸੀ ਤਾਂ ''ਐਵੇਂ ਰੋਂਦੀ'' ਕਹਿ ਕੇ ਤੇਜੋ ਕੋਲੋਂ ਹੋਰ ਮਾਰ ਪੁਆ ਦਿੰਦੇ ਸਨ। ਕੁੜੀ ਰੁਲ ਜਿਹੀ ਗਈ ਤੇ ਆਪਣੇ ਬਚਾਅ ਵਾਸਤੇ ਲਾਂਦੀਓਂ ਬਾਹਰ ਫਿਰਨਾ ਤੁਰਨਾ ਸ਼ੁਰੂ ਕਰ ਦਿੱਤਾ। ਵੱਡੇ ਬਾਲ ਫਿਰ ਵੀ ਉਸ ਦਾ ਪਿੱਛਾ ਨਹੀਂ ਸਨ ਛੱਡਦੇ! ਗਫ਼ੂਰ ਰੋਜ਼ ਸਭ ਦੇਖਦਾ ਸੀ, ਪਰ ਕੁਝ ਕਹਿ ਨਹੀਂ ਸੀ ਸਕਦਾ। ਵੱਡਿਆਂ ਬੱਚਿਆਂ ਦੀ ਚਾਹ ਉਸ ਦੇ ਦਿਲ ਵਿਚੋਂ ਘਟਦੀ ਗਈ ਤੇ ਜ਼ਾਲਮਾਂ ਨੂੰ ਛੱਡ ਕੇ ਮਜ਼ਲੂਮ ਵੱਲ ਉਸ ਦੀ ਹਮਦਰਦੀ ਵਧਦੀ ਗਈ। ਬਹੁਤਾ ਚਿਰ ਪੰਜਾਬੀਆਂ ਦੇ ਸਾਹਮਣੇ ਰਹਿਣ ਕਰਕੇ ਉਹ ਪੰਜਾਬੀਆਂ ਦੀ ਬੋਲੀ ਕਾਫ਼ੀ ਸਮਝ ਲੈਂਦਾ ਸੀ ਤੇ ਤੇਜੋ ਦੀ ਨਿੱਕੀ ਕੁੜੀ ਨੂੰ ਦਿੱਤੀਆਂ ਗਾਲ੍ਹਾਂ ਸੁਣ ਕੇ ਬੜਾ ਦੁਖੀ ਹੁੰਦਾ ਸੀ।

ਇਨ੍ਹਾਂ ਦਿਨਾਂ ਵਿਚ ਕਿਸੇ ਖ਼ੁਨਾਮੀ ਕਰਕੇ ਦੋ ਮਹੀਨਿਆਂ ਲਈ ਜਮਾਂਦਾਰ ਦੀ ਨੌਕਰੀ ਟੁੱਟ ਗਈ। ਫੇਰ ਤੇ ਕੁੜੀ ਦੀ ਸ਼ਾਮਤ ਆ ਗਈ, ਜਿਹੜਾ ਆਵੇ ਉਸ ਨੂੰ ਕੁੱਟੇ। ਤੇਜੋ ਕਹੇ, ''ਇਹ ਰੋਂਦੀ ਰਹਿੰਦੀ ਸੀ ਤਾਂ ਸਾਡੀ ਨੌਕਰੀ ਗਈ।'' ਮਹੀਨੇ ਦੋ ਮਹੀਨੇ ਤਨਖ਼ਾਹ ਮਿਲਣ ਨਾਲ ਰੋਟੀ ਦਾ ਗੁਜ਼ਾਰਾ ਤੁਰਦਾ ਸੀ। ਬੜੀ ਔਕੜ ਬਣੀ।

ਮਜ਼ਲੂਮ ਦੇ ਰਹਿਮ ਨੇ ਗਫ਼ੂਰ ਦੇ ਦਿਲ ਵਿਚ ਜ਼ਾਲਮ ਉਤੇ ਰਹਿਮ ਕਰਨ ਦਾ ਜਜ਼ਬਾ ਭਰਿਆ। ਉਸ ਇਕ ਦਿਨ ਜਮਾਦਾਰ ਨੂੰ ਸੱਦਿਆ ਤੇ ਕਿਹਾ, ''ਸਰਦਾਰਾ, ਤੂੰ ਮੇਰਾ ਭਾਈ ਹੈਂ। ਮੈਨੂੰ ਪਤਾ ਹੈ ਤੈਨੂੰ ਤੰਗੀ ਹੈ। ਮੈਂ ਤੇਰੀ ਮੱਦਦ ਕਰਨਾ ਚਾਹੁੰਦਾ ਹਾਂ ਤੇ ਨਾਂਹ ਨਾ ਕਰੀਂ।''

ਸਰਦਾਰ ਚੁੱਪ ਸੀ ਤੇ ਗਫ਼ੂਰ ਨੇ ਪੰਦਰਾਂ ਦੇ ਨੋਟ ਉਸ ਦੇ ਹੱਥ ਵਿਚ ਦੇ ਦਿੱਤੇ। ਘਰ ਵਿਚ ਲੋੜ ਸੀ, ਦਿਲ ਪਠਾਣ ਕੋਲੋਂ ਮੱਦਦ ਲੈਣ ਨੂੰ ਨਹੀਂ ਸੀ ਕਰਦਾ, ਪਰ ਫੇਰ ਵੀ ਉਸ ਪੰਦਰਾਂ ਰੁਪਏ ਰੱਖ ਲਏ। ਸੋਚਿਆ ਮੇਰੀ ਨੌਕਰੀ ਲੱਗ ਜਾਵੇਗੀ ਤਾਂ ਸਣੇ ਸੂਦ ਮੋੜ ਦਿਆਂਗਾ।

ਜਾਣ ਲੱਗਿਆਂ ਜਮਾਦਾਰ ਨੂੰ ਫੇਰ ਬੁਲਾ ਕੇ ਤੇ ਆਪਣਿਆਂ ਵਾਂਗ ਮੋਢੇ 'ਤੇ ਹਥ ਰੱਖ ਕੇ ਗਫ਼ੂਰ ਨੇ ਕਿਹਾ, ''ਸਰਦਾਰਾ, ਤੇਰੀ ਔਰਤ ਤੇ ਦੋਵੇਂ ਵੱਡੇ ਬੱਚੇ ਛੋਟੀ ਲੜਕੀ ਨੂੰ ਮਾਰਦੇ ਰਹਿੰਦੇ ਹਨ, ਨਾਦਾਨ ਬੇਕਸੂਰ ਹੈ। ਉਸ ਨੂੰ ਮਤ ਮਾਰੋ। ਮੈਨੂੰ ਤਕਲੀਫ਼ ਹੁੰਦੀ ਹੈ। ਮਤ ਮਾਰੋ। ਦੇਖੋ, ਉਹ ਬਹੁਤ ਕਮਜ਼ੋਰ ਹੈ, ਮਰ ਜਾਏਗੀ।''

ਕਿੰਨਾ ਚਿਰ ਪਠਾਣ ਦੀਆਂ ਤਰਲਿਆਂ ਭਰੀਆਂ ਅੱਖਾਂ ਜਮਾਦਾਰ ਨੂੰ ਯਾਦ ਰਹੀਆਂ। ਉਸ ਤੇਜੋ ਨੂੰ ਆਖਿਆ ਕਿ ਉਹ ਕੁੜੀ ਨੂੰ ਨਾ ਮਾਰਿਆ ਕਰੇ, ਪਰ ਤੇਜੋ ਤੇ ਬੱਚਿਆਂ ਦੀ ਆਦਤ ਪੱਕ ਚੁੱਕੀ ਸੀ।

ਜਦ ਸਰਦਾਰ ਨੂੰ ਨਵੀਂ ਥਾਂ ਤੋਂ ਪਹਿਲੀ ਤਨਖ਼ਾਹ ਮਿਲੀ ਤਾਂ ਉਹ ਪਹਿਲੋਂ ਗਫ਼ੂਰ ਦੀ ਲਾਂਦੀ ਵਿਚ ਵੜਿਆ। ਪੰਦਰਾਂ ਰੁਪਿਆਂ ਦੇ ਨਾਲ, ਪਠਾਣ ਦਾ ਕਰਜ਼ੇ ਤੋਂ ਕਰੜਾ ਸੂਦ ਮਿਣ ਕੇ, ਉਸ ਪੰਜਾਂ ਰੁਪਿਆਂ ਦਾ ਨੋਟ ਹੋਰ ਜੋੜ ਦਿੱਤਾ। ਗਫ਼ੂਰ ਨੋਟ ਦੇਖ ਕੇ ਹੈਰਾਨ ਹੋਇਆ ਤੇ ਆਖਣ ਲੱਗਾ, ''ਸਰਦਾਰਾ, ਇਹ ਕਿਐ?''

ਸਰਦਾਰ ਨੇ ਕਿਹਾ, ''ਤੁਹਾਡਾ ਰੁਪੀਆ ਤੇ ਸੂਦ।''

''ਹਮ ਮੁਸਲਮਾਨ ਪਠਾਣ ਹੈਂ, ਸਰਦਾਰ'', ਪਠਾਣ ਨੇ ਰੋਹ ਵਿਚ ਆ ਕੇ ਕਿਹਾ, ''ਹਮ ਸੂਦ ਕੋ ਹਰਾਮ ਸਮਝਤਾ ਹੈ।''

ਗਫ਼ੂਰ ਦੀ ਤਮਤਮਾਈ ਹੋਈ ਸ਼ਕਲ ਦੇਖ ਕੇ ਜਮਾਦਾਰ ਨੇ ਕਿਹਾ, ''ਮੈਨੂੰ ਪਤਾ ਨਹੀਂ ਸੀ ਕਿ ਕੋਈ ਪਠਾਣ ਸੂਦ ਨਹੀਂ ਵੀ ਲੈਂਦਾ, ਹੱਛਾ ਲੱਗ ਗਿਆ ਪਤਾ, ਪਰ ਇਹ ਲਓ ਆਪਣੇ ਰੁਪਏ।''

''ਇਹ ਤਾਂ ਮਦਦ ਸੀ'', ਫ਼ੂਰ ਨੇ ਝੱਟ ਹੀ ਸ਼ਾਹਵੀਂ ਸ਼ਕਲ ਬਣਾਉਂਦਿਆਂ ਕਿਹਾ, ''ਬੱਚਾ ਸਭ ਕਾ ਏਕ ਹੈ, ਸਰਦਾਰ।''

ਜਮਾਦਾਰ ਨੇ ਉਸ ਦੀ ਇਕ ਨਾ ਸੁਣੀ ਤੇ ਰੁਪਏ ਬਦੋ ਬਦੀ ਉਸ ਨੂੰ ਦੇ ਕੇ ਘਰ ਵੜਿਆ। ਬੂਹੇ ਵਿਚ ਨਿੱਕੀ ਕੁੜੀ ਰੋ ਰਹੀ ਸੀ, ਵੀਰੋ ਤੇ ਅਜਮੇਰ ਉਸ ਨੂੰ ਤੰਗ ਕਰ ਰਹੇ ਸਨ ਤੇ ਤੇਜੋ ਚੌਂਕੇ ਵਿਚੋਂ ਬਿਨਾਂ ਦੇਖਿਆਂ ਉਸ ਨੂੰ ਗਾਲ੍ਹਾਂ ਕੱਢ ਰਹੀ ਸੀ। ਜਮਾਦਾਰ ਨੇ ਅਜਮੇਰ ਨੂੰ ਝਿੜਕਿਆ, ਵੀਰੋ ਨੂੰ ਇਕ ਲਾਈ ਤੇ ਕੁੱਛੜ ਚੁੱਕ ਕੇ ਮੂੰਹ ਪੂੰਝਦਾ ਚੌਂਕੇ ਕੋਲ ਪੁੱਜਾ। ਕੁਝ ਕਹਿਣਾ ਹੀ ਚਾਹੁੰਦਾ ਸੀ ਕਿ ਤੇਜੋ ਨੇ ਉਸ ਨੂੰ ਦੇਖ ਲਿਆ ਤੇ ਕਹਿਣ ਲੱਗੀ, ''ਵੱਡੀ ਲਾਡਲੀ! ਖ਼ਸਮ ਨੂੰ ਖਾਣੀ ਨੂੰ ਚੁੱਕ ਲਿਆ। ਸਾਰੀ ਸਾਰੀ ਦਿਹਾੜੀ ਰੋਂਦੀ ਹੀ ਰਹਿੰਦੀ ਐ, ਨਹਿਸ਼।''

ਜਮਾਦਾਰ ਨੇ ਉਸ ਨੂੰ ਖ਼ੂਬ ਝਾੜ ਪਾਈ ਤੇ ਉਹ ਮੂੰਹ ਸੁਜਾ ਕੇ ਇਕ ਨੁੱਕਰੇ ਬਹਿ ਗਈ।

ਤੇਜੋ ਚੇੜ੍ਹ ਨਾਲ ਕੁੜੀ ਨੂੰ ਹੋਰ ਮਾਰਨ ਲਗ ਪਈ। ਕੁੜੀ ਜ਼ਿੱਦਲ ਤੇ ਢੀਠ ਬਣ ਗਈ। ਗਫ਼ੂਰ ਕੁੜੀ ਦੀ ਸ਼ਾਮਤ ਆਉਂਦੀ ਰੋਜ਼ ਦੇਖਦਾ ਸੀ। ਉਸ ਨੂੰ ਇਕੱਲੀ ਧੁੱਪ ਵਿਚ ਡਿਗਦੀ ਢਹਿੰਦੀ ਦੇਖ ਕੇ ਉਸ ਦਾ ਦਿਲ ਪੰਘਰ ਜਾਂਦਾ ਸੀ।

ਇਕ ਦਿਨ ਇਹੋ ਜਿਹੀ ਮਾਨਸਿਕ ਹਾਲਤ ਵਿਚ ਛੋਟੀ ਕੁੜੀ ਨੂੰ ਫ਼ੂਰ ਨੇ ਸੈਨਤ ਨਾਲ ਸੱਦਿਆ। ਉਹ ਕੋਲ ਚਲੀ ਗਈ। ਉਹ ਉਸ ਨੂੰ ਚੁੱਕ ਕੇ ਅੰਦਰ ਲੈ ਗਿਆ। ਝੋਲੇ ਵਿਚ ਹੱਥ ਮਾਰਿਆ, ਉਸ ਵਿਚ ਕੁਝ ਨਹੀਂ ਸੀ।

ਪਠਾਣ ਦੀਆਂ ਅੱਖਾਂ ਵਿਚ ਦੋ ਅੱਥਰੂ ਆ ਗਏ। ਉਹ ਦਬੇ ਪੈਰੀਂ ਬਾਹਰ ਨਿਕਲ ਕੇ ਫਲਾਂ ਦੀ ਹੱਟੀ ਵੱਲ ਵਧਿਆ। ਉਸ ਉਥੋਂ ਦੋ ਤਿੰਨ ਕਿਸਮ ਦੇ ਫਲ ਲੈ ਕੇ ਕੁੜੀ ਨੂੰ ਫੜਾਏ। ਹਾਬੜੀ ਹੋਈ ਕਦੇ ਇਕ ਤੇ ਕਦੇ ਦੂਸਰੇ ਨੂੰ ਪਵੇ। ਗਫ਼ੂਰ ਦਾ ਹਉਕਾ ਨਿਕਲ ਗਿਆ। ਉਸ ਸੋਚਿਆ ਇਸ ਦੀ ਮਾਂ, ਵੱਡੇ ਬੱਚੇ ਤੇ ਸਰਦਾਰ, ਇਸ ਨੂੰ ਮਾਰ ਕੇ ਛੱਡਣਗੇ। ਇਸ ਨੂੰ ਬਚਾਉਣਾ ਚਾਹੀਦਾ ਹੈ। ਉਸ ਬੋਝੇ ਵਾਲੀ ਗੁਥਲੀ ਵਿਚ ਹੱਥ ਮਾਰਿਆ, ਦੋ ਰੁਪਈਆਂ ਦਾ ਕਰਿਆਨਾ ਖੜਕਿਆ। ਸੋਚਿਆ ਨੱਸ ਕੇ ਲਾਂਦੀ ਵਿਚੋਂ ਕੁਝ ਲੈ ਆਵਾਂ। ਉਥੇ ਤੇ ਮੇਰੇ ਕੋਲ ਹਜ਼ਾਰ ਤੋਂ ਉਪਰ ਰੁਪਿਆ ਹੈ, ਪਰ ਫਿਰ ਖ਼ਿਆਲ ਆਇਆ ਕਿ ਕੁੜੀ ਨੂੰ ਛੁਡਾਉਣ ਦਾ ਮੌਕਾ ਖੁੰਝ ਜਾਵੇਗਾ, ਇਸ ਦੀ ਮਾਂ ਰੌਲਾ ਪਾ ਦੇਵੇਗੀ, ਹੋ ਸਕਦਾ ਹੈ ਸਰਦਾਰ ਨਾਲ ਬਖੇੜਾ ਹੋ ਜਾਵੇ।

ਉਹ ਘਰ ਨਾ ਮੁੜਿਆ। ਉਸ ਇਕ ਮੁਸਲਮਾਨ ਦੀ ਘੋੜਾ-ਗੱਡੀ ਪਕੜੀ ਤੇ ਸਟੇਸ਼ਨ ਤੇ ਪਹੁੰਚ ਕੇ ਕਿਤੋਂ ਦੀ ਟਿਕਟ ਕਟਾਈ।

ਪਿੱਛੋਂ ਰੌਲਾ ਪੈ ਗਿਆ, ''ਕਾਬਲੀ ਵਾਲਾ ਲੜਕੀ ਉਠਾ ਕੇ ਲੈ ਗਿਆ।''

ਕੋਈ ਕਹੇ, ''ਦੇਖਾ, ਸਿੱਖ ਡਰਤਾ ਨਹੀਂ ਥਾ।''

ਕੋਈ ਕਹੇ, ''ਪਠਾਣ ਦਾਅ ਤੇ ਸੀ। ਲੈ ਉਡਿਆ।''

ਭਾਂਤ ਭਾਂਤ ਦੀਆਂ ਗੱਲਾਂ ਨੇ ਸਰਦਾਰ ਦਾ ਦਿਲ ਫ਼ੂਰ ਵੱਲੋਂ ਖੱਟਾ ਕਰ ਦਿੱਤਾ। ਠਾਣੇ ਰਿਪੋਰਟ ਲਿਖਾਈ ਗਈ। ਤੇਜੋ ਰੋ ਰੋ ਕੇ ਫਾਵੀ ਹੁੰਦੀ ਜਾਂਦੀ ਸੀ ਤੇ ਪਠਾਣ ਦੇ ਬੱਚੇ ਕੱਚੇ ਪਿੱਟਦੀ ਸੀ। ਪੁਲਿਸ ਹੈਰਾਨ ਸੀ ਕਿ ਪਠਾਣ ਇੰਨਾ ਰੁਪਿਆ ਤੇ ਬੂਹਾ ਖੁੱਲ੍ਹਾ ਛੱਡ ਕੇ ਕਿਉਂ ਚਲਾ ਗਿਆ।

ਪੂਰੇ ਮਹੀਨੇ ਬਾਦ ਸਰਦਾਰ ਨੂੰ ਸ਼ਨਾਖ਼ਤ ਵਾਸਤੇ ਠਾਣੇ ਸੱਦਿਆ ਗਿਆ। ਕੁੜੀ ਹੱਥਕੜੀਆਂ ਵਿਚ ਜਕੜੇ ਗਫ਼ੂਰ ਦੇ ਕੁੱਛੜ ਸੀ। ਪਿਓ ਦੀ ਵਾਜ ਸੁਣ ਕੇ ਕੁੜੀ ਨੇ ਇਕ ਵਾਰੀ ਮੂੰਹ ਪਿਓ ਵੱਲ ਕਰਕੇ ਮੋੜ ਲਿਆ। ਤੇਜੋ ਦਾ ਵੀ ਉਥੇ ਕੋਈ ਚਾਰਾ ਨਾ ਚਲਿਆ। ਕੁੜੀ ਬੜੀ ਤਕੜੀ ਹੋਈ ਹੋਈ ਸੀ ਤੇ ਪਠਾਣ ਕਮਜ਼ੋਰ।

ਜਮਾਦਾਰ, ਤੇਜੋ ਤੇ ਹੋਰ ਹਮਸਾਇਆਂ ਸ਼ਨਾਖ਼ਤ ਕੀਤੀ। ਪਠਾਣ ਬਿਟ ਬਿਟ ਉਹਨਾਂ ਵੱਲ ਤੱਕੀ ਜਾਂਦਾ ਸੀ। ਆਖਰ ਜਦ ਪੁਲਸ ਕੁੜੀ ਉਸ ਤੋਂ ਲੈ ਕੇ ਜਮਾਂਦਾਰ ਨੂੰ ਦੇਣ ਲੱਗੀ ਤਾਂ ਕੁੜੀ ਦੀਆਂ ਚੀਕਾਂ ਤੇ ਪਠਾਣ ਦੇ ਬਕੜਵਾਹ ਨੇ ਕਮਰੇ ਗੂੰਜਾ ਦਿੱਤੇ। ਪਠਾਣ ਕਹਿੰਦਾ ਸੀ, ''ਨਾ ਦਿਓ ਕੁੜੀ ਜ਼ਾਲਮਾਂ ਨੂੰ। ਬਚਾਓ! ਬਚਾਓ!! ਇਹ ਮਾਰ ਦੇਣਗੇ ਮੇਰੀ ਧੀ ਨੂੰ ਇਹ ਜ਼ਾਲਮ.......ਕਸਾਈ।''

ਠਾਣੇਦਾਰ ਕੜਕ ਕੇ ਬੋਲਿਆ, ''ਤੋ ਤੁਮ ਇਸ ਕੋ ਬਚਾਨੇ ਕੇ ਲੀਏ ਉਠਾ ਕੇ ਲੈ ਗਿਆ ਥਾ?''

ਚਾਰੇ ਪਾਸੇ ਹਾਸੇ ਦਾ ਹੜ੍ਹ ਆ ਗਿਆ। ਵਿਚੋਂ ਕੋਈ ਕਹਿੰਦਾ ਸੀ, ''ਸ਼ੁਦਾਈ ਹੈ!'' ਕੋਈ ਕਹਿੰਦਾ ਸੀ ''ਮਚਲਾ ਹੈ।'' ਪਰ ਗਫ਼ੂਰ ਰੋਈ ਜਾ ਰਿਹਾ ਸੀ। □



ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸ਼ਾਹਕਾਰ ਕਹਾਣੀ

# ਚਟਾਨ ਵਰਗਾ ਆਚਾਰ

**(ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਯੁੱਗ ਪੁਰਸ਼ ਦਾ ਦਰਜਾ ਰੱਖਦੇ ਹਨ। ਸਾਂਮਤਵਾਦੀ ਕਦਰਾਂ ਕੀਮਤਾਂ ਨੂੰ ਉਨ੍ਹਾਂ ਨੇ ਆਪਣੀ ਉਦਾਰਵਾਦੀ ਵਿਚਾਰਧਾਰਾ ਅਤੇ ਸੁਹਜਮਈ ਵਾਰਤਕ ਕਲਾ ਨਾਲ ਤਕੜਾ ਹਲੂਣਾ ਦਿੱਤਾ। ਪੰਜਾਬੀਆਂ ਦੀ ਆਦਰਸ਼ ਸਮਾਜ ਦੀ ਸਿਰਜਣਾ ਨੂੰ ਪ੍ਰਣਾਈ ਹੋਈ ਇਕ ਪੂਰੀ ਪੀੜ੍ਹੀ ਗੁਰਬਖ਼ਸ਼ ਸਿੰਘ ਦੀਆਂ ਲਿਖਤਾਂ ਦਵਾਰਾ ਹੀ ਤਿਆਰ ਹੋਈ। ਹੁਣ, ਜਦ ਕਿ ਸਾਡਾ ਸਮਕਾਲੀ ਸਾਹਿਤ ਹੌਲੀ-ਹੌਲੀ ਨੈਤਿਕ ਕਦਰਾਂ ਕੀਮਤਾਂ ਤੋਂ ਪਰ੍ਹਾਂ ਹਟਦਾ ਜਾ ਰਿਹਾ ਹੈ ਤਾਂ ਸਾਨੂੰ ਗੁਰਬਖ਼ਸ਼ ਸਿੰਘ ਦੀਆਂ 'ਚਟਾਨ ਵਰਗਾ ਅਚਾਰ' ਵਰਗੀਆਂ ਲਿਖਤਾਂ ਦੀ ਲੋੜ ਮਹਿਸੂਸ ਹੁੰਦੀ ਹੈ। ਇਹ ਲਿਖਤ ਭਾਵੇਂ ਲੇਖਕ ਦਵਾਰਾ ਵਿਕਟਰ ਹਿਊਗੋ ਦੇ ਪ੍ਰਸਿੱਧ ਨਾਵਲ '93' ਦਾ ਸੰਖੇਪ ਰੂਪ ਹੈ, ਫਿਰ ਵੀ ਪਾਠਕ ਪੜ੍ਹਕੇ ਮਹਿਸੂਸ ਕਰਨਗੇ ਕਿ ਇਸ ਕਹਾਣੀ ਉਪਰ ਲੇਖਕ ਦੀ ਸ਼ਖ਼ਸੀਅਤ, ਵਿਚਾਰਧਾਰਾ ਤੇ ਸ਼ੈਲੀ ਦੀ ਅਮਿੱਟ ਛਾਪ ਹੈ। ਦ੍ਰਿੜ੍ਹ ਚਰਿੱਤਰ (ਅਚਾਰ) ਦੀ ਇਸ ਕਹਾਣੀ ਵਿਚ ਅਨੋਖੀ ਤੇ ਦਿਲ-ਟੁੰਬਵੀਂ ਮਿਸਾਲ ਪੇਸ਼ ਕੀਤੀ ਗਈ ਹੈ : ਸੰਪਾਦਕ)**

ਫਰਾਂਸ ਵਿਚ ਪਹਿਲੋਂ ਇੰਗਲਿਸ਼ਤਾਨ ਵਾਂਗ ਹੀ ਬਾਦਸ਼ਾਹੀ ਹਕੂਮਤ ਸੀ। ਪਰ ਅਠਾਰਵੀਂ ਸਦੀ ਵਿਚ ਜਦੋਂ ਇਸ ਮੁਲਕ ਦੇ ਬਾਦਸ਼ਾਹ ਬੜੇ ਜਾਬਰ ਤੇ ਅਯਾਸ਼ ਜਿਹੇ ਹੋਣ ਲਗ ਪਏ, ਉਦੋਂ ਉਥੇ ਕੁਝ ਇਕ ਬੜੇ ਤਕੜੇ ਵਿਚਾਰਵਾਨ ਪੈਦਾ ਹੋਏ। ਉਹਨਾਂ ਦੀ ਲੇਖਣੀ ਨੇ ਮੁਲਕ ਵਿਚ ਇਨਕਲਾਬ ਲੈ ਆਂਦਾ। ਲੋਕ ਆਪਣੇ ਹੱਕ ਮੰਗਣ ਲੱਗ ਪਏ। ਜਿਥੇ ਲੋਕ ਬਾਦਸ਼ਾਹ ਦੀ ਜੈ ਬੁਲਾਂਦੇ ਸਨ, ਉਥੇ ਖੁੱਲਮ-ਖੁੱਲਾ ਗਣਰਾਜ ਜਾਂ ਫਰਾਂਸ ਦੀ ਜੈ ਬੁਲਾਈ ਜਾਣ ਲਗ ਪਈ। ਓੜਕ ਪਾੜ ਇਨਾ ਵਧ ਗਿਆ ਕਿ ਸ਼ਾਹੀ ਫੌਜ ਦੇ ਟਾਕਰੇ ਲਈ ਲੋਕਾਂ ਨੇ ਕਈ ਆਪਣੇ ਬਰਗੇਡ ਬਣਾ ਲਏ। ਥਾਂ ਥਾਂ ਖ਼ਾਨਾ-ਜੰਗੀ ਸ਼ੁਰੂ ਹੋ ਗਈ।

ਇਸ 1793 ਦੇ ਫ਼ਰਾਂਸੀਸੀ ਇਨਕਲਾਬ ਦੇ ਕਈ ਐਸੇ ਪਾਤਰ ਹਨ, ਜਿਹੜੇ ਅਮਰ ਸਮਝੇ ਜਾਂਦੇ ਹਨ, ਪਰ ਇਸ ਛੋਟੀ ਜਿਹੀ ਵਾਰਤਾ ਵਿਚ ਸਿਰਫ ਤਿੰਨ ਤਰ੍ਹਾਂ ਦਾ ਕਥਨ ਹੈ। ਇਹ ਤਿੰਨੇ ਪਾਤਰ ਲਾਸਾਨੀ ਚਾਲ ਚਲਣ ਦੇ ਮਾਲਕ ਹਨ। ਕੌਮਾਂ ਤੇ ਮੁਲਕਾਂ ਦਾ ਜੀਵਨ ਸਿਰਫ਼ ਉਹਨਾਂ ਆਦਮੀਆਂ ਉਤੇ ਹੀ ਨਿਰਭਰ ਕਰਦਾ ਹੈ, ਜਿਹੜੇ ਚਟਾਨ ਵਰਗਾ ਅਜਿੱਤ ਚਾਲ ਚਲਣ ਰਖਦੇ ਹਨ।

ਮਾਰਕੁਈਸ (ਲਾਰਡ) ਲੈਂਟੈਂਕ, ਅੱਸੀ ਵਰ੍ਹੇ ਦਾ ਬੁੱਢਾ ਜਰਨੈਲ ਸੀ। ਉਹ ਸ਼ਾਹੀ ਖ਼ਾਨਦਾਨ ਲਈ ਤਨ, ਮਨ, ਧਨ ਸਭ ਕੁਝ ਵਾਰਦਾ ਸੀ ਤੇ ਲੋਕ-ਰਾਜ ਦਾ ਜਾਨੀ ਦੁਸ਼ਮਣ ਸੀ।

ਨੌਜਵਾਨ ਲਾਰਡ ਗਾਵੈਨ ਲੈਂਟੈਂਕ ਦਾ ਭਤੀਜਾ ਸੀ। ਇਸ ਨੌਜਵਾਨ ਦੀ ਹਮਦਰਦੀ ਗਰੀਬ ਲੋਕਾਂ ਨਾਲ ਸੀ। ਇਸ ਲਈ ਇਸ ਨੇ ਆਪਣੀ ਵਿਰਾਸਤ ਛੱਡ ਕੇ ਲੋਕਾਂ ਨਾਲ ਰਲਣਾ ਮਨਜ਼ੂਰ ਕੀਤਾ ਸੀ। ਇਸ ਦੀ ਪ੍ਰਤੱਖ ਦਿਆਨਤਦਾਰੀ ਨੇ ਲੋਕ-ਭਰੋਸਾ ਜਿੱਤ ਲਿਆ ਸੀ, ਤੇ ਇਹ ਲੋਕ-ਫੌਜ ਦਾ ਸੈਨਾਪਤੀ ਬਣਾ ਦਿੱਤਾ ਗਿਆ ਸੀ।

ਪਾਦਰੀ ਸਿਮੁਰਦੀਨ ਕਦੇ ਸ਼ਾਹੀ ਖ਼ਾਨਦਾਨਾਂ ਵਿਚ ਬੜਾ ਸਤਿਕਾਰਿਆ ਜਾਂਦਾ ਸੀ। ਉਹ ਲਾਰਡ ਲੈਂਟੈਂਕ ਦੇ ਘਰ ਵਿਚ ਕਦੇ ਅਧਿਆਪਕ ਹੁੰਦਾ ਸੀ, ਤੇ ਨੌਜਵਾਨ ਲਾਰਡ ਗਾਵੈਨ ਨੂੰ ਇਸ ਨੇ ਪੜ੍ਹਾਇਆ ਸੀ। ਕਦੇ ਸ਼ਾਹਾਂ ਦਾ ਗੁਰੂ ਹੁੰਦਾ ਸੀ, ਪਰ ਅੱਜ ਲੋਕਾਂ ਦਾ ਸੇਵਾਦਾਰ ਸੀ।

ਤਿੰਨੇ ਆਦਮੀ ਲਾਸਾਨੀ ਬਹਾਦਰੀ, ਦਿਆਨਤਦਾਰੀ ਤੇ ਨਿਡਰਤਾ ਦੇ ਸਵਾਮੀ ਸਨ। ਤਿੰਨਾਂ ਦੇ ਕੱਦ ਛੇ ਫੁੱਟ ਤੋਂ ਉੱਚੇ ਸਨ। ਤਿੰਨਾਂ ਲਈ ਮੌਤ ਕੋਈ ਅਰਥ ਨਹੀਂ ਸੀ ਰੱਖਦੀ। ਤਿੰਨੇ ਆਪਣੇ ਮਨੋਰਥ ਲਈ ਜਿਊਂਦੇ ਸਨ। ਤਿੰਨਾਂ ਦਾ ਆਪਸ ਵਿਚ ਮਤਭੇਦ ਸੀ, ਪਰ ਤਿੰਨੇ ਇਕ ਦੂਜੇ ਤੋਂ ਕੁਰਬਾਨ ਹੋ ਸਕਦੇ ਸਨ।

ਲਾਰਡ ਲੈਂਟੈਂਕ ਨੂੰ ਲੋਕ ਦਾਰ ਆਖਦੇ ਸਨ, ਕਿਉਂ ਕਿ ਉਸ ਨੇ ਜਦ ਵੇਖਿਆ ਕਿ ਲੋਕ ਜਿੱਤਦੇ ਜਾ ਰਹੇ ਸਨ, ਤੇ ਸ਼ਾਹੀ ਫੌਜਾਂ ਲਈ ਹੁਣ ਆਸ ਬਾਕੀ ਨਹੀਂ ਸੀ ਰਹੀ, ਤਾਂ ਉਸ ਨੇ ਇੰਗਲਿਸ਼ਤਾਨ ਨਾਲ ਗੰਢ-ਤੁਪ ਸ਼ੁਰੂ ਕਰ ਦਿੱਤੀ, ਤੇ ਅੰਗਰੇਜ਼ੀ ਫੌਜਾਂ ਦੀ ਹਰ ਘੜੀ ਉਡੀਕ ਹੋ ਰਹੀ ਸੀ। ਲਾਰਡ ਲੈਂਟੈਂਕ ਭਾਵੇਂ ਅੱਸੀ ਵਰ੍ਹੇ ਦਾ ਸੀ, ਪਰ ਇਸ ਦੀ ਬਹਾਦਰੀ ਦੀਆਂ ਧੁੰਮਾਂ ਚੁਤਰਫ਼ੀ ਸਨ। ਉਸ ਨੂੰ ਗ੍ਰਿਫਤਾਰ ਕਰਨ ਲਈ ਲੋਕਾਂ ਨੇ ਸੁਗੰਧਾਂ ਖਾਧੀਆਂ ਤੇ ਇਨਾਮ ਰੱਖੇ ਹੋਏ ਸਨ, ਇਸ ਦੇ 'ਮੁਰਦਾ-ਬਾਦ' ਦੇ ਨਾਅਰੇ ਗਣਰਾਜ ਦੇ ਬੱਚੇ-ਬੱਚੇ ਦੇ ਮੂੰਹ 'ਤੇ ਸਨ। ਇਹ ਦੁਸ਼ਮਣ ਦੀ ਤਾਕਤ ਦਾ ਕਿਲ੍ਹਾ ਸਮਝਿਆ ਜਾਂਦਾ ਸੀ। ਇਸ ਲਾਰਡ ਦਾ ਆਪਣੇ ਇਲਾਕੇ ਵਿਚ ਸਤਿਕਾਰ ਤੇ ਰੋਅਬ ਇਹੋ ਜਿਹਾ ਸੀ, ਕਿ ਇਸ ਦੇ ਸਿਪਾਹੀ ਤੇ ਮੁਜ਼ਾਰੇ ਇਸ ਤੋਂ ਜਾਨ ਦੇਂਦੇ ਸਨ। ਪਰ ਇਹ ਆਪਣੇ ਦੁਸ਼ਮਣ ਦੀਆਂ ਇਸਤਰੀਆਂ ਉਤੇ ਵੀ ਘੱਟ ਹੀ ਰਹਿਮ ਕਰ ਸਕਦਾ ਸੀ।

ਪਰ ਲਾਰਡ ਗਾਵੈਨ ਆਪਣੇ ਮੁਲਕ ਉਤੇ ਪ੍ਰਦੇਸੀਆਂ ਦੀ ਫੌਜ ਨੂੰ ਚਾੜ੍ਹ ਲਿਆਉਣਾ ਦਾਰੀ ਸਮਝਦਾ ਸੀ, ਤੇ ਇਹਦੀ ਅਗਵਾਈ ਹੇਠ ਲੋਕ-ਫੌਜ ਨੂੰ ਲਗਭਗ ਹਰ ਥਾਂ ਫ਼ਤਹਿ ਮਿਲ ਰਹੀ ਸੀ ਤੇ ਜਿਉਂ ਜਿਉਂ ਸ਼ਾਹੀ ਫੌਜਾਂ ਹਾਰਦੀਆਂ ਸਨ, ਤਿਉਂ ਤਿਉਂ ਉਹ ਬੜੇ ਕੋਝੇ ਜ਼ੁਲਮਾਂ ਉਤੇ ਉਤਰਦੀਆਂ ਆਉਂਦੀਆਂ ਸਨ। ਇਹਨਾਂ ਜ਼ੁਲਮਾਂ ਦੀ ਜ਼ਿੰਮੇਵਾਰੀ ਉਸ ਦੇ ਚਾਚੇ ਲੈਂਟੈਂਕ ਉਤੇ ਸੀ। ਇਸ ਲਈ ਲੋਕਾਂ ਨੇ ਗਾਵੈਨ ਕੋਲੋਂ ਸਹੁੰ ਲਈ ਸੀ ਕਿ ਜਦੋਂ ਵੀ ਲਾਰਡ ਲੈਂਟੈਂਕ ਫੜਿਆ ਜਾਏ ਤਾਂ ਉਸ ਨੂੰ ਕਤਲ ਕਰਨਾ ਇਸ ਦਾ ਪਹਿਲਾ ਫ਼ਰਜ਼ ਹੋਵੇਗਾ। ਇਸ ਸਹੁੰ ਦੀ ਲੋੜ ਤਾਂ ਮਹਿਸੂਸ ਹੋਈ ਸੀ ਕਿ ਲਾਰਡ ਗਾਵੈਨ ਦਾ ਦਿਲ ਬੜਾ ਮਿਹਰਬਾਨ ਸੀ। ਇਹ ਰਣ-ਭੂਮੀ ਵਿਚ ਪੁਰਜਾ-ਪੁਰਜਾ ਹੋ ਕੇ ਮਰ ਸਕਦਾ ਸੀ ਤੇ ਦੁਸ਼ਮਣ ਨੂੰ ਮਾਰ ਸਕਦਾ ਸੀ, ਪਰ ਰਣ-ਭੂਮੀਓਂ ਬਾਹਰ ਇਸ ਦਾ ਦਿਲ ਰਹਿਮ ਨਾਲ ਭਰਪੂਰ ਰਹਿੰਦਾ ਸੀ। ਇਹ ਮੁਆਫ਼ੀ ਦੇਣ ਨੂੰ ਵਡੇਰੀ ਜਿੱਤ ਸਮਝਦਾ ਸੀ। ਤਾਂ ਵੀ ਇਹ ਯਕੀਨ ਕਰਦਾ ਸੀ ਕਿ ਆਪਣੇ ਚਾਚੇ ਲਾਰਡ ਲੈਂਟੈਂਕ ਦੀ ਦਾਰੀ ਲਈ ਇਸ ਕੋਲ ਮਾਫ਼ੀ ਨਹੀਂ ਸੀ।

ਪਾਦਰੀ ਸਿਮੁਰਦੈਨ ਦਾ ਦਿਲ ਬੜਾ ਕਰੜਾ ਸੀ। ਜਿਸ ਗੱਲ ਉਤੇ ਉਸ ਨੂੰ ਯਕੀਨ ਹੋ ਜਾਵੇ, ਉਸ ਬਾਬਤ ਫਿਰ ਕਿਸੇ ਹੇਰ-ਫੇਰ ਦੀ ਗੁੰਜਾਇਸ਼ ਇਸ ਵਿਚ ਨਹੀਂ ਸੀ ਰਹਿੰਦੀ। ਇਸ ਨੂੰ ਲੋਕਾਂ ਦੀ ਸਚਾਈ ਉਤੇ ਭਰੋਸਾ ਹੋ ਗਿਆ ਸੀ, ਤੇ ਇਹ ਲੋਕਾਂ ਦੇ ਦੁਸ਼ਮਣ ਦਾ ਜਾਨੀ ਦੁਸ਼ਮਣ ਸੀ। ਇਹ ਮਰਯਾਦਾ ਦਾ ਬੜਾ ਪੱਕਾ ਸੀ। ਇਹ ਆਪਣੇ ਪੁੱਤਰ ਦੇ ਕਤਲ ਦਾ ਵੀ ਹੁਕਮ ਦੇ ਸਕਦਾ ਸੀ। ਇਸ ਦੇ ਤੇ ਇਨਸਾਫ਼ ਦੇ ਵਿਚਕਾਰ ਪਿਆਰ ਵੀ ਆ ਕੇ ਖਲੋਣ ਦੀ ਦਲੇਰੀ ਨਹੀਂ ਸੀ ਕਰ ਸਕਦਾ। ਇਸੇ ਲਈ ਲੋਕ-ਸਰੱਖਿਆ ਦਾ ਨਿਰਦੇਸ਼ਕ ਇਸ ਨੂੰ ਬਣਾਇਆ ਗਿਆ ਸੀ। ਪਾਦਰੀ ਸਿਮੁਰਦੈਨ ਬੜਾ ਨਿਡਰ ਸਿਪਾਹੀ ਵੀ ਸੀ। ਇਹ ਲਾਰਡ ਗਾਵੈਨ ਨੂੰ ਆਪਣੇ ਪੁੱਤਰ ਨਾਲੋਂ ਵਧੇਰੇ ਪਿਆਰ ਕਰਦਾ ਸੀ, ਕਈ ਵਾਰੀ ਲੜਾਈ ਵਿਚ ਇਹ ਉਸ ਨੂੰ ਬਚਾਣ ਲਈ ਜ਼ਖ਼ਮੀ ਹੋਇਆ ਸੀ। ਇਹ ਪਾਦਰੀ ਪਹਿਲੋਂ ਜਿਊਂਦਾ ਸੀ ਆਪਣੇ ਮੁਲਕ ਲਈ, ਤੇ ਫੇਰ ਇਸ ਸੁਹਣੇ ਨੌਜਵਾਨ ਲਾਰਡ ਲਈ ਜਿਸ ਨੂੰ ਇਸ ਨੇ ਪੜ੍ਹਾਇਆ ਤੇ ਪਾਲਿਆ ਸੀ। ਮੁਲਕ ਤੋਂ ਉਤਰ ਕੇ ਇਹੋ ਲਾਰਡ ਇਸ ਦੀ ਜਿੰਦ-ਜਾਨ ਦੀ। ਲਾਰਡ ਲੈਂਟੈਂਕ ਨੂੰ ਉਹ ਕਦੀ ਮੁਆਫ਼ ਨਹੀਂ ਸੀ ਕਰ ਸਕਦਾ।

ਦੋਵੇਂ ਗੁਰੂ ਤੇ ਸ਼ਿਸ਼ ਇਕ ਵੱਡੇ ਮਾਅਰਕੇ ਵਿਚ ਇਕੱਠੇ ਹੋ ਗਏ। ਲਾਰਡ ਲੈਂਟੈਂਕ ਇਕ ਕਿਲ੍ਹੇ ਵਿਚ ਘਿਰ ਗਿਆ ਸੀ। ਇਸ ਕਿਲ੍ਹੇ ਵਿਚ ਲੈਂਟੈਂਕ ਤੇ ਇਕ ਦਸਤਾ ਸਿਪਾਹੀਆਂ ਦਾ ਸੀ। ਬਾਹਰ ਗਾਵੈਨ ਤੇ ਸਿਮੁਰਦੈਨ ਦਾ ਘੇਰਾ ਸੀ। ਕਿਲ੍ਹਾ ਬੜਾ ਮਜ਼ਬੂਤ ਸੀ। ਇਸ ਕਿਲ੍ਹੇ ਦੀ ਲਾਇਬ੍ਰੇਰੀ ਵਿਚ ਤਿੰਨ ਬੱਚੇ ਵੀ ਕੈਦ ਸਨ, ਇਹ ਬੱਚੇ ਇਕ ਕਿਸਾਨ ਦੇ ਸਨ, ਜਿਨ੍ਹਾਂ ਦੀ ਮਾਂ ਨੂੰ ਲਾਰਡ ਲੈਂਟੈਂਕ ਨੇ ਗੋਲੀ ਮਾਰ ਦਿੱਤੀ ਸੀ, ਤੇ ਉਹਨਾਂ ਨੂੰ ਮਾਰਨ ਦੀ ਖੇਚਲ ਨਾ ਕਰਦਾ ਹੋਇਆ ਨਾਲ ਲੈ ਆਇਆ ਸੀ। ਕਿਲ੍ਹੇ ਵਿਚ ਇਹਨਾਂ ਨੂੰ ਥੋੜੀ ਬਹੁਤ ਰੋਟੀ ਦੇ ਦਿੱਤੀ ਜਾਂਦੀ ਸੀ।

ਲਾਰਡ ਲੈਂਟੈਂਕ ਤੇ ਉਸ ਦੇ ਆਦਮੀ ਪਾਦਰੀ ਸਿਮੁਰਦੈਨ ਨੂੰ ਹੱਦੋਂ ਵੱਧ ਨਫ਼ਰਤ ਕਰਦੇ ਸਨ। ਚਾਹੁੰਦੇ ਸਨ ਕਿ ਕਿਤੇ ਉਹ ਉਹਨਾਂ ਦੇ ਹੱਥ ਆ ਜਾਵੇ ਤਾਂ ਉਹ ਉਸ ਨੂੰ ਕੱਚਿਆਂ ਖਾ ਜਾਣ।

ਪਾਦਰੀ ਸਿਮੁਰਦੈਨ ਨੂੰ ਜਾਪਦਾ ਸੀ ਕਿ ਕਿਲ੍ਹੇ ਨੂੰ ਫਤਹਿ ਕਰਨ ਲਈ ਬੜੀ ਭਾਰੀ ਜੰਗ ਕਰਨੀ ਪਵੇਗੀ। ਗਣਰਾਜ ਦੇ ਅਨੇਕਾਂ ਸਿਪਾਹੀਆਂ ਦਾ ਖ਼ੂਨ ਹੋਵੇਗਾ।

ਉਸ ਨੇ ਬਾਹਰੋਂ ਲਲਕਾਰ ਕੇ ਆਖਿਆ, ਸੁਣੋ! ਲਾਰਡ ਲੈਂਟੈਂਕ ਦੇ ਸਿਪਾਹੀਓ!''

''ਸੁਣਾ ਓਇ ਨਿਮਕ-ਹਰਾਮ ਪਾਦਰੀ!'' ਉਤਰ ਆਇਆ।

''ਤੁਸੀਂ ਥੋੜੇ ਹੋ, ਓੜਕ ਸਾਰੇ ਮਾਰੇ ਜਾਓਗੇ-ਏਧਰੋਂ ਵੀ ਅਨੇਕਾਂ ਦਾ ਖ਼ੂਨ ਹੋਵੇਗਾ-ਆਓ ਇਕ ਸਮਝੌਤਾ ਕਰ ਲਈਏ,'' ਪਾਦਰੀ ਨੇ ਆਖਿਆ।

''ਤੇਰੇ ਖ਼ੂਨ ਤੋਂ ਉਰ੍ਹਾਂ ਕੋਈ ਸ਼ਰਤ ਨਹੀਂ ਹੋ ਸਕਦੀ,'' ਅੰਦਰੋਂ ਆਵਾਜ਼ ਆਈ।

''ਮੈਂ ਹਾਜ਼ਰ ਹਾਂ-ਇਹ ਮੈਂ ਚਾਹੁੰਦਾ ਹਾਂ-ਕਿ ਤੁਸੀਂ ਮੈਨੂੰ ਲੈ ਲਵੋ, ਤੇ ਲਾਰਡ ਲੈਂਟੈਂਕ ਇਹਨਾਂ ਨੂੰ ਦੇ ਦੇਵੋ। ਸਾਡੇ ਦੋਹਾਂ ਦੇ ਛੁੱਟ ਕਿਸੇ ਦਾ ਖ਼ੂਨ ਨਾ ਹੋਵੇ। ਮੈਨੂੰ ਜਿਸ ਤਰ੍ਹਾਂ ਮਰਜ਼ੀ ਜੇ ਮਾਰ ਦਿਓ-ਪਰ ਲਾਰਡ ਲੈਂਟੈਂਕ ਗਣਰਾਜ ਨੂੰ ਦੇ ਦਿਓ-ਤੁਸੀਂ ਫੇਰ ਕਿਲ੍ਹਾ ਛੱਡ ਕੇ ਚਲੇ ਜਾਵੋ-ਤੁਸੀਂ ਆਜ਼ਾਦ ਹੋਵੋਗੇ''-ਪਾਦਰੀ ਨੇ ਉੱਤਰ ਦਿੱਤਾ।

''ਹਰਗਿਜ਼ ਨਹੀਂ-ਤੇਰਾ ਤੇ ਲਾਰਡ ਦਾ ਕੀ ਮੁਕਾ-ਬਲਾ।''

''ਪਰ ਉਸ ਤਰ੍ਹਾਂ ਸਾਰੇ ਮਾਰੇ ਜਾਓਗੇ।''

''ਪਰਵਾਹ ਨਹੀਂ, ਪਰ ਲਾਰਡ ਲੈਂਟੈਂਕ ਨਾਲ ਤੂੰ ਸਾਵਾਂ ਨਹੀਂ ਤੋਲਿਆ ਜਾ ਸਕਦਾ।''

''ਚੰਗਾ-ਫੇਰ ਤਿਆਰ ਹੋ ਜਾਓ-ਅੱਧੇ ਘੰਟੇ ਦੀ ਮੁਹਲਤ ਹੋਰ ਦੇਂਦਾ ਹਾਂ-ਫੇਰ ਹਮਲਾ ਸ਼ੁਰੂ ਹੋ ਜਾਵੇਗਾ।''

''ਹਾਂ ਇਕ ਹੋਰ ਤਬਾਦਲਾ ਕਰ ਸਕਦੇ ਹਾਂ-ਤੁਹਾਡੇ ਤਿੰਨ ਬੱਚੇ ਸਾਡੇ ਕੋਲ ਕੈਦ ਹਨ-ਜੇ ਸਾਨੂੰ ਛੱਡ ਦਿਓ ਤਾਂ ਉਹ ਬੱਚੇ ਤੁਹਾਨੂੰ ਦੇ ਦਿੱਤੇ ਜਾਣਗੇ।''

ਦੁਪਾਸੀਂ ਸੋਚਾਂ ਹੁੰਦੀਆਂ ਰਹੀਆਂ। ਲਾਰਡ ਲੈਂਟੈਂਕ ਨੂੰ ਫੜ ਲੈਣਾ ਸਾਰੀ ਲੜਾਈ ਨੂੰ ਜਿੱਤ ਲੈਣਾ ਸੀ। ਕਸਮਾਂ ਖਾਧੀਆਂ ਹੋਈਆਂ ਸਨ ਕਿ ਲਾਰਡ ਲੈਂਟੈਂਕ ਨੂੰ ਜਿਉਂਦਿਆਂ ਨਹੀਂ ਛੱਡਣਾ।

ਅੱਧੇ ਘੰਟੇ ਬਾਦ ਹਮਲਾ ਬੋਲ ਦਿੱਤਾ ਗਿਆ। ਕਿਲ੍ਹੇ ਅੰਦਰਲੇ ਸਿਰਫ਼ ਉੱਨੀ ਆਦਮੀ ਸਨ, ਪਰ ਉਹਨਾਂ ਦੀ ਥਾਂ ਬੜੀ ਸੁਰੱਖਿਅਤ ਸੀ। ਇਕ-ਇਕ ਆਦਮੀ ਸੌ-ਸੌ ਉਤੇ ਭਾਰੂ ਸੀ। ਉੱਨੀਆਂ ਵਿਚੋਂ ਪੰਦਰਾਂ ਆਦਮੀ ਕਦਮ-ਕਦਮ ਉਤੇ ਲੜਦੇ ਮਾਰੇ ਗਏ, ਇਕ-ਇਕ ਨੇ ਦਸਾਂ ਨੂੰ ਕਤਲ ਕੀਤਾ। ਸਿਰਫ਼ ਚਾਰ ਬਾਕੀ ਰਹਿ ਗਏ। ਸੈਂਕੜੇ ਆਦਮੀ ਗਣਰਾਜ ਦੇ ਮਾਰੇ ਗਏ। ਲਾਰਡ ਗਾਵੈਨ ਨੂੰ ਵੀ ਕਈ ਵਾਰੀ ਫੱਟ ਲੱਗਣ ਲਗਦਾ ਸੀ, ਪਰ ਪਾਦਰੀ ਸਿਮੁਰਦੈਨ ਆਪਣੇ ਪਿੰਡੇ ਉਤੇ ਵਾਰ ਖਾ ਲੈਂਦਾ ਸੀ। ਓੜਕ ਸਾਰੇ ਕਿਲ੍ਹੇ ਨੂੰ ਬਾਰੂਦ ਨਾਲ ਅੱਗ ਲਾ ਦਿੱਤੀ ਗਈ।

ਲਾਰਡ ਲੈਂਟੈਂਕ ਨੂੰ ਕਈ ਭੇਤੀ ਰਸਤਿਆਂ ਦਾ ਪਤਾ ਸੀ ਤੇ ਜਦੋਂ ਗਣਰਾਜ ਦੀ ਫੌਜ ਕਮਰਿਓਂ ਕਮਰਾ ਢੂੰਡ ਰਹੀ ਸੀ, ਉਹ ਤੇ ਉਹਦੇ ਤਿੰਨ ਹੋਰ ਸਾਥੀ ਇਹਨਾਂ ਰਾਹੀਂ ਬਾਹਰ ਨਿਕਲ ਗਏ ਸਨ। ਲਾਰਡ ਲੈਂਟੈਂਕ ਕਿਲ੍ਹੇ ਤੋਂ ਇਕ ਫਰਲਾਂਗ ਦੀ ਵਿੱਥ ਉਤੇ ਇਕ ਘਣੇ ਝੁੰਡ ਹੇਠਾਂ ਬੈਠਾ ਸੀ, ਤੇ ਸੜਦਾ ਕਿਲ੍ਹਾ ਉਸ ਦੀਆਂ ਅੱਖਾਂ ਸਾਹ-ਮਣੇ ਸੀ।

ਅਤੇ ਕਿਲ੍ਹੇ ਦੇ ਕੋਲ ਲਾਰਡ ਗਾਵੈਨ ਤੇ ਪਾਦਰੀ ਸਿਮੁਰਦੈਨ ਹੱਥ ਮਲ ਰਹੇ ਸਨ। ਏਨਾ ਨੁਕਸਾਨ ਕਰਕੇ ਵੀ ਦੁਸ਼ਮਣ ਹੱਥੋਂ ਨਿਕਲ ਗਿਆ ਸੀ। ਦੂਜੀ ਮੁਸ਼ਕਿਲ ਇਹ ਬਣੀ ਸੀ ਕਿ ਲਾਇਬ੍ਰੇਰੀ ਉਪਰਲੀ ਛੱਤ ਉਤੇ ਸੀ। ਇਸ ਵਿਚ ਤਿੰਨ ਬੱਚੇ ਸੁੱਤੇ ਹੋਏ ਸਨ। ਰਾਤ ਦਾ ਸਮਾਂ ਸੀ। ਚੁਤਰਫ਼ੀ ਅੱਗ ਦੀਆਂ ਜੀਭਾਂ ਚਟ ਰਹੀਆਂ ਸਨ। ਬੱਚੇ ਖੁੱਲ੍ਹੀਆਂ ਬਾਰੀਆਂ ਵਿਚੋਂ ਦਿਸਣ ਲੱਗ ਪਏ ਸਨ। ਉਹ ਗਰਮੀ ਨਾਲ ਹੁਣ ਜਾਗੇ ਸੀ ਤੇ ਵੱਡਾ ਛੋਟੇ ਨੂੰ ਝੂਣ ਰਿਹਾ ਸੀ।

ਇਹਨਾਂ ਬੱਚਿਆਂ ਦੀ ਮਾਂ ਨੂੰ ਲਾਰਡ ਨੇ ਗੋਲੀ ਮਾਰੀ ਸੀ, ਪਰ ਉਹ ਮੋਈ ਨਹੀਂ ਸੀ। ਕੋਈ ਫਕੀਰ ਉਸ ਨੂੰ ਆਪਣੇ ਘਰ ਲੈ ਗਿਆ ਸੀ, ਪਰ ਉਹ ਬੱਚਿਆਂ ਦੇ ਵੈਰਾਗ ਵਿਚ ਸੁਦੈਣ ਹੋ ਗਈ ਸੀ। ਉਹ ਥਾਂ ਥਾਂ ਪੁੱਛਦੀ ਫਿਰਦੀ ਸੀ ਤੇ ਉਸ ਨੂੰ ਓੜਕ ਪਤਾ ਲੱਗਾ ਸੀ ਕਿ ਉਹ ਲਾਰਡ ਲੈਂਟੈਂਕ ਦੇ ਕਿਲ੍ਹੇ ਵਿਚ ਕੈਦ ਸਨ। ਉਹ ਪੁਛਦੀ ਪੁਛਾਂਦੀ ਏਥੇ ਆਈ ਤੇ ਅੱਗੇ ਉਸ ਨੇ ਅੱਗ ਲੱਗੀ ਵੇਖੀ।

ਖੁੱਲ੍ਹੀ ਬਾਰੀ ਵਿਚ ਆਪਣੇ ਬੱਚਿਆਂ ਦੀ ਸੂਰਤ ਵੇਖ ਕੇ ਉਸ ਚੀਕਾਂ ਮਾਰੀਆਂ ਹਰੇਕ ਦੇ ਤਰਲੇ ਕੀਤੇ, ''ਮੇਰੇ ਬੱਚੇ-ਉਹ ਕੁਰਲਾਈ। ਪਰ ਕੋਈ ਕੁਝ ਨਹੀਂ ਸੀ ਕਰ ਸਕਦਾ। ਪੌੜੀ ਕੋਈ ਹੈ ਨਹੀਂ ਸੀ। ਤੇ ਜਿਹੜਾ ਦਰਵਾਜ਼ਾ ਲਾਇਬਰੇਰੀ ਨੂੰ ਜਾਂਦਾ ਸੀ ਉਹ ਲੋਹੇ ਦਾ ਸੀ, ਤੋੜਿਆਂ ਟੁੱਟਦਾ ਨਹੀਂ ਸੀ। ਕੁੰਜੀ ਲਾਰਡ ਲੈਂਟੈਂਕ ਕੋਲ ਹੋਵੇਗੀ।

ਮਾਂ ਇਕ ਥੰਮ ਦੇ ਨਾਲ ਗੋਡਿਆਂ ਪਰਨੇ ਹੋ ਕੇ ਪ੍ਰਾਰਥਨਾ ਕਰਨ ਲੱਗੀ-ਪਰ ਲਾਟਾਂ ਤੇਜ਼ ਹੁੰਦੀਆਂ ਜਾ ਰਹੀਆਂ ਸਨ। ਮਾਂ ਨੇ ਬੱਚਿਆਂ ਦੇ ਨਾਂ ਲੈ ਕੇ ਵਾਜਾਂ ਮਾਰੀਆਂ। ਬੱਚੇ ਬਾਰੀ ਵਿਚ ਆ ਗਏ।

''ਮਾਂ-ਮਾਂ-ਮਾਂ'' ਬੱਚਿਆਂ ਨੇ ਵਾਰੀ ਵਾਰੀ ਪਛਾਣ ਕੇ ਚੀਕਾਂ ਮਾਰੀਆਂ ਤੇ ਬਾਹਾਂ ਬਾਹਰ ਕੱਢੀਆਂ।'' ''ਓਹ! ਮੇਰੇ ਬੱਚੇ ਐਲੈਨ-ਜਾਰਜੀ-''

''ਏਥੇ ਬੜੀ ਗਰਮੀ ਏ,'' ਜਾਰਜੀ ਨੇ ਆਖਿਆ, ਮਾਂ ਸਾਡੇ ਕੋਲ ਆ-ਤੇ ਤਿੰਨੇ ਬੱਚੇ ਮਾਂ-ਮਾਂ ਕਰਕੇ ਰੋਣ ਲਗ ਪਏ।

''ਕੀ ਇਸੇ ਨੂੰ ਤਰਸਾਂ ਭਰਿਆ ਰੱਬ ਆਖਦੇ ਨੇ? -ਰਹਿਮ-ਰਹਿਮ-ਰਹਿਮ-'' ਤੇ ਪਿੱਛੋਂ ਮਾਂ ਬਾਹਾਂ ਚੁੱਕ ਕੇ ਐਸੀਆਂ ਚੀਕਾਂ ਮਾਰੀਆਂ, ਮਾਨੋ ਅਸਮਾਨ ਪਾਟ ਪਿਆ।

ਇਕ ਚੀਕ ਲਾਰਡ ਲੈਂਟੈਂਕ ਨੇ ਸੁਣੀ। ਭੌਂ ਕੇ ਤੱਕਿਆ। ਲਾਟਾਂ ਦੇ ਵਿਚੋਂ ਤਿੰਨ ਮਾਸੂਮ ਮੁਖੜੇ ਉਸ ਨੂੰ ਵੀ ਦਿਸੇ। ਇਕ ਸਕਿੰਟ ਬਾਦ ਉਹ ਉਠਿਆ ਤੇ ਤੁਰ ਪਿਆ। ਅਚਾਨਕ ਜਿਥੇ ਉਹ ਬੱਚੇ ਖੜੇ ਸਨ, ਉਥੇ ਇਕ ਲੰਬੀ ਸੂਰਤ ਦਿਸੀ। ਇਹ ਲੈਂਟੈਂਕ ਸੀ।

ਲੈਂਟੈਂਕ ਨੇ ਲੱਕੜ ਦੀ ਪੌੜੀ ਦਾ ਇਕ ਸਿਰਾ ਵਿਚੋਂ ਲਮਕਾਇਆ। ਹੇਠੋਂ ਸਿਪਾਹੀਆਂ ਨੇ ਪੌੜੀ ਫੜ ਲਈ।

ਸਿਪਾਹੀਆਂ ਨੇ ਨਾਅਰਾ ਮਾਰਿਆ, ''ਗਣਰਾਜ ਜ਼ਿੰਦਾਬਾਦ!''

ਉਤੋਂ ਲਾਰਡ ਨੇ ਉਤਰ ਦਿੱਤਾ, ''ਬਾਦਸ਼ਾਹ ਜ਼ਿੰਦਾਬਾਦ!''

ਪੌੜੀ ਧਰਤੀ ਉਤੇ ਪੱਕੀ ਜਮਾ ਕੇ ਵੀਹ ਸਿਪਾਹੀ ਉਤੇ ਚੜ੍ਹ ਗਏ। ਹਰੇਕ ਡੰਡੇ ਉਤੇ ਇਕ ਸਿਪਾਹੀ ਖਲੋ ਗਿਆ। ਲਾਰਡ ਲੈਂਟੈਂਕ ਨੇ ਇਕ ਬੱਚਾ ਫੜਾ ਦਿੱਤਾ। ਹੱਥੋਂ ਹੱਥੀਂ ਇਹ ਬੱਚਾ ਹੇਠਾਂ ਆ ਗਿਆ। ਦੂਜਾ ਆਇਆ। ਜਦੋਂ ਲਾਰਡ ਨੇ ਤੀਜੀ ਕੁੜੀ ਨੂੰ ਚੁੱਕਿਆ, ਤਾਂ ਉਹ ਤਿੰਨ ਸਾਲ ਦੀ ਕੁੜੀ ਉਸ ਉਤੇ ਹੱਸ ਪਈ।

ਲਾਰਡ ਨੇ ਪੁੱਛਿਆ-''ਤੇਰਾ ਕੀ ਨਾਂ ਏ?''

''ਜਾਰਜੈਟ, ਉਸ ਉਤਰ ਦਿੱਤਾ।

ਲਾਰਡ ਨੇ ਉਸ ਦਾ ਮੂੰਹ ਚੁੰਮਿਆ ਤੇ ਸਿਪਾਹੀ ਨੂੰ ਫੜਾ ਦਿੱਤਾ।

ਸਾਰੇ ਸਿਪਾਹੀ ਉਤਰ ਆਏ। ਉਹ ਪ੍ਰਸੰਨ ਮਾਂ ਦੇ ਦੁਆਲੇ ਹੋ ਗਏ।

ਲਾਰਡ ਲੈਂਟੈਂਕ ਕੁਝ ਦੇਰ ਬਾਰੀ ਵਿਚ ਖਲੋਤਾ ਰਿਹਾ, ਫਿਰ ਹੌਲੀ ਹੌਲੀ ਬੜਾ ਗੰਭੀਰ, ਪਿੱਠ ਅੱਗ ਵੱਲ, ਮੂੰਹ ਸਿਪਾਹੀਆਂ ਵੱਲ, ਬੜੇ ਮਾਨ ਨਾਲ ਉਹ ਪੌੜੀ ਥਾਈਂ ਉਤਰਿਆ। ਚੁੱਪ ਚਾਪ ਕਿਸੇ ਫਰਿਸ਼ਤੇ ਦੀ ਸ਼ਾਨ ਨਾਲ ਉਸ ਧਰਤੀ ਉਤੇ ਪੈਰ ਧਰੇ।

ਪੈਰ ਧਰਦਿਆਂ ਹੀ ਕਿਸੇ ਨੇ ਮੋਢੇ ਉਤੇ ਹੱਥ ਧਰਿਆ, ''ਮੈਂ ਤੁਹਾਨੂੰ ਗ੍ਰਿਫਤਾਰ ਕਰਦਾ ਹਾਂ'', ਇਕ ਆਵਾਜ਼ ਆਈ-ਇਹ ਪਾਦਰੀ ਸਿਮੁਰਦੈਨ ਸੀ।

''ਮੇਰੀ ਉਮੀਦ ਵੀ ਇਹੀ ਸੀ'', ਲਾਰਡ ਨੇ ਬਿਨਾਂ ਘਬਰਾਹਟ ਉਤਰ ਦਿੱਤਾ।

ਲਾਰਡ ਲੈਂਟੈਂਕ ਲਈ ਇਕ ਭੋਰਾ ਸਾਫ਼ ਕਰਵਾਇਆ ਗਿਆ। ਇਕ ਲੈਂਪ ਉਥੇ ਰੱਖਿਆ ਗਿਆ, ਇਕ ਡਬਲ ਰੋਟੀ, ਇਕ ਪਾਣੀ ਦਾ ਜੱਗ, ਤੇ ਇਕ ਪਰਾਲੀ ਦਾ ਪੂਲਾ। ਭੋਰੇ ਦਾ ਦਰਵਾਜ਼ਾ ਬੰਦ ਕੀਤਾ ਗਿਆ ਤੇ ਇਕ ਗਾਰਦ ਪਹਿਰੇ ਲਈ ਮੁਕੱਰਰ ਹੋ ਗਈ। ਇਹ ਕਰਕੇ ਸਿਮੁਰਦੈਨ, ਸੈਨਾਪਤੀ ਗਾਵੈਨ ਨੂੰ ਲੱਭਣ ਚਲਾ ਗਿਆ।

ਰਾਤ ਦੇ ਯਾਰ੍ਹਾਂ ਵੱਜ ਚੁੱਕੇ ਸਨ।

ਸਿਮੁਰਦੈਨ ਨੇ ਗਾਵੈਨ ਨੂੰ ਆਖਿਆ, ''ਕੱਲ੍ਹ ਫੌਜੀ ਅਦਾਲਤ ਲੱਗੇਗੀ। ਤੁਸੀਂ ਤੇ ਲੈਂਟੈਂਕ ਇਕ ਘਰਾਣੇ ਦੇ ਹੋ, ਤੁਹਾਡਾ ਰਿਸ਼ਤਾ ਏਨਾ ਨਜ਼ਦੀਕੀ ਹੈ ਕਿ ਤੁਹਾਨੂੰ ਜੱਜ ਨਹੀਂ ਬਣਨਾ ਚਾਹੀਦਾ। ਤਿੰਨ ਅਫ਼ਸਰਾਂ ਦੀ ਅਦਾਲਤ ਹੋਵੇਗੀ-ਇਕ ਅਧਿਕਾਰੀ ਅਫ਼ਸਰ, ਇਕ ਗੈਰ ਅਧਿਕਾਰੀ ਅਫ਼ਸਰ ਤੇ ਮੈਂ ਪ੍ਰਧਾਨ। ਤੁਸੀਂ ਇਸ ਝਾਂਜੇ ਤੋਂ ਪਾਸੇ ਹੀ ਰਹੋ। ਕੱਲ੍ਹ ਅਸੀਂ ਸ਼ਨਾਖਤ ਦੀਆਂ ਗਵਾਹੀਆਂ ਲਵਾਂਗੇ। ਪਰਸੋਂ ਗਿਲੋਟੀਨ ਉਤੇ ਸਿਰ ਕੱਟ

ਦਿਆਂਗੇ-ਸਮਝੋ ਸਾਰਾ ਪੁਆੜਾ ਹੀ ਮੁੱਕ ਗਿਆ।"

ਗਾਵੈਨ ਨੇ ਕੋਈ ਉਤਰ ਨਾ ਦਿੱਤਾ। ਸਿਮੂਰਦੈਨ ਚਲਾ ਗਿਆ। ਗਾਵੈਨ ਦਾ ਫ਼ਰਜ਼ ਸੀ ਕਿ ਫੌਜੀ ਅਦਾਲਤ ਦਾ ਸਾਰਾ ਬੰਦੋਬਸਤ ਕਰੇ। ਇਕ ਕਪਤਾਨ ਨੂੰ ਬੁਲਾ ਕੇ ਇਹ ਕੰਮ ਉਸ ਨੂੰ ਸੌਂਪ ਦਿੱਤਾ। ਤੇ ਆਪ ਉਹ ਖਿਆਲਾਂ ਵਿਚ ਗਰਕ ਹੋ ਗਿਆ-"ਕੱਲ੍ਹ ਫੌਜੀ ਅਦਾਲਤ-ਪਰਸੋਂ ਗਿਲੋਟੀਨ-ਤੁਸੀਂ ਇਕ ਪਾਸੇ ਰਿਹੋ।"

ਗਾਵੈਨ ਦੇ ਸਾਹਮਣੇ ਫਰਾਂਸ ਸੀ, ਆਪਣੇ ਚਾਚੇ ਦੀ ਦਾਰੀ ਸੀ, ਆਪਣੀ ਕਸਮ ਸੀ।

'ਲਾਰਡ ਲੈਂਟੈਂਕ ਦਾ ਸਿਰ ਮੇਰੀ ਜਿੱਤ ਹੈ-

'ਹਰ ਕਿਸੇ ਉਤੇ ਕਿਸੇ ਨਾ ਕਿਸੇ ਹਾਲਾਤ ਵਿਚ ਰਹਿਮ ਹੋ ਸਕਦਾ ਹੈ, ਲੈਂਟੈਂਕ ਉਤੇ ਨਹੀਂ, ਕਿਉਂ ਕਿ ਉਸ ਨੇ ਅੰਗਰੇਜ਼ਾਂ ਨੂੰ ਆਪਣੀ ਮਾਤ ਭੂਮੀ ਉਤੇ ਚੜ੍ਹਾਈ ਕਰਨ ਲਈ ਸੱਦਿਆ ਹੈ।'

'ਪਰ ਅਸੀਂ ਲੈਂਟੈਂਕ ਨੂੰ ਫੜਿਆ ਨਹੀਂ। ਸਾਡੇ ਕੋਲੋਂ ਉਹ ਬਚ ਕੇ ਨਿਕਲ ਗਿਆ ਸੀ। ਅਸੀਂ ਉਸ ਨੂੰ ਅਜੇ ਫੜ ਨਹੀਂ ਸਾਂ ਸਕਦੇ। ਸ਼ੇਰ ਪਿੰਜਰਾ ਤੁੜਾ ਕੇ ਨਿਕਲ ਗਿਆ ਸੀ, ਪਰ ਉਹ ਆਪਣੀ ਮਰਜ਼ੀ ਨਾਲ ਫੇਰ ਆ ਗਿਆ ਹੈ। ਕਿਉਂ? ਤਿੰਨ ਬੱਚਿਆਂ ਨੂੰ ਬਚਾਣ ਲਈ। ਇਹ ਬੱਚੇ ਉਸ ਦੇ ਕੀ ਲਗਦੇ ਹਨ? ਨਾ ਆਪਣੇ, ਨਾ ਆਪਣੀ ਬਰਾਦਰੀ ਦੇ, -ਦੁਸ਼ਮਣ ਦੇ ਬੱਚੇ। ਇਸ ਬੀਬੇ, ਇਸ ਸ਼ਹਿਜ਼ਾਦੇ, ਇਸ ਬੁੱਢੇ ਆਦਮੀ ਨੇ ਉਨ੍ਹਾਂ ਨੂੰ ਬਚਾਇਆ ਹੈ। ਬਚਾਣ ਵਿਚ ਉਸ ਨੇ ਆਪਣਾ ਸਿਰ ਦੁਸ਼ਮਣ ਦੇ ਹੱਥ ਫੜਾਇਆ ਹੈ।'

'ਅਸੀਂ ਉਸ ਸਿਰ ਨੂੰ ਕੱਟ ਦਿਆਗੇ? ਸਖ਼ਾਵਤ ਦੇ ਇਵਜ਼ ਵਿਚ ਸ਼ਹਾਦਤ! ਇਹ ਸਾਡੇ ਗਣਰਾਜ ਦੀ ਹੇਠੀ ਹੈ।'

'ਮੈਂ ਇਸ ਸਿਰ ਦਾ ਇਕਰਾਰ ਕੀਤਾ ਸੀ।'

'ਪਰ ਕੀ ਇਹ ਉਹੀ ਸਿਰ ਹੈ-ਜ਼ਾਲਮ ਦਾ, ਦਾਰ ਦਾ, ਲੋਕ-ਵੈਰੀ ਦਾ?'

'ਨਹੀਂ ਇਹ ਉਹ ਲੈਂਟੈਂਕ ਨਹੀਂ, ਉਸ ਜ਼ਾਲਮ ਦੀ ਕਬਰ ਵਿਚੋਂ ਇਹ ਫਰਿਸ਼ਤਾ ਨਿਕਲ ਕੇ ਆਇਆ ਹੈ, ਲੋਕ-ਵੈਰੀ ਨਹੀਂ, ਲੋਕ-ਬੱਚਿਆਂ ਦਾ ਮਸੀਹਾ, ਜ਼ਾਲਮ ਨਹੀਂ, ਇਕ ਰਹਿਮ ਦਾ ਪੁਤਲਾ ਜਿਹੜਾ ਸਿਰਫ਼ ਆਪਣੀ ਜ਼ਮੀਰ ਦਾ ਸਦਕਾ ਬਲਦੀ ਅੱਗ ਵਿਚ ਪਿਆ ਤੇ ਜਿਸ ਨੇ ਮੌਤ ਕਬੂਲ ਕੀਤੀ।'

ਅੱਧੀ ਰਾਤ ਲੰਘ ਗਈ। ਹੁਣ ਅੱਗ ਬੁਝ ਰਹੀ ਸੀ। ਗਾਵੈਨ ਇਧਰ ਉਧਰ ਵੇਖਦਾ ਫਿਰਦਾ ਰਿਹਾ। ਦੋ ਵੱਜਣ ਦੀ ਆਵਾਜ਼ ਆਈ। ਉਹ ਭੋਰੇ ਵੱਲ ਜਾ ਨਿਕਲਿਆ। ਸੈਨਾਪਤੀ ਦੇ ਟੋਪੇ ਨੂੰ ਵੇਖ ਕੇ ਸਿਪਾਹੀ ਉਠ ਖਲੋਤੇ। ਗਾਰਦ ਨੇ ਸਲਾਮ ਕੀਤੀ।

ਗਾਵੈਨ ਨੇ ਭੋਰੇ ਵੱਲ ਇਸ਼ਾਰਾ ਕੀਤਾ-"ਖੋਲ੍ਹ ਦਿਓ।"

ਦਰ ਖੁੱਲ੍ਹਿਆ। ਗਾਵੈਨ ਅੰਦਰ ਗਿਆ। ਦਰਵਾਜਾ ਫੇਰ ਬੰਦ ਹੋ ਗਿਆ।

### ਚਾਚਾ ਭਤੀਜਾ

ਅੰਦਰ ਲਾਰਡ ਲੈਂਟੈਂਕ ਆਪਣੇ ਕੈਦਖ਼ਾਨੇ ਵਿਚ ਪਿੰਜਰੇ ਪਏ ਸ਼ੇਰ ਵਾਂਗ ਅੱਗੇ ਪਿੱਛੇ ਫਿਰ ਰਿਹਾ ਸੀ। ਦਰਵਾਜੇ ਦੇ ਖੁੱਲ੍ਹਣ ਦੀ ਆਵਾਜ਼ ਉਤੇ ਲੈਂਟੈਂਕ ਖੜੋ ਗਿਆ। ਚਾਰ ਅੱਖਾਂ ਹੋਈਆਂ। ਇਸ ਮੁਲਾਕਾਤ ਵਿਚ ਪਤਾ ਨਹੀਂ ਕੀ ਸੀ, ਕਿ ਦੋਵੇਂ ਬੇਹਰਕਤ ਖੜੋ ਗਏ।

ਓੜਕ ਲਾਰਡ ਲੈਂਟੈਂਕ ਖਿੜ ਖਿੜ ਹੱਸ ਪਿਆ ਤੇ ਬੋਲਿਆ, "ਸ਼ੁਭ ਆਥਣ, ਕਈ ਵਰ੍ਹਿਆਂ ਪਿਛੋਂ ਤੁਹਾਨੂੰ ਮਿਲਣ ਦੀ ਖੁਸ਼ੀ ਹਾਸਲ ਹੋਈ ਹੈ। ਤੁਹਾਡੀ ਮਿਹਰਬਾਨੀ। ਤੁਹਾਡੇ ਦੋਸਤ ਬੜੇ ਸੁਸਤ ਹਨ-ਇਹਨਾਂ ਕੜੀਆਂ ਫੌਜੀ ਅਦਾਲਤਾਂ ਦੀ ਕੀ ਲੋੜ ਸੀ? ਮੈਂ ਉਹਨਾਂ ਦੀ ਥਾਂ ਹੁੰਦਾ ਤਾਂ ਇਸ ਤਰ੍ਹਾਂ ਸਮਾਂ ਨਸ਼ਟ ਨਾ ਕਰਦਾ-ਬਹਿ ਜਾਓ-ਮੈਂ ਤੁਹਾਨੂੰ ਪਿਆਰ ਕਰਦਾ ਹਾਂ-ਭਾਵੇਂ ਮੈਂ ਕਈ ਵਾਰੀ ਤੁਹਾਡੇ ਉਤੇ ਪਿਸਤੌਲ ਚਲਾਇਆ ਹੈ ਪਰ ਲੜਾਈ ਵਿਚ ਇਹ ਉਮੀਦ ਕਰਨੀ ਮੂਰਖਤਾ ਹੈ ਕਿ ਦੁਸ਼ਮਣ ਸਾਡੇ ਨਾਲ ਲਾਡ ਕਰੇਗਾ। ਤੁਹਾਡੇ ਮੇਰੇ ਰਾਹ ਵੱਖਰੇ ਹਨ। ਮੈਂ ਬਾਦਸ਼ਾਹ ਦੀ ਪੂਜਨੀਕਤਾ ਦਾ ਵਿਸ਼ਵਾਸੀ ਹਾਂ, ਤੁਸੀਂ ਮਨੁੱਖਾਂ ਲਈ ਹੱਕ ਮੰਗਦੇ ਹੋ। ਪਰ ਤੁਸੀਂ ਅਜੇ ਬੱਚੇ ਸੌ ਮੈਂ ਬੁੱਢਾ ਹੋ ਗਿਆ ਸਾਂ। ਮੈਂ ਤੁਹਾਡਾ ਨੱਕ ਪੂੰਝਿਆ ਹੈ। ਤੁਸੀਂ ਸਿਆਣਪ ਨਾਲ ਕੋਈ ਵਾਸਤਾ ਨਹੀਂ ਰੱਖਿਆ-ਜ਼ਮਾਨੇ ਦੀ ਬੇ-ਮਰਯਾਦਾ ਚਾਲ ਨਾਲ ਕਦਮ ਮੇਲ ਦਿੱਤਾ। ਮੈਨੂੰ ਪਤਾ ਨਹੀਂ ਇਸ ਘਰੋਗੀ ਲੜਾਈ ਦਾ ਓੜਕ ਕੀ ਹਸ਼ਰ ਹੋਵੇਗਾ-ਪਰ ਤੁਹਾਡੇ ਗਣਰਾਜ ਨੇ ਸਾਡੀ ਸਾਰੀ ਵਡਿਤਣ ਮਿੱਟੀ ਵਿਚ ਮੇਲ ਦਿੱਤੀ ਹੈ-ਚੰਗਾ ਤੁਸੀਂ ਆਪਣਾ ਕੰਮ ਕਰੀ ਜਾਓ-ਜਮ ਜਮ ਛੋਟੇ ਹੁੰਦੇ ਜਾਓ-ਪਰ ਮੈਂ ਆਪਣੀ ਵਡਿੱਤਣ, ਨਾਲ ਲੈ ਕੇ ਜਾ ਰਿਹਾ ਹਾਂ। ਮਾਰ ਦਿਓ, ਬਾਦਸ਼ਾਹਾਂ ਨੂੰ, ਅਮੀਰਾਂ ਨੂੰ, ਪਾਦਰੀਆਂ ਨੂੰ, ਤੋੜ ਸੁੱਟੋ, ਭੰਨ ਦਿਓ ਸਾੜ ਦਿਓ, ਸਭ ਕੁਝ ਪੈਰਾਂ ਹੇਠ ਲਤਾੜ ਦਿਓ!-ਪਿਛਲੇ ਉਪਦੇਸ਼ਾਂ ਨੂੰ ਰੋਲ ਸੁੱਟੋ ਤਖ਼ਤ ਤੋੜ ਸੁੱਟੋ, ਗਿਰਜੇ ਫੂਕ ਸੁੱਟੋ-ਜੋ ਭਲਾ ਹੈ, ਉਸ ਨੂੰ ਪੈਰਾਂ ਹੇਠ ਰੋਲ ਕੱਢੋ-ਇਹ ਤੁਹਾਡਾ ਕੰਮ ਹੈ! ਤੁਸੀਂ ਬੁਜ਼ਦਿਲ ਹੋ, ਗੁਮਰਾਹ ਹੋ।

"ਮੈਂ ਜੋ ਕਹਿਣਾ ਸੀ ਕਹਿ ਦਿੱਤਾ ਹੈ। ਮੇਰੇ ਲਾਰਡ ਗਾਵੈਨ-ਮੈਂ ਖੁਸ਼ੀ ਨਾਲ ਸਿਰ ਕਟਾ ਸਕਦਾ ਹਾਂ-ਛੇਤੀ ਕਰੋ-ਵਕਤ ਜ਼ਾਇਆ ਨਾ ਕਰੋ।"

ਲਾਰਡ ਗਾਵੈਨ ਚੁੱਪ ਸੀ।

ਉਸ ਫੇਰ ਆਖਿਆ, "ਮੈਂ ਸੱਚੀ ਗੱਲ ਆਖੀ ਹੈ। ਮੈਂ ਹੁਣ ਮੁਰਦਾ ਹਾਂ-ਮੈਨੂੰ ਕੀ ਪਰਵਾਹ ਹੈ।"

"ਤੁਸੀਂ ਆਜ਼ਾਦ ਹੋ," ਗਾਵੈਨ ਨੇ ਆਖਿਆ।

ਤੇ ਗਾਵੈਨ ਨੇ ਅੱਗੇ ਵਧ ਕੇ ਆਪਣੀ ਬ੍ਰਾਂਡੀ ਲਾਹ ਦਿੱਤੀ ਤੇ ਲਾਰਡ ਲੈਂਟੈਂਕ ਦੇ ਮੋਢਿਆਂ ਉਤੇ ਟੂੰਗ ਦਿੱਤੀ, ਤੇ ਟੋਪਾ ਸਿਰ ਉਤੇ ਅੱਖਾਂ ਤਕ ਖਿੱਚ ਦਿੱਤਾ। ਦੋਵੇਂ ਕੱਦ ਵਿਚ ਇਕੋ ਜੇਡੇ ਸਨ।

"ਤੁਸੀਂ ਕੀ ਕਰਦੇ ਹੋ?" ਲੈਂਟੈਂਕ ਨੇ ਪੁੱਛਿਆ।

ਗਾਵੈਨ ਨੇ ਜ਼ਰਾ ਉਚੇਰੀ ਆਵਾਜ਼ ਵਿਚ ਆਖਿਆ, "ਲਫਟੈਨ ਦਰਵਾਜਾ ਖੋਲ੍ਹੋ।" ਦਰਵਾਜਾ ਖੁੱਲ੍ਹ ਗਿਆ।

"ਮੇਰੇ ਪਿੱਛੋਂ ਇਹਤਿਆਤ ਨਾਲ ਬੂਹਾ ਬੰਦ ਕਰ ਦੇਣਾ", ਗਾਵੈਨ ਨੇ ਆਖਿਆ ਤੇ ਲਾਰਡ ਲੈਂਟੈਂਕ ਨੂੰ ਪਿਛੋਂ ਦੀ ਧੱਕ ਕੇ ਬਾਹਰ ਤੋਰ ਦਿੱਤਾ।

ਹਨੇਰੇ ਵਿਚ ਗਾਰਦ ਨੇ ਸੈਨਾਪਤੀ ਦੇ ਟੋਪੇ ਨੂੰ ਸਲਾਮ ਕੀਤਾ।

ਜ਼ਰਾ ਦੂਰ ਜਾ ਕੇ ਲੈਂਟੈਂਕ ਸੋਚਣ ਲੱਗਾ ਕਿ ਇਹ ਹੋਇਆ ਕੀ। ਪਰ ਕੁਝ ਚਿਰ ਬਾਦ ਮੋਢੇ ਛੰਡ ਕੇ, ਚੁਟਕੀ ਵਜਾ ਕੇ, ਉਸ ਆਪਣੇ ਆਪ ਨੂੰ ਆਖਿਆ, "ਆਹ-ਚੰਗਾ, ਏਸੇ ਤਰ੍ਹਾਂ ਹੀ ਸਹੀ।" ਤੇ ਉਹ ਆਪਣੇ ਰਾਹ ਪੈ ਗਿਆ।

### ਫੌਜੀ ਅਦਾਲਤ

ਅਦਾਲਤ ਲੱਗ ਗਈ। ਸਾਰੇ ਅਫ਼ਸਰ ਤਿਆਰ ਸਨ।

ਪ੍ਰਧਾਨ ਸਿਮੂਰਦੈਨ ਨੇ ਇਕ ਕਾਗਜ਼ ਲਿਆ ਤੇ ਉਸ ਉਤੇ ਲਿਖਿਆ-

"ਸਾਥੀਓ! ਲੈਂਟੈਂਕ ਫੜਿਆ ਗਿਆ ਹੈ। ਕਲ੍ਹ ਉਹ ਕਤਲ ਕੀਤਾ ਜਾਏਗਾ।" ਇਹ ਕਾਗਜ਼ ਕਾਸਦ ਨੂੰ ਦੇ ਕੇ ਪਿਛਾਂਹ ਪੈਰਿਸ ਭੇਜ ਦਿੱਤਾ ਗਿਆ।

ਉਹਨੇ ਫੇਰ ਹੁਕਮ ਦਿੱਤਾ, "ਭੋਰਾ ਖੋਲ੍ਹੋ। ਕੈਦੀ ਨੂੰ ਹਾਜ਼ਰ ਕਰੋ।"

ਦੋ ਸਿਪਾਹੀਆਂ ਦੇ ਵਿਚਕਾਰ ਇਕ ਲੰਮਾ ਆਦਮੀ ਲਿਆਂਦਾ ਗਿਆ। ਇਹ ਗਾਵੈਨ ਸੀ। ਸਿਮੂਰਦੈਨ ਹੈਰਾਨੀ ਨਾਲ ਉਸ ਨੂੰ ਸਿਰ ਤੋਂ ਪੈਰਾਂ ਵਲ ਤੱਕਣ ਲੱਗਾ।

"ਗਾਵੈਨ!-ਪਰ ਮੈਨੂੰ ਕੈਦੀ ਚਾਹੀਦਾ ਹੈ", ਉਸ ਹੁਕਮ ਦਿੱਤਾ।

"ਕੈਦੀ ਮੈਂ ਹਾਂ", ਗਾਵੈਨ ਨੇ ਆਖਿਆ।

"ਤੁਸੀਂ?"

"ਹਾਂ-ਮੈਂ"

"ਤੇ ਲੈਂਟੈਂਕ?"

"ਉਹ ਆਜ਼ਾਦ ਹੈ।"

ਜਦ ਸਿਮੂਰਦੈਨ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਹ ਕ੍ਰੋਧ ਵਿਚ ਕੰਬਣ ਲੱਗ ਪਿਆ।

"ਗਾਵੈਨ ਤੁਸੀਂ ਪਾਗਲ ਹੋ।"

"ਮੈਂ ਆਪ ਨੂੰ ਸੱਚੋ ਸੱਚ ਦੱਸ ਦਿੱਤਾ ਹੈ।"

"ਇਸ ਦੀ ਸਜ਼ਾ ਕੀ ਹੋਣੀ ਚਾਹੀਦੀ ਹੈ?"

"ਮੌਤ," ਗਾਵੈਨ ਨੇ ਉਤਰ ਦਿੱਤਾ।

ਸਿਮੂਰਦੈਨ ਦਾ ਰੰਗ ਲੋਥ ਵਰਗਾ ਸੀ। ਉਹ ਐਉਂ ਬੈਠਾ ਸੀ, ਜੀਕਰ ਉਸ ਉਤੇ ਬਿਜਲੀ ਡਿਗ ਪਈ ਹੁੰਦੀ ਹੈ।

ਫਿਰ ਆਪਣੇ ਆਪ ਨੂੰ ਕਾਬੂ ਕਰਕੇ ਉਹ ਬੋਲਿਆ, "ਸਿਪਾਹੀਓ-ਅਪਰਾਧੀ ਨੂੰ ਬਿਠਾ ਦਿਓ।"

ਗਾਵੈਨ ਸਟੂਲ ਉਤੇ ਬੈਠ ਗਿਆ।

"ਸਿਪਾਹੀਓ-ਆਪਣੀਆਂ ਤਲਵਾਰਾਂ ਧੂਹ ਲਵੋ।"

ਇਹ ਫ਼ਰਦ ਜੁਰਮ ਲਾਣ ਦੀ ਵਿਧੀ ਸੀ।

ਅਪਰਾਧੀ ਤੇ ਪ੍ਰਧਾਨ ਦੇ ਬਿਆਨਾਂ ਨੇ ਸਨਾਟਾ ਲੈ ਆਂਦਾ। ਵਫ਼ਾਦਾਰੀ ਹੈ, ਅਣਖ ਹੈ, ਨਿਡਰਤਾ ਹੈ-ਪਿਆਰ ਖਿਚਦਾ ਹੈ। ਰਹਿਮ ਉਕਸਾਂਦਾ ਹੈ-ਇਕ ਪਾਸੇ ਫੌਜਾਂ ਦਾ ਸੁਹਣਾ ਸੈਨਾਪਤੀ, ਜਿਸ ਨੇ ਸਾਰੀ ਲੜਾਈ ਜਿੱਤ ਕੇ ਦਿੱਤੀ ਹੈ-ਦੂਜੇ ਪਾਸੇ ਇਹ ਸੁਗੰਧ ਕਿ ਲੈਂਟੈਂਕ ਵਰਗੇ ਗੱਦਾਰ ਦੁਸ਼ਮਣ ਨੂੰ ਇਸ ਤਰ੍ਹਾਂ ਰਿਹਾਈ ਦੇਣਾ ਮੁਲਕ ਨਾਲ ਬੇਵਫ਼ਾਈ ਕਰਨਾ ਹੈ। ਇਕ ਪਾਸੇ ਉਹ ਸੁਹਣੀ ਜ਼ਿੰਦਗੀ ਹੈ, ਜਿਸ ਬਾਝੋਂ ਸਿਮੂਰਦੈਨ ਦੀ ਦੁਨੀਆ ਖਾਲੀ ਹੋ ਜਾਏਗੀ, ਦੂਜੇ ਪਾਸੇ ਗਣਰਾਜ ਦਾ ਹੁਕਮ ਹੈ-ਫ਼ਰਜ਼ ਹੈ।

ਸਿਮੂਰਦੈਨ ਨੇ ਸਾਰਾ ਮੁਕੱਦਮਾ ਪ੍ਰਗਟ ਕੀਤਾ। ਅਪਰਾਧੀ ਕੋਲੋਂ ਬਿਆਨ ਲਏ। ਅਪਰਾਧੀ ਨੇ ਇਕਬਾਲ ਕੀਤਾ ਤੇ ਆਪਣੀ ਸਜ਼ਾ ਮੌਤ ਮੰਗੀ। ਪ੍ਰਧਾਨ ਨੇ ਵੋਟਾਂ ਮੰਗੀਆਂ।

ੈਰ-ਅਧਿਕਾਰੀ ਅਫ਼ਸਰ ਨੇ ਬੜੇ ਜੋਸ਼ ਨਾਲ ਆਪਣੇ ਸੈਨਾਪਤੀ ਦੀ ਹਿਮਾਇਤ ਕੀਤੀ ਤੇ ਬਰੀ ਕਰਨ ਦੀ ਸਿਫ਼ਾਰਸ਼ ਕੀਤੀ।

ਵੋਟਾਂ ਬਰਾਬਰ ਵੰਡੀਆਂ ਗਈਆਂ। ਇੱਕ ਵਿਰੋਧ ਵਿਚ ਤੇ ਦੂਜੀ ਹੱਕ ਵਿਚ।

ਹੁਣ ਸਿਮੂਰਦੈਨ ਦੀ ਵੋਟ ਜ਼ਰੂਰੀ ਹੋ ਗਈ।

ਪ੍ਰਧਾਨ ਉਠਿਆ। ਉਸ ਦੇ ਚਿਹਰੇ ਉਤੇ ਮੌਤ ਦਾ ਰੰਗ ਸੀ। ਉਸ ਟੋਪੀ ਲਾਹ ਕੇ ਮੇਜ਼ ਉਤੇ ਰੱਖ ਦਿੱਤੀ, ਤੇ ਜੀਕਰ ਕੋਈ ਕਬਰ ਵਿਚੋਂ ਬੋਲਦਾ ਹੈ, ਉਹ ਬੋਲਿਆ-"ਅਪਰਾਧੀ-ਤੁਹਾਡਾ ਮੁਕੱਦਮਾ ਸੁਣਿਆ ਗਿਆ ਹੈ-ਗਣਰਾਜ ਦੇ ਨਾਂ ਉਤੇ ਦੋ ਵੋਟਾਂ ਇਕ ਪਾਸੇ ਤੇ ਇਕ ਇਕ ਪਾਸੇ, ਤੁਹਾਨੂੰ-" ਉਸ ਦੀ ਆਵਾਜ਼ ਰੁਕ ਗਈ।

ਸਾਰਾ ਕੈਂਪ ਖ਼ਾਮੋਸ਼ ਸੀ। ਦਿਲ ਧੜਕ ਰਹੇ ਸਨ। ਅਗਲੇ ਫ਼ਿਕਰੇ ਉਤੇ ਫ਼ਰਾਂਸ ਦੇ ਸੁਹਣੇ, ਬਾਂਕੇ, ਪਿਆਰੇ ਸੈਨਾਪਤੀ ਦੀ ਕਿਸਮਤ ਕੰਬ ਰਹੀ ਸੀ।

ਸਿਮੂਰਦੈਨ ਨੇ ਬੁੱਲ ਖੋਲ੍ਹੇ, "ਤੁਹਾਨੂੰ ਇਹ ਅਦਾਲਤ ਮੌਤ ਦੀ ਸਜ਼ਾ ਦੇਂਦੀ ਹੈ-ਤੇ ਕਲ੍ਹ ਸੂਰਜ ਚੜ੍ਹੇ ਤੁਹਾਨੂੰ ਕਤਲ ਕੀਤਾ ਜਾਏਗਾ।"

ਲਾਰਡ ਗਾਵੈਨ ਉਠਿਆ ਤੇ ਉਸ ਸਲਾਮ ਕਰਕੇ ਆਖਿਆ, "ਮੈਂ ਅਦਾਲਤ ਦਾ ਧੰਨਵਾਦ ਕਰਦਾ ਹਾਂ।"

"ਦੋਸ਼ੀ ਨੂੰ ਲੈ ਜਾਓ।" ਸਿਮੂਰਦੈਨ ਨੇ ਹੁਕਮ ਦਿੱਤਾ।

ਭੋਰੇ ਦਾ ਬੂਹਾ ਖੁੱਲ੍ਹਿਆ। ਨੰਗੀਆਂ ਤਲਵਾਰਾਂ ਦੋਪਾਸੀਂ, ਤੇ ਗਾਵੈਨ ਨੂੰ ਭੋਰੇ ਵਿਚ ਪਾ ਦਿੱਤਾ ਗਿਆ।

ਰਾਤੀ ਸਿਮੂਰਦੈਨ ਭੋਰੇ ਵਿਚ ਗਿਆ। ਆਪਣੇ ਪਿਆਰੇ ਨੂੰ ਗਲ ਨਾਲ ਲਾਇਆ। ਬੜੀਆਂ ਗੱਲਾਂ ਕੀਤੀਆਂ। ਮੁਕੱਦਮੇ ਬਾਬਤ ਇਕ ਨਾ ਕੀਤੀ। ਫ਼ਰਾਂਸ ਦੇ ਭਵਿੱਖ ਬਾਬਤ ਬਹਿਸ ਕੀਤੀ। ਮਨੁੱਖ ਦੇ ਹੱਕਾਂ ਬਾਬਤ ਵਿਚਾਰਿਆ। ਇਨਕਲਾਬ ਦੀਆਂ ਸਾਰੀਆਂ ਪੌੜੀਆਂ ਉਤੇ ਧਿਆਨ ਮਾਰਿਆ।

ਸੂਰਜ ਚੜ੍ਹਨ ਤੋਂ ਪਹਿਲਾਂ ਭੋਰੇ ਦਾ ਬੂਹਾ ਖੁਲ੍ਹਿਆ। ਸਿਮੂਰਦਨ ਭੋਰੇ ਤੋਂ ਬਾਹਰ ਆਇਆ। ਗਾਰਦ ਨੇ ਸਲਾਮੀ ਦਿੱਤੀ।

### ਗਿਲੋਟੀਨ

ਚਾਰ ਹਜ਼ਾਰ ਸਿਪਾਹੀ ਗਿਲੋਟੀਨ ਦੇ ਤਿੰਨੀਂ ਪਾਸੀਂ ਖੜੇ ਸਨ। ਇਕ ਪਾਸਾ ਖੁੱਲ੍ਹਾ ਸੀ। ਇਕ ਬੁਰਜ ਉਤੇ ਪ੍ਰਧਾਨ ਸਿਮੂਰਦੈਨ ਬੈਠਾ ਸੀ। ਮਾਤਮੀ ਜਲੂਸ ਦਾਖਲ ਹੋਇਆ। ਢੱਕੇ ਹੋਏ ਢੋਲਾਂ ਦੀ ਖੜਕਾਰ ਹੋਈ। ਫੇਰ ਨੰਗੀਆਂ ਤਲਵਾਰਾਂ ਦਾ ਇਕ ਦਸਤਾ ਆਇਆ-ਫੇਰ ਦੋਸ਼ੀ ਗਾਵੈਨ।

ਉਹ ਪੱਕੇ ਪੈਰੀਂ ਤੁਰਿਆ ਆ ਰਿਹਾ ਸੀ, ਉਸ ਦੀ ਤਲਵਾਰ ਇਕ ਪਾਸੇ ਲਟਕ ਰਹੀ ਸੀ, ਤੇ ਉਹ ਬਿਨਾਂ ਵਰਦੀ ਸੀ। ਉਸ ਦੇ ਪਿਛੇ ਇਕ ਹੋਰ ਦਸਤਾ ਸੀ।

ਗਾਵੈਨ ਗਿਲੋਟੀਨ ਦੀ ਚੌਕਾਠ ਕੋਲ ਪਹੁੰਚਿਆ। ਪੌੜੀ ਉਤੇ ਚੜ੍ਹਿਆ। ਇਕ ਅਫ਼ਸਰ ਵੀ ਮਗਰ ਗਿਆ, ਸਿਪਾਹੀ ਵੀ। ਗਾਵੈਨ ਨੇ ਆਪਣੀ ਤਲਵਾਰ ਲਾਹ ਕੇ ਅਫ਼ਸਰ ਨੂੰ ਦੇ ਦਿੱਤੀ। ਆਪਣਾ ਗੁਲੂਬੰਦ ਲਾਹ ਕੇ ਜਲਾਦ ਨੂੰ।

ਉਹ ਉਸ ਵੇਲੇ ਕੋਈ ਆਸਾਮਨੀ ਝਾਤੀ ਦਿਸ ਰਿਹਾ ਸੀ। ਉਸ ਦੇ ਕੁੰਡਲ ਹਵਾ ਵਿਚ ਉੱਡ ਰਹੇ ਸਨ। ਕਦੇ ਕੋਈ ਜਵਾਨ ਸਿਪਾਹੀ ਏਡਾ ਸੋਹਣਾ ਨਹੀਂ ਸੀ ਦਿਸਿ-ਆ। ਉਸ ਦੀ ਚਿੱਟੀ ਧੌਣ ਕਿਸੇ ਇਸਤਰੀ ਦੀ ਧੌਣ ਦਿਸਦੀ ਸੀ, ਤੇ ਉਸ ਦੀ ਬਹਾਦਰ ਸ਼ਹਾਨਾ ਅੱਖ ਕਿਸੇ ਦੇਵਤੇ ਦੀ ਜਾਪਦੀ ਸੀ। ਉਹ ਸਿੱਧਾ, ਅਣਖੀ ਤੇ ਪੁਰ-ਅਮਨ ਚੌਕਾਠ ਉਤੇ ਖਲੋਤਾ ਸੀ। ਸੂਰਜ ਚੜ੍ਹਿਆ, ਕਿਰਨਾਂ ਸੁਹਣੇ ਸਿਰ ਤੇ ਪਈਆਂ-ਇਕ ਰੱਬੀ ਚੱਕਰ ਊਸ ਦੇ ਸਿਰ ਉਤੇ ਦਿਸਣ ਲਗ ਪਿਆ।

ਗਲਾ ਦੋ ਤੇਜ਼ ਫਾਲਿਆਂ ਦੇ ਵਿਚਕਾਰ ਰੱਖਿਆ ਗਿਆ। ਜਿਉਂ ਜਿਉਂ ਲੋਹਾ ਮਾਸ ਦੇ ਨੇੜੇ ਆਉਂਦਾ ਸੀ, ਸਿਪਾਹੀਆਂ ਦੇ ਦਿਲ ਫੜਕਦੇ ਸਨ। ਕਈ ਆਵਾਜ਼ਾਂ ਉਠੀਆਂ-'ਰਹਿਮ। ਸਾਰੀ ਫੌਜ ਦਾ ਦਿਲ 'ਰਹਿਮ' ਦੀ ਦਰਖਾਸਤ ਕਰ ਰਿਹਾ ਸੀ।

ਕਿਸੇ ਨੇ ਆਖਿਆ-"ਮੈਂ ਇਵਜ਼ੀ ਲਈ ਹਾਜ਼ਰ ਹਾਂ।"

ਜੱਲਾਦ ਰੁਕ ਗਿਆ। ਉਸ ਨੂੰ ਜਾਪਦਾ ਸੀ, ਕਿ ਇਹ ਬੇਨਤੀ ਖ਼ਾਲੀ ਨਹੀਂ ਜਾਣੀ। ਕੁਝ ਹੋਵੇਗਾ।

ਤਦ ਇਕ ਤਕੜੀ ਸਾਫ਼ ਆਵਾਜ਼ ਸੁਣਾਈ ਦਿੱਤੀ-"ਕਾਨੂੰਨ ਦਾ ਅਮਲ ਹੋਣ ਦਿਓ।"

ਸਾਰਿਆਂ ਨੇ ਪ੍ਰਧਾਨ ਸਿਮੂਰਦੈਨ ਦੀ ਅਟੱਲ ਆਵਾਜ਼ ਸੁਣੀ। ਹੁਣ ਜੱਲਾਦ ਦੀ ਝਿਜਕ ਹਟ ਗਈ।

ਜੱਲਾਦ ਹੱਥੀ ਦੱਬਣ ਹੀ ਲੱਗਾ ਸੀ ਕਿ ਗਾਵੈਨ ਨੇ ਅਟਕਾ ਲਿਆ, "ਇਕ ਮਿੰਟ।"

ਗਾਵੈਨ ਨੇ ਸਿਮੂਰਦੈਨ ਵੱਲ ਮੂੰਹ ਕਰਕੇ, ਸੱਜੇ ਹੱਥ ਨਾਲ ਵਿਦੈਗੀ ਦੀ ਸਲਾਮ ਕੀਤੀ, ਤੇ ਜੱਲਾਦ ਨੂੰ ਇਕ ਪਲ ਹੋਰ ਉਡੀਕਣ ਲਈ ਆਖਿਆ-ਤੇ ਉਸ ਉੱਚੀ ਆਵਾਜ਼ ਵਿਚ ਨਾਅਰਾ ਮਾਰਿਆ-"ਲੋਕ-ਰਾਜ ਜ਼ਿੰਦਾਬਾਦ

ਸਿਰ ਫੱਟੇ ਉਤੇ ਰੱਖ ਦਿੱਤਾ। ਜੱਲਾਦ ਨੇ ਉਸ ਦੇ ਕੁੰਡਲ ਬੜੀ ਨਰਮੀ ਨਾਲ ਇਕ ਪਾਸੇ ਕਰ ਦਿੱਤੇ ਤੇ ਕਮਾਨੀ ਦਬਾ ਦਿੱਤੀ। ਤਿਕੋਣ ਹੌਲੀ ਜਿਹੀ ਹਿੱਲੀ, ਫਿਰ ਜ਼ੋਰ ਨਾਲ ਇਕ ਸੱਟ ਲੱਗੀ।

ਓਸ ਵੇਲੇ ਇਕ ਹੋਰ ਆਵਾਜ਼ ਵੀ ਸੁਣਾਈ ਦਿੱਤੀ। ਚਾਕੂ-ਫਾਲਿਆਂ ਦੀ ਕੜੱਕ ਦੇ ਨਾਲ ਪਿਸਤੌਲ ਚਲਿਆ। ਸਿਮੂਰਦੈਨ ਨੇ ਆਪਣਾ ਪਿਸਤੌਲ ਪੇਟੀ ਵਿਚੋਂ ਕੱਢ ਲਿਆ ਸੀ ਤੇ ਜਿਸ ਵੇਲੇ ਗਾਵੈਨ ਦਾ ਸਿਰ ਜੁਦਾ ਹੋ ਕੇ ਹੇਠਾਂ ਟੋਕਰੀ ਵਿਚ ਡਿੱਗਾ, ਉਸ ਵੇਲੇ ਗੋਲੀ ਸਿਮੂਰਦੈਨ ਦੇ ਦਿਲ ਵਿਚੋਂ ਪਟਾਖ ਕਰਕੇ ਲੰਘ ਗਈ ਸੀ।

ਦੋਵੇਂ ਆਤਮਾਵਾਂ ਇਕੱਠੀਆਂ ਉਤਾਂਹ ਚਲੀਆਂ ਗਈਆਂ।

(ਇਹ ਸੰਖੇਪ ਜਿਹਾ ਸਮਾਚਾਰ ਚਿਰੰਜੀਵ ਨਾਵਲਕਾਰ ਵਿਕਟਰ ਹੀਊਗੋ ਦੇ ਪ੍ਰਸਿੱਧ ਨਾਵਲ '93' (ninty three) ਵਿਚੋਂ ਦਿੱਤਾ ਗਿਆ ਹੈ।)

□

KULVIR GILL
ਕੁਲਵੀਰ ਗਿੱਲ
GHI
Helping you to make Informed Decisions
Registered Home Inspector
ਗਰੇਟਰ ਟਰਾਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
(416) 839-3436 (B) (905) 479-5807 (H)
Gill Home Inspection Ltd.
Commercial & Residential
OAHI
Ontario association of Certified Home Inspectors

# ਅਰਥ ਤੋਂ ਬੇਅਰਥ ਤੱਕ ਦਾ ਪੈਂਡਾ




ਦਲੀਪ ਕੌਰ ਟਿਵਾਣਾ ਦਾ ਜਨਮ 1935 ਵਿਚ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੱਬੋਂ ਉਚੀ ਵਿਚ ਹੋਇਆ ਸੀ। ਚੰਗਾ ਖਾਂਦਾ ਪੀਂਦਾ ਕਿਰਸਾਨ ਘਰਾਣਾ ਪਰ ਬਚਪਨ ਵਿਚ ਹੀ ਉਹ ਪਟਿਆਲੇ ਆ ਗਈ ਤੇ ਫਿਰ ਅੱਜ ਤਕ ਉਹਦੀ ਉਮਰ ਦੇ ਸਾਰੇ ਵਰ੍ਹੇ ਇਥੇ ਹੀ ਗੁਜ਼ਰੇ। ਉਹਦੇ ਦੂਜੇ ਹੀ ਨਾਵਲ **'ਏਹੋ ਹਮਾਰਾ ਜੀਵਣਾ'** 'ਤੇ ਉਹਨੂੰ ਸਾਹਿਤ ਅਕਾਦਮੀ ਦਾ ਰਾਸ਼ਟਰੀ ਪੁਰਸਕਾਰ ਮਿਲਿਆ ਸੀ। ਹੋਰ ਅਨੇਕਾਂ ਵੱਡੇ ਛੋਟੇ ਪੁਰਸਕਾਰਾਂ ਤੋਂ ਬਿਨਾਂ 2001 ਵਿਚ ਉਹਦੇ ਕਈ ਭਾਗਾਂ ਵਿਚ ਲਿਖੇ ਵੱਡ ਅਕਾਰੀ ਨਾਵਲ 'ਕਥਾ ਕਹੋ ਉਰਵਸੀ' ਨੂੰ ਬਿਰਲਾ ਫਾਊਂਡੇਸ਼ਨ ਵਲੋਂ ਸਰਸਵਤੀ ਇਨਾਮ ਦੇ ਕੇ ਸਨਮਾਨਿਆ ਗਿਆ। ਦਲੀਪ ਕੌਰ ਨੇ ਅੱਜ ਤਕ ਤੀਹ ਨਾਵਲ ਪੰਜਾਬੀ ਸਾਹਿਤ ਸੰਸਾਰ ਦੀ ਝੋਲੀ ਪਾਏ ਹਨ ਤੇ ਇਸ ਦੇ ਨਾਲ ਹੀ ਵਧੀਆ ਕਹਾਣੀਆਂ ਦੀ ਰਚਨਾ ਵੀ ਕੀਤੀ ਹੈ। ਪੰਜਾਬੀ ਵਿਚ ਸੱਚੀ ਸੁੱਚੀ ਤੇ ਦਾਰਸ਼ਨਿਕ ਝੁਕਾਵਾਂ ਵਾਲੀ ਇਸਤਰੀ ਲੇਖਕ ਦੀ ਉਹਦੀ ਪਛਾਣ ਸਦਾ ਹੀ ਬਣੀ ਰਹੀ ਹੈ। ਉਹਨੂੰ ਮਿਲਣ ਤੇ ਉਹਦੇ ਨਾਲ ਗੱਲਾਂ ਕਰਨ ਦਾ ਅਪਣੀ ਹੀ ਕਿਸਮ ਦਾ ਇਕ ਅਨੋਖਾ ਅਨੁਭਵ ਹੈ।

ਉਹਦਾ ਸਾਰਾ ਜੀਵਨ ਹੀ ਅਧਿਆਪਨ ਵਿਚ ਗੁਜ਼ਰ ਗਿਆ ਹੈ। ਅੱਜਕਲ ਉਸ ਕੋਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਲਾਈਫ਼ ਫੈਲੋਸ਼ਿਪ ਹੈ ਤੇ ਅੱਧੀ ਕੁ ਸਦੀ ਦੇ ਲੇਖਣ ਕਾਰਜ ਪਿਛੋਂ ਕਲਮ ਅਜੇ ਵੀ ਰਵਾਂ। ***ਨਵੀਂ ਦੁਨੀਆ*** ਦੇ ਪਾਠਕਾਂ ਲਈ ਪੇਸ਼ ਹੈ **ਅਵਤਾਰ ਜੰਡਿਆਲਵੀ** ਵਲੋਂ ਉਸ ਨਾਲ ਕੀਤੀ ਲੰਮੀ ਗੱਲਬਾਤ ਦੇ ਅਹਿਮ ਅੰਸ਼-

**ਬੜੇ ਯਤਨ ਕੀਤੇ ਤੁਸੀਂ ਪੰਜਾਬਣਾਂ ਨੂੰ ਬਦਲਣ ਦੇ, ਪਰ ਕਿੰਨੀਆਂ ਕੁ ਬਦਲੀਆਂ?**

ਮੈਂ ਆਪਣੀ ਸਮਰੱਥਾ ਅਨੁਸਾਰ ਸਮਾਜਿਕ ਸਥਿਤੀਆਂ ਵਿਚੋਂ ਲੰਘਦੀ ਔਰਤ ਦੇ ਸੱਚ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਕੋਲ ਇਹ ਜਾਨਣ ਲਈ ਕੋਈ ਜੰਤਰ ਨਹੀਂ ਕਿ ਮੇਰੇ ਯਤਨਾਂ ਨੇ ਔਰਤ ਨੂੰ ਕਿੰਨਾ ਕੁ ਪ੍ਰਭਾਵਿਤ ਕੀਤਾ ਹੈ। ਜਿਸ ਗਿਣਤਜ਼ ਵਿਚ ਮੇਰੇ ਨਾਵਲ ਪੜ੍ਹੇ ਜਾਂਦੇ ਨੇ, ਉਸ ਤੋਂ ਲੱਗਦਾ ਹੈ ਮੇਰੇ ਯਤਨ ਅਜਾਈਂ ਨਹੀਂ ਜਾ ਰਹੇ।

**ਦੁਆਬੇ ਦੇ ਪਿੰਡਾਂ ਵਿਚ ਕੁੜੀਆਂ ਨੂੰ ਜਨਮ ਵੇਲੇ ਹੀ ਮਾਰਨ ਦਾ ਦਾਈ ਨੂੰ ਹੁਕਮ ਹੁੰਦਾ ਸੀ। ਮੇਰੀ ਦਾਦੀ ਦੱਸਦੀ ਹੁੰਦੀ ਸੀ ਕਿ ਸਾਡੀ ਅੰਦਰਲੀ ਕੋਠੜੀ ਵਿਚ ਸਤਾਰਾਂ ਕੁੜੀਆਂ ਦੱਬੀਆਂ ਪਈਆਂ ਸਨ। ਕੀ ਤੁਹਾਡੇ ਵਲ ਵੀ ਇਹੋ ਜਿਹਾ ਅਨਰਥ ਹੁੰਦਾ ਸੀ?**

ਪੁਰਾਣੇ ਵੇਲਿਆਂ ਵਿਚ ਸ਼ਾਇਦ ਅਜਿਹੀਆਂ ਕੁਝ ਘਟਨਾਵਾਂ ਵਾਪਰਦੀਆਂ ਹੋਣ, ਪਰ ਅਸੀਂ ਤਾਂ ਪੰਜ ਭੈਣਾਂ ਸੀ ਤੇ ਮੇਰੇ ਬਾਬਾ ਜੀ ਤਾਂ ਇਹ ਵੀ ਨਹੀਂ ਸੀ ਆਖਣ ਦਿੰਦੇ ਕਿ ਤੁਹਾਡੇ ਧੀਆਂ ਦੀ ਧਾੜ ਆ ਗਈ ਹੈ। ਉਹ ਆਖਦੇ ਸਨ ਧੀਆਂ ਆਪਣੀ ਕਿਸਮਤ ਨਾਲ ਲੈ ਕੇ ਜੰਮਦੀਆਂ ਨੇ।

**ਔਰਤ ਹੁੰਦਿਆਂ ਕਿਸੇ ਅਣਜੰਮੀ ਬੱਚੀ ਦੀ ਪੀੜ ਦੇ ਅਣਸੁਣੇ ਤਰਲੇ ਮੈਂ ਤੁਹਾਡੀ ਕਿਸੇ ਵੀ ਲਿਖਤ ਵਿਚੋਂ ਨਹੀਂ ਸੁਣੇ?**

ਮੇਰੇ ਨਾਵਲ 'ਦੂਨੀ ਸੁਹਾਵਾ ਬਾਗੁ' ਜਿਸ ਨੂੰ ਭਾਸ਼ਾ ਪਰਿਸ਼ਦ ਕਲਕੱਤਾ ਵਾਲਿਆਂ ਨੇ ਐਵਾਰਡ ਵੀ ਦਿੱਤਾ ਸੀ, ਇਸੇ ਸਮੱਸਿਆ ਨਾਲ ਸੰਬੰਧਿਤ ਹੈ। ਕਈ ਵਾਰ ਲੋਕ ਮੇਰੀਆਂ ਲਿਖਤਾਂ ਧਿਆਨ ਨਾਲ ਪੜ੍ਹਦੇ ਨਹੀਂ ਤੇ ਉਹਨਾਂ ਵਿਚ ਡੂੰਘੇ ਅਰਥ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। 'ਦੂਨੀ ਸੁਹਾਵਾ ਬਾਗੁ' ਨਾਵਲ ਵਿਚ ਆਪਣੀ ਨੂੰਹ ਦੇ ਅਬੋਰਸ਼ਨ ਕਰਾਉਣ ਕਾਰਨ ਅੰਨ ਪਾਣੀ ਤਿਆਗ ਕੇ ਦਾਦੀ ਪ੍ਰਾਣ ਦੇ ਦਿੰਦੀ ਐ। ਉਹ ਆਖਦੀ ਹੈ ਪਿਛਲੇ ਵੇਲਿਆਂ ਵਿਚ ਵੱਡੀ ਤੋਂ ਵੱਡੀ ਸਹੁੰ ਖਵਾਉਣ ਲਈ ਦਰੱਖਤ ਦਾ ਇਕ ਪੱਤਾ ਤੋੜਿਆ ਜਾਂਦਾ ਸੀ। ਕਿਸੇ ਤੋਂ ਬਿੱਲੀ ਮਰ ਜਾਏ ਤਾਂ ਸੋਨੇ ਦੀ ਬਿੱਲੀ ਪੁੰਨ ਕਰੇ ਬਿਨਾਂ ਪਾਪ ਨਹੀਂ ਸੀ ਉਤਰਦਾ। ਜੇ ਕਿਸੇ ਤੋਂ ਗਊ ਮਰ ਜਾਏ ਤਾਂ ਪਾਪ ਸੱਤ ਕੁਲਾਂ ਨੂੰ ਲੱਗਦਾ ਸੀ। ਜੀਵ ਹੱਤਿਆ ਦਾ ਪਾਪ ਤਾਂ ਮਹਾਂਪਾਪ ਹੈ ਤੇ ਇਸ ਨਾਲ ਬੰਦੇ ਦੀਆਂ ਕੁਲਾਂ ਨਾਸ ਹੋ ਜਾਂਦੀਆਂ ਨੇ। ਉਹ ਆਖਦੀ ਹੈ ਕਿ ਮੇਰੇ ਪਰਿਵਾਰ ਵਿਚ ਜੋ ਵਿਘਨ ਹੋਇਆ ਹੈ (ਕੁੜੀ ਮਾਰਨ ਦਾ) ਉਸ ਦਾ ਪਸ਼ਚਾਤਾਪ ਜੇ ਮੈਂ ਨਹੀਂ ਕਰਾਂਗੀ ਤਾਂ ਇਸ ਦਾ ਪਾਪ ਸਾਡੀ ਕੁਲ ਨੂੰ ਹੀ ਨਾਸ ਕਰ ਦੇਵੇਗਾ।

**ਕੁੱਖ ਵਿਚ ਹੀ ਕਤਲ ਕਰ ਦੇਣ ਦਾ ਕਮਾਲ, ਹੁਣ ਪੰਜਾਬ ਵਿਚ ਸੌ ਮੁੰਡਿਆਂ ਪਿੱਛੇ ਸੱਤਰ ਕੁ ਹੀ ਕੁੜੀਆਂ ਰਹਿ ਗਈਆਂ ਹਨ। ਤੁਹਾਡੇ ਖ਼ਿਆਲ 'ਚ ਕਿਉਂ ਕੁੜੀਆਂ ਨਹੀਂ ਚਾਹੁੰਦੇ ਸਾਡੇ ਲੋਕ?**

ਵਰਤਮਾਨ ਵਿਚ ਜੋ ਔਰਤ ਦੀ ਸਥਿਤੀ ਹੈ ਉਸ ਤੋਂ ਡਰ ਕੇ ਤੇ ਘਬਰਾ ਕੇ ਲੋਕੀ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਹੀ ਖ਼ਤਮ ਕਰਨ ਲੱਗ ਪਏ ਨੇ। ਔਰਤ ਦੀ ਸਥਿਤੀ ਇਹ ਹੈ, ਅੱਜ ਕਿਸੇ ਵੀ ਉਮਰ ਵਿਚ, ਕਿਸੇ ਵੀ ਰਿਸ਼ਤੇ ਵਿਚ, ਕਿਸੇ ਵੀ ਥਾਂ ਕੁੜੀ ਸੇਫ਼ ਨਹੀਂ। ਨਾ ਧਰਮ ਉਸਦੀ ਸਹਾਇਤਾ ਤੇ ਆਉਂਦੈ, ਨਾ ਸਮਾਜ, ਨਾ ਰਾਜਨੀਤੀ ਇੱਥੋਂ ਤੱਕ ਕਿ ਪਰਿਵਾਰ ਵੀ ਅਸਹਾਇ ਹੋ ਜਾਂਦੇ ਨੇ। ਸਾਡਾ ਆਰਥਿਕ ਢਾਂਚਾ, ਸਾਡੀ ਸਮਾਜਿਕ ਬਣਤਰ, ਸਾਡੇ ਇਖਲਾਕ ਵਿਚ ਆਈ ਗਿਰਾਵਟ, ਪੱਛਮੀ ਕਲਚਰ ਦਾ ਮਾਰੂ ਅਸਰ, ਟੀ.ਵੀ ਦਾ ਲੱਚਰ ਪ੍ਰਸਾਰਣ ਸਭ ਕੁਝ ਰਲ ਕੇ ਔਰਤ ਦੀ ਸਥਿਤੀ ਨੂੰ ਬਹੁਤ ਗੰਭੀਰ ਬਣਾ ਰਿਹੈ। ਜਮਾਂਦਾਰ ਨੂੰ ਆਖਦੇ ਆਂ ਕੂੜਾ ਲੈ ਜਾ ਨਾਲੇ ਪੈਸੇ ਵੀ ਦਿਆਂਗੇ। ਇਸੇ ਤਰ੍ਹਾਂ ਕੁੜੀ ਨੂੰ ਵਿਆਹੁਣ ਵੇਲੇ ਬਹੁਤ ਕੁਝ ਨਾਲ ਦਿੱਤਾ ਜਾਂਦੈ, ਮਤਲਬ ਐ ਕੂੜਾ ਤੇ ਕੁੜੀ ਬਰਾਬਰ ਹੋ ਗਏ। ਇਨ੍ਹਾਂ ਗੱਲਾਂ ਦਾ ਵਿਸਥਾਰ ਮੈਂ 'ਤੇਰੇ ਮੇਰੇ ਸਰੋਕਾਰ' ਲੇਖਾਂ ਦੀ ਪੁਸਤਕ ਵਿਚ ਦਿੱਤੈ।

**ਤੁਸੀਂ ਰੱਬੋਂ ਦੇ ਖਾਂਦੇ ਪੀਂਦੇ ਘਰ ਵਿਚ ਪੈਦਾ ਹੋਈਆਂ ਪੰਜ ਭੈਣਾਂ ਸੀ। ਸਭ ਤੋਂ ਛੋਟੀ ਮਨਜੀਤ ਅਨੁਸਾਰ ਤਾਂ ਉਹਦਾ ਪਿਓ ਤਾਂ ਉਹਨੂੰ ਮਾਰਨ ਵੀ ਲੱਗਾ ਸੀ। ਮੁੰਡੇ ਦਾ ਮੂੰਹ ਦੇਖਣ ਲਈ ਦੂਜੇ ਵਿਆਹ ਦੀਆਂ ਗੱਲਾਂ ਵੀ ਚੱਲੀਆਂ। ਕੀ ਇਹ ਮਰਦ ਪ੍ਰਧਾਨ ਸਮਾਜ ਕਦੀ ਬਦਲ ਵੀ ਸਕੇਗਾ?**

ਮੈਨੂੰ ਨਹੀਂ ਪਤਾ ਕਿ ਬਾਪੂ ਜੀ ਨੇ ਮਨਜੀਤ ਨੂੰ ਕਦੇ ਸੱਚੀ ਮੁੱਚੀ ਮਾਰਨ ਦੀ ਕੋਸ਼ਿਸ਼ ਕੀਤੀ ਹੋਵੇ। ਹਾਂ ਇਕ ਵਾਰੀ ਮਨਜੀਤ ਅਤੇ ਮੇਰੀ ਇਕ ਹੋਰ ਭੈਣ ਨੂੰ ਸ਼ਰਾਬ ਦੇ ਲੋਰ ਵਿਚ ਉਹਨਾਂ ਨੇ ਉਸ ਤਲਾਬ ਵਿਚ ਸੁੱਟ ਦਿੱਤਾ ਸੀ ਜਿਥੇ ਉਹ ਸਾਨੂੰ ਤੈਰਨਾ ਸਿਖਾਉਂਦੇ ਹੁੰਦੇ ਸਨ।

**ਇਕ ਦਿਨ ਸ਼ਰਾਬੀ ਪਿਉ ਬੀਬੀ ਨੂੰ ਕਤਲ ਕਰਨ ਲਈ ਕ੍ਰਿਪਾਨ ਕੱਢ ਲਿਆਇਆ ਸੀ ਤੇ ਫੇਰ ਕਿਸੇ ਦਿਨ ਉਹਨੇ ਵਿਅੰਗ ਨਾਲ ਤੁਹਾਨੂੰ 'ਮੇਮ ਦੀ ਬੱਚੀ' ਕਿਹਾ ਸੀ। ਕੀ ਇਹ ਸਾਰਾ ਤਣਾਉ ਕੁੜੀਆਂ ਕਰਕੇ ਹੀ ਸੀ ਜਾਂ ਸ਼ਰਾਬ ਕਰਕੇ?**

ਸ਼ਰਾਬ ਕਰਕੇ। ਕਈ ਵਾਰ ਬਾਪੂ ਜੀ ਉਂਜ ਹੀ ਡਰਾਉਣ ਲੱਗ ਪੈਂਦੇ ਸਨ। ਜਿਵੇਂ ਕਿ ਬਾਬਾ ਜੀ ਨਾਲ ਲੜ ਕੇ ਉਹਨਾਂ ਸਾਧ ਬਨਣ ਦਾ ਸਵਾਂਗ ਰਚਿਆ ਸੀ। ਉਸੇ ਤਰ੍ਹਾਂ ਮਾਂ ਨੂੰ ਸ਼ਾਇਦ ਡਰਾਉਣ ਲਈ ਉਹ ਤਲਵਾਰ ਕੱਢ ਲਿਆਏ ਸੀ।

**ਲੱਗਦਾ ਹੈ ਸ਼ਰਾਬ ਸਾਰੇ ਖਾਂਦੇ ਪੀਂਦੇ ਘਰਾਂ ਦਾ ਹੀ ਰੋਗ ਨਹੀਂ, ਅੱਜ ਕੱਲ ਤਾਂ ਸ਼ਾਮ ਪੈਂਦਿਆਂ ਹੀ ਗਰੀਬ ਗੁਰਬਾ ਵੀ ਨਸ਼ੇ ਦੀ ਭਾਲ ਵਿਚ ਘੁੰਮਣ ਲੱਗਦਾ ਹੈ। ਪਿੰਡਾਂ ਵਿਚ ਤਾਂ ਦੁੱਪੜਾਂ ਦਾ ਘਾਟਾ ਵੀ ਨਹੀਂ, ਫੇਰ ਇਹ ਕਿਉਂ ਹੁੰਦਾ ਹੈ?**

ਸ਼ਰਾਬ ਹੀ ਨਹੀਂ, ਪੰਜਾਬ ਹਰ ਤਰ੍ਹਾਂ ਦੇ ਨਸ਼ਿਆਂ ਵਿਚ ਡੁੱਬਦਾ ਜਾ ਰਿਹਾ ਹੈ। ਇਸ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਤੇ ਇਕਲਾਖ਼ੀ ਬਹੁਤ ਸਾਰੇ ਕਾਰਨ ਹਨ ਜਿਵੇਂ ਨਸ਼ਿਆਂ ਦੀ ਸੌਖੀ ਪ੍ਰਾਪਤੀ, ਟੀ.ਵੀ ਕਲਚਰ, ਮਸ਼ੀਨਰੀ ਕਾਰਨ ਆਈ ਵਿਹਲ, ਕਿਸੇ ਸਾਰਥਕ ਕੰਮ ਦੀ ਅਣਹੋਂਦ, ਪਰਿਵਾਰਾਂ ਵਿਚ ਟੁੱਟ ਭੱਜ ਅਤੇ ਧਰਮ ਦੇ ਮਾਅਨੇ ਗਵਾਚ ਜਾਣਾ। ਇਕ ਵੱਡਾ ਕਾਰਨ ਇਹ ਵੀ ਹੈ ਕਿ ਰਿਸ਼ਵਤਖੋਰੀ ਨੇ ਕਾਨੂੰਨ ਦੀ ਪਕੜ ਬੜੀ ਢਿੱਲੀ ਕਰ ਦਿੱਤੀ ਹੈ। ਹਰ ਕਿਸਮ ਦਾ ਨਸ਼ਾ ਸ਼ਰੇਆਮ ਵੇਚਿਆ ਤੇ ਖਰੀਦਿਆ ਜਾ ਰਿਹੈ।

**ਬਹੁਤ ਛੋਟੀ ਉਮਰ ਵਿਚ ਹੀ ਤੁਹਾਨੂੰ ਆਪਣੀ ਕੁੱਖੋਂ ਜਾਉਣ ਵਾਲੀ ਬੀਬੀ ਤੇ ਦਾਦੀ ਮਾਂ ਤੋਂ ਬਿਨਾਂ ਪਟਿਆਲੇ ਆ ਕੇ ਦੋ ਹੋਰ ਮਾਵਾਂ ਮਿਲੀਆਂ ਸਨ। ਇਨ੍ਹਾਂ ਦੋਵਾਂ ਦੀ ਆਪਸ ਵਿਚ ਕਿਵੇਂ ਨਿਭਦੀ ਸੀ?**

ਮੇਰੇ ਫੁੱਫੜ ਜੀ ਸਰਦਾਰ ਤਾਰਾ ਸਿੰਘ ਸਿੱਧੂ ਮੈਨੂੰ ਧੀ ਬਣਾ ਕੇ ਪਟਿਆਲੇ ਲੈ ਆਏ ਸਨ। ਉਨ੍ਹਾਂ ਦੇ ਦੋ ਵਿਆਹ ਸਨ ਤੇ ਇਸ ਤਰ੍ਹਾਂ ਮੈਨੂੰ ਦੋ ਹੋਰ ਮਾਵਾਂ ਮਿਲ ਗਈਆਂ । ਮੈਂ ਉਨ੍ਹਾਂ ਨੂੰ ਕਦੇ ਲੜਦੀਆਂ ਝਗੜਦੀਆਂ ਨਹੀਂ ਸੀ ਦੇਖਿਆ। ਜਿਥੇ ਜਾਣਾ ਹੁੰਦੈ ਉਥੇ ਵੀ ਉਹ ਕੱਠੀਆਂ ਜਾਂਦੀਆਂ । ਛੋਟੇ ਬੇਬੇ ਜੀ ਵੱਡੇ ਬੇਬੇ ਜੀ ਦੀ ਬੜੀ ਇੱਜ਼ਤ ਕਰਦੇ ਸਨ।

**'ਮੈਂ ਨਹੀਂ ਪੜ੍ਹਨਾ' ਇਹ ਤੁਹਾਡੀ ਬਚਪਨ ਦੀ ਜਿੱਦ ਸੀ, ਜੋ ਛੇਤੀ ਹੀ ਟੁੱਟ ਗਈ। ਰਤਾਂ ਪਿਛਾਂਹ ਮੁੜ ਕੇ ਸੋਚੋ ਤਾਂ ਇਸ ਜਿੱਦ ਦਾ ਕੋਈ ਕਾਰਣ ਲੱਭਦਾ ਵੀ ਹੈ?**

ਪਹਿਲੇ ਦਿਨ ਜਦੋਂ ਮੈਂ ਸਕੂਲ ਗਈ ਸੀ ਤਾਂ ਟੀਚਰ ਨੇ ਇਕ ਲੜਕੀ ਦੇ ਥੱਪੜ ਮਾਰ ਦਿੱਤਾ ਸੀ। ਇਸ ਗੱਲ ਨੇ ਮੈਨੂੰ ਏਨਾ ਪਰੇਸ਼ਾਨ ਕਰ ਦਿੱਤਾ ਸੀ ਕਿ ਮੈਂ ਪੜ੍ਹਨ ਤੋਂ ਹੀ ਇਨਕਾਰੀ ਹੋ ਬੈਠੀ ਸੀ।

**ਤੁਹਾਡੇ ਅੱਧਿਆਂ ਤੋਂ ਵੱਧ ਨਾਵਲਾਂ ਕਹਾਣੀਆਂ ਵਿਚ ਕੋਈ ਨਾ ਕੋਈ ਸਾਧ ਜ਼ਰੂਰ ਆਉਂਦਾ ਹੈ। ਕੀ ਇਹਦਾ ਕਾਰਣ ਆਪਣੇ ਸਾਥੀਆਂ ਨੂੰ ਵੀ ਛੱਡ ਕੇ ਤੁਹਾਡੇ ਟੱਬਰ ਨਾਲ ਹੀ ਸਦਾ ਲਈ ਰਹਿ ਪਿਆ ਭਗਵਾਨ ਦਾਸ ਹੀ ਤਾਂ ਨਹੀਂ? ਕਿਸ ਤਰ੍ਹਾਂ ਦਾ ਮਨੁੱਖ ਸੀ ਉਹ?**

ਸਾਧਾਂ ਦਾ ਜ਼ਿਕਰ ਸਿਰਫ਼ 'ਪੌਣਾਂ ਦੀ ਜਿੰਦ ਮੇਰੀ' ਨਾਵਲ ਵਿਚ ਆਇਆ ਹੈ। 'ਉਰਵਸ਼ੀ' ਵਿਚ ਜੋ ਸੰਨਿਆਸੀ ਹੈ ਉਹ ਸਾਧ ਨਹੀਂ ਅਸਲ ਵਿਚ ਉਹ ਦਿੱਲੀ ਯੂਨੀਵਰਸਿਟੀ ਵਿਚ ਫਿਲਾਸਫ਼ੀ ਦਾ ਪ੍ਰੋਫੈਸਰ ਸੀ। ਲੋਕਾਂ ਦੇ ਸੁਆਲਾਂ ਤੋਂ ਬਚਣ ਲਈ ਉਸ ਨੇ ਆਪਣੀ ਸੰਨਿਆਸੀਆਂ ਵਾਲੀ ਦਿੱਖ ਬਣਾ ਲਈ ਸੀ। ਭਗਵਾਨ ਦਾਸ ਇਕ ਮਹਾਂਮਾਨਵ ਸਾਧੂ ਸੀ। ਉਹ ਮੇਰੇ ਨਾਨਕੇ ਪਰਿਵਾਰ ਦੇ ਜ਼ਿਕਰ ਵਿਚ ਆਉਂਦਾ ਹੈ। ਮੈਂ ਬੇਜੀ ਨੂੰ ਇਕ ਵਾਰੀ ਆਖਿਆ ਪਤਾ ਨਹੀਂ ਕਿਸ ਕਿਸ ਤਰ੍ਹਾਂ ਦੇ ਸਾਧੂ ਤੁਰੇ ਫਿਰਦੇ ਨੇ ਤੁਸੀਂ ਹਰ ਇਕ ਦੇ ਪੈਰੀਂ ਹੱਥ ਲਾਉਣ ਲੱਗ ਪੈਂਦੇ ਹੋ ਤਾਂ ਉਹ ਆਖਣ ਲੱਗੇ, ਪੈਰੀਂ ਹੱਥ ਮੈਂ ਕਿਸੇ ਸਾਧੂ ਦੇ ਨਹੀਂ ਲਾਉਂਦੀ ਉਸਦੇ ਅੰਦਰਲੇ ਸਾਧੂਪੁਣੇ ਨੂੰ ਨਮਸਕਾਰ ਕਰਦੀ ਹਾਂ। ਇਸੇ ਤਰ੍ਹਾਂ 'ਪੌਣਾਂ ਦੀ ਜਿੰਦ ਮੇਰੀ' ਨਾਵਲ ਦਾ ਸਮਰਪਣ 'ਤੀਰਥ ਹਰਿਦੁਆਰ ਦੇ ਨਾਂ' ਕਈਆਂ ਨੂੰ ਅਜੀਬ ਲੱਗਿਆ ਹੈ ਕਿ ਗੁਰੂ ਸਾਹਿਬ ਨੇ ਤਾਂ ਤੀਰਥਾਂ ਨੂੰ ਨਿੰਦਿਆ ਹੈ। ਗੁਰੂ ਸਾਹਿਬ ਨੇ ਤੀਰਥਾਂ ਨੂੰ ਨਹੀਂ ਉਸ ਵੇਲੇ ਤੀਰਥਾਂ ਉਪਰ ਜੋ ਕੁਝ ਵਾਪਰ ਰਿਹਾ ਸੀ, ਉਸਨੂੰ ਨਿੰਦਿਆ ਹੈ। ਸੋ ਸਮਰਪਣ ਵੇਲੇ ਸਮਰਪਣ ਹਰਦੁਆਰ ਨੂੰ ਨਹੀਂ ਤੀਰਥ ਨੂੰ ਸਮਰਪਣ ਕੀਤਾ ਹੈ। ਓਪਰਾ ਲੱਗਣ ਦਾ ਕਾਰਨ ਇਹ ਵੀ ਹੈ ਕਿ ਅੱਜ ਅਸੀਂ ਤੀਰਥਾਂ ਦੇ ਅਸਲ ਅਰਥ ਹੀ ਭੁੱਲ ਗਏ ਹਾਂ। ਉਸਦੇ ਬਾਹਰੀ ਰੂਪ ਤੱਕ ਹੀ ਖਲੋ ਗਏ ਹਾਂ।

**ਬਾਰਾਂ ਕੁ ਸਾਲ ਦੀ ਉਮਰ ਸੀ ਤੁਹਾਡੀ ਜਦੋਂ ਪੰਜਾਬ ਦੀ ਵੰਡ ਹੋਈ, ਕਤਲਾਮ ਹੋਏ, ਅੱਗਾਂ ਲੱਗੀਆਂ। ਤੁਹਾਡੀ ਸਵੈ-ਜੀਵਨੀ ਵਿਚ ਇਹਦੇ ਬਾਰੇ ਇਕ ਅੱਖਰ ਵੀ ਨਹੀਂ। ਕਿਉਂ?**

ਉਦੋਂ ਅਸੀਂ ਪਟਿਆਲੇ ਤੋਂ ਬਾਹਰ ਲੀਲਾ ਭਵਨ ਮਹਿਲ ਤੋਂ ਥੋੜ੍ਹੀ ਦੂਰੀ ਤੇ ਵੱਡੀ ਸਾਰੀ ਕੋਠੀ ਵਿਚ ਰਹਿੰਦੇ ਸੀ। ਫੁੱਫੜ ਜੀ ਜਿੰਨਾ ਦੀ ਮੈਂ ਬੇਟੀ ਸੀ ਆਈ.ਜੀ. ਪਰੀਜ਼ਨਸ ਸਨ। ਕੋਠੀ ਦੇ ਆਲੇ ਦੁਆਲੇ ਵੱਡਾ ਸਾਰਾ ਬਾਗ ਸੀ। ਕੋਠੀ ਦੇ ਚੁਫ਼ੇਰੇ ਪਹਿਰੇ ਸਨ। ਬਾਹਰਲੇ ਸੰਸਾਰ ਦੀ ਸਾਡੇ ਘਰ ਤੱਕ ਕੋਈ ਖ਼ਬਰ ਨਹੀਂ ਸੀ ਪਹੁੰਚਦੀ। ਮੈਂ ਬਸ ਏਨਾ ਕੁ ਸੁਣਿਆ ਸੀ ਕਿ ਦੇਸ਼ ਵੰਡਿਆ ਗਿਆ ਤੇ ਇਕ ਦਿਨ ਇਹ ਵੀ ਪਤਾ ਲੱਗਿਆ ਸਾਡੇ ਟਾਂਗੇ ਵਾਲਾ ਅਹਿਮਦ ਮਲੇਰਕੋਟਲੇ ਨੂੰ ਭੱਜ ਗਿਆ। ਸਾਡੀ ਮਰਾਸਣ ਰਾਜੀ ਆਪਣੀ ਧੀ ਸ਼ਰੀਫਨ ਨੂੰ ਲੈ ਕੇ ਇਕ ਦਿਨ ਇਹ ਦੱਸ ਗਈ ਸੀ ਕਿ ਅੱਲ੍ਹਾ ਮਾਰਿਆ ਮੇਰਾ ਘਰਵਾਲਾ ਆਖਦੈ ਆਪਾਂ ਪਾਕਿਸਤਾਨ ਨੂੰ ਚੱਲਣੈ। ਟਿਕ ਟਿਕਾ ਹੋਏ ਤੋਂ ਅਸੀਂ ਮੁੜ ਆਵਾਂਗੇ। ਸਾਡਾ ਉੱਥੇ ਕੌਣ ਐ? ਮੈਂ ਨਾ ਕਤਲੋ ਗਾਰਦ ਦੇਖੀ ਸੀ, ਨਾ ਅੱਗਾਂ ਲੱਗਦੀਆਂ ਤੇ ਨਾ ਹੀ ਮੈਂ ਵੰਡ ਦੀਆਂ ਭਿਆਨਕ ਕਹਾਣੀਆਂ ਸੁਣੀਆਂ ਸਨ। ਇਸ ਕਰਕੇ ਮੈਂ ਆਪਣੀ ਸਵੈ-ਜੀਵਨੀ ਵਿਚ ਮੱਲੋਮੱਲੀ ਵੰਡ ਬਾਰੇ ਕੁਝ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ।

**'ਵੱਡੇ ਭੈਣ ਜੀ' : 'ਮੈਡਮ' : ਛੱਤੀ ਸਾਲ ਦੀ ਉਮਰ ਵਿਚ ਸਾਹਿਤ ਅਕਾਦਮੀ ਪੁਰਸਕਾਰ : ਲੱਗਦਾ ਹੈ ਤੁਹਾਡਾ ਸਾਰਾ ਜੀਵਨ ਹੀ ਬੁਲੰਦੀਆਂ ਵਿਚ ਗੁਜਰਿਆ। ਇਕੋ ਝਲਕ ਪਈ ਤੁਹਾਡੇ ਪਹਿਲੇ ਵਿਆਹ ਵਾਲੀ। ਕੀ ਇਹਦਾ ਅਸਰ ਕਦੇ ਰਾਤਾਂ ਨੀਂਦ ਖਰਾਬ ਕਰਦਾ ਹੈ?**

ਇਸ ਬਾਰੇ ਮੈਂ ਪੂਰੀ ਇਮਾਨਦਾਰੀ ਨਾਲ 'ਨੰਗੇ ਪੈਰਾਂ ਦਾ ਸਫ਼ਰ' ਵਿਚ ਬਿਆਨ ਕਰ ਦਿੱਤਾ ਹੈ। ਜਦੋਂ ਕੁਝ ਭਿਆਨਕ ਤੁਹਾਡੇ ਨਾਲ ਵਾਪਰਦਾ ਹੈ ਉਸ ਵਿਚੋਂ ਲੰਘਦਿਆ ਟੁੱਟ ਭੱਜ ਤਾਂ ਹੁੰਦੀ ਹੀ ਹੈ। ਮੈਨੂੰ ਕਿਸੇ ਨੇ ਪੁੱਛਿਆ ਸੀ ਲੋਕ ਅਖ਼ੀਰ 'ਚ ਜਾ ਕੇ ਸਵੈ-ਜੀਵਨੀ ਲਿਖਦੇ ਨੇ ਤੁਸੀਂ ਏਡੀ ਛੇਤੀ ਕਿਉਂ ਲਿਖ ਦਿੱਤੀ। ਮੇਰਾ ਜੁਆਬ ਸੀ ਅਜੇ ਸਾਰੇ ਪਾਤਰ ਜੀਉਂਦੇ ਨੇ ਇਸ ਲਈ ਅਚੇਤ ਤੌਰ ਤੇ ਵੀ ਝੂਠ ਦੇ ਰਲਾ ਦੀ ਗੁਜ਼ਾਇਸ਼ ਨਹੀਂ ਰਹਿੰਦੀ।

**ਤੁਹਾਡੇ ਅਨੁਸਾਰ ਆਮ ਸਾਧਾਰਣ ਹੋ ਰਹੇ ਵਿਆਹਾਂ ਵਿਚ ਕੀ ਨੁਕਸ ਹਨ? ਕੀ ਵਿਆਹ ਹੋਣੇ ਜ਼ਰੂਰੀ ਹਨ ਖਾਸ ਕਰ ਚੇਤੰਨ ਜ਼ਹੀਨ ਲੋਕਾਂ ਜਾਂ ਲੇਖਕਾਂ ਦੇ?**

ਮੈਨੂੰ ਲਗਦੈ ਪੁਰਾਣੇ ਲੋਕਾਂ ਦੇ ਵਿਆਹ ਵਧੇਰੇ ਕਾਮਯਾਬ ਸਨ। ਗੱਲ ਸਿਰਫ਼ ਇਹ ਨਹੀਂ ਕਿ ਉਦੋਂ ਲੋਕ ਇਕ ਦੂਜੇ ਨੂੰ ਵਧੇਰੇ ਬਰਦਾਸ਼ਤ ਕਰਦੇ ਸਨ, ਗੱਲ ਇਹ ਵੀ ਸੀ ਕਿ ਵਿਆਹ ਵਰਗਾ ਅਹਿਮ ਫੈਸਲਾ ਜਜ਼ਬਾਤੀ ਰੌਅ ਦੇ ਅਧੀਨ ਨਹੀਂ ਸੀ ਕੀਤਾ ਜਾਂਦਾ। ਹਰ ਗੱਲ ਪੁੱਛ ਪੜਤਾਲ ਕੇ, ਸੋਚ ਸਮਝ ਕੇ, ਅੱਗਾ ਪਿੱਛਾ ਦੇਖ ਕੇ ਤੇ ਸਿਆਣਿਆਂ ਦੀ ਸਲਾਹ ਲੈ ਕੇ ਕੀਤਾ ਜਾਂਦਾ ਸੀ। ਅੱਜ ਕੱਲ ਬਹੁਤੇ ਵਿਆਹ ਉਹੀ ਫੇਲ੍ਹ ਹੁੰਦੇ ਨੇ, ਜਿੰਨਾ ਦੇ ਫ਼ੈਸਲੇ ਕਿਸੇ ਵਕਤੀ ਰੌਅ ਦੇ ਅਧੀਨ ਕੀਤੇ ਹੁੰਦੇ ਹਨ। ਨਿਰੋਲ ਜਜ਼ਬੇ ਹੰਢਣਸਾਰ ਨਹੀਂ ਹੁੰਦੇ। ਚੇਤੰਨ ਜਾਂ ਜਹੀਨ ਲੋਕਾਂ ਤੇ ਲੇਖਕਾਂ ਲਈ ਇਕ ਆਮ ਨਾਲੋਂ ਵਾਧੂ ਲੋੜ ਇਸ ਗੱਲ ਦੀ ਵੀ ਹੁੰਦੀ ਹੈ ਕਿ ਤੁਹਾਡੇ ਸਾਥੀ ਦੀ ਵੀ ਬੌਧਿਕ ਤੇ ਭਾਵੁਕ ਪੱਧਰ ਤੁਹਾਡੀ ਬੌਧਿਕ ਤੇ ਭਾਵੁਕ ਪੱਧਰ ਦੇ ਨੇੜੇ ਤੇੜੇ ਦੀ ਹੋਵੇ। ਇਸ ਬੌਧਿਕ ਤੇ ਭਾਵੁਕ ਪੱਧਰ ਦੀ ਪਹਿਚਾਣ ਏਡਾ ਸੌਖਾ ਕੰਮ ਨਹੀਂ। ਮੈਂ ਤਾਂ ਕਈ ਵਾਰੀ ਇਹ ਵੀ ਆਖਦੀ ਹਾਂ ਕਿ ਡਾਰਵਿਨ ਦੇ ਵਿਕਾਸਵਾਦੀ ਸਿਧਾਂਤ ਅਨੁਸਾਰ ਜਿਹੜੇ ਲੋਕ ਕਈ ਜਨਮ ਅਗਾਂਹ ਲੰਘ ਚੁੱਕੇ ਨੇ ਉਨ੍ਹਾਂ ਦੀ ਬੌਧਿਕ ਤੇ ਭਾਵੁਕ ਪੱਧਰ ਕਈ ਜਨਮ ਪਿਛਾਂਹ ਵਾਲੇ ਲੋਕਾਂ ਨਾਲ ਮੇਲ ਨਹੀਂ ਖਾਂਦੀ। ਅਸੀਂ ਬਹੁਤ ਵਾਰੀ ਉਸ ਦੇ ਆਚਰਣ ਵਿਚਰਨ ਲਈ ਬੰਦੇ ਨੂੰ ਦੋਸ਼ ਦਿੰਦੇ ਰਹਿੰਦੇ ਆਂ ਪਰ ਅੱਜ ਦਾ ਮਨੋਵਿਗਿਆਨੀ ਦੱਸਦਾ ਹੈ ਕਿ ਅਸੀਂ ਸਭ ਹਾਲਾਤ ਦੀ ਪੈਦਾਵਰ ਹਾਂ।

**ਪੰਜਾਬੀ ਦੀਆਂ ਸਾਰੀਆਂ ਹੀ ਪ੍ਰਸਿੱਧ ਲੇਖਿਕਾਵਾਂ ਦੇ ਪਹਿਲੇ ਵਿਆਹ ਉਨ੍ਹਾਂ ਲਈ ਤ੍ਰਾਸਦੀ ਬਣਦੇ ਰਹੇ ਤੇ ਉਨ੍ਹਾਂ ਨੇ ਇਹਦਾ ਬਹੁਤਾ ਜ਼ਿੰਮੇਵਾਰ ਮਿਲੇ ਮਰਦਾਂ ਨੂੰ ਹੀ ਠਹਿਰਾਇਆ। ਉਨ੍ਹਾਂ ਮਰਦਾਂ ਦੀ ਕਿਸੇ ਨਹੀਂ ਸੁਣੀ। ਤੁਸੀਂ ਕਦੇ ਮਹਿਸੂਸ ਕੀਤਾ ਹੈ ਕਿ ਖਵਰੇ ਉਨ੍ਹਾਂ ਦਾ ਵੀ ਕੋਈ ਸੱਚ ਹੋਵੇ?**

ਆਪਣੇ ਦੁੱਖਾਂ ਦੀ ਜ਼ਿੰਮੇਵਾਰੀ ਕਿਸੇ ਨੂੰ ਦੇ ਕੇ ਆਪ ਸੁਰਖ਼ਰੂ ਹੋ ਜਾਣਾ ਬੜੀ ਸੌਖੀ ਗੱਲ ਹੁੰਦੀ ਹੈ। ਕਸੂਰ ਘੱਟ ਜਾਂ ਵੱਧ ਹੋ ਸਕਦਾ ਹੈ ਪਰ ਤਾੜੀ ਦੋਵੇਂ ਹੱਥਾਂ ਨਾਲ ਹੀ ਵੱਜਦੀ ਹੈ। ਇਕ ਗੱਲ ਮੈਂ ਜ਼ਰੂਰ ਆਖਾਂਗੀ ਕਿ ਇਹ ਆਦਮੀ ਦੀ ਫਿਤਰਤ ਵਿਚ ਹੀ ਸ਼ਾਮਿਲ ਹੈ ਕਿ ਉਸ ਨੂੰ ਜਿਸ ਕਿਸਮ ਦੀ ਵੀ ਘਰਵਾਲੀ ਮਿਲਦੀ ਹੈ ਉਸ ਦੀ ਥਾਂ ਦੂਜੀ ਕਿਸਮ ਦੀ ਵਧੇਰੇ ਭਾਉਂਦੀ ਹੈ। ਉਦਾਹਰਣ ਲਈ ਜੇ ਕਿਸੇ ਦੀ ਘਰਵਾਲੀ ਪੜ੍ਹੀ ਲਿਖੀ ਨੌਕਰੀ ਕਰਦੀ ਹੈ ਤਾਂ ਉਹ ਆਖੇਗਾ ਇਸ ਨਾਲੋਂ ਤਾਂ ਅਨਪੜ੍ਹ ਚੰਗੀ ਹੁੰਦੀ, ਕੰਮ ਤੋਂ ਆਏ ਪਤੀ ਦੀ ਸੇਵਾ ਕਰਦੀ, ਕਿਸੇ ਕਿਸਮ ਦੇ ਵੀ ਸੁਆਲ ਜੁਆਬ ਨਾ ਕਰਦੀ। ਇਸ ਦੇ ਉਲਟ ਜੇ ਕਿਸੇ ਦੀ ਘਰਵਾਲੀ ਅਨਪੜ੍ਹ ਹੈ ਤਾਂ ਉਹ ਆਖੇਗਾ ਕਿਥੇ ਡੰਗਰ ਮੇਰੇ ਪੱਲੇ ਪੈਗੀ। ਨਾ ਇਹ ਕਿਸੇ ਗੱਲ 'ਚ ਮਦਦ ਕਰ ਸਕਦੀ ਹੈ ਤੇ ਨਾ ਹੀ ਇਸ ਨੂੰ ਪੜ੍ਹੀਆਂ ਲਿਖੀਆਂ ਔਰਤਾਂ ਵਾਂਗ ਬਾਹਰ ਅੰਦਰ ਨਾਲ ਲੈ ਕੇ ਜਾ ਸਕਦੇ ਹੋ।

**ਬਹੁਤ ਜ਼ਹੀਨ, ਸੂਝਵਾਨ ਲੇਖਕ ਕਿਸਮ ਦੇ ਵਿਅਕਤੀਆਂ ਦੇ ਵਿਆਹ ਆਮ ਤੌਰ ਤੇ ਕਾਮਯਾਬ ਨਹੀਂ ਹੁੰਦੇ। ਸਾਰਤਰ ਨੇ ਖਬਰੇ ਇਸੇ ਲਈ ਵਿਆਹ ਨਹੀਂ ਸੀ ਕੀਤਾ। ਤੁਹਾਡਾ ਹੁਣ ਵਾਲਾ ਪਤੀ ਲੇਖਕ ਵੀ ਹੈ, ਸੂਝਵਾਨ ਤੇ ਜ਼ਹੀਨ ਵੀ। ਕਿਵੇਂ ਨਿਭਦੀ ਹੈ?**

ਹੋਰਨਾਂ ਲੋਕਾਂ ਦਾ ਤਾਂ ਮੈਨੂੰ ਪਤਾ ਨਹੀਂ ਪਰ ਮੈਨੂੰ ਪਤਾ ਹੈ ਕਿ ਮੇਰਾ ਪਤੀ ਜ਼ਹੀਨ ਅਤੇ ਸੂਝਵਾਨ ਹੈ ਤੇ ਲੇਖਕ ਵੀ। ਮੈਂ ਉਸ ਨਾਲ ਕਿਸੇ ਗੱਲ ਵਿਚ ਵੀ ਮੁਕਾਬਲਾ ਨਹੀਂ ਕਰਦੀ। ਮੈਂ ਸਵੀਕਾਰ ਕਰ ਕੇ ਤੁਰਦੀ ਹਾਂ ਕਿ ਉਹ ਮੇਰੇ ਨਾਲੋਂ ਵੱਧ ਪੜ੍ਹਨ ਲਿਖਣ ਵਾਲਾ ਬੰਦਾ ਹੈ। ਉਹ ਵੀ ਹਰ ਇਕ ਗੱਲ ਨੂੰ ਬਾਖ਼ੂਬੀ ਸਮਝ ਲੈਂਦੇ ਨੇ ਇਸੇ ਲਈ ਛੋਟੇ ਮੋਟੇ ਡਿਫਰੈਸੈਂਸ ਦੇ ਬਾਵਜੂਦ ਜ਼ਿੰਦਗੀ ਠੀਕ ਠਾਕ ਚੱਲ ਰਹੀ ਹੈ। ਸਭ ਤੋਂ ਵੱਧ ਉਹ ਮੇਰੇ ਨਾਲ ਉਦੋਂ ਨਾਰਾਜ਼ ਹੁੰਦੇ ਨੇ ਜਦੋਂ ਮੈਂ ਬਿਮਾਰ ਹੋ ਜਾਂਦੀ ਹਾਂ। ਇਸ ਤੋਂ ਇਹ ਵੀ ਪਤਾ ਲਗਦੈ ਕਿ ਮੇਰੇ ਬਾਰੇ ਕਿੰਨੇ ਕਨਸਰਡ ਨੇ। ਹੁਣ ਤਾਂ ਜਦੋਂ ਸਾਡਾ ਬੇਟਾ ਸਿਮਰਨਜੀਤ ਵੀ ਜਵਾਨ ਹੋ ਗਿਐ, ਜ਼ਿੰਦਗੀ ਦੇ ਰੰਗ ਹੀ ਬਦਲ ਗਏ ਨੇ।

**ਜੱਟ ਮਹਿੰਦਰ ਸਿੰਘ ਰੰਧਾਵਾ ਨੇ ਤੁਹਾਨੂੰ 'ਜੱਟਾਂ ਦੀ ਕੁੜੀ' ਆਖ ਕੇ ਵਡਿਆਇਆ ਸੀ? ਐਸੇ ਜੱਟਵਾਦ ਬਾਰੇ ਕੀ ਆਖੋਗੇ?**

ਸ਼ੁਰੂ-ਸ਼ੁਰੂ ਵਿਚ ਮੈਨੂੰ ਜੱਟਾਂ ਬਾਰੇ ਕੁਝ ਮਿਹਣੇ ਵੀ ਸੁਣਨੇ ਪਏ। ਜਿਹੜਾ ਸੂਟ ਮੇਰੀ ਸਹੇਲੀ ਨੂੰ ਮੇਰਾ ਪਸੰਦ ਨਾ ਆਉਣਾ ਉਹਨੇ ਆਖਣਾ ਇਹ ਕੀ ਤੂੰ ਜੱਟਕਾ ਜਿਹਾ ਸੂਟ ਪਾ ਲਿਐ ਜਾਂ 'ਜੇ ਜੱਟ ਨਾ ਹੁੰਦੇ ਤਾਂ ਖੇਤੀ ਵੀ ਬੰਦਿਆਂ ਨੂੰ ਕਰਨੀ ਪੈਣੀ ਸੀ' ਵਰਗੇ ਫ਼ਿਕਰੇ ਸੁਣਾਈ ਦਿੱਤੇ। ਜਦੋਂ ਮੈਂ ਯੂਨੀਵਰਸਿਟੀ ਦੀ ਨੌਕਰੀ ਕੀਤੀ ਉਦੋਂ

ਯੂਨੀਵਰਸਿਟੀ ਵਿਚ ਔਰਤਾਂ ਨਾ ਮਾਤਰ ਸਨ। ਇਕ ਦੋ ਵਾਰੀ ਇਹ ਵੀ ਸੁਣਿਆ ਕਿ 'ਲਓ ਜੀ ਹੁਣ ਤਾਂ ਜੱਟਾਂ ਦੀਆਂ ਕੁੜੀਆਂ ਵੀ ਪੜ੍ਹਨ ਲੱਗ ਪਈਆਂ ਨੇ'। ਇਸ ਤੋਂ ਇਕ ਦਿਨ ਤਪ ਕੇ ਮੈਂ ਆਖਿਆ ਪੁਰਾਣੇ ਵੇਲਿਆਂ ਵਿਚ ਜੱਟਾਂ ਦੇ ਸਾਰੇ ਕੰਮ ਲਾਗੀ ਤੱਥੀ ਕਰ ਦਿੰਦੇ ਸਨ, ਪੜ੍ਹਾਈ ਲਿਖਾਈ ਦੇ ਕੰਮਾਂ ਲਈ ਪੰਡਤ ਜੀ ਹੁੰਦੇ ਸਨ ਪਰ ਹੁਣ ਕਿਉਂਕਿ ਲਾਗੀ ਤੱਥੀ ਵੀ ਪੜ੍ਹ ਲਿਖ ਕੇ ਨੌਕਰੀਆਂ ਕਰਨ ਲੱਗ ਪਏ ਨੇ ਇਸ ਲਈ ਪੜ੍ਹਨ ਲਿਖਣ ਦਾ ਕੰਮ ਵੀ ਜੱਟਾਂ ਨੂੰ ਆਪ ਹੀ ਕਰਨਾ ਪੈ ਰਿਹੈ।

ਡਾ. ਮਹਿੰਦਰ ਸਿੰਘ ਰੰਧਾਵਾ ਨੇ ਵੀ ਜੱਟ ਹੋਣ ਦੇ ਤਾਹਨੇ ਸੁਣੇ ਹੋਣਗੇ ਇਸੇ ਲਈ ਉਸਨੂੰ ਚੰਗਾ ਲੱਗਿਆ ਹੋਵੇਗਾ ਕਿ ਜੱਟਾਂ ਦੀ ਕੁੜੀ ਹੋ ਕੇ ਵੀ ਮੈਂ ਏਨਾ ਪੜ੍ਹਦੀ ਲਿਖਦੀ ਹਾਂ। ਉਂਜ ਬੇਜੀ ਦੇ ਆਖਣ ਅਨੁਸਾਰ ਬੰਦੇ ਤਾਂ ਸਾਰੇ ਹੀ ਰੱਬ ਦੇ ਜੀਅ ਹੁੰਦੇ ਨੇ।

**ਰੰਧਾਵਾ ਪੰਜਾਬੀ ਸਭਿਆਚਾਰ ਦਾ ਰੱਬ ਸੀ, ਪਰ ਪਿੱਛੇ ਜਹੇ ਕਿਸੇ ਨੇ ਇਹ ਗੱਲ ਪੁੱਟੀ ਸੀ ਕਿ ਪਹਿਲੀ ਉਮਰ ਵਿਚ ਉਹ ਜੱਜੀ ਦੀ ਕੁਰਸੀ ਤੇ ਬੈਠਾ ਦੇਸ਼ ਭਗਤਾਂ ਨੂੰ ਸਜਾਵਾਂ ਵੀ ਦਿੰਦਾ ਰਿਹਾ ਸੀ (ਮਨਮਥਨਾਥ ਗੁਪਤ ਦੀ ਕਿਤਾਬ 'ਦੇ ਲਿਵਡ ਡੈਂਜਰਸਲੀ') । ਏਸ ਰੱਬ ਦੀ ਕੋਈ ਜਣਾ ਪੂਰੀ ਜੀਵਨੀ ਕਿਉਂ ਨਹੀਂ ਲਿਖਦਾ?**

ਇਸ ਗੱਲ ਬਾਰੇ ਮੈਨੂੰ ਕੋਈ ਇਲਮ ਨਹੀਂ। ਪੂਰੇ ਵਿਸਥਾਰ ਵਿਚ ਉਸਨੇ ਆਪ ਹੀ ਆਪਣੀ ਸਵੈ -ਜੀਵਨੀ 'ਆਪਬੀਤੀ' ਲਿਖੀ ਹੋਈ ਹੈ।

**ਧਰਮ ਤੇ ਮੂਲਵਾਦ ਕਾਰਣ ਸੰਸਾਰ ਵਿਚ ਬੜੀਆਂ ਗੁੰਝਲਾਂ ਪੈ ਰਹੀਆਂ ਹਨ। ਧਰਮ ਮਨੁੱਖ ਨੂੰ ਅੱਖਾਂ ਮੀਟ ਕੇ ਉਹਦੀ ਰਜ਼ਾ ਵਿਚ ਰਹਿਣ ਲਈ ਆਖਦਾ ਹੈ। ਏਨੇ ਸੁਜੱਗ ਹੁੰਦੇ ਹੋਏ ਤੁਸੀਂ ਏਨੇ ਧਾਰਮਿਕ ਕਿਵੇਂ ਹੋ ਗਏ?**

ਧਰਮ ਦੀ ਅਸੀਂ ਪਰਿਭਾਸ਼ਾ ਨਹੀਂ ਸਮਝਦੇ। ਜਿਵੇਂ ਸੀ.ਐਮ. ਜੋੜ ਆਖਦੈ ਕਿ ਮਾਰਕਸਵਾਦ ਉਹ ਟੋਪੀ ਹੈ ਜਿਸ ਨੂੰ ਹਰ ਬੰਦਾ ਆਪਣੇ ਸਿਰ ਜਿੱਡੀ ਬਣਾ ਲੈਂਦਾ ਹੈ, ਇਸੇ ਤਰ੍ਹਾਂ ਧਰਮ ਨੂੰ ਲੋਕਾਂ ਨੇ ਆਪਣੀ ਪੱਧਰ ਤੱਕ ਖਿੱਚ ਲਿਆਂਦਾ ਹੈ ਤੇ ਉਹ ਅਰਥਾਂ ਦੇ ਅਨਰਥ ਕਰਨ ਲੱਗ ਪਏ ਹਨ। ਧਰਮ ਸੰਸਕ੍ਰਿਤ ਸ਼ਬਦ 'ਧ੍ਰਿ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਜਿਸ ਉਪਰ ਸਭ ਕੁਝ ਟਿਕਿਆ ਹੋਇਆ ਹੈ। ਉਹ ਨੇਮ, ਉਹ ਅਸੂਲ, ਉਹ ਸਿਧਾਂਤ ਜੋ ਜ਼ਿਦਾ ਆਧਾਰ ਹਨ ਅਤੇ ਜ਼ਿੰਦਗੀ ਜਿੰਨਾ ਦੇ ਉਪਰ ਖੜੀ ਹੈ, ਉਹ ਧਰਮ ਹੈ, ਦੀਨ ਹੈ। ਅਲੱਗ ਅਲੱਗ ਮਜ਼ਹਬ ਇਕੋ ਹੀ ਮੰਜ਼ਿਲ ਵੱਲ ਜਾਂਦੇ ਰਾਹ ਹਨ। ਤੁਸੀਂ ਕਹਿੰਦੇ ਹੋ ਧਰਮ ਮਨੁੱਖ ਨੂੰ ਅੱਖਾਂ ਮੀਟਣ ਲਈ ਆਖਦੈ, ਕੀ ਗੁਰੂਆਂ ਨੇ ਜਾਂ ਉਹਨਾਂ ਦੇ ਸਿੱਖਾਂ ਨੇ ਬੇਇਨਸਾਫ਼ੀ ਮੂਹਰੇ ਅੱਖਾਂ ਮੀਟ ਲਈਆਂ ਸੀ? ਗੁਰੂਆਂ ਵਾਂਗ ਹੀ ਬੁੱਧ, ਜੀਸਸ ਤੇ ਮੁਹੰਮਦ ਸਾਹਿਬ ਵੀ ਆਪਣੇ ਆਪਣੇ ਵੇਲਿਆਂ ਦੇ ਵੱਡੇ ਕਰਾਂਤੀਕਾਰੀ ਹੋਏ ਸਨ।

ਇਸ ਪ੍ਰਸੰਗ ਵਿਚ ਇਕ ਗੱਲ ਚੇਤੇ ਆ ਰਹੀ ਹੈ। ਮੈਨੂੰ ਇਕ ਵਾਰੀ ਕਰਨਾਟਕ ਵਿਚ 'ਕਥਾ ਕੁਕਨੂਸ ਦੀ' ਨਾਵਲ ਲਈ ਸਨਮਾਨਿਤ ਕਰਨ ਲਈ ਸੱਦਿਆ ਗਿਆ। ਬੰਗਲੌਰ ਵਿਚ ਬੜਾ ਵੱਡਾ ਫੰਕਸ਼ਨ ਸੀ। ਵੱਡੇ ਵੱਡੇ ਲੋਕ ਪਹੁੰਚੇ ਹੋਏ ਸਨ, ਅਖ਼ਬਾਰਾਂ ਵਾਲੇ ਵੀ ਤੇ ਟੀ.ਵੀ. ਵਾਲੇ ਵੀ। ਫੰਕਸ਼ਨ ਤੋਂ ਮਗਰੋਂ ਟੀ.ਵੀ. ਵਾਲਿਆਂ ਨੇ ਮੈਨੂੰ ਪੁੱਛਿਆ ਕਿ ਪੰਜਾਬ ਵਿਚ ਏਨਾ ਟੈਰਰਇਜਮ ਹੈ, ਕੀ ਸਿੱਖਾਂ ਨੂੰ ਮਰਨ ਤੇ ਮਾਰਨ ਤੋਂ ਬਿਨਾਂ ਕੋਈ ਕੰਮ ਨਹੀਂ ਆਉਂਦਾ? ਸ਼ਾਇਦ ਫੌਜ ਵਿਚ ਵੀ ਏਨਾਂ ਨੂੰ ਇਸੇ ਲਈ ਬਹੁਤੇ ਭਰਤੀ ਕੀਤਾ ਜਾਂਦਾ ਹੈ। ਹੁਣ ਵੱਢ ਕੱਟ ਲਈ ਇਕ ਨਵੀਂ ਸਮੱਸਿਆ ਖੜ੍ਹੀ ਕਰ ਲਈ ਹੈ ਕਿ ਸਾਨੂੰ ਖਾਲਿਸਤਾਨ ਦਿਓ।

ਉਨ੍ਹਾਂ ਦੇ ਸਵਾਲ ਸੁਣ ਕੇ ਮੈਂ ਹੈਰਾਨ ਵੀ ਹੋਈ ਤੇ ਦੁੱਖੀ ਵੀ। ਮੈਂ ਆਖਿਆ ਵੇਦ ਉਪਨਿਸ਼ਦ ਪੰਜਾਬ ਦੀ ਧਰਤੀ ਤੇ ਰਚੇ ਗਏ, ਰਾਮਾਇਣ ਮਹਾਂਭਾਰਤ ਵੀ ਤੇ ਗੁਰੂ ਗ੍ਰੰਥ ਸਾਹਿਬ ਵੀ। ਇਹੋ ਜਿਹੇ ਪਿਛੋਕੜ ਦੇ ਮਾਲਕ ਲੋਕਾਂ ਨੇ ਜਿਹੜਾ ਰਾਹ ਅਪਣਾਇਆ ਉਸਦੇ ਕੁਝ ਕਾਰਨ ਤਾਂ ਜ਼ਰੂਰ ਹੋਣਗੇ। ਤੁਸੀਂ ਆਖਦੇ ਹੋ ਮਰਨ ਤੇ ਮਾਰਨ ਲਈ ਖਾਲਿਸਤਾਨ ਮੰਗਣ ਲੱਗ ਪਏ ਨੇ। ਤੁਸੀਂ ਇਹ ਕਿਉਂ ਨਹੀਂ ਸੋਚਦੇ ਕਿ ਹਿੰਦੁਸਤਾਨ ਵਿਚ ਦੋ ਵੱਡੀਆਂ ਕੌਮਾਂ ਤੇ ਧਰਮ – ਹਿੰਦੂ ਮੱਤ ਤੇ ਇਸਲਾਮ – ਹਮੇਸ਼ਾਂ ਤੋਂ ਲੜਦੇ ਝਗੜਦੇ ਤੁਰੇ ਆ ਰਹੇ ਸੀ। ਸਿਖਇਜ਼ਮ ਨੇ ਦੋਵਾਂ ਵਿਜ ਸੰਵਾਦ ਰਚਾਇਆ ਤੇ ਸੋਚ ਨੂੰ ਇਕ ਨਵੀਂ ਦਿਸ਼ਾ ਦਿੱਤੀ। ਪਾਰਟੀਸ਼ਨ ਵੇਲੇ ਹਿੰਦੁਸਤਾਨ ਦੇ ਮਾਲਕ ਹਿੰਦੂ ਬਣ ਬੈਠੇ ਤੇ ਪਾਕਿਸਤਾਨ ਦੇ ਮੁਸਲਮਾਨ। ਸਿੱਖ ਕਿਸੇ ਪਾਸੇ ਜੋਗੇ ਨਾ ਰਹੇ। ਉਹਨਾਂ ਦੇ ਤਾਂ ਜਿਵੇਂ ਹੋਣ-ਥੀਣ ਦਾ ਆਧਾਰ ਹੀ ਮੁਕ ਗਿਆ। ਦਰਅਸਲ ਵੰਡ ਸਿੱਖੀ ਤੇ ਸਿੱਖਾਂ ਉਤੇ ਇਕ ਭਿਅੰਕਰ ਸੱਟ ਸੀ। ਬਜਾਏ ਇਸ ਦੇ ਕਿ ਬੈਠ ਕੇ ਸੋਚਿਆ ਜਾਂਦਾ ਉਹੀ ਲੋਕ ਜਿਹੜੇ ਹਿੰਦੁਸਤਾਨ ਦੀ ਆਜ਼ਾਦੀ ਲਈ ਸਭ ਤੋਂ ਵੱਧ ਲੜੇ ਤੇ ਸਭ ਤੋਂ ਵੱਧ ਮਰੇ, ਜਿਹੜੇ ਲੋਕ ਜਿਨਾਹ ਦੇ ਆਖਣ ਤੇ ਪਾਕਿਸਤਾਨ ਨਾਲ ਨਹੀਂ ਸੀ ਰਲੇ, ਉਹੀ ਲੋਕ ਹੁਣ ਏਨੇ ਓਦਰ ਕਿਉਂ ਗਏ ਨੇ। ਉਸੇ ਤਰ੍ਹਾਂ ਦੀ ਗੱਲ ਹੋਈ ਕਿ ਇਕ ਘਰ ਵਿਚ ਪਰਿਵਾਰ ਨਾਲ ਰਲ ਕੇ ਸਾਰੇ ਪੁੱਤਰ ਰਹਿੰਦੇ ਨੇ ਤੇ ਇਕ ਦਿਨ ਅਚਾਨਕ ਇਕ ਪੁੱਤਰ ਆਖਣ ਲੱਗ ਪੈਂਦੈ ਕਿ ਮੈਨੂੰ ਅੱਡ ਕਰ ਦਿਓ। ਉਹ ਵੇਲਾ ਇਹ ਆਖਣ ਦਾ ਨਹੀਂ ਹੁੰਦਾ ਕਿ ਇਸ ਦਾ ਸਿਰ ਤੇ ਪੈਰ ਵੱਢ ਦਿਓ ਤਾਂ ਜੋ ਘਰੋਂ ਬਾਹਰ ਨਾ ਜਾ ਸਕੇ ਸਗੋਂ ਉਹ ਵੇਲਾ ਸੋਚਣ ਦਾ ਹੁੰਦੈ ਕਿ ਸਦੀਆਂ ਤੋਂ ਪੁਸ਼ਤਾਂ ਤੋਂ ਜਿਹੜਾ ਘਰ ਪਰਿਵਾਰ ਦੇ ਹਰ ਇਕ ਜੀਅ ਨੂੰ ਆਪਣਾ ਘਰ ਲੱਗਦਾ ਸੀ, ਅਚਾਨਕ ਇਕ ਬੰਦੇ ਨੂੰ ਆਪਣਾ ਲੱਗਣੋਂ ਕਿਉਂ ਹਟ ਗਿਆ। ਉਹੀ ਗੱਲ ਉਸ ਨੂੰ ਜ਼ਿੰਦਗੀ ਤੋਂ ਵੀ ਵੱਡੀ ਕਿਉਂ ਲੱਗਣ ਲੱਗ ਪਈ। ਇਹੀ ਸਮੱਸਿਆ ਸਿੱਖਾਂ ਦੀ ਹੈ। ਰਹੀ ਗੱਲ ਮਰਨ ਤੇ ਮਾਰਨ ਦੀ ਸਿੱਖ ਸਿਧਾਂਤ ਇਹ ਦੱਸਦੇ ਨੇ ਕਿ ਅਸੂਲਾਂ ਲਈ ਮਰਨਾ ਬੇਅਸੂਲੀ ਜ਼ਿੰਦਗੀ ਜੀਉਣ ਨਾਲੋਂ ਬਿਹਤਰ ਹੈ। ਇਹ ਕਿਉਂ ਨਹੀਂ ਸੋਚਿਆ ਜਾਂਦਾ ਕਿ ਜਿਹੜੇ ਲੋਕ ਮੌਤ ਨੂੰ ਵੀ ਟਰਾਸੈਂਡ ਕਰ ਕੇ ਜੀਉਂਦੇ ਨੇ ਉਹ ਮਾੜੇ ਕਿਵੇਂ ਹੋਏ?

**ਇੰਦਰਾਂ ਗਾਧੀ ਦਾ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਪੰਜਾਬ ਦੀ ਬਹੁਤ ਵੱਡੀ ਘਟਨਾ ਸੀ। ਪਰ ਤੁਹਾਡੀ ਕਲਮ ਨੇ ਚੁੱਪੀ ਨਹੀਂ ਤੋੜੀ!**

ਚੈਖ਼ਵ ਆਖਦੈ ਕਿ ਸਾਹਿਤ ਵਿਚ You Don't say but show it. ਏਨਾ ਵੇਲਿਆਂ ਦੇ ਦੁਖਾਂਤ ਨੂੰ ਲੋਕ ਕਿਵੇਂ ਭੋਗ ਰਹੇ ਨੇ ਇਹ ਮੈਂ 'ਜਿਮੀਂ ਪੁੱਛੇ ਅਸਮਾਨ' ਨਾਵਲ ਵਿਚ ਦਿੱਤਾ ਹੈ। ਕਈ ਲੋਕ ਇਤਰਾਜ਼ ਕਰਦੇ ਹਨ ਕਿ ਮੈਂ ਆਰਥਿਕ ਸਮੱਸਿਆਵਾਂ ਬਾਰੇ ਨਹੀਂ ਲਿਖਦੀ ਸ਼ਾਇਦ ਮੈਨੂੰ ਇਨ੍ਹਾਂ ਸਮੱਸਿਆਵਾਂ ਦਾ ਪਤਾ ਹੀ ਨਹੀਂ ਪਰ ਮੈਂ ਆਖਦੀ ਆਂ ਆਰਥਿਕ ਸਮੱਸਿਆਵਾਂ ਨੂੰ ਸਮਝਣ ਤੇ ਸਮਝਾਉਣਾ ਅਰਥ ਸ਼ਾਸਤਰੀਆਂ ਦਾ ਕੰਮ ਹੈ। ਇਕ ਕਲਾਕਾਰ ਦਾ ਕੰਮ ਉਸ ਵਿਵਸਥਾ ਵਿਚੋਂ ਦੀ ਲੰਘਦਿਆ ਲੋਕਾਂ ਦੀ ਮਨੋਸਥਿਤੀ ਬਾਰੇ ਚੇਤੰਨ ਹੋ ਕੇ ਲਿਖਣਾ ਹੁੰਦਾ ਹੈ।

**ਲੇਖਕਾਂ ਵਿਚੋਂ ਅੰਮ੍ਰਿਤਾ ਪ੍ਰੀਤਮ ਨਾਲ ਤੁਹਾਡਾ ਸਭ ਤੋਂ ਨੇੜਲਾ ਰਿਸ਼ਤਾ ਸੀ। ਕਦੀ ਸੋਚਿਆ ਸੀ ਉਹਦੇ ਵਿਚ ਕਿੰਨੇ ਕੁ ਗੁਣ ਜਾਂ ਕਮਜ਼ੋਰੀਆਂ ਸਨ?**

ਜਿਵੇਂ ਇਕ ਦਰਖ਼ਤ ਵਿਚੋਂ ਆਰਟਿਸਟ ਨੂੰ ਕੁਝ ਹੋਰ ਦਿੱਸਦੈ, ਤਰਖਾਣ ਨੂੰ ਲੱਕੜ ਹੀ ਦਿੱਸਦੀ ਹੈ, ਸਾਧੂ ਨੂੰ ਕੁਝ ਹੋਰ ਦਿੱਸਦੈ, ਲੋਕ ਮਨ ਉਸ ਦੇ ਪੱਤਿਆਂ ਦੀ ਖੜ ਖੜ ਵਿਚੋਂ ਆਵਾਗਮਨ ਦੇ ਸੱਚ ਨੂੰ ਦੇਖਦੈ, ਇਸ ਤਰ੍ਹਾਂ ਮੈਂ ਅੰਮ੍ਰਿਤਾ ਪ੍ਰੀਤਮ ਨੂੰ ਇਕ ਕਲਾਕਾਰ ਦੇ ਰੂਪ ਵਿਚ ਹੀ ਦੇਖਦੀ ਸੀ। ਮੇਰੇ ਨਾਲ ਉਸਦਾ ਰਿਸ਼ਤਾ ਮੋਹ ਵਾਲਾ ਸੀ। ਇਕ ਵਾਰੀ ਮੈਂ ਜਦੋਂ ਉਸ ਦੇ ਘਰ ਗਈ ਹੋਈ ਸੀ ਤਾਂ ਉਸਦੀ ਪੋਚਾ ਲਾਉਣ ਵਾਲੀ ਮਾਈ ਨੇ ਮੇਰੇ ਵੱਲ ਹੱਥ ਕਰਕੇ ਅੰਮ੍ਰਿਤਾ ਨੂੰ ਪੁੱਛਿਆ, ''ਬੀਬੀ ਇਹ ਤੇਰੀ ਭੈਣ ਐ ਜਾਂ ਧੀ?'' ਤਾਂ ਅੰਮ੍ਰਿਤਾ ਨੇ ਹੱਸ ਕੇ ਆਖਿਆ, ''ਇਹ ਮੇਰੀ ਭੈਣ ਵੀ ਹੈ ਤੇ ਧੀ ਵੀ।'' ਮਾਈ ਨੂੰ ਤਾਂ ਇਹ ਗੱਲ ਸ਼ਾਇਦ ਸਮਝ ਨਹੀਂ ਲੱਗੀ ਪਰ ਮੈਨੂੰ ਇਸ ਰਿਸ਼ਤੇ ਦੀ ਸਾਰ ਸੀ। ਇਸੇ ਲਈ ਪਿੱਛੇ ਜਿਹੇ ਇਮਰੋਜ ਹੁਰਾਂ ਨੇ ਰਿਸ਼ਤਾ ਨਾਂ ਦੀ ਮੈਨੂੰ ਇਕ ਨਜ਼ਮ ਭੇਜੀ। ਨਾਲ ਲਿਖਿਆ, 'ਬੇਟੀ ਦਲੀਪ ਲਈ, ਜਿਸ ਨੂੰ ਰਿਸ਼ਤਿਆਂ ਦੀ ਸਮਝ ਵੀ ਹੈ ਤੇ ਕਦਰ ਵੀ।'

**ਖ਼ਿਆਲ ਹੈ ਕਿ ਮਰਦ ਪੰਜਾਬੀ ਲੇਖਕਾਂ ਨੂੰ ਔਰਤ ਲੇਖਕਾਂ ਦੀ ਲੋੜ ਤੋਂ ਵੱਧ ਪ੍ਰਸੰਸਾ ਕਰਨ ਦੀ ਆਦਤ ਹੈ, ਜਿਹਦਾ ਉਨ੍ਹਾਂ ਨੂੰ ਅਯੋਗ ਲਾਭ ਹੁੰਦਾ ਹੈ। ਤੁਸੀਂ ਕੀ ਸੋਚਦੇ ਹੋ?**

ਮੈਨੂੰ ਇਸ ਦਾ ਕੋਈ ਤਜਰਬਾ ਨਹੀਂ।

**ਤੁਹਾਡੇ ਸ਼ਹਿਰ ਪਟਿਆਲੇ ਦੇ ਭੂਤਵਾੜੇ ਦੀ ਬੜੀ ਚਰਚਾ ਰਹੀ। ਤੁਸੀਂ ਆਪ ਵੀ ਇਸ ਬਾਰੇ ਲਿਖਿਆ ਹੈ। ਬਹੁਤ ਭੂਤ ਤੁਹਾਡੇ ਕੋਲੋਂ ਹੀ ਪੜ੍ਹੇ ਲਿਖੇ ਸਨ। ਕੀ ਪੰਜਾਬੀ ਸਾਹਿਤ ਵਿਚ ਇਹ ਮਲੰਗੀ ਦਾ ਦੌਰ ਵਕਤੀ ਹੀ ਸੀ?**

ਜਿਸ ਤਰ੍ਹਾਂ ਵਕਤ ਦੇ ਨਾਲ ਬਾਕੀ ਸਭ ਕੁਝ ਵੀ ਬਦਲ ਰਿਹਾ ਹੈ ਉਸੇ ਤਰ੍ਹਾਂ ਬਹੁਤੇ ਭੂਤ ਵੀ ਵਕਤ ਦੀ ਮਾਰ ਹੇਠਾਂ ਆ ਗਏ ਸਿਰਫ਼ ਕੋਈ ਟਾਵਾਂ-ਟਾਵਾਂ ਭੂਤ ਹੀ ਪੁਰਾਣੇ ਵੇਲਿਆਂ 'ਚ ਖੜੋ ਗਿਆ ਦਿੱਸਦਾ ਹੈ।

**ਕੀ ਇਹਨੂੰ ਆਪਣੇ ਸਮਾਜ ਦਾ ਪਛੜੇਵਾਂ ਕਹੀਏ ਜਾਂ ਹੋਰ ਕੁਝ ਕਿ ਗਲੋਬਲੀ ਵਿਚਾਰਾਂ ਦੇ ਧਾਰਨੀ ਇਨ੍ਹਾਂ ਭੂਤਾਂ ਵਿਚ ਇਕ ਵੀ ਭੂਤਨੀ ਨਾ ਰਲੀ?**

ਮੈਂ ਭੂਤ ਵਾੜੇ ਦੇ ਜਿਸ ਵਕਤ ਦਾ ਜ਼ਿਕਰ ਕੀਤੈ ਉਦੋਂ ਕੁੜੀਆਂ ਤੇ ਔਰਤਾਂ ਏਨੀ ਖੁਲੀ ਤਰ੍ਹਾਂ ਨਹੀਂ ਸੀ ਵਿਚਰਦੀਆਂ ਹੁੰਦੀਆਂ। ਪਟਿਆਲੇ ਦਾ ਕਲਚਰ ਮਹਾਂਨਗਰਾਂ ਨਾਲੋਂ ਕੁਝ ਵੱਖਰਾ ਸੀ।

**ਤੁਸੀਂ ਬੜੇ ਮਾਣ ਨਾਲ ਦੱਸਦੇ ਹੋ ਕਿ ਨਾਵਲ ਤਾਂ ਮੈਂ ਚਾਰ ਪੰਜ ਦਿਨ ਵਿਚ ਹੀ ਮੁਕਾ ਲੈਨੀ ਆਂ। ਕੀ ਕਾਹਲੀ ਹੁੰਦੀ ਹੈ ਤੁਹਾਨੂੰ?**

ਨਾਵਲ ਤਾਂ ਮੇਰਾ ਅਚੇਤ ਮਨ ਮੈਨੂੰ ਬਿਨਾਂ ਦੱਸਿਆ ਤਿਆਰ ਕਰਦਾ ਰਹਿੰਦੈ ਜਦੋਂ ਤਿਆਰ ਹੋ ਜਾਂਦੈ ਮੈ ਤਾਂ ਸਿਰਫ਼ ਉਸਨੂੰ ਕਾਗਜ਼ ਤੇ ਉਤਾਰਨਾ ਹੁੰਦੈ।

**ਤੁਸੀਂ ਬੜਾ ਗੁੱਸਾ ਕੀਤਾ ਸੀ, ਜਦੋਂ ਡਾਕਟਰ ਹਰਿਭਜਨ ਸਿੰਘ ਨੇ ਤੁਹਾਡੀਆਂ ਸਿਰਜੀਆਂ ਨਾਇਕਾਵਾਂ ਨੂੰ 'ਸਾਧਾਰਣ ਨਿਸੱਤੀਆਂ' ਔਰਤਾਂ ਕਹਿ ਦਿੱਤਾ ਸੀ। ਕੀ ਉਹਦੀ ਗੱਲ ਵਿਚ ਭੋਰਾ ਕੁ ਸੱਚ ਵੀ ਨਹੀਂ ਸੀ?**

ਮੈਨੂੰ ਅਫ਼ਸੋਸ ਇਸ ਗੱਲ ਦਾ ਹੈ ਕਿ ਫੈਮੀਨਨ ਸੈਂਸੇਬਿਲਟੀ ਦੀ ਸਾਡੇ ਲੇਖਕਾਂ/ ਆਲੋਚਕਾਂ ਨੂੰ ਸਾਰ ਹੀ ਨਹੀਂ। ਬੜੀ ਵਾਰੀ ਆਖਿਆ ਗਿਆ ਹੈ ਕਿ ਭਾਨੋ ਸਿਰਫ਼ ਜਰਦੀ ਹੈ, ਕੁਝ ਕਰਦੀ ਕਿਉਂ ਨਹੀਂ। ਇਸੇ ਕਰਕੇ ਹਰਿਭਜਨ ਸਿੰਘ ਨੂੰ ਉਹ ਨਿਸੱਤੀ ਲੱਗਦੀ ਹੈ ਪਰ ਮੈਂ ਆਖਦੀ ਹਾਂ ਭਾਨੋ ਦੀ ਹੋਂਦ ਜੇ ਤੁਹਾਡੇ ਮਨ ਵਿਚ ਕੋਈ ਵਿਦਰੋਹ ਜਗਾਉਂਦੀ ਹੈ ਤਾਂ ਇਨਾ ਹੀ ਕਾਫੀ ਹੈ। ਕੰਢੇ ਦੀ ਚੋਬ ਪੈਰ ਵਿਚ ਜਿੰਨੀਂ ਤਿੱਖੀ ਹੁੰਦੀ ਹੈ, ਰਹਿਮ ਕਰਮ ਵਾਲਾ ਹੱਥ ਓਡੀ ਹੀ ਛੇਤੀ ਪਹੁੰਚਦਾ ਹੈ। ਲੇਖਕ ਨੂੰ ਇਹ ਦੱਸਣ ਦੀ ਲੋੜ ਨਹੀਂ ਹੁੰਦੀ ਕਿ ਰਹਿਮ ਕਰਮ ਵਾਲਾ ਹੱਥ ਪਹੁੰਚ ਕੇ ਉਸਦਾ ਇਲਾਜ ਕਰੇ।

**ਸਾਹਿਤ ਅਕਾਦਮੀ ਦਿੱਲੀ ਦਾ ਇਨਾਮ ਲੈਣ ਵੇਲੇ ਤੁਸੀਂ ਅਪਣੀ ਰਸਮੀ ਤਕਰੀਰ ਅੰਗਰੇਜ਼ੀ ਵਿਚ ਕੀਤੀ ਸੀ। ਆਪਣੀ ਮਾਂ ਬੋਲੀ ਨੂੰ ਉਚੇ ਪੀਹੜੇ ਤੇ ਬਹਾਉਣ ਲੱਗਿਆਂ ਅੰਮ੍ਰਿਤਾ ਪ੍ਰੀਤਮ ਨੇ ਵੀ ਰਾਜ ਸਭਾ ਦੀ ਮੈਂਬਰੀ ਦੀ ਸਹੁੰ ਹਿੰਦੀ ਵਿਚ ਚੁੱਕੀ ਸੀ, ਜਦ ਕਿ ਪੰਜਾਬੀ ਵਿਚ ਸਹੁੰ ਚੁੱਕਣ ਦਾ ਉਹਦਾ ਸੰਵਿਧਾਨਕ ਹੱਕ ਬਣਦਾ ਸੀ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੁੰਦੇ ਹੋ?**

ਤੁਹਾਡੀ ਜਾਣਕਾਰੀ ਠੀਕ ਨਹੀਂ। ਮੈਂ ਉਥੇ ਪੰਜਾਬੀ ਵਿਚ ਹੀ ਇਹ ਆਖਿਆ ਸੀ ਕਿ ਇਸ ਇਨਾਮ ਨੇ ਸਾਹਿਤ ਪ੍ਰਤੀ ਮੈਨੂੰ ਵਧੇਰੇ ਜ਼ਿੰਮੇਵਾਰ ਬਣਾ ਦਿੱਤਾ ਹੈ। ਸਰਸਵਤੀ ਸਨਮਾਨ ਵੇਲੇ ਮੈਂ ਆਪਣੀ ਤਕਰੀਰ ਅੰਗਰੇਜ਼ੀ ਵਿਚ ਜ਼ਰੂਰ ਕੀਤੀ ਸੀ, ਕਿਉਂਕਿ ਮੈਨੂੰ ਪ੍ਰਬੰਧਕਾਂ ਨੇ ਆਖਿਆ ਸੀ ਕਿ ਇਥੇ ਬਹੁਤ ਸਾਰੀਆਂ ਭਾਸ਼ਾਵਾਂ ਦੇ ਲੇਖਕ ਬੈਠੇ ਹੋਣਗੇ ਤੇ ਉਹਨਾਂ ਨੇ ਪੰਜਾਬੀ ਬੋਲੀ ਸਮਝ ਨਹੀਂ ਸਕਣੀ। ਤੁਸੀਂ ਜਾਂ ਹਿੰਦੀ 'ਚ ਬੋਲੋ ਜਾਂ ਅੰਗਰੇਜ਼ੀ ਵਿਚ। ਅੰਮ੍ਰਿਤਾ ਪ੍ਰੀਤਮ ਨਖ ਸਹੁੰ ਹਿੰਦੀ ਵਿਚ ਚੁੱਕੀ ਸੀ ਜਾਂ ਪੰਜਾਬੀ ਵਿਚ ਮੈਨੂੰ ਇਸ ਦਾ ਕੋਈ ਪਤਾ ਨਹੀਂ।

**ਰਾਤ ਪੈਂਦੀ ਹੈ, ਤਾਂ ਤੁਹਾਡੀਆਂ ਲਿਖਣ ਘੜੀਆਂ ਸ਼ੁਰੂ ਹੁੰਦੀਆਂ ਹਨ। ਕੀ ਇਹਦਾ ਕਾਰਣ ਵਿਹਲ ਹੈ ਜਾਂ ਰਾਤ ਨੂੰ ਮਿਲਦੀ ਇਕਾਂਤ। ਪਰ ਇਕਾਂਤ ਤਾਂ ਅੰਮ੍ਰਿਤ ਵੇਲੇ ਵੀ ਮੰਨੀ ਗਈ ਹੈ।**

ਰਾਤ ਨੂੰ ਜਾਗਣ ਦਾ ਸਿਲਸਿਲਾ ਉਦੋਂ ਸ਼ੁਰੂ ਹੋਇਆ ਜਦੋਂ ਬਾਪੂ ਜੀ ਗੁਜ਼ਰ ਗਏ ਸਨ। ਮੇਰੇ ਤੋਂ ਛੋਟੀਆਂ ਚਾਰ ਭੈਣਾਂ ਹੋਰ ਸਨ। ਬੀਰਾ ਬਹੁਤਾ ਛੋਟਾ ਸੀ, ਤਾਇਆ ਚਾਚਾ ਕੋਈ ਹੈ ਨਹੀਂ ਸੀ। ਭਾਵੇਂ ਅਸੀਂ ਕੋਠੀ ਦੇ ਉਪਰਲੇ ਹਿੱਸੇ ਵਿਚ ਸ਼ਿਫ਼ਟ ਕਰ ਗਏ ਸੀ ਪਰ ਫੇਰ ਵੀ ਬੇਜੀ ਰਾਤ ਨੂੰ ਬੇਚੈਨ ਹੋ ਕੇ ਕਿੰਨੀ ਵਾਰ ਉੱਠ ਕੇ ਤੁਰਦੇ ਫਿਰਦੇ ਸਨ। ਮੈਂ ਉਨ੍ਹਾਂ ਨੂੰ ਆਖਦੀ ਸੀ ਤੁਸੀਂ ਸੌਂ ਜਾਓ, ਮੈਂ ਦੇਰ ਤੱਕ ਪੜ੍ਹਨਾ ਹੈ। ਪਹਿਲੇ ਇਹ ਪੜ੍ਹਨਾ 11-12 ਵਜੇ ਤੱਕ ਸੀ ਫੇਰ ਇਹ 2 ਵਜੇ ਤੱਕ ਹੋ ਗਿਆ ਕਿਉਂਕਿ ਗਰਮੀ ਹੋਏ ਸਰਦੀ ਹੋਏ ਬੇਜੀ ਹਮੇਸ਼ਾ 2 ਵਜੇ ਉੱਠ ਕੇ ਠੰਡੇ ਪਾਣੀ ਨਾਲ ਨਹਾ ਕੇ, ਪਾਠ ਕਰਨ ਬੈਠ ਜਾਂਦੇ ਸੀ। ਮੈਂ ਉਨ੍ਹਾਂ ਨੂੰ ਆਖਿਆ ਤੁਸੀਂ ਆਰਾਮ ਨਾਲ ਆਪਣੇ ਟਾਈਮ ਸਿਰ ਉਠਿਆ ਕਰੋ ਸਗੋਂ ਮੇਰਾ ਪੜ੍ਹਾਈ ਦਾ ਵਧੀਆ ਕੰਮ ਹੋ ਜਾਂਦੈ। ਇਉਂ ਮੇਰਾ 2 ਵਜੇ ਤੱਕ ਜਾਗਣਾ ਸ਼ੁਰੂ ਹੋਇਆ ਤੇ ਮੁੜ ਕੇ ਮੈਂ ਦੇਖਿਆ ਮੈਂ ਭਾਵੇਂ ਸਾਰੀ ਰਾਤ ਕੰਮ ਕਰਦੀ ਰਹਾਂ ਨਾ ਮੈਨੂੰ ਨੀਂਦ ਆਉਂਦੀ ਸੀ ਨਾ ਥਕਾਵਟ ਹੁੰਦੀ ਸੀ।

**ਬਹੁਤ ਲੇਖਕ ਕਹਿੰਦੇ ਹਨ ਕਿ ਲਿਖਣ ਲਈ ਤਾਂ ਕਰਤਾਰੀ ਪਲਾਂ ਦੀ ਉਡੀਕ ਕਰਨੀ ਪੈਂਦੀ ਹੈ। ਕੀ ਤੁਹਾਡੇ ਲਈ ਸਾਹਿਤ ਲਿਖਣਾ ਸਹਿਜ ਕਰਮ ਹੀ ਹੈ?**

ਹਾਂ, ਮੇਰੇ ਲਈ ਇਹ ਇਕ ਸਹਿਜ ਕਰਮ ਹੀ ਹੈ, ਭੁੱਖ ਲੱਗਣ ਵਾਂਗ ਤੇ ਸਾਹ ਲੈਣ ਵਾਂਗ। ਮੈਨੂੰ ਇਸ ਲਈ ਕੋਈ ਉਚੇਚ ਨਹੀਂ ਕਰਨੀ ਪੈਂਦੀ ਪਰ ਲਿਖਦੀ ਮੈਂ ਉਦੋਂ ਹੀ ਹਾਂ ਜਦੋਂ ਮੇਰਾ ਅਚੇਤ ਮਨ ਸਭ ਕੁਝ ਤਿਆਰ ਕਰ ਬੈਠਦੈ ਤੇ ਫੇਰ ਲਿਖਣ ਵਿਚ ਮਹਿਮਾਨਾਂ ਦਾ ਆ ਜਾਣਾ, ਟੀ.ਵੀ. ਦੀ ਆਵਾਜ਼ ਜਾਂ ਸ਼ੀਲਾ ਦਾ ਕਈ ਵਾਰੀ ਆ ਕੇ ਪੁੱਛਣਾਂ ਕਿ ਕੀ ਬਨਾਉਣੈ, ਕੋਈ ਵੀ ਗੱਲ ਮੇਰੇ ਲਿਖਣ ਵਿਚ ਵਿਘਨ ਨਹੀਂ ਪਾਉਂਦੀ।

**ਤਾਲਸਤਾਏ ਨੇ ਜੰਗ ਤੇ ਅਮਨ ਛਪਣ ਤੋਂ ਪਹਿਲਾਂ ਵੀਹ ਤੋਂ ਵੱਧ ਵਾਰ ਪੜ੍ਹਿਆ ਤੇ ਸੋਧਿਆ ਸੀ। ਕੀ ਤੁਹਾਨੂੰ ਆਪਣੇ ਨਾਵਲ ਲਿਖ ਕੇ ਦੁਬਾਰਾ ਪੜ੍ਹਨ, ਸੋਧਣ ਜਾਂ ਕੁਝ ਵਕਫਾ ਦੇ ਕੇ ਮੁੜ ਵਿਚਾਰਨ ਦੀ ਲੋੜ ਨਹੀਂ ਪੈਂਦੀ?**

ਆਮ ਕਰਕੇ ਨਹੀਂ ਪੈਂਦੀ।

**ਤੁਹਾਡਾ ਬਿਆਨ ਕਿ ਕੋਈ ਲੇਖਕ ਆਪਣੇ ਤੋਂ ਵੱਡਾ ਕੁਝ ਨਹੀਂ ਲਿਖ ਸਕਦਾ ਪਰ ਹਰ ਲੇਖਕ ਹਰ ਸਮੇਂ ਬਲਕਿ ਹਰ ਇਨਸਾਨ ਵੀ ਹਰ ਸਮੇਂ ਮਾਨਸਿਕ ਤੌਰ ਤੇ ਇਕੋ ਜਿੰਨੇ ਕੱਦ ਬੁੱਤ ਦਾ ਨਹੀਂ ਰਹਿੰਦਾ। ਰੱਬ ਹੁੰਦਾ ਹਾਂ ਮੈਂ ਜਦੋਂ ਕਲਮ ਚੁੱਕਦਾ ਹਾਂ, ਬੇਦੀ ਨੇ ਕਦੇ ਕਿਹਾ ਸੀ। ਸਿਰਜਣਹਾਰ ਕਈ ਵਾਰ ਆਪਣੀ ਹੀ ਰਚਨਾਂ ਤੇ ਹੈਰਾਨ ਹੁੰਦੇ ਹਨ। ਤੁਹਾਡਾ ਵਿਚਾਰ ਕੀ ਹੈ?**

ਮੇਰਾ ਵਿਚਾਰ ਅਜੇ ਵੀ ਇਹੀ ਹੈ ਕਿ ਸਿਰਜਣਾਤਮਕ ਪਲਾਂ ਵਿਚ ਵੀ ਲੇਖਕ ਆਪਣੇ ਆਪ ਤੋਂ ਵੱਡਾ ਨਹੀਂ ਹੁੰਦਾ। ਜੋ ਕੁਝ ਵੱਡਾ ਰਚਦਾ ਹੈ ਤਾਂ ਇਹ ਉਸਦੀ ਆਪਣੀ ਸਮਰੱਥਾ ਹੀ ਹੁੰਦੀ ਹੈ। ਮੈਨੂੰ ਲੱਗਦਾ ਹੈ ਕਿ ਰਾਮਾਇਣ ਤੇ ਮਹਾਂਭਾਰਤ ਇਸੇ ਲਈ ਵੱਡੀਆਂ ਰਚਨਾਵਾਂ ਨੇ ਕਿਉਂਕਿ ਉਹਨਾਂ ਨੂੰ ਰਚਣ ਵਾਲੇ ਰਿਸ਼ੀ ਸਨ। ਅਸੀਂ ਇਸੇ ਲਈ ਓਡੀ ਵੱਡੀ ਰਚਨਾ ਨਹੀਂ ਕਰ ਸਕੇ ਕਿਉਂਕਿ ਅਸੀਂ ਓਡੇ ਵੱਡੇ ਇਨਸਾਨ ਨਹੀਂ।

**''ਮੇਰਾ ਵੱਸ ਚੱਲੇ ਤਾਂ ਮੈਂ ਪਤਾ ਨਹੀਂ ਤੈਨੂੰ ਕੀ ਬਣਾ ਦਿਆਂ। ਮੈਂ ਤੈਨੂੰ ਕਦੇ ਦੱਸਿਆ ਨਹੀਂ, ਮੈਂ ਤੇਰੇ 'ਉਤੇ' ਦੋ ਤਿੰਨ ਕਵਿਤਾਵਾਂ ਵੀ ਲਿਖੀਆਂ ਹਨ।'' ਮੋਹਨ ਸਿੰਘ ਨੇ ਤੁਹਾਨੂੰ ਕਿਹਾ ਸੀ। ਏਡੇ ਚੰਗੇ ਸ਼ਾਇਰ ਦੀਆਂ ਇਹ ਕਵਿਤਾਵਾਂ ਦੇਖਣ ਜਾਂ ਸੁਣਨ ਦਾ ਦਿਲ ਨਹੀਂ ਸੀ ਕੀਤਾ ਕਦੇ?**

ਸੱਚ ਤਾਂ ਇਹ ਹੈ ਕਿ ਇਹੋ ਜਿਹੀਆਂ ਗੱਲਾਂ ਮੈਨੂੰ ਹਾਸੋਹੀਣਆਂ ਲੱਗਦੀਆਂ ਸਨ ਤੇ ਮੈਂ ਸੋਚਦੀ ਸਾਡੇ ਦਾਨੇ ਲੋਕ ਕਿਧਰ ਚਲੇ ਗਏ?

**ਕਿੰਨੇ ਸਾਰੇ ਲੇਖਕ ਅੰਮ੍ਰਿਤਾ ਪ੍ਰੀਤਮ ਦੇ ਮੁਕਾਬਲੇ ਤੇ ਮੋਹਨ ਸਿੰਘ ਨੂੰ ਵੱਡਾ ਕਵੀ ਮੰਨਦੇ ਹਨ। ਕੀ ਤੁਸੀਂ ਉਨ੍ਹਾਂ ਨਾਲ ਸਹਿਮਤ ਹੋ?**

ਮੈਂ ਪਹਿਲਾਂ ਵੀ ਆਖਿਆ ਹੈ ਕਿ ਲੋਕਾਂ ਦੇ ਕਿਸੇ ਨੂੰ ਵੱਡਾ ਜਾਂ ਛੋਟਾ ਆਖਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਲੇਖਕਾਂ ਦੇ ਜੀਉਂਦਿਆਂ ਜਿਹੜੇ ਫੈਕੀਤੇ ਜਾਂਦੇ ਨੇ, ਉਸ ਵਿਚ ਫੈਨਿਰੋਲ ਸਾਹਿਤ ਬਾਰੇ ਨਹੀਂ ਹੁੰਦਾ, ਉਸ ਵਿਚ ਲੇਖਕ ਦੀ ਸ਼ਖ਼ਸੀਅਤ ਅਤੇ ਗੱਲ ਕਰਨ ਵਾਲੇ ਦੀ ਸ਼ਖ਼ਸੀਅਤ ਵੀ ਰਲੀਆਂ ਹੁੰਦੀਆਂ ਨੇ, ਜਿਸ ਕਰਕੇ ਉਹ ਅਸਲੀ ਫੈਦੇਣ ਬਾਰੇ ਖੁੰਝ ਵੀ ਜਾਂਦੇ ਹਨ।



**"ਤੈਰ ਲੈਣਾ, ਬੰਦੂਕ ਚਲਾ ਲੈਣੀ, ਘੋੜ ਸਵਾਰੀ ਕਰ ਲੈਣੀ ਤੇ ਕਾਰ ਚਲਾ ਲੈਣੀ ਇਹ ਕੋਈ ਆਮ ਕੁੜੀਆਂ ਵਾਲੇ ਕੰਮ ਥੋੜ੍ਹੇ ਨੇ।" ਤੁਹਾਡੀ ਲਿਖਤ। ਤੁਸੀਂ ਆਮ ਪੰਜਾਬਣਾਂ ਨਾਲੋਂ ਆਪਣੇ ਆਪ ਨੂੰ ਕਿੰਨਾ ਕੁ ਨਿਖੇੜਦੇ ਹੋ?**

ਮੈਂ ਜਿਸ ਘਰ ਵਿਚ ਵੱਡੀ ਹੋਈ ਉਥੇ ਮੈਨੂੰ ਪੁੱਤਰਾਂ ਵਾਂਗੂੰ ਪਾਲਿਆ ਗਿਆ ਸੀ। ਇਸੇ ਕਰਕੇ ਫੁੱਫੜ ਜੀ ਤੇ ਬਾਪੂ ਜੀ ਵੀ ਮੈਨੂੰ ਬੇਟੀ ਦੀ ਥਾਂ ਸਾਡਾ ਬੇਟਾ ਆਖ ਕੇ ਬੁਲਾਉਂਦੇ ਸਨ। ਮੇਰੀ ਪਰਵਰਿਸ਼, ਸ਼ਹਿਰੋਂ ਬਾਹਰ ਇਕ ਵੱਡੀ ਸਾਰੀ ਕੋਠੀ ਵਿਚ ਹੋਈ ਜਿਸ ਕਰਕੇ ਗਲੀ ਗੁਆਂਢ ਨਾਲ ਕੋਈ ਵਾਹ ਵਾਸਤਾ ਨਹੀਂ ਸੀ। ਇਹ ਤਾਂ ਮੈਨੂੰ ਬਹੁਤ ਪਿੱਛੋਂ ਜਾ ਕੇ ਪਤਾ ਲੱਗਿਆ ਕਿ ਕੁੜੀਆਂ ਨੂੰ ਮੁੰਡਿਆਂ ਨਾਲੋਂ ਘੱਟ ਪਸੰਦ ਕੀਤਾ ਜਾਂਦਾ ਹੈ। ਏਨਾਂ ਗੱਲਾਂ ਨੇ ਮੇਰੇ ਸੁਭਾਅ ਵਿਚ ਵੀ ਕੁਝ ਫ਼ਰਕ ਪਾਇਆ ਹੋਵੇਗਾ। ਇਹ ਤਾਂ ਤੁਸੀਂ ਹੀ ਦੱਸ ਸਕਦੇ ਹੋ ਕਿ ਮੈਂ ਬਾਕੀ ਪੰਜਾਬਣਾਂ ਨਾਲੋਂ ਕਿਵੇਂ ਵੱਖਰੀ ਆਂ।

**"ਹਰ ਕਾਮਯਾਬ ਔਰਤ ਪਿੱਛੇ ਕੋਈ ਆਦਮੀ ਵੀ ਤਾਂ ਹੁੰਦਾ ਹੈ।" ਹੈਰਾਨੀ ਦੀ ਗੱਲ ਹੈ ਕਿ ਇਹ ਅਸਲੀਅਤ ਤੁਹਾਡੇ ਸਮੇਤ ਕੋਈ ਵੀ ਮੰਨਣ ਲਈ ਤਿਆਰ ਨਹੀਂ।**

ਇਸ ਲਈ ਕਿ ਆਪਣੇ ਆਪੇ ਨੂੰ ਮਿਟਾ ਕੇ ਦੂਸਰੇ ਲਈ ਸਮਰਪਿਤ ਹੋ ਕੇ ਜੀਉਣਾ ਔਰਤਾਂ ਦੇ ਹੀ ਹਿੱਸੇ ਆਇਆ ਹੈ। ਕੋਈ ਵਿਰਲਾ ਹੀ ਮਰਦ ਇਹ ਕਰ ਸਕਦਾ ਹੈ। ਜਿਸ ਕਰਕੇ ਆਮ ਕਾਮਯਾਬ ਔਰਤਾਂ ਦੇ ਘਰ ਸਾਬਤ ਸਬੂਤ ਨਹੀਂ ਰਹਿੰਦੇ। ਮੇਰਾ ਘਰ ਇਸੇ ਲਈ ਸਾਬਤ ਸਬੂਤ ਹੈ ਕਿ ਮੈਂ ਆਪਣੇ ਆਪ ਨੂੰ ਕਦੇ ਬਹੁਤ ਵੱਡੀ ਜਾਂ ਕਾਮਯਾਬ ਨਹੀਂ ਸਮਝਿਆ। ਸ਼ਾਇਦ ਇਹੀ ਕਾਰਨ ਹੈ ਕਿ ਮੇਰੀ ਲੋਕਾਂ ਨੂੰ ਲੱਗਣ ਵਾਲੀ ਵੱਡੀ ਕਾਮਯਾਬੀ ਵੀ ਮੇਰੇ ਧੁਰ ਅੰਦਰ ਤੱਕ ਨਹੀਂ ਲਹਿੰਦੀ। ਮੈਨੂੰ ਇਹ ਵੀ ਮੰਨਣ ਵਿਚ ਕੋਈ ਸੰਕੋਚ ਨਹੀਂ ਕਿ ਪ੍ਰੋ. ਭੁਪਿੰਦਰ ਸਿੰਘ ਮੇਰੇ ਪੜ੍ਹਨ ਲਿਖਣ ਦੇ ਕੰਮ ਵਿਚ ਕੋਈ ਵਿਘਨ ਨਹੀਂ ਪਾਉਂਦੇ। ਘਰ ਤੇ ਅਸਰ ਪਾਉਣ ਵਾਲੀਆਂ ਮਹਿਫ਼ਲਾਂ, ਫੰਕਸ਼ਨਾਂ, ਉਦਘਾਟਨਾਂ ਜਾਂ ਇਨਾਮਾਂ ਸਨਮਾਨਾਂ ਵਿਚ ਮੇਰੀ ਕੋਈ ਦਿਲਚਸਪੀ ਨਹੀਂ।

**ਕਵਿਤਾ ਵੱਲ ਤਾਂ ਤੁਹਾਡਾ ਪਹਿਲਾਂ ਤੋਂ ਹੀ ਓਨਾ ਝੁਕਾਅ ਨਹੀਂ ਸੀ। ਸਮਾਂ ਪੈਣ ਨਾਲ ਤੁਸੀਂ ਕਹਾਣੀ ਤੋਂ ਵੀ ਪਿੱਛੇ ਹਟਦੇ ਗਏ। ਕੀ ਇਹਦਾ ਕੋਈ ਖ਼ਾਸ ਕਾਰਣ ਸੀ?**

ਹਰ ਰਚਨਾ ਆਪਣੀ ਵਿਧਾ ਆਪ ਡਿਟਰਮਿੰਨ ਕਰਦੀ ਹੈ। ਮੇਰੀ ਗੱਲ ਆਖਣ ਦੇ ਕਹਾਣੀ ਜਦੋਂ ਸਮਰੱਥ ਨਾ ਰਹੀ ਤਾਂ ਨਾਵਲ ਲਿਖੇ ਗਏ। ਕਵਿਤਾ ਮੈਂ ਲਿਖੀ ਤਾਂ ਸਹੀ। ਨਿੱਕੀਆਂ ਨਿੱਕੀਆਂ ਕਵਿਤਾਵਾਂ ਨਾਲ ਇਕ ਰਜਿਸਟਰ ਭਰ ਗਿਆ ਸੀ, ਪਤਾ ਨਹੀਂ ਉਹ ਕਿਥੇ ਗੁਆਚ ਗਿਆ। ਮੈਨੂੰ ਕਵਿਤਾ ਦੀ ਤਕਨੀਕ ਦੀ ਬਹੁਤੀ ਸਮਝ ਨਹੀਂ ਸੀ ਇਸੇ ਕਰਕੇ ਮੈਂ ਇਹ ਪਾਸਾ ਹੀ ਛੱਡ ਦਿੱਤਾ।

**ਕੀ ਤੁਸੀਂ ਆਪਣੀ ਮਾਸਟਰਪੀਸ ਰਚਨਾ ਅਜੇ ਲਿਖਣੀ ਹੈ?**

ਹਰ ਰਚਨਾ ਛਪਣ ਤੋਂ ਮਗਰੋਂ ਕੁਝ ਚਿਰ ਤੱਕ ਮੈਨੂੰ ਚੰਗੀ ਲੱਗਦੀ ਹੈ ਪਰ ਫੇਰ ਲੱਗਣ ਲੱਗ ਜਾਂਦੈ ਕਿ ਬਹੁਤ ਵਧੀਆ ਰਚਨਾ ਤਾਂ ਅਜੇ ਮੈਂ ਕਰਨੀ ਹੈ।

**ਇਕ ਵਾਰ ਤੁਸੀਂ ਪੰਜਾਬੀ ਦੇ ਵੱਡੇ ਲੇਖਕਾਂ ਨੂੰ ਮਿਲੇ ਸੀ ਤਾਂ ਖ਼ਿਆਲ ਆਇਆ ਸੀ ਕਿ ਇਹ ਲੋਕ ਕਿੰਨੇ ਫਜ਼ੂਲ ਲਗਦੇ ਹਨ। ਪਲੈਟੋ ਵੀ ਕਲਾਕਾਰਾਂ ਨੂੰ ਗਲੇ ਵਿਚ ਹਾਰ ਪਾ ਕੇ ਸਮਾਜ ਵਿਚੋਂ ਤੋਰ ਦੇਣ ਦੀ ਗੱਲ ਕਰਦਾ ਹੈ। ਕੀ ਹਰ ਸਮਝਦਾਰ ਮਨੁੱਖ ਲਈ ਲੇਖਕ ਸੱਚਮੁਚ ਹੀ ਫਜ਼ੂਲ ਨਹੀਂ ਹੁੰਦੇ?**

ਲੇਖਕ ਫਜ਼ੂਲ ਨਹੀਂ ਹੁੰਦੇ ਪਰ ਕਈ ਵਾਰੀ ਉਹ ਬੜੀਆਂ ਫਜ਼ੂਲ ਗੱਲਾਂ ਕਰਦੇ ਨੇ ਕਿਉਂਕਿ ਉਹ ਸਮਝਣ ਲੱਗ ਜਾਂਦੇ ਨੇ ਅਸੀਂ ਲੇਖਕ ਜੋ ਹੋਏ ਜੋ ਮਰਜ਼ੀ ਕਰੀਏ, ਜੋ ਮਰਜ਼ੀ ਆਖੀਏ। ਇਸੇ ਲਈ ਕਈ ਲੇਖਕ ਲਿਖਤਾਂ ਵਿਚ ਵੀ ਆਪਣੀਆਂ ਹੀ ਗੱਲਾਂ ਕਰੀ ਜਾਂਦੇ ਨੇ। ਕਈ ਲੇਖਕ ਤੇ ਲੇਖਿਕਾਵਾਂ ਆਪਣੇ ਜੀਉਣ ਢੰਗ ਨੂੰ ਹੀ ਜਸਟੀਫਾਈ ਕਰੀ ਜਾਂਦੇ ਨੇ। ਇਸੇ ਲਈ ਇਕ ਕਿਤਾਬ ਦੇ ਸਮਰਪਣ ਵਿਚ ਮੈਂ ਲਿਖਿਆ ਸੀ, "ਉਨ੍ਹਾਂ ਸਾਹਿਤਕਾਰਾਂ ਦੇ ਨਾਂ ਜਿਹੜੇ ਸਾਹਿਤ ਲਿਖਦੇ ਹੀ ਨਹੀਂ ਸਾਹਿਤ ਜੀਉਂਦੇ ਵੀ ਨੇ।" ਮੇਰੇ ਅਨੁਸਾਰ ਸਾਹਿਤ ਲਿਖਣਾ ਹੋਰ ਗੱਲ ਹੈ, ਸਾਹਿਤ ਜੀਉਣਾ ਹੋਰ ਗੱਲ ਹੈ। ਉਸੇ ਤਰ੍ਹਾਂ ਜਿਵੇਂ ਗੁਰਬਾਣੀ ਪੜ੍ਹਨਾ ਹੋਰ ਗੱਲ ਹੈ ਪਰ ਗੁਰਬਾਣੀ ਅਨੁਸਾਰ ਜੀਉਣਾ ਹੋਰ ਗੱਲ।

**ਇਉਂ ਲੱਗਦਾ ਹੈ ਕਿ ਤੁਸੀਂ ਅੱਖਰਾਂ ਦੀ ਚਿਣਾਈ ਕਰਨ ਦੇ ਧੰਦੇ ਵਿਚ ਸਬੱਬ ਨਾਲ ਹੀ ਪੈ ਗਏ, ਪਰ ਧੁਰ ਅੰਦਰੋਂ ਕਿਸੇ ਹੋਰ ਵੱਡੇ ਕੰਮ ਲਈ ਬਣੇ ਸੀ। ਉਹ ਵੱਡਾ ਕੰਮ ਕਿਹੜਾ ਹੋ ਸਕਦਾ ਸੀ?**

ਮੈਨੂੰ ਨਹੀਂ ਪਤਾ ਉਹ ਵੱਡਾ ਕੰਮ ਕਿਹੜਾ ਹੋ ਸਕਦਾ ਸੀ, ਇੰਨਾ ਮੈਨੂੰ ਜ਼ਰੂਰ ਪਤੈ ਭਾਵੇਂ ਮੈਂ ਡਾਕਟਰ ਹੁੰਦੀ ਜਾਂ ਆਈ.ਏ. ਐਸ ਮੈਂ ਕਾਮਯਾਬ ਹੀ ਹੋਣਾ ਸੀ। ਹੁਣ ਏਨਾ ਕੁਛ ਪੜ੍ਹਨ ਲਿਖਣ ਤੋਂ ਮਗਰੋਂ ਲੱਗਦੈ ਐਵੇਂ ਜ਼ਿੰਦਗੀ ਲੰਘ ਗਈ ਸੰਸਾਰ ਵਿਚ ਤਾਂ ਬਹੁਤ ਕੁਝ ਵਧੀਆ ਪੜ੍ਹਨ ਵਾਲਾ ਤੇ ਦੇਖਣ ਵਾਲਾ ਪਿਐ। ਸੰਸਾਰ ਵਿਚ ਬਹੁਤ ਵਧੀਆ ਇਨਸਾਨ ਵੀ ਹੈਗੇ।

**ਅੱਜ ਦੀ ਔਰਤ- "ਨਾ ਤਾਂ ਏਡੀ ਕਮਜ਼ੋਰ ਹੈ ਕਿ ਸ਼ੈਅ ਬਣ ਕੇ ਜੀਅ ਸਕੇ ਤੇ ਨਾ ਹੀ ਏਡੀ ਤਕੜੀ ਕਿ ਮਨ ਮਰਜ਼ੀ ਦਾ ਰਾਹ ਲੱਭ ਲਵੇ।" ਇਹ ਮਨ ਮਰਜ਼ੀ ਦਾ ਰਾਹ ਲੱਭਣਾ ਕੀ ਮਰਦਾਂ ਸਮੇਤ ਵੀ ਹਰ ਪ੍ਰਾਣੀ ਦੀ ਮਜ਼ਬੂਰੀ ਨਹੀਂ।**

ਮੈਂ ਇਥੇ ਅੱਜ ਦੇ ਸਮੇਂ ਦੀ ਔਰਤ ਦੀ ਗੱਲ ਕੀਤੀ ਹੈ ਜਿਹੜੀ ਪਰੰਪਰਾ ਨੂੰ ਤਿਆਗ ਰਹੀ ਹੈ ਤੇ ਆਧੁਨਿਕਤਾ ਨੂੰ ਪੂਰਨ ਭਾਂਤ ਸਮਝ ਨਹੀਂ ਰਹੀ। ਉਹ ਆਪਣੇ ਹੱਕਾਂ ਦੀ ਤਾਂ ਗੱਲ ਕਰਦੀ ਹੈ, ਫਰਜ਼ ਚੇਤੇ ਨਹੀਂ। ਮੈਂ ਅੰਮ੍ਰਿਤਾ ਬਾਰੇ ਵੀ ਇਹੀ ਆਖਦੀ ਹੁੰਨੀ ਆਂ ਕਿ ਉਸਨੇ ਘਬਰਾ ਕੇ ਪਿਛਲਾ ਕਦਮ ਤਾਂ ਚੁੱਕ ਲਿਆ ਅਗਲਾ ਕਿਥੇ ਟਿਕਾਵੇ, ਇਸ ਦਾ ਫ਼ੈਸਲਾ ਨਹੀਂ ਕਰ ਸਕੀ। ਇਸੇ ਕਾਰਨ 'ਹੱਕ ਜਿੰਨਾ ਦੇ ਆਪਣੇ ਆਪ ਲੈਣਗੇ ਖੋਹ' ਆਖਣ ਵਾਲੀ ਔਰਤ ਅਖ਼ੀਰਲੀ ਉਮਰ ਵਿਚ ਹਸਤ ਰੇਖਾਵਾਂ, ਗ੍ਰਹਿ ਚੱਕਰ ਤੇ ਜੋਤਿਸ਼ ਵਰਗੀਆਂ ਗੱਲਾਂ ਵਿਚ ਆਸਥਾ ਦਿਖਾਉਣ ਲੱਗ ਪਈ ਸੀ।

**ਤੁਹਾਡੀ ਦੁੱਗਲ ਤੇ ਅੰਮ੍ਰਿਤਾ ਨਾਲ, ਜੋ ਕੁਝ ਗਜ਼ਾਂ ਦੇ ਫ਼ਾਸਲੇ 'ਤੇ ਹੀ ਰਹਿੰਦੇ ਸਨ, ਬਹੁਤ ਨੇੜਤਾ ਰਹੀ ਪਰ ਤੁਸੀਂ ਇਹ ਵੀ ਕਿਹਾ ਕਿ ਇਹ ਇਕ ਦੂਜੇ ਵਲ ਬਾਰੀ ਨਹੀਂ ਸੀ ਖੋਲ੍ਹਦੇ। ਕੀ ਰੇੜਕਾ ਸੀ ਇਨ੍ਹਾਂ ਦਾ?**

ਨਾ ਹੀ ਮੈਂ ਅੰਮ੍ਰਿਤਾ ਤੋਂ ਤੇ ਨਾ ਹੀ ਦੁੱਗਲ ਤੋਂ ਇਸ ਗੱਲ ਬਾਰੇ ਕਦੇ ਕੁਝ ਪੁੱਛਿਆ ਸੀ। ਦੁੱਗਲ ਹੋਰਾਂ ਦੀ ਬੀਵੀ ਆਇਸ਼ਾ ਨਾਲ ਮੇਰੀ ਦੁੱਗਲ ਹੋਰਾਂ ਤੋਂ ਵੀ ਵੱਧ ਬਣਦੀ ਸੀ ਤੇ ਮੈਂ ਦੁੱਗਲ ਹੋਰਾਂ ਨੂੰ ਆਖਦੀ ਹੁੰਦੀ ਸੀ ਕਿ ਤੁਸੀਂ ਬੜੇ ਦੂਰਦਰਸ਼ੀ ਹੋ, ਡਾਕਟਰਨੀ ਬੀਵੀ ਨਾਲ ਵਿਆਹ ਕਰਵਾ ਲਿਆ ਤਾਂ ਜੋ ਤੁਹਾਡੀ ਸਿਹਤ ਦਾ ਉਹ ਖ਼ਿਆਲ ਰੱਖੇ ਤੇ ਤੁਸੀਂ ਆਪਣੇ ਕੰਮ ਲੱਗੇ ਰਹੋ।

**ਦੁੱਗਲ ਨੇ ਇਕ ਵਾਰ ਤੁਹਾਨੂੰ ਦਿੱਲੀ ਆ ਜਾਣ ਲਈ ਆਖਿਆ ਸੀ ਤਾਂ ਤੁਹਾਡਾ ਜਵਾਬ ਸੀ, "ਭਾਪੇ ਥੋੜ੍ਹੀ ਆਂ ਅਸੀਂ, ਜਿਥੇ ਮਰਜ਼ੀ ਹੱਟੀ ਚੁੱਕ ਕੇ ਲੈ ਜਾਈਏ।" ਇਹ ਗੱਲ ਬਹੁਤ ਦਕਿਆਨੂਸੀ ਤੇ ਪਿਛਾਂਹਖਿੱਚੂ ਨਹੀਂ ਸੀ ਤੁਹਾਡੀ?**

ਇਹ ਗੱਲ ਮੈਂ ਦੁੱਗਲ ਹੋਰਾਂ ਨੂੰ ਨਹੀਂ ਸੀ ਕਹੀ, ਅਤਰ ਸਿੰਘ ਨੂੰ ਖਿੱਝ ਕੇ ਕਹੀ ਸੀ ਕਿਉਂਕਿ ਬਥੇਰੀ ਵਾਰ ਮੈਂ ਜੱਟਾਂ ਬਾਰੇ ਮਿਹਣੇ ਸੁਣ ਚੁੱਕੀ ਸੀ। ਦੂਸਰਾ ਮੈਨੂੰ ਡਾ. ਅਤਰ ਸਿੰਘ, ਹਰਿਭਜਨ ਸਿੰਘ ਸਮੇਤ ਕਈ ਵਾਰੀ ਇਹ ਆਖ ਚੁੱਕੇ ਸਨ ਕਿ ਮਹਾਂਨਗਰ ਚੇਤਨਾ ਤੋਂ ਬਿਨਾਂ ਕੋਈ ਵੱਡੀ ਰਚਨਾ ਨਹੀਂ ਕੀਤੀ ਜਾ ਸਕਦੀ ਹੁੰਦੀ। ਜੇ ਕੁਝ ਚੰਗਾ ਲਿਖਣੈ ਤਾਂ ਦਿੱਲੀ ਆਉਣਾ ਪਏਗਾ। ਮੈਂ ਉਨ੍ਹਾਂ ਨੂੰ ਇਹੀ ਆਖਣਾ ਚਾਹੁੰਦੀ ਸੀ ਕਿ ਮਹਾਂਨਗਰ ਚੇਤਨਾ ਕਿਸੇ ਨੂੰ ਮਹਾਨ ਨਹੀਂ ਬਣਾ ਦਿੰਦੀ। ਇਸ ਤਰ੍ਹਾਂ ਤਾਂ ਜੰਗਲਾਂ ਵਿਚ ਰਹਿ ਕੇ ਰਿਸ਼ੀ ਕੋਈ ਵੱਡੀ ਰਚਨਾ ਕਰ ਹੀ ਨਾ ਸਕਦੇ।

**ਪਿਛਾਂਹ ਮੁੜਕੇ ਦੇਖਦੇ ਹੋ ਤਾਂ ਤੁਹਾਨੂੰ ਆਪਣਾ ਜੀਵਨ ਸਫ਼ਲ ਲੱਗਦਾ ਹੈ ਜਾਂ ਨਹੀਂ। ਜੇ ਇਕ ਵਾਰੀ ਹੋਰ ਮਿਲ ਜਾਵੇ ਤਾਂ ਕਿਵੇਂ ਗੁਜ਼ਾਰਨਾ ਚਾਹੋਗੇ?**

ਪਤਾ ਨਹੀਂ ਕਿਉਂ ਮੈਨੂੰ ਆਪਣੀਆਂ ਲਿਖੀਆਂ ਇਹ ਲਾਈਨਾਂ ਵਧੀਆ ਲੱਗਦੀਆਂ ਨੇ –

ਨਿੱਤ ਸੂਰਜ ਆ ਕੇ ਪੁੱਛਦਾ
ਅੱਜ ਦਾ ਦਿਨ ਕਿਸ ਲੇਖੇ ਲਾਉਣਾ,
ਨਿੱਤ ਤਾਰਿਆਂ ਨੂੰ ਮੈਂ ਦੱਸਦੀ
ਅੱਜ ਦਾ ਦਿਨ ਬੇਅਰਥ ਗਵਾਇਆ,
ਅਰਥ ਤੋਂ ਬੇਅਰਥ ਤੱਕ ਦਾ
ਪੈਂਡਾ ਮੈਂ ਨਿੱਤ ਹੰਢਾਵਾ।

ਪੰਜਾਬ ਯੂਨੀਵਰਸਿਟੀ ਦੀ ਪਹਿਲੀ ਔਰਤ ਪੀ-ਐਚ.ਡੀ ਹੋਣਾ, ਪੰਜਾਬੀ ਯੂਨੀਵਰਸਿਟੀ ਦੀ ਪਹਿਲੀ ਔਰਤ ਲੈਕਚਰਾਰ, ਰੀਡਰ, ਪ੍ਰੋਫ਼ੈਸਰ, ਹੈੱਡ ਤੇ ਡੀਨ ਹੋਣਾ, ਏਨੀਆਂ ਸਾਰੀਆਂ ਕਿਤਾਬਾਂ ਲਿਖ ਦੇਣਾ, ਏਨੇ ਸਾਰੇ ਮਾਣ ਸਨਮਾਨ ਲੈ ਲੈਣੇ, ਸੱਚ ਜਾਣਿਓ ਮੇਰੇ ਮਨ ਵਿਚ ਧੁਰ ਥੱਲੇ ਕੋਈ ਵੀ ਅਸਰ ਨਹੀਂ ਕਰਦੇ। ਮੈਨੂੰ ਇਹ ਵੀ ਸਮਝ ਨਹੀਂ ਲੱਗਦੀ ਕਿ ਹੋਰ ਮੈਂ ਕੀ ਹੁੰਦੀ ਜਾਂ ਕਰਦੀ ਕਿ ਮਨ ਦੀ ਤਸੱਲੀ ਹੁੰਦੀ। ਬਹੁਤ ਵਾਰੀ ਮੈਨੂੰ ਸਫ਼ਰ ਦੇ ਸੁਪਨੇ ਆਉਂਦੇ ਨੇ, ਕਈ ਵਾਰੀ ਤਾਂ ਸਵੇਰੇ ਥੱਕੀ ਟੁੱਟੀ ਜਾਗਦੀ ਹਾਂ, ਜਿਵੇਂ ਮੈਂ ਪਤਾ ਨਹੀਂ ਕਿਹੜੀਆਂ ਧਰਤੀਆਂ, ਕਿਹੜੇ ਨਕਸ਼ੱਤਰਾਂ, ਕਿਹੜੇ ਯੁੱਗਾਂ ਵਿਚ, ਕਿਹੜੇ ਲੋਕਾਂ ਵਿਚ ਘੁੰਮਦੀ ਰਹੀ ਹੋਵਾਂ। ਮੇਰੇ ਘਰ ਦੇ ਆਖਦੇ ਨੇ ਕਿ ਮੈਨੂੰ ਘਰਦਿਆਂ ਤੇ ਬੇਗਾਨਿਆਂ 'ਚ ਕੋਈ ਫ਼ਰਕ ਨਹੀਂ ਦਿੱਸਦਾ। ਪਤਾ ਨਹੀਂ ਮੈਂ ਕਿਸ ਮਿੱਟੀ ਦੀ ਬਣੀ ਹੋਈ ਆਂ, ਆਲੇ ਦੁਆਲੇ ਦੇ ਰੀਬ ਗੁਰਬੇ ਦੇ ਦੁੱਖਾਂ ਸੁੱਖਾਂ ਵਿਚ ਏਨਾ ਭਿੱਜ ਜਾਂਦੀ ਹਾਂ ਕਿ ਆਪਣਾ ਭਾਵੇਂ ਪਿਛਲੇ ਅਨੇਕਾਂ ਸਾਲਾਂ ਵਿਚ ਕੋਈ ਵੀ ਬੰਦਾ ਯੂਨੀਵਰਸਿਟੀ ਵਿਚ ਨਹੀਂ ਲਗਵਾਇਆ ਪਰ ਲੈਕਚਰਾਰ, ਪ੍ਰੋਫ਼ੈਸਰਾਂ ਤੋਂ ਬਿਨਾਂ ਅਨੇਕਾਂ ਯੋਗ ਕਰਮਚਾਰੀ ਹਰੇਕ ਦਰਜੇ ਦੇ ਮੈਂ ਯੂਨੀਵਰਸਿਟੀ ਅਧਿਕਾਰੀਆਂ ਦੇ ਅਹਿਸਾਨ ਲੈ ਲੈ ਕੇ ਲਗਵਾਏ ਨੇ। ਦਿਹਾੜੀਦਾਰਾਂ ਦੀਆਂ ਤਨਖਾਹਾਂ ਵੀ ਵਧਵਾਈਆਂ ਨੇ ਇਸੇ ਲਈ ਸਾਡਾ ਵੀ.ਸੀ ਆਖਦੈ ਮੈਡਮ ਤਾਂ ਬੇਬੇ ਬੋਹੜ ਨੇ। ਜੇ ਦੁਬਾਰਾ ਇਹੀ ਜਿੰਮਿਲ ਜਾਏ ਤਾਂ ਮੈਂ ਉਹ ਸਾਰੀਆਂ ਵਧੀਆ ਕਿਤਾਬਾਂ ਪੜ੍ਹਨ ਦੀ ਕੋਸ਼ਿਸ਼ ਕਰਾਂਗੀ ਜਿਹੜੀਆਂ ਹੁਣ ਰਹਿ ਗਈਆਂ ਨੇ। ਕੁਝ ਉਨ੍ਹਾਂ ਥਾਵਾਂ ਤੇ ਵੀ ਜਾਵਾਂਗੀ ਜਿਥੇ ਅਜੇ ਮੈਂ ਮਨ ਹੀ ਮਨ ਪਹੁੰਚਦੀ ਰਹੀ ਹਾਂ। ਇਹ ਵੀ ਸੰਭਵ ਹੈ ਮੈਂ ਹੁਣ ਨਾਲੋਂ ਵਧੀਆ ਰਚਨਾਵਾਂ ਕਰ ਸਕਾਂ। □

# ਰਬਾਬ ਟੁਣਕਦੀ ਰਹੀ, ਤਲਵਾਰ ਲਿਸ਼ਕਦੀ ਰਹੀ, ਚਿੜੀਆਂ ਉਡਦੀਆਂ ਰਹੀਆਂ!



**ਹਰਭਜਨ ਸਿੰਘ ਦਿਓਲ ਪੰਜਾਬ ਦੇ ਜਨਜੀਵਨ ਦੀ ਜਾਣੀ ਪਛਾਣੀ ਸ਼ਖਸੀਅਤ ਹਨ। ਉਨ੍ਹਾਂ ਨੇ ਕਾਲਜ ਅਧਿਆਪਕ ਵਜੋਂ ਆਪਣਾ ਕੈਰੀਅਰ ਅਰੰਭ ਕੀਤਾ। ਟਰੇਡ ਯੂਨੀਅਨ ਵਿਚ ਸਰਗਰਮ ਰਹੇ। ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਪ੍ਰਬੰਧਕੀ ਮੈਂਬਰ ਵਜੋਂ ਕੰਮ ਕਰਨ ਤੋਂ ਬਾਅਦ ਆਪਣੇ ਚਿਰਪ੍ਰੇਮੀ ਕਿੱਤੇ ਅਧਿਆਪਨ ਨਾਲ ਮੁੜ ਸੰਬੰਧਿਤ ਹੁੰਦਿਆਂ ਪੰਜਾਬੀ ਯੂਨੀਵਰਸਿਟੀ ਦੇ ਲੋਕ ਪ੍ਰਸ਼ਾਸਨ ਵਿਭਾਗ ਵਿਚ ਰੀਡਰ ਵਜੋਂ ਨਿਯੁਕਤ ਹੋਏ। ਕੌਮੀ ਏਕਤਾ ਚੇਅਰ ਦੇ ਪ੍ਰੋਫ਼ੈਸਰ ਅਤੇ ਚੇਅਰਮੈਨ ਵਜੋਂ ਰਿਟਾਇਰ ਹੋਣ ਉਪਰੰਤ ਭਾਰਤ ਸਰਕਾਰ ਦੇ ਘੱਟ ਗਿਣਤੀ ਭਾਸ਼ਾਈ ਕਮਿਸ਼ਨ ਦੇ ਕਮਿਸ਼ਨਰ ਦੇ ਅਹੁਦੇ 'ਤੇ ਬਿਰਾਜਮਾਨ ਹੋਏ, ਜਿਥੋਂ ਸੇਵਾ ਮੁਕਤ ਹੋ ਕੇ ਹੁਣ ਪਟਿਆਲੇ ਰਹਿੰਦੇ ਹਨ। ਉਮਰ ਦੇ ਛੇ ਦਹਾਕਿਆਂ ਦੇ ਲੰਮੇ ਪੈਂਡੇ ਨੇ ਡਾ. ਦਿਓਲ ਦੇ ਬਹੁਵਿਧ ਅਨੁਭਵ ਨੇ ਉਨ੍ਹਾਂ ਅੰਦਰਲੇ ਲੇਖਕ ਨੂੰ ਨਵੇਂ ਦਿਸਹੱਦਿਆਂ ਦੀ ਤਲਾਸ਼ ਵੱਲ ਤੋਰਿਆ ਹੈ। ਨਵੀਂ ਦੁਨੀਆ ਦੇ ਪਾਠਕਾਂ ਲਈ ਇਥੇ ਪੇਸ਼ ਹੈ ਹਰਭਜਨ ਸਿੰਘ ਦਿਓਲ ਦਾ ਲਿਖਿਆ ਭਾਰਤ-ਪਾਕਿ ਵੰਡ ਵੇਲੇ ਦਾ ਇਕ ਮਾਰਮਿਕ ਰੇਖਾ ਚਿੱਤਰ।**

ਉਹ ਤਕਰੀਬਨ ਹਰ ਰੋਜ਼ ਲਾਗਲੇ ਪਿੰਡਾਂ ਤੋਂ ਫਿਰਦਾ ਤੁਰਦਾ ਸਾਡੇ ਪਿੰਡ ਆਉਂਦਾ, ਰਬਾਬ ਵਜਾਉਂਦਾ, ਗੀਤ ਸੁਣਾਉਂਦਾ, ਉਸ ਦੀ ਹੇਕ ਵਿਚ ਦਰਦ ਅਤੇ ਉਸ ਦੀਆਂ ਅੱਖਾਂ ਵਿਚ ਇਕ ਦਰਦ ਦੀ ਦਾਸਤਾਂ ਨਜ਼ਰੀਂ ਪੈਂਦੀ। ਉਸ ਦੀ ਮੁਸਕਾਨ ਰਬਾਬ ਦੀਆਂ ਤਰਬਾਂ ਦੀ ਥਰਥਰਾਹਟ ਵਿਚ ਗੁੰਮ ਜਾਂਦੀ। ਮਰਦ, ਔਰਤਾਂ ਸਭ ਉਸ ਦੇ ਨੇੜੇ ਹੋ ਜਾਂਦੇ। ਮੁਟਿਆਰਾਂ, ਨੂੰਹਾਂ, ਧੀਆਂ ਚੁੱਪ-ਚਾਪ ਉਸ ਦੇ ਗੀਤ ਸੁਣਦੀਆਂ, ਬੱਚੇ ਬੈਠਦੇ, ਉਸ ਦੇ ਨੇੜੇ ਹੋ ਲਿਟਦੇ ਰਹਿੰਦੇ। ਉਸ ਦੀਆਂ ਅੱਖਾਂ ਦੀ ਚਮਕ ਤੇ ਹੋਠਾਂ ਦੀ ਮੁਸਕਾਨ, ਉਸ ਦੇ ਗੀਤਾਂ ਤੇ ਨ੍ਰਿਤ ਕਰਦੇ ਜਾਪਦੇ। ਸਮੁੱਚਾ ਵਾਤਾਵਰਨ ਸੰਗੀਤ ਦੀਆਂ ਕੋਮਲ ਧੁਨੀਆਂ ਨਾਲ ਕੀਲਿਆ ਜਾਂਦਾ, ਜਿਵੇਂ ਕੋਈ ਨੂਰ ਅਰਸ਼ਾਂ ਤੋਂ ਵਰ੍ਹ ਰਿਹਾ ਹੋਵੇ। ਉਹ ਰਬਾਬੀ ਟੁਣਕਾਰ ਨਾਲ, ਅੱਖਾਂ ਬੰਦ ਕਰ ਕੇ ਵੈਰਾਗਮਈ ਅੰਦਾਜ਼ ਵਿਚ ਗੀਤ ਛੋਂਹਦਾ।

**ਉਡ ਉਡ ਚਿੜੀਏ ਨਹੀਂ,**
**ਉਡ ਬਹਿ ਜਾ ਕਾਨੇ**
**ਮੇਰੀ ਅੰਬੜੀ ਬਾਝੋਂ,**
**ਸੱਸ ਦੇਵੇ ਤਾਅਨੇ,**
**ਨੀ ਮੈਂ ਬਾਬਲ ਦਿਤੜੀ ਦੂਰੇ...।**

ਫੇਰ ਓਹ ਅਚਾਨਕ ਚੁੱਪ ਹੋ ਜਾਂਦਾ। ਕੋਈ ਬੋਲ ਨਾ ਬੋਲਦਾ ਤੇ ਨਾ ਹੀ ਕੋਈ ਮੰਗ ਕਰਦਾ। ਉਸ ਦੇ ਇਕ ਮੋਢੇ ਨਾਲ ਦੋ ਝੋਲੀਆਂ ਲਕਟਦੀਆਂ ਹੁੰਦੀਆਂ। ਇਕ ਵਿਚ ਆਟਾ ਤੇ ਦੂਜੀ ਵਿਚ ਦਾਣੇ। ਇਕ ਮੋਢੇ ਨਾਲ ਰਬਾਬ ਲਟਕਦੀ ਰਹਿੰਦੀ। ਲੋਕ ਬਿਨਾ ਕਹਿਣ ਤੋਂ ਅਪਣੇ ਆਪ ਆਟਾ ਦਾਣਾ ਦਿੰਦੇ ਜਾਂਦੇ। ਬੱਚੇ ਆਨਾ ਦੁਆਨੀ ਵੀ ਦੇ ਜਾਂਦੇ। ਉਹ ਮੂੰਹ ਉਪਰ ਚੁੱਕ ਲੈਂਦਾ, ਨੀਲ ਗਗਨ ਵਲ ਨਜ਼ਰ ਘੁਮਾਉਂਦਾ, ਹਲਕਾ ਜਿਹਾ ਮੁਸਕਾਉਂਦਾ ਅਤੇ ਸ਼ੁਕਰਾਨੇ ਵਿਚ ਇਸ ਗੀਤ ਦੀ ਅਗਲੀ ਪੰਗਤੀ ਛੋਂਹਦਾ।

**ਉਡ ਉਡ ਚਿੜੀਏ ਨੀ,**
**ਉਡ ਬਹਿ ਜਾ ਛੱਤਣੀ,**
**ਮੇਰੀ ਭਾਬੋ ਬਾਝੋਂ**
**ਕੌਣ ਭੇਜੇ ਕੱਤਣੀ**
**ਨੀ ਮੈਂ ਬਾਬਲ ਦਿਤੜੀ ਦੂਰੇ...।**

ਗੀਤ ਤਾਂ ਹੋਰ ਵੀ ਗਾਉਂਦਾ ਪਰ 'ਉਡ ਉਡ ਚਿੜੀਏ' ਵਾਲਾ ਉਸ ਦਾ ਵਿਸ਼ੇਸ਼ ਗੀਤ ਸੀ। ਸਹੁਰਿਆਂ ਤੋਂ ਆਈਆਂ ਕੁੜੀਆਂ, ਦਰਵਾਜ਼ਿਆਂ 'ਤੇ ਆਉਂਦੀਆਂ, ਦੇਹਲੀਆਂ 'ਤੇ ਬੈਠ ਕੇ ਗੀਤ ਨਾਲ ਗੀਤ ਹੀ ਹੋਈਆਂ ਲਗਦੀਆਂ। ਉਸ ਦੇ ਰਬਾਬੀ-ਸੰਗੀਤ ਦੀ ਕੋਮਲਤਾ ਸਮਾਜਕ ਤ੍ਰਾਸਦੀ ਦੇ ਯਥਾਰਥ ਵਿਚ ਘੁਲੀ ਮਿਲੀ ਹੋਣ ਕਰ ਕੇ ਦਰਦ ਦੀ ਵੇਦਨਾ ਵਿਚ ਅਲੌਕਿਕ ਵਾਧਾ ਕਰਦੀ। ਹਰ ਤਰ੍ਹਾਂ ਦੇ ਲੋਕ ਉਸ ਦੀ ਕਲਾ ਤੋਂ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਹੁੰਦੇ। ਗਜਾ ਕਰਨ ਵਾਲੇ ਗੁਰਦਵਾਰੇ ਦੇ ਭਾਈ, ਭਗਵੇਂ ਕਪੜਿਆਂ ਵਿਚ ਸੋਭਦੇ ਚਿੱਪੀਆਂ ਵਾਲੇ ਸਾਧੂ ਤੁਰੇ ਜਾਂਦੇ ਰੁਕ ਜਾਂਦੇ ਅਤੇ ਉਸ ਦੇ ਗੀਤਾਂ ਵਿਚ ਆਪਣੀ ਮੁਸਕਾਨ ਘੋਲ ਜਾਂਦੇ। ਉਸ ਸਮੇਂ ਉਹ ਸਭ ਨਜ਼ਰਾਂ ਦਾ ਕੇਂਦਰ ਬਣ ਜਾਂਦਾ। ਉਹ ਪੰਜਾਬੀ ਭੈਣ ਦੇ ਵੀਰ ਪਿਆਰ ਦੇ ਸੂਖਮ ਪਰ ਪਵਿੱਤਰ ਜਜ਼ਬੇ ਨੂੰ ਰਬਾਬ ਦੀਆਂ ਤਰਬਾਂ 'ਤੇ ਲਿਆਉਂਦਾ ਤਾਂ ਲੋਕ ਗੁਰੂ ਨਾਨਕ ਤੇ ਬੇਬੇ ਨਾਨਕੀ ਦੀ ਸਮਾਜੀ, ਅਧਿਆਤਮਕ ਭਾਵਨਾ ਵਿਚ ਗੜੂੰਦ ਹੋ ਜਾਂਦੇ। ਉਹ ਗੁਰੂ ਨਾਨਕ ਸਾਹਿਬ ਨੂੰ ਧਿਆਉਂਦਾ ਅਤੇ ਇਕ ਸੁਰ ਦੀ ਵੇਦਨਾ ਵਿਚ ਗੁਣਗੁਣਾ ਕੇ ਆਵਾਜ਼ ਕੱਢਦਾ।

**ਉਡ ਉਡ ਚਿੜੀਏ ਨੀ,**
**ਉਡ ਬਹਿਜਾ ਬਨੇਰੇ,**
**ਮੇਰੇ ਵੀਰਨ ਬਾਝੋਂ**
**ਕੌਣ ਮਾਰੇ ਫੇਰੇ**
**ਨੀ ਮੈਂ ਬਾਬਲ ਦਿਤੜੀ ਦੂਰੇ...।**

ਫੇਰ ਜਦੋਂ ਗੁਰੂ ਨਾਨਕ ਸਾਹਿਬ ਦਾ ਨਾਮ ਲੈਂਦਾ ਤਾਂ ਸ਼ਰਧਾਮਈ ਧਾਰਮਿਕ ਪ੍ਰਪਕਤਾ ਵਾਲੇ ਲੋਕ ਉਸ ਨੂੰ ਰੱਜਵਾਂ ਦਾਨ ਦਿੰਦੇ। ਬੱਚੇ ਉਸ ਨੂੰ 'ਉਡ ਉਡ ਚਿੜੀਏ' ਆਖ ਕੇ ਬੁਲਾਂਦੇ ਤਾਂ ਉਹ ਮੁਸਕਰਾ ਦਿੰਦਾ। ਜਿਵੇਂ ਉਹ ਪਿੰਡ ਦਾ ਹੀ ਬੰਦਾ ਬਣ ਚੁੱਕਿਆ ਸੀ, ਅਪਣੀ ਪਹਿਚਾਣ ਬਣਾ ਚੁੱਕਿਆ ਸੀ। ਨਾ ਜਾਣਦੇ ਹੋਏ ਲੋਕ ਵੀ ਉਸ ਨੂੰ ਪਹਿਚਾਣਦੇ ਸਨ। ਜਾਪਦਾ ਸੀ ਜਿਵੇਂ ਉਸ ਦਾ ਵਿਅਕਤੀਤਵ ਸੰਗੀਤ ਰਾਹੀਂ ਪਿੰਡ ਨਾਲ ਮੋਹ ਪਾ ਚੁੱਕਿਆ ਹੋਵੇ : ਅਟੁੱਟ ਸਬੰਧ ਬਣਾ ਚੁੱਕਿਆ ਹੋਵੇ।

ਇਹ ਸਮਾਂ ਇਤਿਹਾਸ ਦੀ ਉਹ ਘੜੀ ਸੀ ਜਦੋਂ ਦੂਜਾ ਸੰਸਾਰ ਯੁੱਧ ਖ਼ਤਮ ਹੋ ਰਿਹਾ ਸੀ ਅਤੇ ਹਿੰਦੁਸਤਾਨ ਦੀ ਆਜ਼ਾਦੀ ਦਾ ਮਸਲਾ ਭਖ ਕੇ ਸਾਹਮਣੇ ਆ ਰਿਹਾ ਸੀ। ਪਾਕਿਸਤਾਨ ਦੇ ਬਣਨ ਦੀਆਂ ਕਨਸੋਆਂ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਅਤੇ ਪ੍ਰੇਸ਼ਾਨੀਆਂ ਦੇ ਰੂਪ ਵਿਚ ਪੇਸ਼ ਹੋ ਰਹੀਆਂ ਸਨ। ਪਰ ਹਾਲੇ ਹਰ ਕੋਈ ਧਰਮ ਦੇ ਨਾਮ 'ਤੇ ਧੱਕਾ ਕਰਨ ਵਿਚ ਝਿਜਕ ਮਹਿਸੂਸ ਕਰਦਾ, ਸ਼ਰਮ ਤੇ ਝਿਜਕ ਖਰੂਦ ਨੂੰ ਧਾਰਮਿਕ ਖੇਤਰ ਵਿਚ ਜਾਣ ਤੋਂ ਰੋਕ ਸਕਦੇ ਸਨ। ਪਵਿੱਤਰਤਾ ਦੀ ਦੀਵਾਰ ਵਿਚ ਸੁਰਾਖ਼ ਤਾਂ ਦਿਸਦੇ ਪਰ ਦੀਵਾਰ ਮਜ਼ਬੂਤ ਸੀ, ਅਹਿੱਲ ਸੀ ਅਤੇ ਆਮ ਸਾਧਾਰਨ ਲੋਕਾਂ ਵਿਚ ਧਾਰਮਿਕ ਵਿਭਿੰਨਤਾ, ਮੰਦ ਭਾਵਨਾ ਤੋਂ ਮੁਕਤ ਜਾਪਦੀ। ਲੋਕ ਅਜਿਹੇ ਪ੍ਰਸ਼ਨਾਂ ਤੋਂ ਸੰਕੋਚ ਕਰਦੇ ਸਨ ਭਾਵੇਂ ਪਾਣੀ, ਹਿੰਦੂ ਤੇ ਮੁਸਲਮਾਨ ਬਣ ਚੁੱਕਿਆ ਸੀ ਅਤੇ ਰੇਲਵੇ ਸਟੇਸ਼ਨਾਂ 'ਤੇ ਹਿੰਦੂ-ਪਾਣੀ, ਮੁਸਲਮ-ਪਾਣੀ ਦੇ ਹੋਕੇ ਸੁਣਾਈ ਦਿੰਦੇ ਸਨ। ਪਾਣੀ ਪੀਣ ਵਾਲੀਆਂ ਬਾਲਟੀਆਂ ਇਕੋ ਜਿਹੀਆਂ ਸਨ, ਬੰਦੇ ਜੋ ਹੋਕਾ ਦਿੰਦੇ ਇਕੋ ਬੋਲੀ ਬੋਲਦੇ, ਪਾਣੀ ਦਾ ਇਕੋ ਜੇਹਾ ਰੰਗ ਤੇ ਸੁਆਦ ਪਰ ਹਿੰਦੂ, ਹਿੰਦੂ-ਪਾਣੀ ਲਈ ਤੇ ਮੁਸਲਮਾਨ ਮੁਸਲਮ-ਪਾਣੀ ਲਈ ਹਾਕਾਂ ਮਾਰਦੇ ਆਮ ਵੇਖੇ ਜਾਂਦੇ ਸਨ। ਇਸ ਦੇ ਬਾਵਜੂਦ ਧਾਰਮਿਕ ਨਫ਼ਰਤ ਦਾ ਪੌਦਾ, ਉਗ ਤਾਂ ਪਿਆ ਸੀ ਪਰ ਉਹ ਹਾਲੇ ਰੁੱਖ ਨਹੀਂ ਸੀ ਬਣਿਆ। ਪੱਤੇ ਝੜਦੇ ਸਨ, ਟਾਹਣੀਆਂ ਟੁਟਦੀਆਂ ਤੇ ਪੁੰਗਰਦੀਆਂ ਪਰ ਹੌਲੀ ਹੌਲੀ ਇਹ ਪੌਦਾ ਦਰਖਤ ਬਣਨ ਲਈ ਵਧਦਾ ਰਿਹਾ ਅਤੇ ਰਾਜਨੀਤੀ ਦੇ ਸੁਆਮੀ ਇਸ ਦੀ ਪਰਵਰਿਸ਼ ਕਰਦੇ ਰਹੇ। ਹਾਲੇ ਵੀ ਜਵਾਨਾਂ ਤੇ ਮੁਟਿਆਰਾਂ ਦੇ ਨਾਇਕ ਤੇ ਨਾਇਕਾਵਾਂ, ਰਾਂਝੇ, ਹੀਰਾਂ, ਮਿਰਜ਼ੇ, ਸਾਹਿਬਾਂ, ਸੱਸੀ ਪੁੰਨੂੰ, ਸੋਹਣੀ ਮਹੀਵਾਲ ਦੇ ਰੂਪਾਂ ਵਿਚ ਫਿਜ਼ਾ ਨੂੰ ਮਹਿਕਾਉਂਦੇ, ਨਫ਼ਰਤ ਦੀ ਅੱਗ ਨੂੰ ਧੀਮੀ ਕਰਦੇ ਪਰ ਜ਼ਹਿਰੀਲੀ ਤਪਸ਼ ਖਤਮ ਨਹੀਂ ਸੀ ਹੋ ਰਹੀ। ਕੁੱਝ ਮਨਚਲੇ ਨੌਜਵਾਨਾਂ ਨੇ ਇਕ ਦਿਨ ਇਸ ਗੀਤਕਾਰ ਨੂੰ ਪਿੰਡ ਦੀ ਸੱਥ ਵਿਚ ਰੋਕ ਕੇ ਕਿਹਾ :

'ਸਾਨੂੰ ਵੀ ਕੋਈ ਸੁਆਦਲਾ ਜਿਹਾ ਗੀਤ ਸੁਣਾ।' ਤਾਂ ਉਹ ਜਵਾਬ ਵਿਚ ਮੁਸਕਰਾਉਂਦਾ ਹੋਇਆ ਆਪਣੀ ਗੁੱਛੇਦਾਰ ਲਿਟਾਂ ਨੂੰ ਛੋਹਦਾ ਰਿਹਾ। ਫਿਰ ਦੂਜੇ ਨੇ ਕਿਹਾ, 'ਕੋਈ ਹੀਰ ਦੀ ਹੀ ਸੁਣਾ ਛੱਡ।' ਇਸ 'ਤੇ ਉਸ ਦਾ ਮਨ ਖਿੜ ਉਠਿਆ, ਚਿਹਰੇ 'ਤੇ ਲਾਲੀ ਚਮਕ ਪਈ। ਉਸ ਦਾ ਖਿੜਿਆ ਸਰੀਰ ਇਕ ਗੁਲਦਸਤੇ ਵਾਂਗ ਦਿੱਸਣ ਲੱਗਾ ਜਿਸ ਦੇ ਫੁੱਲਾਂ ਦੀਆਂ ਪੰਖੜੀਆਂ ਦੀ ਨਜ਼ਾਕਤ ਉਸ ਦੇ ਸਮੁੱਚੇ ਜਿਸਮ ਵਿਚ ਵਗ ਤੁਰੀ। ਉਸ ਦੀਆਂ ਉਂਗਲਾਂ ਉਸ ਦੀ ਰਬਾਬੀ ਦੇ ਗਜ ਨੂੰ ਲਰਜ਼ਸ ਦੇਣ ਲਗੀਆਂ। ਘੁੰਗਰੂਆਂ ਦਾ ਗੁੱਛਾ ਛਣਕ ਉਠਿਆ। ਉਸ ਨੇ ਕੋਈ ਤਿੰਨ ਚਾਰ ਮਿੰਟ ਇਕ ਅਜੀਬ ਅੰਦਾਜ ਵਿਚ ਰਬਾਬ ਬਜਾਈ ਤੇ ਸਿਰ ਤੋਂ ਪੈਰਾਂ ਤਕ ਝੂਮ ਉਠਿਆ। ਛੁਪਦੇ ਸੂਰਜ ਦੀ ਲਾਲੀ ਨਾਲ ਵਾਤਾਵਰਨ ਰੰਗੀਨ ਹੋ ਗਿਆ। ਮਧੁਰ ਸੁਮੀਰ ਰੁਮਕ ਪਈ। ਉਸ ਰਬਾਬ ਬੰਦ ਕਰ, ਕੰਨਾਂ ਤੇ ਹੱਥ ਰੱਖ, ਵਾਰਸ ਸ਼ਾਹ ਦੀ ਹੀਰ ਦੀ ਬੈਂਤ ਉਚੀ ਤੇ ਧੀਮੀ ਸੁਰ ਦੇ ਮਧ ਦੀ ਸੁਰ ਵਿਚ ਛੋਹੀ।

**ਕੂਕੇ ਮਾਰ ਹੀ ਮਾਰ ਤੇ ਪਕੜ ਛਮਕੀ,**
**ਪਰੀ ਆਦਮੀ ਤੇ ਕਹਿਰਵਾਨ ਹੋਈ।**
**ਰਾਂਝੇ ਉਠ ਕੇ ਆਖਿਆ ਵਾਹ ਸੱਜਣ,**
**ਹੀਰ ਹੱਸ ਕੇ ਤੇ ਮਿਹਰਬਾਨ ਹੋਈ।**
**ਨੈਣ ਮਸਤ ਕਾਲੇ ਜੜ ਵਿਚ ਧਾਨੇ,**
**ਹੀਰ ਘੋਲ ਘਤੀ ਕੁਰਬਾਨ ਹੋਈ।**

ਜਦੋਂ ਵੀ ਕਦੇ ਇਸ ਤਰ੍ਹਾਂ ਦੀ ਸਥਿਤੀ ਉਤਪੰਨ ਹੁੰਦੀ ਤਾਂ ਪਿੰਡ ਦੇ ਗਭਰੂਆਂ ਦਾ ਅਖਾੜਾ ਬੱਝ ਜਾਂਦਾ। ਉਹ ਗੱਲਾਂ ਘੱਟ ਕਰਦਾ ਪਰ ਕੋਈ ਨਾ ਕੋਈ ਗੀਤ ਟੁਣਕਦਾ ਰਹਿੰਦਾ। ਕਈ ਗੀਤ ਉਸ ਦੇ ਆਪਣੇ ਹੁੰਦੇ। ਉਨ੍ਹਾਂ 'ਚ ਸਾਹਿਤਕ ਡੂੰਘਾਈ ਸ਼ਾਇਦ ਘਟ ਹੁੰਦੀ ਪਰ ਉਨ੍ਹਾਂ ਵਿਚ ਇਕ ਸੋਜ ਹੁੰਦਾ ਜੋ ਸਾਜ਼ ਨਾਲ ਚੋਹਲਬਾਜ਼ੀ ਕਰਦਾ ਰਹਿੰਦਾ। ਕਈ ਮੁੰਡੇ ਉਸ ਨੂੰ ਪੈਸੇ ਦਿੰਦੇ, ਕਈ ਵੱਡੇ ਘਰਾਂ ਵਾਲੇ ਚਾਂਦੀ ਦਾ ਰੁਪਈਆ। ਉਸ ਸਭ ਨੂੰ ਚੰਗਾ ਲਗਦਾ, ਜਿਵੇਂ ਉਨ੍ਹਾਂ ਦਾ ਮਹਿਬੂਬ ਹੋਵੇ, ਜਦੋਂ ਕੋਈ ਆਖਦਾ 'ਮੀਰਾ ਫੇਰ ਕਦੋਂ ਆਵੇਂਗਾ?' 'ਜਦੋਂ ਅੱਲ੍ਹਾ ਚਾਹੇਗਾ,"

ਉਹ ਸੰਜੀਦਗੀ ਨਾਲ ਆਖ ਦੇਂਦਾ। ਫਿਰ ਕਈਆਂ ਨੂੰ ਪਤਾ ਲਗਿਆ ਉਹ ਮੁਸਲਮਾਨ ਸੀ। ਵਾਰਸ ਦੀ ਬੈਂਤ ਗਾਉਂਦਾ ਉਹ ਪੰਜਾਬੀ, ਰਬਾਬ ਟੁਣਕਾਉਂਦਾ ਉਹ ਰਾਗੀ, ਵੈਰਾਗਮਈ ਸੰਗੀਤ ਦਾ ਵੈਰਾਗੀ, ਮਜਾਜ਼ੀ ਤੇ ਹਕੀਕੀ ਇਸ਼ਕ ਦਾ ਸ਼ਰਾਬੀ ਲਗਦਾ। ਉਹ ਇਕ ਦਿਲਕਸ਼ ਹਸਤੀ ਬਣ ਜਾਂਦਾ, ਜਿਸ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਇਕ ਅਦਭੁਤ ਜੇਹਾ ਸਮਾਨਾਂਤਰ ਅਕਾਸ਼ੀ ਦਾਇਰਾ ਉਤਪੰਨ ਕਰਦੇ। ਉਹ ਝੋਲੀਆਂ ਚੁੱਕ ਤੁਰ ਪੈਂਦਾ ਅਤੇ ਲੋਕ ਉਸ ਦੀਆਂ ਗੱਲਾਂ ਕਰਦੇ ਰਹਿੰਦੇ ਤੇ ਫਿਰ ਉਹ ਤੇਜ਼ ਕਦਮ ਪੁਟਦਾ ਨਜ਼ਰ ਤੋਂ ਓਹਲੇ ਹੋ ਜਾਂਦਾ।

ਕਈ ਵਾਰ ਪਿੰਡ ਦੀ ਸੱਥ ਵਿਚ ਬੈਠੇ ਲੋਕ ਗੱਲਾਂ ਗੱਲਾਂ ਵਿਚ ਉਸ ਬਾਰੇ ਕੁੱਝ ਨਾ ਕੁੱਝ ਕਹਿੰਦੇ ਰਹਿੰਦੇ। ਕੋਈ ਕਹਿੰਦਾ, ਇਹ ਮਰਦਾਨੇ ਕਿਆਂ ਵਿਚੋਂ ਹੈ। ਕੋਈ ਆਖਦਾ, ਇਸ 'ਤੇ ਕਿਸੇ ਦਰਵੇਸ਼ ਪੀਰ ਦੀ ਮਿਹਰ ਦੀ ਵਰਖਾ ਹੋ ਚੁੱਕੀ ਹੈ। ਕੋਈ ਆਖਦਾ, ਇਹ ਖ਼ੁਦਾਪ੍ਰਸਤ ਮੁਸਲਮਾਨ ਹੈ ਅਤੇ ਮੁਕੱਦਸ ਰੂਹਾਂ ਇਸ 'ਤੇ ਮਿਹਰਬਾਨ ਹਨ। ਉਸ ਦੀ ਪੱਗ ਵਿਚੋਂ ਲਮਕਦੀਆਂ ਲੱਛੇਦਾਰ ਲਿਟਾਂ, ਗੇਰੂਏ-ਰੰਗੀਆਂ ਅੱਖਾਂ, ਰੋਸ਼ਨ ਚਿਹਰਾ, ਲੰਮਾ ਕੱਦ, ਪਤਲਾ ਸਰੀਰ, ਉਸ ਦੀ ਸਰੀਰਕ ਅਧਭੁਤਤਾ ਵਿਚ ਵਿਸ਼ੇਸ਼ ਵਾਧਾ ਕਰਦੇ। ਲੋਕ ਕਹਿੰਦੇ 'ਇਸ ਦਾ ਟੱਬਰ ਹੈ, ਬੱਚੇ ਹਨ, ਬੀਵੀ ਹੈ, ਇਹ ਉਨ੍ਹਾਂ ਦੀ ਪਰਵਰਿਸ਼ ਕਰਦਾ ਹੈ। ਲੋਕਾਂ ਦੀਆਂ ਸੁੱਖਾਂ ਦੀ ਪੂਰਤੀ ਲਈ ਦੁਆ ਕਰਦਾ ਹੈ। ਇਸ ਦੀਆਂ ਅਸੀਸਾਂ ਤੇ ਦੁਆਵਾਂ ਬਹੁਤ ਅਸਰ-ਅੰਦਾਜ਼ ਹੁੰਦੀਆਂ ਹਨ।' ਉਸ ਨੂੰ ਕਰਾਮਾਤੀ ਫਕੀਰ ਵੀ ਮੰਨਿਆ ਜਾਂਦਾ ਸੀ। ਇਕ ਵਾਰ ਉਸ ਦੇ ਗੀਤਾਂ ਨੇ, ਸੱਪਾਂ ਦੇ ਡੱਸੇ ਹੋਏ ਬੇਸੁਰਤ ਮੁੰਡੇ ਨੂੰ ਹੋਸ਼ ਵਿਚ ਲੈ ਆਂਦਾ ਸੀ ਅਤੇ ਸਾਰੀ ਜ਼ਹਿਰ ਖ਼ਤਮ ਕਰ ਦਿਤੀ ਸੀ। ਪਿੰਡ ਦਾ ਭੂਤਰਿਆ ਸਾਹਨ ਉਸ ਦੀ ਰਬਾਬ ਦੀ ਧੁਨੀ ਸੁਣ ਪੂਛਾਂ ਮਾਰਨ ਲੱਗ ਜਾਂਦਾ ਤੇ ਉਹ ਉਸ ਦੇ ਮੱਥੇ ਦੇ ਫੁੱਲ ਵਿਚ ਉਂਗਲਾਂ ਫੇਰਦਾ ਰਹਿੰਦਾ। ਇਨ੍ਹਾਂ ਗੱਲਾਂ ਨਾਲ ਉਹ ਲੋਕਾਂ ਦਾ ਵਿਸ਼ਵਾਸ ਜਿੱਤ ਚੁਕਿਆ ਸੀ। ਜਦੋਂ ਵੀ ਉਹ ਪਿੰਡ ਵਿਚੋਂ ਲੰਘਦਾ ਉਹ ਕਦੀ ਵੀ ਅਣਗੌਲਿਆ ਨਹੀਂ ਸੀ ਕੀਤਾ ਜਾਂਦਾ। ਪਿੰਡ ਦੇ ਅਵਾਰਾ ਕੁੱਤੇ ਕਦੇ ਉਸ ਨੂੰ ਭੌਂਕਦੇ ਨਹੀਂ ਸਨ ਸਗੋਂ ਉਸ ਦੇ ਪੈਰਾਂ ਵਿਚ ਬੈਠੇ ਰਹਿੰਦੇ, ਉਹ ਉਨ੍ਹਾਂ ਨੂੰ ਅੱਧੀ ਖੰਨੀ ਰੋਟੀ ਦੀਆਂ ਬੁਰਕੀਆਂ ਪਾਉਂਦਾ ਰਹਿੰਦਾ। ਲੋਕ ਉਸ ਨੂੰ ਬੁਲਾ ਕੇ, ਰੋਕ ਕੇ ਖੈਰਾਤ ਦਿੰਦੇ। ਉਸ ਦੇ ਸਾਧਾਰਨ ਬੋਲਾਂ ਵਿਚ ਵੀ ਅਦਭੁਤ ਖਿੱਚ ਸੀ। ਉਸ ਦੇ ਗੀਤਾਂ ਵਿਚੋਂ ਲੈਆਂ ਤੇ ਰਸ ਫੁੱਟ ਫੁੱਟ ਵਗਦਾ। ਅੱਜ ਦਾ ਟੀ.ਵੀ. ਸੰਗੀਤ ਤੇ ਇਸ ਦੇ ਬੋਲ, ਉਸ ਦੀ ਯਾਦ ਵਿਚ, ਅੱਜ ਵੀ ਸੱਖਣੇ, ਹੋਛੇ ਤੇ ਫਿੱਕੇ ਜਿਹੇ ਲਗਦੇ ਹਨ। ਉਸ ਦਾ ਸੋਜ ਨਿਰਾਲਾ ਸੀ ਜੋ ਉਸ ਦੀ ਨਿੱਜੀ ਪ੍ਰਤਿਭਾ ਨੂੰ ਤੀਖਣ ਕਰਦਾ।

ਦੇਸ਼ ਦੇ ਰਾਜਸੀ ਹਾਲਾਤ ਬਦਲ ਰਹੇ ਸਨ। ਦੇਸ਼ ਦੇ ਸਿਆਸੀ ਆਕਾਸ਼ ਤੇ ਦਹਿਸ਼ਤਗਰਦੀ ਦੇ ਗੁਬਾਰੇ ਉਡਣ ਲੱਗੇ, ਸੱਥਾਂ ਵਿਚ ਬੈਠੇ ਲੋਕਾਂ ਦੀ ਬੋਲ-ਚਾਲ ਦੀ ਨੁਹਾਰ ਬਦਲਣ ਲੱਗੀ। ਭਾਈਚਾਰਕ ਅਤੇ ਸਭਿਆਚਾਰਕ ਵਿਸ਼ੇ ਲੁਪਤ ਹੋਣ ਲੱਗੇ। ਭਾਰਤ ਦੀ ਆਜ਼ਾਦੀ ਦੇ ਐਲਾਨ ਦੀ ਮਿਤੀ ਨਿਸ਼ਚਿਤ ਹੋਣ ਬਾਰੇ ਗੱਲਾਂ ਹੋਣ ਲਗੀਆਂ। ਸੁਤੰਤਰਤਾ ਸੰਗਰਾਮੀਆਂ ਦੀਆਂ ਗਤੀਵਿਧੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਨ ਲੱਗੀਆਂ। ਸਿਧਾਂਤਕ ਵਿਚਾਰਧਾਰਕ ਤੱਥ ਵੀ ਲੇਖਾਂ ਤੇ ਖਬਰਾਂ ਦਾ ਵਿਸ਼ਾ ਬਣ ਉਘੜਨ ਲੱਗੇ। ਮੁਸਲਮ ਲੀਗ ਦੇ ਪਿਤਾਮਾ ਅਤੇ ਪਾਕਿ-ਸਤਾਨ ਲਹਿਰ ਦੇ ਆਗੂ ਮੁਹੰਮਦ ਅਲੀ ਜਿਨਾਹ ਨੇ ਪਾਕਿਸਤਾਨ ਤਹਿਰੀਕ ਦੀ ਸਿਧਾਂਤਕ ਵਿਆਖਿਆ ਕਰਦੇ ਹੋਏ ਦਾਰਸ਼ਨਿਕ ਟੂੰਬਣੀ ਨੂੰ ਭੂਗੋਲਿਕ-ਰਾਜਨੀਤੀ ਦੇ ਪਰਿਪੇਖ ਵਿਚ ਪ੍ਰਗਟ ਕਰਦੇ ਹੋਏ ਕਿਹਾ, 'ਭਾਰਤ ਨਾ ਤਾਂ ਰਾਸ਼ਟਰ ਹੈ ਨਾ ਹੀ ਉਪ ਮਹਾਂਦੀਪ ਹੈ, ਇਹ ਕੇਵਲ ਭੂਗੋਲਿਕ ਖਿੱਤਾ ਹੈ ਜਿਸ ਵਿਚ ਦੋ ਕੌਮਾਂ ਵਸਦੀਆਂ ਹਨ। ਮੁਸਲਮਾਨ ਤੇ ਹਿੰਦੂ, ਦੋਨਾਂ ਦੀ ਸੁਤੰਤਰਤਾ ਦੋ ਵਖਰੇ ਪ੍ਰਭੂਤਾ ਸੰਪੰਨ ਦੇਸ਼ਾਂ ਦੀ ਪ੍ਰਵਾਣਿਤ ਹੋਂਦ ਤੋਂ ਬਿਨਾਂ ਸੰਭਵ ਨਹੀਂ। ਦੋ ਆਜ਼ਾਦ ਦੇਸ਼ਾਂ ਦਾ ਵਜੂਦ ਹੀ ਹਿੰਦੁਸਤਾਨ ਦੀ ਆਜ਼ਾਦੀ ਹੈ।'' ਡਾ. ਰਾਜਿੰਦਰ ਪ੍ਰਸ਼ਾਦ, ਜੋ ਬਾਅਦ ਵਿਚ ਹਿੰਦੁਸਤਾਨ ਦੇ ਪਹਿਲੇ ਰਾਸ਼ਟਰਪਤੀ ਬਣੇ ਉਨ੍ਹਾਂ ਨੇ ਇਨ੍ਹਾਂ ਦਿਨਾਂ ਵਿਚ ਇਕ ਬਹੁਤ ਵੱਡਾ ਮਹੱਤਵਪੂਰਨ ਲੇਖ ਲਿਖਿਆ ਸੀ ਜਿਸ ਵਿਚ ਭਾਰਤ ਦੇ ਸੰਕਲਪ ਨੂੰ ਇਕ ਸਰਬ-ਸਮਰਥਕ ਸੰਯੁਕਤ ਮਾਤ-ਭੂਮੀ ਪ੍ਰਵਾਨਿਆ ਗਿਆ। ਉਨ੍ਹਾਂ ਲਿਖਿਆ, ''ਹਰ ਹਿੰਦੂ ਸੰਧਿਆ ਸਮੇਂ ਸ਼ਲੋਕਾਂ ਰਾਹੀਂ ਇਹ ਸੰਕਲਪ ਦੁਹਰਾਉਂਦਾ ਹੈ ਕਿ ਭਾਰਤ ਇਕ ਹੈ, ਅਖੰਡ ਹੈ। ਸਿੰਧ, ਗੰਗਾ ਤੇ ਕਾਵੇਰੀ ਦੀਆਂ ਪਵਿੱਤਰ ਜਲ-ਧਾਰਾਵਾਂ ਸੰਯੁਕਤ ਰੂਪ ਵਿਚ ਇਕ ਹਨ-ਕੋਈ ਰਾਜ ਪ੍ਰਣਾਲੀ ਹੋਵੇ ਪਰ ਭੂਮੀ ਇਕ ਹੀ ਰਹੇਗੀ।''

ਇਹ ਦੋ ਦਿਸ਼ਾਵਾਂ ਖਬਰਾਂ ਦਾ ਕੇਂਦਰ ਬਿੰਦੂ ਬਣੀਆਂ ਰਹੀਆਂ ਅਤੇ ਵਖਰੇ ਰੂਪ ਵਿਚ ਪਿੰਡਾਂ ਦੀਆਂ ਸੱਥਾਂ ਅਤੇ ਸ਼ਹਿਰਾਂ ਦੇ ਅੱਡਿਆਂ 'ਤੇ ਲੋਕ-ਵਿਵਾਦ ਦਾ ਕੇਂਦਰ ਬਣ ਕੇ ਉਭਰ ਰਹੀਆਂ ਸਨ। ਕ੍ਰਿਪਸ ਮਿਸ਼ਨ, ਕੈਬਨਿਟ ਮਿਸ਼ਨ, ਲੰਡਨ ਤੋਂ ਆਏ। ਲਾਰਡ ਵੇਵਲ ਦੀ ਥਾਂ ਲਾਰਡ ਮਾਊਂਟਬੈਟਨ ਲਾਟ ਸਾਹਿਬ ਬਣੇ ਅਤੇ ਭਾਰਤ ਦੇ ਸੰਵਿਧਾਨਿਕ ਸੰਕਟ ਨੂੰ ਹੱਲ ਕਰਨ ਦੀਆਂ ਕੋਸ਼ਿਸ਼ਾਂ ਹੋਣ ਲੱਗੀਆਂ। ਪਹਿਲਾਂ ਪਹਿਲ ਆਜ਼ਾਦੀ ਦੀ ਲੜਾਈ ਲੜ ਰਹੀ ਮੁੱਖ ਜਥੇਬੰਦੀ ਕਾਂਗਰਸ ਦੇਸ਼ ਦੀ ਵੰਡ ਹਰ ਪੱਖੋਂ ਰੱਦ ਕਰ ਚੁੱਕੀ ਸੀ ਅਤੇ ਇਸ 'ਤੇ ਦ੍ਰਿੜ ਰਹਿਣ ਪ੍ਰਤੀ ਮਤੇ ਪਾਸ ਹੋ ਰਹੇ ਸਨ।

ਲੋਕ ਸੱਥਾਂ ਵਿਚ ਬੈਠੇ ਅਖਬਾਰਾਂ ਦੀਆਂ ਖਬਰਾਂ, ਲੇਖਾਂ 'ਤੇ ਟਿਪਣੀਆਂ ਦੀ ਆਲੋਚਨਾ ਕਰਦੇ ਰਹਿੰਦੇ- ਇਕ ਅਖਬਾਰ ਪੜ੍ਹਦਾ, ਦੂਜੇ ਉਸ 'ਤੇ ਟਿਪਣੀ ਕਰਦੇ। ਕੋਈ ਕਹਿੰਦਾ, ਅੰਗਰੇਜ਼ ਦੇਸ਼ ਦੇ ਟੁਕੜੇ ਕਰ ਕੇ ਜਾਵੇਗਾ। ਕੋਈ ਆਖਦਾ, ਗਾਂਧੀ ਬਟਵਾਰਾ ਨਹੀਂ ਹੋਣ ਦੇਵੇਗਾ। ਕੋਈ ਕਹਿੰਦਾ, ਪੰਜਾਬ ਸਾਰਾ ਪਾਕਿਸਤਾਨ ਦਾ ਅੰਗ ਬਣਨ ਵਾਲਾ ਹੈ ਤੇ ਸਿੱਖ ਮੁੜ ਮੁਸਲਿਮ ਗਲਬੇ ਹੇਠ ਦਬ ਜਾਣਗੇ। ਮਾਸਟਰ ਤਾਰਾ ਸਿੰਘ ਨੇ ਆਜ਼ਾਦ ਪੰਜਾਬ ਦੀ ਗੱਲ ਤੋਰੀ ਤਾਂ ਸਿੱਖ ਸਿਆਸਤ ਮੁੜ ਕਾਂਗਰਸ ਤੇ ਮੁਸਲਿਮ ਲੀਗ ਦੀਆਂ ਨਜ਼ਰਾਂ ਵਿਚ ਕੇਂਦਰਤ ਹੋਣ ਲੱਗੀ। ਪਰ ਲੋਕਾਂ ਵਿਚ ਆਜ਼ਾਦੀ ਲਈ ਤੜਪ ਵਧਣ ਲੱਗੀ। ਲੋਕ ਹਰ ਹੀਲੇ ਆਪਣਾ ਰਾਜ ਚਾਹੁੰਦੇ ਸਨ। ਸਾਮਰਾਜੀ ਸਿਆਸਤ ਰੰਗ ਲਿਆਈ। ਥਾਂ-ਥਾਂ ਦੇਸ਼ ਦੇ ਬਟਵਾਰੇ ਦੀਆਂ ਗੱਲਾਂ ਤੇਜ਼ ਹੋਣ ਲੱਗੀਆਂ। ਮਿਸਟਰ ਜਿਨਾਹ ਨੂੰ ਮਨਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਰਹੀਆਂ। ਆਜ਼ਾਦੀ ਦੀ ਪ੍ਰਾਪਤੀ ਦਾ ਸੌਦਾ ਹੋਣ ਲੱਗਾ। ਆਜ਼ਾਦੀ ਲਈ ਬਟਵਾਰਾ ਪ੍ਰਵਾਨਿਆ ਗਿਆ। ਸਰਦਾਰ ਪਟੇਲ ਸਾਮਰਾਜੀ ਲਪੇਟ ਵਿਚ ਆ ਗਏ। ਜ਼ਮੀਨ ਵੰਡੀ ਗਈ, ਲੋਕ ਵੰਡੇ ਗਏ, ਸਭ ਕੁੱਝ ਵੰਡਿਆ ਗਿਆ। ਦਿਲ ਟੁੱਟ ਗਏ, ਦੋਸਤੀਆਂ, ਦੁਸ਼ਮਣੀਆਂ ਵਿਚ ਬਦਲ ਗਈਆਂ। ਇਕ ਦਿਨ ਅਖਬਾਰਾਂ ਨੇ ਪਹਿਲੇ ਸਫੇ 'ਤੇ ਮੋਟੀ ਸੁਰਖੀ ਲਾਈ 'ਪਾਕਿਸਤਾਨ ਹੋਂਦ ਵਿਚ ਆ ਗਿਆ, ਦੇਸ਼ ਹਿੰਦ-ਪਾਕ ਵਿਚ ਵੰਡਿਆ ਗਿਆ' ਹੇਠ ਖਬਰ ਛਪੀ ਸੀ ਕਿ ਲਾਰਡ ਮਾਊਂਟਬੈਟਨ ਨੇ ਪਾਕਿਸਤਾਨ ਦਾ ਉਦਘਾਟਨੀ ਸਮਾਰੋਹ ਕਰ ਕੇ ਵੰਡ 'ਤੇ ਮੋਹਰ ਲਾ ਦਿਤੀ। ਲਾਹੌਰ ਵਿਚ ਪੰਜਾਬ ਐਸੰਬਲੀ ਤੇ ਪਾਕਿਸਤਾਨ ਝੰਡਾ ਝੁਲਾ ਦਿਤਾ ਗਿਆ। ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਪੰਜਾਬ ਐਸੰਬਲੀ ਦੇ ਪੰਥਕ ਮੈਂਬਰਾਂ ਨੇ ਬਟਵਾਰੇ ਦੇ ਵਿਰੋਧ ਵਿਚ ਪਾਕਿਸਤਾਨ ਵਿਰੋਧੀ ਨਾਹਰੇ ਲਾਏ ਅਤੇ ਝੰਡਾ ਨਿਵਾ ਦਿਤਾ ਗਿਆ। ਜਨੂੰਨ ਭੜਕ ਪਿਆ। ਸਿਆਸਤ ਦਾ ਵਿਰਾਟ ਰੂਪ ਖਰੂਦ ਬਣ ਉਭਰਿਆ ਅਤੇ ਮਾਸੂਮੀਅਤ ਖ਼ੂਨੀ ਸਿਆਸਤ ਦੀ ਬਲੀ ਚੜ੍ਹਨ ਲੱਗੀ।

ਦੋ ਦੇਸ਼ਾਂ ਦੀ ਸੁਤੰਤਰ ਹੋਂਦ ਦੀ ਖ਼ੁਸ਼ੀ ਨੂੰ ਪਾਕਿਸਤਾਨ ਵਾਲੇ ਪਾਸੇ ਹਿੰਦੂਆਂ-ਸਿੱਖਾਂ ਦੇ ਖ਼ੂਨ ਨਾਲ ਰੰਗਿਆ ਗਿਆ ਅਤੇ ਭਾਰਤ ਵਿਚ ਆਜ਼ਾਦੀ ਦੇ ਰਾਜ ਤਿਲਕ ਵਿਚ ਮੁਸਲਮਾਨੀ ਲਹੂ ਦੀ ਸ਼ਿੱਦਤ ਚਮਕਣ ਲੱਗੀ। ਸਾਰਾ ਦੇਸ਼ ਭੂਤਾਂ ਦੀ ਖੇਡ ਦਾ ਅਖਾੜਾ ਬਣ ਗਿਆ। ਮਾਸੂਮ ਜਨਤਾ ਦੇ ਖ਼ੂਨ ਦੀਆਂ ਵਗਦੀਆਂ ਨਦੀਆਂ ਵਿਚ ਤੈਰ ਕੇ ਦੋਨੋਂ ਦੇਸ਼ ਹੋਂਦ ਵਿਚ ਆਏ- ਦੋ ਕੌਮਾਂ ਦਾ ਸਿਧਾਂਤ ਸਫ਼ਲਤਾ ਦੀ ਟੀਸੀ ਤੇ ਪੁੱਜ ਗਿਆ। ਬਟਵਾਰੇ ਨੂੰ ਨਾ ਮੰਨਣ ਦੀਆਂ ਫੜਾਂ ਮਾਰਨ ਵਾਲੇ ਨੇਤਾ ਬੌਖਲਾ ਉਠੇ। ਬਟਵਾਰੇ ਦੀ ਪ੍ਰਵਾਨਗੀ ਭਾਰਤੀ ਰਾਸ਼ਟਰਵਾਦ ਦੀ ਡਰਾਕਲ ਭੂਮਿਕਾ ਬਣ ਪ੍ਰਗਟ ਹੋਈ। ਲੋਕ-ਰੱਤ ਵਿਚੋਂ, ਹਿੰਦੁਸਤਾਨ ਤੇ ਪਾਕਿਸਤਾਨ ਵਿਚ ਆਜ਼ਾਦੀ ਦੀ ਸ਼ਮ੍ਹਾਂ 'ਪ੍ਰਜਵਲਤ' ਹੋਈ। ਵਿਰਾਸਤ ਗੁੰਮ ਗਈ, ਸਭਿਆਚਾਰ ਲੁਪਤ ਹੋ ਗਿਆ, ਸਾਜ਼ ਟੁਟ ਗਏ, ਗੀਤ ਮੁੱਕ ਗਏ, ਨਾਅਰੇ ਲਗਦੇ ਰਹੇ, ਜੈਕਾਰੇ ਗੂੰਜਦੇ ਰਹੇ। ਨਜ਼ਰਾਂ ਬਦਲ ਗਈਆਂ, ਨਜ਼ਰੀਏ ਉਖੜ ਗਏ। ਚਾਰੇ ਪਾਸੇ ਫੈਲੇ ਅੰਧਕਾਰ ਤੇ ਨਫ਼ਰਤ ਦੇ ਦੈਂਤ ਨੇ ਮਨੁੱਖ ਵਿਚੋਂ ਮਾਨਵਤਾ ਖ਼ਤਮ ਕਰ ਦਿਤੀ। ਦੂਰ ਯੂਰਪ ਵਿਚ ਬੈਠੇ, ਸੌ ਵਰ੍ਹੇ ਪਹਿਲਾਂ ਦੀ ਕਾਰਲ ਮਾਰਕਸ ਦੀ ਭਵਿੱਖਬਾਣੀ ਸਾਡੀ ਧਰਤੀ 'ਤੇ ਦਰੁਸਤ ਸਿੱਧ ਹੋਈ। ਮਾਰਕਸ ਨੇ ਕਿਹਾ, 'ਸਰਮਾਏਦਾਰੀ ਸਾਮਰਾਜ ਦੀ ਫਤਿਹ ਮਨੁੱਖਤਾ ਨੂੰ ਹੈਵਾਨੀਅਤ ਵਿਚ ਬਦਲ ਦਿੰਦੀ ਹੈ।' ਜ਼ਹਿਰੀਲੇ ਵਾਤਾਵਰਨ ਵਿਚ ਸੱਥਾਂ ਵਿਚ ਦਰਵਾਜ਼ਿਆਂ, ਧਰਮਸ਼ਾਲਾਵਾਂ ਵਿਚ ਲੋਕ ਅੱਗਾਂ ਲੱਗਣ ਦੀਆਂ ਗੱਲਾਂ ਕਰਦੇ। ਔਰਤਾਂ ਦੀ ਬੇਪਤੀ ਸਭ ਦੇ ਸਾਹਮਣੇ ਹੋਈ। ਵਸਤਰ ਹਰਨ ਹੋਏ। ਬੱਚੇ ਵਿਲਕਣ ਲਗੇ, ਬਜ਼ੁਰਗ ਸਿਸਕਣ ਲਗੇ ਤੇ ਸਮਾਜ ਜੰਗਲ ਬਣ ਗਿਆ। ਇਨਸਾਨ, ਹੈਵਾਨ ਬਣ ਗਿਆ। ਧੀਆਂ ਭੈਣਾਂ ਦੇ ਨੰਗੇ ਨਾਚ ਹੋਏ, ਅੱਖਾਂ ਫਟਣ ਲੱਗੀਆਂ। ਸਾਹ ਰੁਕਣ ਲੱਗੇ। 'ਮਹਾਂਭਾਰਤ' ਦੇ ਮਹਾਨ ਯੋਧੇ ਭੀਸ਼ਮ ਪਿਤਾਮਾ ਤੇ ਦਰੋਣਾਚਾਰੀਆ ਮੁੜ ਮੌਨ ਤੇ ਮੂਕ ਬਣ ਸਭ ਕੁੱਝ ਵੇਖਦੇ ਰਹੇ। ਇਕ ਵਾਰ ਫੇਰ ਦਰੋਪਤੀਆਂ ਕੰਬਣ ਲੱਗੀਆਂ, ਸ਼ਰਮਾਂ ਸੰਗਣ ਲੱਗੀਆਂ। ਅਚਾਨਕ ਪਿੰਡ ਦੀ ਸੱਥ ਨੇੜੇ ਰਬਾਬ ਦੀ ਟੁਣਕਾਰ ਸੁਣਾਈ ਦਿਤੀ - ਧੀਮੀ ਜਿਹੀ ਆਵਾਜ਼ ਵਿਚ ਇਕ ਗੀਤ ਕੰਨਾਂ ਵਿਚ ਰਸ ਘੋਲਣ ਲੱਗਿਆ।

**ਉਡ ਉਡ ਚਿੜੀਏ ਨੀਂ,**
**ਉਡ ਬਹਿ ਜਾ ਆਲੇ,**
**ਮੇਰੇ ਵਤਨੀਂ ਵੀਰਾਂ**
**ਕੀ ਫੜ ਲਏ ਚਾਲੇ**
**ਰਹੇ ਕੰਮ ਅਧੂਰੇ ਨੀਂ**
**ਮੈਂ ਬਾਬਲ ਦਿਤੜੀ ਦੂਰੇ....।**

ਲਰਜ਼ ਰਹੀਆਂ ਰਬਾਬੀ ਤਾਰਾਂ 'ਤੇ ਉਂਗਲਾਂ ਕੰਬ ਰਹੀਆਂ ਸਨ। ਗੀਤਕਾਰ ਦਾ ਬੋਲ ਬੈਠਦਾ ਜਾ ਰਿਹਾ ਸੀ। ਪਿੰਡ ਦੀਆਂ ਗਲੀਆਂ ਬੀਹੀਆਂ ਵਿਚ ਖੁਲ੍ਹਦੇ ਦਰਵਾਜ਼ੇ ਬੰਦ ਸਨ। ਸੁੰਨੀਆਂ ਗਲੀਆਂ ਵਿਚ ਦਰਦ ਦਾ ਗੀਤ ਗੂੰਜ ਰਿਹਾ ਸੀ। ਕੋਈ ਬਾਹਰ ਨਜ਼ਰ ਨਹੀਂ ਸੀ ਆਉਂਦਾ। ਦਾਨੀ ਹੱਥ ਗਾਇਬ ਸਨ। ਨੂੰਹਾਂ ਧੀਆਂ ਕਿਤੇ ਤੁਰ ਗਈਆਂ ਸਨ, ਬੱਚੇ ਜਿਵੇਂ ਸੌਂ ਗਏ ਸਨ। ਸੱਥ ਵਿਚ ਕੁੱਝ ਸਰਗੋਸ਼ੀਆਂ ਹੋ ਰਹੀਆਂ ਸਨ। ਗੀਤ ਦੀ ਹੇਕ ਰਬਾਬ ਤੋਂ ਬੇਸੁਰ ਹੋ ਰਹੀ ਸੀ। ਗਾਉਣ ਵਾਲੇ ਦੇ ਬੋਲ ਸੰਗੀਤਕ ਧੁਨੀਆਂ ਦੀ ਸੀਮਾ ਉਲੰਘ ਰਹੇ ਸਨ। ਉਖੜੇ ਸੰਗੀਤ ਵਿਚੋਂ ਬੇਤਰਤੀਬੇ ਜੇਹੇ ਬੋਲ ਨਿਕਲੇ।

**ਉਡ ਉਡ ਚਿੜੀਏ ਨੀਂ**
**ਉਡ ਬਹਿ ਜਾ ਪਿਪਲੀਂ**
**ਮੇਰੀਆਂ ਭੈਣਾਂ ਬਾਝੋਂ**
**ਕੌਣ ਪਾਵੇ ਕਿਕਲੀ**
**ਨੀ ਮੈਂ ਬਾਬਲ ਦਿਤੜੀ ਦੂਰੇ....।**

ਅੱਜ ਉਹ ਇਕੱਲਾ ਸੀ। ਗੀਤ ਗੂੰਜ ਰਿਹਾ ਸੀ ਪਰ ਸੁਣਨ ਵਾਲਾ ਕੋਈ ਨਹੀਂ ਸੀ। ਖੁਲ੍ਹੀ ਵਿਸ਼ਾਲ ਸੱਥ ਖ਼ਾਲੀ ਸੀ। ਉਹ ਗਾ ਰਿਹਾ ਸੀ ਤੇ ਨਿਰੰਤਰ ਗਾਈ ਜਾ ਰਿਹਾ ਸੀ। ਇਕ ਕੋਨੇ ਵਿਚ ਬੈਠੇ ਕੁੱਝ ਲੋਕ ਗੁੱਝੀਆਂ ਗੱਲਾਂ ਕਰ ਰਹੇ ਸਨ। ਇਕ ਬੋਲਿਆ, ਸਾਲਾ ਮੁਸਲਮਾਨ ਲੀਗੀ ਹੈ ਪੱਕਾ। ਦੂਜਾ ਬੋਲਿਆ, ਨਹੀਂ ਰੱਬ ਦਾ ਫ਼ਕੀਰ ਹੈ। ਤੀਜਾ ਬੋਲਿਆ, ਚੁੱਪ ਹੀ ਭਲੀ ਐ, ਖਬਰੈ ਕੌਣ ਹੈ। ਇਹ ਵਾਰਤਾਲਾਪ ਉਸ ਦੇ ਕੰਨਾਂ ਤਕ ਤਾਂ ਨਾ ਪੁੱਜ ਸਕੀ ਪਰ ਜਾਪਦਾ ਸੀ ਲੋਕਾਂ ਦੀਆਂ ਨਜ਼ਰਾਂ ਰਬਾਬ ਦੀਆਂ ਤਾਰਾਂ ਨਾਲ ਟਕਰਾ ਰਹੀਆਂ ਸਨ। ਤਾਰਾਂ ਢਿੱਲੀਆਂ ਹੋਣ ਲੱਗੀਆਂ। ਰਬਾਬ ਦੀ ਟੁਣਕਾਰ ਰੁਕ ਗਈ। 'ਚੌਧਰੀਓ ਸਲਾਮ, ਅੱਲ੍ਹਾ ਦੀ ਖੈਰ।' ਉਹ ਬੈਠੇ ਵਿਅਕਤੀਆਂ ਨੂੰ ਸੰਬੋਧਨ ਹੋਇਆ। ਜਵਾਬ ਵਿਚ ਲੋਕ ਮੂੰਹ ਵੱਟ ਕੇ ਬਿਨ ਬੋਲੇ ਤੁਰ ਗਏ.. ਅੱਗੇ ਲੋਕ ਬੋਲਦੇ ਤੇ ਉਹ ਮੂਕ ਅਵਸਥਾ ਵਿਚ ਰਹਿੰਦਾ, ਅੱਜ ਲੋਕ ਚੁੱਪ ਸਨ ਤੇ ਉਹ ਬੋਲ ਰਿਹਾ ਸੀ। ਇਸ ਨਿਰਾਸ਼ਾ ਦੀ ਅਵਸਥਾ ਵਿਚ ਵੀ ਉਸ ਦੇ ਬੋਲ ਕਵਿਤਾ ਸਨ, ਵੰਗਾਰ ਸਨ, ਸ਼ਿੰਗਾਰਮਈ ਰੁਦਨ ਸੀ ਪਰ ਆਸ ਦੀ ਕਿਰਨ ਵੀ ਟਿਮਟਿਮਾ ਰਹੀ ਸੀ। ਫੇਰ ਉਸ ਰਬਾਬ ਰੱਖ ਦਿਤੀ। ਦਾਣੇ ਤੇ ਆਟੇ ਵਾਲੀਆਂ ਝੋਲੀਆਂ ਖੋਲ੍ਹ ਕੇ ਰੱਖ ਦਿਤੀਆਂ। ਉਹ ਝਿਜਕਦਾ ਝਿਜਕਦਾ ਇਧਰ-ਉਧਰ ਵੇਖ ਰਿਹਾ ਸੀ ਜਿਵੇਂ ਕਿਸੇ ਪਿੱਪਲ ਦੇ ਪੱਤਿਆਂ ਵਿਚੋਂ ਲੰਘਦੇ ਸਰਸਰਾਹਟ ਪੈਦਾ ਕਰਦੇ ਸਨ। ਦਰਖੱਤ ਦੇ ਸੰਗੀਤ ਨੂੰ ਆਪਣੇ ਅਨੁਭਵ ਵਿਚ ਸਮੋ ਕੇ ਉਹ ਪਿੱਪਲ 'ਤੇ ਬੈਠੇ ਪੰਛੀਆਂ ਨੂੰ ਤੂਫ਼ਾਨ ਵਿਚ ਅਡੋਲ ਵੇਖ ਹੈਰਾਨੀ ਨਾਲ ਗਾਉਣ ਲੱਗਾ।

**ਲੱਗੀ ਅੱਗ ਇਕ ਬਿਰਖ ਨੂੰ,**
**ਜਲਣ ਜੜ੍ਹਾਂ ਤੇ ਪਾਤ।**
**ਉਡ ਜਾਵੋ ਉਏ ਪੰਛੀਓ,**
**ਹਨ ਖੰਭ ਤੁਹਾਡੇ ਪਾਸ।**
**ਫਲ ਖਾਧੇ ਇਸ ਬਿਰਖ ਦੇ,**
**ਬਿਠਾਂ ਲਬੇੜੇ ਪਾਤ।**
**ਉਡ ਜਾਣਾ ਸਾਡਾ ਧਿਰਗ ਹੈ**
**ਜਲਾਂਗੇ ਬਿਰਖ ਦੇ ਸਾਥ।**

ਸੁੰਨੀ ਸੱਥ ਵਿਚ ਉਸ ਦੀ ਭਿਆਨਕ ਇਕੱਲ ਕਿਸੇ ਖਤਰਨਾਕ ਸਥਿਤੀ ਵਲ ਇਸ਼ਾਰਾ ਕਰ ਰਹੀ ਸੀ। ਪਿਆਰ ਦੀਆਂ ਨਜ਼ਰਾਂ ਸ਼ੱਕ ਦੀਆਂ ਨਿਗਾਹਾਂ ਬਣ ਚੁੱਕੀਆਂ ਸਨ। ਜਾਪਦਾ ਸੀ ਉਸ ਦੇ ਗੀਤ ਦੀਆਂ ਚਿੜੀਆਂ ਉਡਾਰੀ ਮਾਰ ਕੇ ਅਲੋਪ ਹੋ ਗਈਆਂ ਸਨ ਜਿਵੇਂ ਪਰਤਣਗੀਆਂ ਹੀ ਨਹੀਂ। ਹੁਣ ਚੁੱਪ ਟੁਟਣ ਲੱਗੀ। ਪਿੰਡ ਦੇ ਉਤਰ ਵਾਲੇ ਪਾਸੇ ਵਲ ਹਾਹਾਕਾਰ ਮੱਚ ਗਈ। ਕਿਸੇ ਨੇ ਮੁਸਲਮਾਨਾਂ ਦੇ ਘਰਾਂ ਨੂੰ ਅੱਗ ਲਾ ਦਿਤੀ ਸੀ। ਕੁਰਲਾਹਟ ਮੱਚ ਉਠੀ, ਲੋਕ ਦੌੜਨ ਲੱਗੇ। ਕੋਈ ਪਹਿਚਾਣ ਨਾ ਰਹੀ। ਬਾਹਰੋਂ ਆਇਆ ਇਕ ਜੱਥਾ ਫ਼ਾਇਰ ਕਰ ਰਿਹਾ ਸੀ। ਨਾਅਰੇ ਲੱਗ ਰਹੇ ਸਨ। ਪਾਕਿ-ਸਤਾਨ ਨੂੰ 'ਕਬਰਸਤਾਨ' ਆਖਿਆ ਜਾ ਰਿਹਾ ਸੀ। ਲੀਗ ਨੂੰ ਮੋਟੀਆਂ ਮੋਟੀਆਂ ਗਾਲਾਂ ਦਿਤੀਆਂ ਜਾ ਰਹੀਆਂ ਸਨ। ਹਰ ਮੁਸਲਮਾਨ ਬੁਰਾਈ ਦਾ ਪ੍ਰਤੀਕ ਸਮਝਿਆ ਜਾ ਰਿਹਾ ਸੀ ਤੇ ਬਾਕੀ ਸਭ ਦੇਵਤੇ ਬਣ ਬੈਠੇ ਸਨ। ਤਲਵਾਰਾਂ, ਛਵੀਆਂ, ਗੰਡਾਸਿਆਂ, ਤ੍ਰਿਸ਼ੂਲਾਂ ਦਾ ਮਿਲਵਾਂ ਤਾਂਡਵ ਨਾਚ ਸ਼ੁਰੂ ਹੋ ਚੁੱਕਾ ਸੀ। ਮਾਸੂਮਾਂ ਦੀਆਂ ਚੀਕਾਂ, ਕੂਕਾਂ, ਫ਼ਰਿਆਦਾਂ ਆਸਮਾਨ ਨੂੰ ਲੀਰੋ ਲੀਰ ਕਰ ਰਹੀਆਂ ਸਨ।

ਬਾਹਰੋਂ ਆਈ ਭੂਤ ਮੰਡਲੀ ਭੂਤਰੀ ਫਿਰਦੀ ਸੀ। ਜੋ ਸਾਹਮਣੇ ਆਉਂਦਾ, ਬੋਚਿਆ ਜਾਂਦਾ। ਪਿੰਡ ਦੀ ਮਸਜਿਦ ਦੇ ਮੀਨਾਰ ਢਹਿ ਰਹੇ ਸਨ, ਦੂਜੇ ਧਾਰਮਿਕ ਅਸਥਾਨ ਚਮਕ ਰਹੇ ਸਨ। ਬੀਹੀਆਂ ਵਿਚ ਖ਼ੂਨ ਵਗਣ ਲੱਗਾ। ਧੀਆਂ ਭੈਣਾਂ ਦੀ ਪਹਿਚਾਣ ਭੁਲ ਗਈ। ਕਲ ਦੀਆਂ ਸ਼ਰਮਾਂ ਬਦਲੇ ਦੀ ਅੱਗ ਵਿਚੋਂ ਲੰਘ ਕੇ ਬੇਸ਼ਰਮੀ ਵਿਚ ਬਦਲ ਚੁੱਕੀਆਂ ਸਨ। ਕਈ ਬਜ਼ੁਰਗਾਂ ਨੇ ਹਾਅ ਦਾ ਨਾਅਰਾ ਵੀ ਮਾਰਿਆ ਪਰ ਭੂਤਰੀਆਂ ਭੂਤਾਂ ਉਨ੍ਹਾਂ ਨੂੰ ਧੱਕੇ ਦੇ ਕੇ ਅੱਗੇ ਲੰਘ ਗਈਆਂ। ਨਗਨ ਔਰਤਾਂ ਤੋਂ 'ਪਾਕਿਸਤਾਨ ਮੁਰਦਾਬਾਦ' ਅਖਵਾਇਆ ਜਾ ਰਿਹਾ ਸੀ। ਸੰਗੀਨਾਂ ਤੇ ਬਰਛਿਆਂ ਦੇ ਪਹਿਰੇ ਵਿਚ ਇਕ ਰੱਬ ਦੂਜੇ ਰੱਬ ਨੂੰ ਸ਼ਰਮਸਾਰ ਕਰਕੇ ਕਤਲ ਕਰ ਰਿਹਾ ਸੀ। ਰਾਜਸੀ ਖ਼ੂਨਰੇਜ਼ੀਆਂ ਨੂੰ ਧਰਮ ਦਾ ਪਵਿੱਤਰ ਜਾਮਾ ਪਹਿਨਾਇਆ ਜਾ ਰਿਹਾ ਸੀ। ਅਰਸ਼ਾਂ ਤੇ ਫਰਸ਼ਾਂ ਦੇ ਭੇਦ ਭਰੇ ਬੂਹੇ ਖੁਲ੍ਹ ਰਹੇ ਸਨ। ਗੁੰਡਾਗਰਦੀ ਨੂੰ ਬਹਾਦਰੀ ਤੇ ਗਾਲੀ ਗਲੋਚ ਨੂੰ 'ਬਚਨ ਬਿਲਾਸ' ਆਖਿਆ ਜਾ ਰਿਹਾ ਸੀ। 'ਉਏ ਮੀਰ ਨੂੰ ਛੱਡ ਦਿਓ, ਇਹ ਵਿਚਾਰਾ ਤਾਂ ਗਾਉਂਦਾ ਹੀ ਹੈ' ਇਕ ਆਵਾਜ਼ ਆਈ। 'ਇਸ ਦੇ ਅੱਲ੍ਹਾ ਦੇ ਗੀਤ ਬੰਦ ਕਰ ਦਿਉ' ਦੂਜੇ ਨੇ ਕਿਹਾ। ਮੀਰਾ ਹੱਟ ਜਾ ਪਰੇ ਸਾਲਾ ਲੀਗੀ ਜਾਸੂਸ' ਇਕ 'ਬਹੁਤ ਬਹਾਦਰ' ਨੌਜਵਾਨ ਨੇ ਅੱਗੇ ਵੱਧ ਕੇ ਉਸ ਦੀ ਧੌਣ 'ਤੇ ਗੰਡਾਸੇ ਦਾ ਵਾਰ ਕੀਤਾ। ਮੀਰ ਧਰਮ ਦੇ ਨਾਂਮ 'ਤੇ ਚਲ ਰਹੀ ਰਾਜਨੀਤੀ ਦੀ ਹਵਸ ਨਾਲ ਕਤਲ ਕਰ ਦਿਤਾ ਗਿਆ - ਖ਼ੂਨ ਹੀ ਖ਼ੂਨ, ਰਬਾਬ ਖਾਮੋਸ਼ ਹੋ ਗਈ। ਬੱਚੇ ਚੀਕ ਉਠੇ, - 'ਓਏ ਉਡ ਉਡ ਚਿੜੀਏ ਮਾਰ ਤਾ।' ਨੂੰਹਾਂ ਧੀਆਂ ਨੇ ਮੂੰਹਾਂ ਤੇ ਚਾਦਰਾਂ ਲੈ ਲਈਆਂ। ਮੂਕ ਵੈਣ ਪੈਣ ਲੱਗੇ। ਇਕ ਸਨਾਟਾ ਛਾ ਗਿਆ। ਪੰਜਾਬ ਦੀ ਸਭਿਆਚਾਰਕ ਸ਼ਕਤੀ ਦੀਆਂ ਪ੍ਰਤੀਕ ਤਲਵਾਰ ਤੇ ਰਬਾਬ ਟਕਰਾ ਗਈਆਂ- ਰਬਾਬ ਟੁਣਕਦੀ ਰਹੀ, ਸ਼ਮਸ਼ੀਰ ਚਮਕਦੀ ਰਹੀ ਪਰ ਕਟੇ ਗਏ ਕੰਠ ਵਿਚੋਂ ਸੰਗੀਤ ਦੀਆਂ ਧੁਨੀਆਂ ਪਰਵਾਜ਼ ਕਰ ਗਈਆਂ। ਸੱਥ ਮਕਤਲ ਬਣ ਸਹਿਮ ਦੀ ਪ੍ਰਤੀਕ ਬਣ ਗਈ। 'ਯੋਧਿਆਂ' ਦੀਆਂ ਕਿਲਕਾਰੀਆਂ ਅਸਮਾਨਾਂ ਤਕ ਫੈਲਦੀਆਂ ਰਹੀਆਂ। ਬਾਬਰ ਨੂੰ ਜਾਬਰ ਆਖਣ ਵਾਲੇ ਸੰਗੀਤ ਦੇ ਪ੍ਰਤੀਨਿਧ ਦੀ ਰੂਹ ਪਿੱਪਲ ਦੇ ਪੱਤਿਆਂ ਨੂੰ ਲਰਜ਼ਾ ਕੇ ਉਡਾਰੀ ਮਾਰ ਗਈ। 'ਇਕ ਭਾਣਾ ਵਰਤਿਆ,' ਕਿਸੇ ਨੇ ਆਖਿਆ, ਪਰ ਦੂਜੇ ਕੋਨੇ ਵਿਚ ਬੈਠੇ ਬਜ਼ੁਰਗ ਨੇ ਮੁਹ-ਾਵਰਾ ਦਰੁਸਤ ਕਰਦਿਆਂ ਕਿਹਾ, ਨਹੀਂ ਭਾਣਾ ਵਰਤਾ ਦਿਤਾ ਗਿਆ। ਫਿਰ ਕਿਸੇ ਨੇ ਕਿਹਾ, 'ਤਲਵਾਰ ਤਾਂ ਮਿਆਨੋਂ ਹੀ ਨਾ ਨਿਕਲ ਸਕੀ।' ਇਹ ਗੰਡਾਸੇ ਦੀ ਘਟਨਾ ਸੀ ਜੋ ਸਦਾ ਹੀ ਖਰੂਦੀ ਹਿੰਸਾ ਦਾ ਪ੍ਰਤੀਕ ਰਹੀ ਹੈ- ਸ਼ਾਇਦ ਤਲਵਾਰ ਰਬਾਬ ਅੱਗੇ ਚੁੱਪ ਸੀ, ਸ਼ਰਮਸਾਰ ਸੀ।

ਹਵਾ ਦੇ ਝੋਕੇ ਰਬਾਬ ਦੀਆਂ ਤਾਰਾਂ ਨੂੰ ਹਿਲਾ ਕੇ ਸੰਗੀਤ ਨੂੰ ਮੋੜ ਲਿਆਉਣ ਦਾ ਅਸਫ਼ਲ ਯਤਨ ਕਰਦੇ ਜਾਪ ਰਹੇ ਸਨ। ਮੀਰ ਦੀਆਂ ਝੋਲੀਆਂ ਵਿਚੋਂ ਆਟਾ ਉਡ ਰਿਹਾ ਸੀ, ਦਾਣੇ ਕਿਰ ਰਹੇ ਸਨ, ਸੰਗੀਤ ਮਰ ਚੁੱਕਿਆ ਸੀ। ਆਵਾਜ਼ ਕੋਹੀ ਗਈ ਸੀ। ਚਿੜੀਆਂ ਹਮੇਸ਼ਾ ਲਈ ਉਡ ਗਈਆਂ ਸਨ। ਦੂਰ ਬੈਠੀਆਂ ਧੀਆਂ ਬਾਬਲ ਨੂੰ ਉਡੀਕਦੀਆਂ ਗਸ਼ ਖਾ ਕੇ ਡਿਗ ਪਈਆਂ ਸਨ। ਹਿੰਦੁਸਤਾਨ ਤੇ ਪਾਕਿਸਤਾਨ ਆਜ਼ਾਦੀ ਦਾ ਜਸ਼ਨ ਮਨਾ ਰਹੇ ਸਨ। ਲੀਡਰ ਤਕਰੀਰਾਂ ਕਰ ਰਹੇ ਸਨ। ਔਰਤਾਂ ਆਤਮਘਾਤ ਰਾਹੀਂ ਭੂਤਾਂ ਤੇ ਫ਼ਤਹਿ ਪਾ ਰਹੀਆਂ ਸਨ। ਤੂਫ਼ਾਨ ਦਾ ਸਨਾਟਾ ਸਨਸਨੀਖੇਜ ਵਾਤਾਵਰਨ ਉਪਜਾ ਰਿਹਾ ਸੀ। ਅਖਬਾਰਾਂ ਦੇ ਪਹਿਲੇ ਸਫੇ 'ਤੇ ਲਾਲ ਕਿਲੇ 'ਤੇ ਤਿਰੰਗਾ ਲਹਿਰਾ ਰਿਹਾ ਵਿਖਾਈ ਦੇ ਰਿਹਾ ਸੀ। ਕਾਫਲੇ ਚਲ ਪਏ ਸਨ। ਸਰਹੱਦਾਂ ਉਲੀਕੀਆਂ ਗਈਆਂ ਸਨ। ਸੰਗੀਤ ਵੰਡਿਆ ਗਿਆ ਸੀ। ਇਨਸਾਨੀਅਤ ਡੰਗੀ ਗਈ ਸੀ। 'ਸਰਮਦ' ਦੀ ਸ਼ਹਾਦਤ 'ਤੇ ਮੌਲਾਨਾ ਆਜ਼ਾਦ ਦਾ 1910 ਵਿਚ ਲਿਖਿਆ ਲੇਖ ਹੁਣ ਵੀ ਆਪਣੇ ਸੱਚ ਦੀ ਤਾਜ਼ਗੀ ਦਾ ਪ੍ਰਕਾਸ਼ ਕਰ ਰਿਹਾ ਸੀ। ਉਹਨੇ ਲਿਖਿਆ ਸੀ, 'ਜਦੋਂ ਰਾਜ ਕਰਨ ਵਾਲੇ ਖ਼ੂਨ ਵਹਾਉਣ 'ਤੇ ਆਉਂਦੇ ਹਨ ਤਾਂ ਦਾਨਸ਼ਮੰਦਾਂ ਦੀ ਕਲਮ, ਸਿਪਾਹਸਾਲਾਰ ਦੀ ਤਲਵਾਰ ਅਤੇ ਧਰਮ-ਪ੍ਰਚਾਰਕਾਂ ਦੇ ਪ੍ਰਵਚਨ ਤੇ ਫ਼ਤਵੇ ਇਕ ਹੋ ਜਾਂਦੇ ਹਨ।'

ਸਮਾਂ ਬੀਤਦਾ ਗਿਆ, ਸੱਥ ਦੀ ਸੁੰਨ ਹੌਲੀ ਹੌਲੀ ਧੀਮੀ ਪੈਂਦੀ ਮੁੱਕਣ ਲੱਗੀ। ਉਮਰਾਂ ਵਿਚ ਵਾਧਾ ਹੁੰਦਾ ਗਿਆ। ਘਟਨਾਵਾਂ ਇਤਿਹਾਸ ਬਣਦੀਆਂ ਗਈਆਂ। ਦਰਦ ਦੀਆਂ ਤੈਹਾਂ ਨਾ ਖੁਲ੍ਹੀਆਂ। ਸਰਹੱਦ ਦੇ ਆਰ ਪਾਰ ਦਰਦ ਵਾਲੇ ਵਿਲਕਦੇ ਰਹੇ ਪਰ ਮਾਸੂਮ ਲੋਕਾਂ ਦੇ ਪੇਟਾਂ ਵਿਚ ਬਰਛੇ ਮਾਰਨ ਵਾਲੇ ਧਾਰਮਿਕ ਤੇ ਰਾਜਨੀਤਿਕ ਅਖਾੜੇ ਦੇ ਆਗੂ ਬਣ ਰਾਜ ਕਰਨ ਲੱਗੇ। ਨਵੀਆਂ ਸਕੀਮਾਂ ਬਣਨ ਲੱਗੀਆਂ। ਦੋਵੇਂ ਦੇਸ਼ਾਂ ਦੀਆਂ ਰਾਜ ਸ਼ਕਤੀਆਂ ਮਿਲਣ ਲੱਗੀਆਂ। ਲੋਕ ਤੜਪਦੇ ਰਹੇ, ਹੰਝੂ ਵਗਦੇ ਰਹੇ।

ਤੇ ਫਿਰ ਇਕ ਦਿਨ ਉਸ ਸੱਥ ਵਿਚ ਇਕ ਹੋਰ ਗੀਤਕਾਰ ਆ ਬੈਠਾ। ਕਈਆਂ ਆਖਿਆ, ''ਇਥੇ ਬੈਠ ਕੇ ਗੀਤ ਨਾ ਗਾਵੀਂ ਇਥੇ ਸੰਗੀਤ ਦਫ਼ਨਾਇਆ ਹੋਇਆ ਹੈ।'' ਸੱਥ ਕਲਾ ਦੇ ਕਬਰਸਤਾਨ ਵਾਂਗ ਦਿੱਸਣ ਲੱਗੀ। ਬੱਚੇ ਆਏ, ਬਜ਼ੁਰਗ ਆਏ, ਨੂੰਹਾਂ, ਧੀਆਂ ਜਰਾ ਲਾਂਭੇ ਹੋ ਕੇ ਆ ਖੜੀਆਂ। ਇਕ ਅਵਾਜ਼ ਲਰਜਣ ਲੱਗੀ ਜਿਸ ਨੇ ਸਭ ਨੂੰ ਸੱਦਾ ਦਿਤਾ ਤੇ ਗੀਤਕਾਰ ਨੇ ਹੇਕ ਨਾਲ ਮਰਸੀਆ ਗਾਇਆ।

**ਧਰਤੀ ਉਪਰ ਬੈਠ ਕੇ ਛਾਤੀ ਅਰਸ਼ਾਂ ਵੱਲ ਨੂੰ ਮਾਰਾਂ।**
**ਹੰਝੂ ਅਖੀਆਂ ਵਿਚੋਂ ਕਿਰਦੇ, ਤੱਕ ਚਿੜੀਆਂ ਦੀਆਂ ਡਾਰਾਂ।**
**ਕੱਲਾ ਬੈਠਾ ਮਹਿਫ਼ਲ ਅੰਦਰ, ਲਾਈ ਉਡਾਰੀ ਯਾਰਾਂ।**
**ਰਹਿਮਤ ਆਪਣੀ ਰੱਖੀਂ ਅੱਲ੍ਹਾ ਤੇਰੇ ਸੌ ਸੌ ਸ਼ੁਕਰ ਗੁਜ਼ਾਰਾਂ।**

□

Blitz Auto Canada
Full Maintenance Service
Breaks
Muffler
Suspension
Steering
Lube & Oil
Tires
Batteries
WE CARE YOUR CAR BETTER
Contact: Umesh Amin
3207-97 Street, Edmonton, Alberta, T6N 1B7, Canada
Phone: 780 463 2886 Fax: 780 463 6536
E-mail: unamin@gmail.com


BIG BO'S
Furniture, Appliances & Blinds
SAMSUNG
Frigidaire
Comforting Homes For Generations™
Big Bo's ਦੇ ਪ੍ਰਬੰਧਕਾਂ ਵੱਲੋਂ ਨਵੇਂ ਸਾਲ ਦੀ ਲੱਖ-ਲੱਖ ਵਧਾਈ
ਤੁਸੀਂ ਸਾਡੇ ਕੋਲੋਂ ਵਧੀਆ ਫਰਨੀਚਰ, ਅਪਲਾਇੰਸਿਜ਼ ਅਤੇ ਬਲਾਇੰਡਜ਼ ਖਰੀਦ ਸਕਦੇ ਹੋ ।
Stainless Steel
3 Pcs Set
Was $ 3099
Sale
$1697
Store Hours:
Mon-Wed 10 am-6 pm.
Thu-Fri 10 am-8pm.
Sat 10 am-6 pm.
Sun 12 pm - 5 pm.
Fridge, Range, Dishwasher, Washer & Dryer 5 Pcs. White Set
Just for $1597
4220 99 St. NW
Edmonton, AB.
780 430 4346
Prices valid until Quantities last.


Creative Doors & Mouldings Ltd.
"Your Complete Finishing Store"
* Interior * Prehung Units
* Locks & Hardware * French Doors
* Bi-Folds * Mouldings * Accessories
* Railing
Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5

# NEW WAY
Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph.: (780)-708-1436, Fax: (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ



# Moga Painting Company
Serving Since 1985

Experts in Interior & Exterior Paint



**Residential & Commercial**

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070





Harinder Hundal
M.Sc. Eco, M.B.A
Sales Representative

Residential | Commertial | Investment Properties

Home Life/United Realty Inc. Brokerage
Independently Owned & Operated.

Higher Standards Agents... Higher Results™

Cell: 647 818 6880
Bus: 905 672 1234
FAX: 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

MLS MULTIPLE LISTING SERVICE® REALTOR®

50 SunnyVale Gate, Unit # 7, Brampton, ON L6S 0C4



ਮੁਲਾਕਾਤ Productions

ਟੀ.ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)



Charanjit Brar
Producer & Host
Ph: 647 300 8436
cbrar@rogers.com



# ਬਹੁਤ ਹੀ ਘੱਟ ਕੀਮਤਾਂ ਦਾ ਅੱਜ ਹੀ ਫ਼ਾਇਦਾ ਉਠਾਓ



SUZUKI AWD ONLY

90 Days NO PAYMENTS

Happy Holidays & Best Wishes for 2011

## 2011 KIZASHI SX iAWD
STANDARD iAWD

ALL-IN-ONE-PRICE
Includes destination, delivery and fees

$190 Bi-Weekly payments plus tax | $0 DOWN | 1.9%* Purchase Financing

STANDARD FEATURES
- 18-inch alloy wheels
- Push button Start
- Heated, leather, 10-way driver's seat
- Bluetooth & USB integration
- Rockford-Fosgate premium audio system
- Smartpass keyless entry
- Power Sunroof
- Automatic Transmission CVT



Thank you for making us the #1 Suzuki dealership in CANADA.

CLEAROUT OFFERS ON SELECT 2010 MODELS
OR UP TO $4,500* SAVINGS

0% Purchase Financing for 72 Months

2010 SX4 HATCHBACK JX iAWD
MOST FUEL EFFICIENT COMPACT AWD IN CANADA*
STANDARD iAWD

ALL-IN-ONE-PRICE
Includes destination, delivery and fees

$129 Bi-Weekly payments plus tax | $0 DOWN | 0%* Purchase Financing

STANDARD FEATURES
- Air conditioning
- Power Package
- Auxiliary input jack
- ABS with EBD
- Cruise control
- Roof rails
- Heated mirrors
- Steering wheel audio controls

2010 GRAND VITARA JX 4WD
STANDARD 4WD

ALL-IN-ONE-PRICE
Includes destination, delivery and fees

$165 Bi-Weekly payments plus tax | $0 DOWN | 0%* Purchase Financing

STANDARD FEATURES
- Keyless Entry and Start System
- Automatic Climate Control
- Cruise Control
- Automatic Transmission
- Alloy Wheels
- ABS with EBD
- Auxiliary input jack





WARRANTY All Suzuki vehicles come with a 5-year, 100,000 kilometre powertrain limited warranty and 3-year unlimited kilometre roadside assistance.

CONSUMERS SHOULD READ THE FOLLOWING: INCLUSIVE PRICING means there are no surprises; our Purchase Financing and Savings offers include Delivery & Destination ($1,495 for Kizashi/$1,395 for SX4/$1,595 for Grand Vitara models), $100 A/C Excise Tax (where applicable), $20 Tire tax, $399 Dealer Administration Fee. Offers do not include PPSA up to $72 (when financing), applicable taxes, license, registration and insurance. Vehicles may not be exactly as shown. Limited time offers are subject to change without notice. *Limited time finance offers available O.A.C.. Special bi-weekly purchase finance offers are available on 2011 Kizashi SX Model 6B23V41 (Selling Price $32,509), 2010 SX4 Hatchback JX AWD with manual transmission Model H3NB2J0 (Selling Price $23,509) and 2010 Grand Vitara JX automatic transmission Model L2NB5T0 (Selling Price $30,109) for a 60 month term, amortized over 84 months. Remaining balance after 60 months must be refinanced or repaid in full, 2011 Kizashi $9,748.86, 2010 SX4 Hatchback JX AWD $6,716 and 2010 Grand Vitara JX $8,602 plus applicable taxes.. The bi-weekly 60 month payments amortized over 84 months interest rates are based on 2011 Kizashi SX @1.9%, 2010 SX4 Hatchback JX AWD @0% and 2010 Grand Vitara JX @ 0% purchase financing , bi-weekly payments are $190/$129/$165 with $0 down payment over a 60 month term. Dealers may sell for less. †CASH CLEARANCE SAVINGS of $4,500 is available on a 2010 Grand Vitara JLX with automatic transmission Model L2MB5V0. Certain conditions apply. All offers valid December 1, 2010 through December 31, 2010. No payments until 2011 (90 day payment deferral) applies to purchase financing offers on all new 2010 and 2011 Suzuki models on approved credit (OAC). No interest will accrue during the first 90 days of the finance contract. After this period interest starts to accrue and the purchaser will repay principal and interest monthly over the terms of the contract.

SHOP 24/7 @ MILLWOODS SUZUKI.COM

SPECIAL TOLL FREE 1-866-897-4500

ON THE AUTO ROW 3403-93 ST.

Alberta Motor Vehicle Industry Council

BBB ACCREDITED BUSINESS

## ਕਿਤਾਬ ਸਮੀਖਿਆ

**ਸੰਤ ਸਿੰਘ ਸੇਖੋਂ ਰਚਨਾਵਲੀ (ਇਕਾਂਗੀ)**
**ਪੰਨੇ 448, ਕੀਮਤ 400 ਰੁਪਏ**
**ਪ੍ਰਕਾਸ਼ਕ : ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਨੇ ਆਧੁਨਿਕ ਪੰਜਾਬੀ ਸਾਹਿਤ ਨੂੰ ਸੰਪਾਦਤ ਕਰ ਕੇ ਮੁੜ ਪ੍ਰਕਾਸ਼ਤ ਕਰਨ ਦਾ ਕਾਰਜ ਆਰੰਭਿਆ ਹੋਇਆ ਹੈ। ਇਸ ਵਡੇਰੇ ਤੇ ਵਡਮੁੱਲੇ ਕਾਰਜ ਦੇ ਇਕ ਹਿੱਸੇ ਵਜੋਂ ਹੀ 'ਸੰਤ ਸਿੰਘ ਸੇਖੋਂ ਰਚਨਾਵਲੀ (ਇਕਾਂਗੀ)' ਪੁਸਤਕ ਪ੍ਰਕਾਸ਼ਤ ਹੋਈ ਹੈ। ਪੁਸਤਕ ਦਾ ਸੰਪਾਦਨ ਮਨਜੀਤਪਾਲ ਕੌਰ ਨੇ ਕੀਤਾ ਹੈ, ਜੋ ਕਿ ਖੁਦ ਵੀ ਜਾਣੀ ਪਛਾਣੀ ਕਾਵਿ ਨਾਟਕਕਾਰ ਅਤੇ ਕਵਿਤਰੀ ਹੋਣ ਤੋਂ ਇਲਾਵਾ ਸਾਹਿਤ ਅਧਿਆਪਨ ਤੇ ਖੋਜ ਕਾਰਜ ਨਾਲ ਜੁੜੀ ਹੋਈ ਹੈ। ਸੰਤ ਸਿੰਘ ਸੇਖੋਂ ਦੇ ਰਚਨਾ ਕਾਲ ਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਯੁੱਗ ਆਖਿਆ ਜਾ ਸਕਦਾ ਹੈ। ਇਸ ਕਾਲ ਵਿਚ ਆਧੁਨਿਕ ਸਾਹਿਤ ਦੀ ਲਗਭਗ ਹਰ ਵੰਨਗੀ ਦਾ ਅਦਭੁਤ ਵਿਕਾਸ ਹੋਇਆ ਸਪੱਸ਼ਟ ਦਿਖਾਈ ਦਿੰਦਾ ਹੈ। ਹੋਰਨਾ ਤੋਂ ਇਲਾਵਾ ਪੰਜਾਬੀ ਸਾਹਿਤ ਦੇ ਇਸ ਬਹੁ ਵਿਧਾਵੀ ਵਿਕਾਸ ਦਾ ਇਕ ਪ੍ਰਮੁੱਖ ਕਾਰਨ ਪੰਜਾਬੀ ਸਾਹਿਤ ਜਗਤ ਨੂੰ ਵੱਡੀ ਪ੍ਰਤਿਭਾ ਵਾਲੇ ਲੇਖਕਾਂ ਦਾ ਨਸੀਬ ਹੋਣਾ ਹੈ। ਵੱਡੀ ਪ੍ਰਤਿਭਾ ਵਾਲੇ ਪਹਿਲੀ ਪੀੜ੍ਹੀ ਦੇ ਪੰਜਾਬੀ ਲੇਖਕਾਂ ਵਿਚ ਸੰਤ ਸਿੰਘ ਸੇਖੋਂ ਇਕ ਵੱਖਰੇ ਹੀ ਮਹੱਤਵ ਦਾ ਲਖਾਇਕ ਹੈ। ਸੰਤ ਸਿੰਘ ਸੇਖੋਂ ਨੇ ਆਧੁਨਿਕ ਸਾਹਿਤ ਦੀ ਹਰ ਵੰਨਗੀ ਵਿਚ ਨਾ ਕੇਵਲ ਮੌਲਿਕ ਸਾਹਿਤ ਸਿਰਜਣਾ ਹੀ ਕੀਤੀ ਸਗੋਂ ਇਨ੍ਹਾਂ ਵੰਨਗੀਆਂ ਦੇ ਵਿਲੱਖਣ ਸਾਹਿਤ-ਸ਼ਾਸ਼ਤਰੀ ਨੇਮਾਂ ਦੀ ਚਰਚਾ ਅਰੰਭ ਕਰ ਕੇ ਪੰਜਾਬੀ ਸਾਹਿਤ ਦੇ ਬੌਧਿਕ ਧਰਾਤਲ ਨੂੰ ਮੋਕਲਾ ਕਰਨ ਦਾ ਭਰਪੂਰ ਉਪਰਾਲਾ ਵੀ ਕੀਤਾ। ਕੇਵਲ ਕਵਿਤਾ ਨੂੰ ਛੱਡ ਕੇ ਪੰਜਾਬੀ ਸਾਹਿਤ ਦੀ ਹਰ ਵੰਨਗੀ ਦੇ ਇਤਿਹਾਸ ਵਿਚ ਸੰਤ ਸਿੰਘ ਸੇਖੋਂ ਦੀ ਰਚਨਾ ਨੂੰ ਆਦਰਯੋਗ ਸਥਾਨ ਹਾਸਲ ਹੈ।




ਸੰਤ ਸਿੰਘ ਸੇਖੋਂ ਰਚਨਾਵਲੀ ਵਿਚ ਸੰਤ ਸਿੰਘ ਸੇਖੋਂ ਦੇ ਸਮੁੱਚੇ ਪ੍ਰਕਾਸ਼ਤ ਇਕਾਂਗੀ-ਸੰਗ੍ਰਹਿ- ਛੇ ਘਰ, ਤਪਿਆ ਕਿਉਂ ਖਪਿਆ, ਨਾਟ ਸਨੇਰੇ, ਸੁੰਦਰ ਪਦ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਤੋਂ ਇਲਾਵਾ ਸੇਖੋਂ ਰਚਿਤ ਇਕਲੌਤਾ ਕਾਵਿ - ਸੰਗ੍ਰਹਿ 'ਕਾਵਿ-ਦੂਤ' ਵੀ ਇਸ ਵਿਚ ਸ਼ਾਮਲ ਕਰ ਲਿਆ ਗਿਆ ਹੈ। 'ਸੰਤ ਸਿੰਘ ਸੇਖੋਂ ਰਚਨਾਵਲੀ' ਦੀਆਂ ਦੂਜੀਆਂ ਜਿਲਦਾਂ ਵਿਚ ਸ਼ਾਇਦ ਇਸ ਕਾਵਿ ਸੰਗ੍ਰਹਿ ਨੂੰ ਢੁਕਵਾਂ ਸਥਾਨ ਨਹੀਂ ਸੀ ਮਿਲ ਸਕਣਾ, ਇਸ ਕਰ ਕੇ ਸੰਪਾਦਿਕਾ ਵਲੋਂ ਇਸ ਨੂੰ ਇਕਾਂਗੀ ਵੰਨਗੀ ਵਾਲੀ ਜਿਲਦ ਵਿਚ ਦੇਣਾ ਹੀ ਮੁਨਾਸਿਬ ਸਮਝਿਆ ਗਿਆ ਹੋਵੇਗਾ। ਉਂਝ ਵੀ ਕਵਿਤਾ ਵਿਚ ਸੇਖੋਂ ਦੀ ਸੰਵਾਦ ਸ਼ੈਲੀ 'ਕਾਵਿ-ਦੂਤ' ਨੂੰ ਇਕਾਂਗੀ-ਜਿਲਦ ਵਿਚ ਓਪਰਾ ਮਹਿਸੂਸ ਨਹੀਂ ਹੋਣ ਦਿੰਦੀ। ਦੂਜੇ ਪਾਸੇ 'ਕਾਵਿ-ਦੂਤ' ਵਿਚਲੀਆਂ ਕਵਿਤਾਵਾਂ ਦੇ ਭਾਵ ਵੀ ਸੰਤ ਸਿੰਘ ਸੇਖੋਂ ਦੇ ਇਕਾਂਗੀਆਂ ਨਾਲੋਂ ਵਖਰੇ ਨਹੀਂ ਹਨ।

ਸੰਤ ਸਿੰਘ ਸੇਖੋਂ ਇਕਾਂਗੀ ਦੇ ਸਹਿਤ ਸ਼ਾਸਤਰੀ ਨੇਮਾਂ ਦੇ ਗੂੜ ਗਿਆਤਾ ਸਨ। ਆਪਣੇ ਇਕਾਂਗੀ ਸੰਗ੍ਰਹਿ 'ਨਾਟ ਸਨੇਰੇ' ਦੀ ਅੰਤਿਕਾ ਵਿਚ ਸੇਖੋਂ ਨੇ ਇਕਾਂਗੀ ਦੇ ਕੁੱਝ ਰੂਪਕ ਨਿਯਮਾਂ ਦੀਆਂ ਢੁਕਵੀਆਂ ਮਿਸਾਲਾਂ ਸਹਿਤ ਵਿਆਖਿਆ ਵੀ ਕੀਤੀ, ਜਿਸ ਤੋਂ ਇਕਾਂਗੀ ਵਿਧਾ ਦੀ ਵਿਲੱਖਣ ਹੋਂਦ ਵਿਧੀ ਦੀ ਜਾਣਕਾਰੀ ਮਿਲਦੀ ਹੈ। ਸੇਖੋਂ ਰਚਿਤ ਹਰ ਇਕਾਂਗੀ ਇਨ੍ਹਾਂ ਨਿਯਮਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਇਨ੍ਹਾਂ ਵਿਚ ਜਵੀਨ ਦੇ ਕਿਸੇ ਨਾ ਕਿਸੇ ਪੱਖ ਦਾ ਝਲਕਾਰਾ ਹੈ, ਬਣਤਰ ਸਰਲ ਤੇ ਸਾਦਾ ਹੈ, ਪਾਤਰ ਉਸਾਰੀ ਦੀ ਬਹੁਤੀ ਗੁੰਜਾਇਸ਼ ਨਹੀਂ ਹੈ। ਪਾਤਰਾਂ ਦੀ ਗਿਣਤੀ ਅਤਿ ਸੀਮਿਤ ਹੈ। ਇਕਾਂਗੀ ਦੇ ਸਾਹਿਤ ਸ਼ਾਸ਼ਤਰੀ ਨਿਯਮਾਂ ਤੋਂ ਇਲਾਵਾ ਇਨ੍ਹਾਂ ਦੀ ਇਕ ਨਾਟ ਸ਼ਾਸਤਰੀ ਹੋਂਦ ਵਿਧੀ ਵੀ ਹੋਣੀ ਚਾਹੀਦੀ ਹੈ। ਦੋਸ਼ ਲਗਦਾ ਰਿਹਾ ਹੈ ਕਿ ਸੇਖੋਂ ਦੇ ਨਾਟਕ ਰੰਗ ਮੰਚ ਦੀ ਦ੍ਰਿਸ਼ਟੀ ਤੋਂ ਊਣੇ ਹਨ, ਇਸ ਦੇ ਜਵਾਬ ਵਿਚ ਸੇਖੋਂ ਦਾ ਕਹਿਣਾ ਸੀ ਕਿ ਅਜੇ ਪੰਜਾਬੀ ਰੰਗ ਮੰਚ ਹੀ ਊਣਾ (ਅਵਿਕਸਿਤ) ਹੈ। ਹੁਣ ਜਦੋਂ ਰੰਗ ਮੰਚ ਕਾਫੀ ਵਿਕਸਿਤ ਹੋ ਗਿਆ ਹੈ ਤਾਂ ਸੇਖੋਂ ਰਚਿਤ ਇਕਾਂਗੀ ਨਾਟਕਾਂ ਨੂੰ ਰੰਗ ਮੰਚ 'ਤੇ ਪੇਸ਼ ਕਰਨ ਦੀਆਂ ਕਾਫ਼ੀ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਪੰਜਾਬ ਦੇ ਰੰਗ ਕਰਮੀਆਂ ਨੂੰ 'ਸੰਤ ਸਿੰਘ ਸੇਖੋਂ ਰਚਨਾਵਲੀ (ਇਕਾਂਗੀ)' ਪੁਸਤਕ ਜ਼ਰੀਏ ਸੇਖੋਂ ਦੇ ਸਾਰੇ ਦੇ ਸਾਰੇ ਇਕਾਂਗੀ ਇਕੋ ਥਾਂ ਉਪਲਭਦ ਹੋ ਗਏ ਹਨ।

ਸੰਤ ਸਿੰਘ ਸੇਖੋਂ ਦੇ ਇਕਾਂਗੀਆਂ ਦੇ ਵਿਸ਼ੇ ਸਮਾਜ ਸੁਧਾਰਕ ਵੀ ਹਨ ਅਤੇ ਕ੍ਰਾਂਤੀਕਾਰੀ ਵੀ। ਭਾਵੇਂ ਇਨ੍ਹਾਂ ਵਿਚ ਕੋਈ ਬਕਾਇਦਾ ਵਿਕਾਸਕ੍ਰਮ ਨਜ਼ਰ ਨਹੀਂ ਆਉਂਦਾ ਭਾਵ ਦੋਵੇਂ ਤਰ੍ਹਾਂ ਦੇ ਵਿਸ਼ੇ ਉਵੇਂ ਹੀ ਨਾਲ ਨਾਲ ਚਲਦੇ ਰਹਿੰਦੇ ਹਨ ਜਿਵੇਂ ਉਨ੍ਹਾਂ ਦੀ ਵਿਚਾਰਧਾਰਾ ਵਿਚ ਫ਼ਰਾਇਡਵਾਦ ਅਤੇ ਮਾਰਕਸਵਾਦ, ਫਿਰ ਵੀ ਵਿਸ਼ਿਆਂ ਦੇ ਨਿਭਾਅ ਪੱਖੋਂ ਸੇਖੋਂ ਦਾ ਝੁਕਾਅ ਕ੍ਰਾਂਤੀਮੁਖੀ ਹੈ। ਸੇਖੋਂ ਰਚਿਤ ਇਕਾਂਗੀ ਪੁਰਾਣੇ ਦਕਿਆਨੂਸੀ ਵਿਚਾਰਾਂ ਤੇ ਵਿਸ਼ਵਾਸਾਂ ਨੂੰ ਤਿਆਗਣ ਤੇ ਆਧੁਨਿਕ ਗਿਆਨ -ਵਿਗਿਆਨ ਨੂੰ ਅਪਣਾਉਣ ਦਾ ਸੰਦੇਸ਼ ਦੇਣ ਹਿਤ ਇਤਿਹਾਸ ਤੇ ਮਿਥਿਹਾਸ ਦੀ ਪੁਨਰ ਵਿਆਖਿਆ ਪੇਸ਼ ਕਰਦੇ ਹਨ। ਇਸ ਪੱਖੋਂ ਉਨ੍ਹਾਂ ਦਾ ਇਕਾਂਗੀ 'ਮਹਾਤਮਾ' ਬੇਮਿਸਾਲ ਹੈ। ਧਰਮ, ਹਮਦਰਦੀ ਆਦਿ ਦੀ ਆੜ ਵਿਚ ਹੁੰਦੇ ਕਿਰਤੀ ਦੇ ਭਾਵਕ ਸ਼ੋਸ਼ਣ ਨੂੰ ਜਿਸ ਢੰਗ ਨਾਲ ਇਸ ਇਕਾਂਗੀ ਵਿਚ ਬੇਪਰਦ ਕੀਤਾ ਗਿਆ ਹੈ ਉਹ ਉਹ ਆਪਣੀ ਮਿਸਾਲ ਆਪ ਹੈ। ਇਸੇ ਤਰ੍ਹਾਂ 'ਨਿਸ਼ਾਂਤ ਬਾ ਵਿਚ' ਇਕਾਂਗੀ ਵੀ ਕਸ਼ਮੀਰ ਦੇ ਇਤਿਹਾਸਕ ਪਰਿਪੇਖ ਵਿਚ ਜੋ ਨਿਰਣਾ ਪੇਸ਼ ਕਰਦਾ ਹੈ ਉਹ ਸੇਖੋਂ ਦੀ ਕ੍ਰਾਂਤੀਕਾਰੀ ਚੇਤਨਾ ਨੂੰ ਦਰਸਾਉਂਦਾ ਹੈ। ਸਿੱਖ ਇਤਿਹਾਸ ਦੀ ਕ੍ਰਾਂਤੀਕਾਰੀ ਵਿਰਸੇ ਵਜੋਂ ਇਤਿਹਾਸਕ ਯਥਾਰਥਵਾਦੀ ਦ੍ਰਿਸ਼ਟੀ ਨੇ ਪੰਜਾਬੀ ਇਕਾਂਗੀ ਨੂੰ ਬੜੀ ਗਹਿਰ-ਗੰਭੀਰ ਬਿਰਤੀ ਪ੍ਰਦਾਨ ਕੀਤੀ। ਸੇਖੋਂ ਦੇ ਇਕਾਂਗੀਆਂ ਨਾਲ ਪੰਜਾਬੀ ਇਕਾਂਗੀ ਸਾਹਿਤ ਸਮਾਜ ਸੁਧਾਰ ਤੇ ਮਨੋਰੰਜਨ ਦੇ ਪੜਾਅ ਨੂੰ ਛੱਡ ਕੇ ਅਗਲੇਰੇ ਪੰਥ 'ਤੇ ਪੈਂਦਾ ਨਜ਼ਰ ਆਉਂਦਾ ਹੈ ਤੇ ਸੇਖੋਂ ਦੀ ਕਲਮ ਤੋਂ ਪੰਜਾਬੀ ਸਾਹਿਤ ਨੂੰ 'ਕਲਾਕਾਰ', 'ਸਿਆਲਾਂ ਦੀ ਨੱਢੀ' 'ਬਾਬਾ ਬੋਹੜ' 'ਦੂਜਾ ਵਿਆਹ' ਵਰਗੇ ਸ਼ਾਨਦਾਰ ਇਕਾਂਗੀ ਹਾਸਲ ਹੁੰਦੇ ਹਨ। 'ਸੰਤ ਸਿੰਘ ਸੇਖੋਂ ਰਚਨਾਵਲੀ (ਇਕਾਂਗੀ)' ਵਿਚ ਮਨਜੀਤਪਾਲ ਕੌਰ ਦਾ ਸੁੱਘੜ ਸੰਪਾਦਨ ਅਤੇ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਖ਼ੂਬਸੂਰਤ ਪ੍ਰਕਾਸ਼ਨ ਸ਼ਲਾਘਾਯੋਗ ਹੈ।

**ਰਮਨ**

# ਹੈਡਵੇਅ ਸਕੂਲ ਐਡਮਿੰਟਨ ਨੇ ਮਨਾਇਆ ਲੋਹੜੀ ਮੇਲਾ





ਐਡਮਿੰਟਨ (ਨਦਬ) : ਬੀਤੇ ਦਿਨੀਂ ਹੈਡਵੇਅ ਸਕੂਲ ਐਡਮਿੰਟਨ ਵਲੋਂ ਸ਼ੇਰਵੁੱਡ ਪਾਰਕ ਦੇ ਫੈਸਟੀਵਲ ਪਲੇਸ ਵਿਖੇ 'ਲੋਹੜੀ ਮੇਲਾ-2011' ਕਰਵਾਇਆ ਗਿਆ। ਇਸ ਮੇਲੇ ਵਿਚ ਸਕੂਲ ਦੇ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਜਗਵਿੰਦਰ ਸਿੰਘ ਸਿੱਧੂ, ਗੁਰਚਰਨ ਸਿੰਘ ਗਰਚਾ, ਮਨਜੀਤ ਸਿੰਘ, ਜਸਵੀਰ ਗਿੱਲ ਨੇ ਦਸਿਆ ਕਿ ਸਮਾਗਮ ਕਰਵਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਪੰਜਾਬੀ ਭਾਸ਼ਾ, ਸਭਿਆਚਾਰ, ਕਦਰਾਂ-ਕੀਮਤਾਂ ਆਦਿ ਨਾਲ ਜੋੜੀ ਰੱਖਣਾ ਹੈ। ਸਮਾਗਮ ਦੇ ਸ਼ੁਰੂ ਵਿਚ ਬੱਚਿਆਂ ਵਲੋਂ ਸਭਿਆਚਾਰਕ ਪ੍ਰੋਗਰਾਮ ਦਾ ਪ੍ਰਦਰਸ਼ਨ ਕੀਤਾ ਗਿਆ। ਉਪਰੰਤ ਸਕੂਲ ਦੀਆਂ ਵਿਦਿਆਰਥਣਾਂ ਵਲੋਂ ਗਿੱਧਾ, ਭੰਗੜਾ, ਸੰਮੀ ਆਦਿ ਅਤੇ ਵਿਦਿਆਰਥੀਆਂ ਵਲੋਂ ਝੂੰਮਰ, ਲੁੱਡੀ, ਭੰਗੜਾ, ਮਲਵਈ ਗਿੱਧਾ, ਜਿੰਦੂਆ ਆਦਿ ਦੀ ਪੇਸ਼ਕਾਰੀ ਕੀਤੀ ਗਈ। ਇਸ ਸਮਾਗਮ ਵਿਚ ਹਾਜ਼ਰ ਐਮ.ਐਲ.ਏ. ਨਰੇਸ਼ ਭਾਰਦਵਾਜ, ਕੌਂਸਲਰ ਅਮਰਜੀਤ ਸੋਹੀ ਅਤੇ ਹੋਰਨਾਂ ਨੇ ਆਪਣੇ ਸੰਬੋਧਨ ਵਿਚ ਸਕੂਲ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਹੈਡਵੇਅ ਸਕੂਲ ਤੋਂ ਪ੍ਰੇਰਨਾ ਲੈ ਕੇ ਹੋਰਨਾਂ ਸਕੂਲਾਂ ਨੂੰ ਵੀ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ।



# ਯਾਦਗਾਰੀ ਹੋ ਨਿਬੜਿਆ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਾਹਿਤਕ ਸਮਾਗਮ

ਗੁਰਦਾਸਪੁਰ (ਨਦਬ) : ਪ੍ਰਿੰ. ਸੁਜਾਨ ਸਿੰਘ ਦੀ ਯਾਦ ਨੂੰ ਸਮਰਪਿਤ ਇਕ ਰੋਜ਼ਾ ਸਾਹਿਤਕ ਸਮਾਗਮ ਰਾਮ ਸਿੰਘ ਦੱਤ ਦੇਸ਼ ਭਗਤ ਯਾਦਗਾਰੀ ਹਾਲ ਗੁਰਦਾਸਪੁਰ ਵਿਚ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸਰਵ ਸ੍ਰੀ ਪ੍ਰੋ. ਕਰਨਜੀਤ ਸਿੰਘ ਦਿੱਲੀ, ਹਰਭਜਨ ਸਿੰਘ ਹੁੰਦਲ, ਬੀਬੀ ਪ੍ਰਕਾਸ਼ ਕੌਰ ਹਮਦਰਦ, ਪ੍ਰੋ. ਕਿਰਪਾਲ ਸਿੰਘ ਯੋਗੀ, ਜਰਨੈਲ ਸਿੰਘ, ਤਲਵਿੰਦਰ ਸਿੰਘ, ਬਲਜੀਤ ਬੱਲੀ, ਡਾ. ਕਰਮਜੀਤ ਸਿੰਘ, ਡਾ. ਸੁਰਜੀਤ ਬਰਾੜ, ਕੁਲਦੀਪ ਪੁਰੀ ਅਤੇ ਸੁਲੱਖਣ ਸਰਹੱਦੀ ਨੇ ਕੀਤੀ। ਸਟੇਜ ਦਾ ਕਾਰਜ ਭਾਰ ਡਾ. ਸੁਰਿੰਦਰ ਸਿੰਘ ਸ਼ਾਂਤ ਨੇ ਨਿਭਾਇਆ। ਪ੍ਰੋਗਰਾਮ ਕਾਮਰੇਡ ਮੁਲਖ ਰਾਜ ਦੇ ਇਨਕਲਾਬੀ ਗੀਤ ਨਾਲ ਸ਼ੁਰੂ ਹੋਇਆ। ਕੇਂਦਰ ਦੇ ਸੰਜੋਯਕ ਸ੍ਰੀ ਮੱਖਣ ਕੁਹਾੜ ਨੇ ਸਮਾਗਮ ਵਿਚ ਪਹੁੰਚੇ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ।

ਪ੍ਰੋਗਰਾਮ ਵਿਚ ਦੋ ਵਿਦਵਾਨਾਂ ਨੇ 'ਬੇਰੁਜ਼ਗਾਰੀ ਦਾ ਸੰਕਟ' ਅਤੇ 'ਪ੍ਰਿੰ. ਸੁਜਾਨ ਸਿੰਘ' ਵਿਸ਼ੇ ਉਤੇ ਪੇਪਰ ਪੜ੍ਹੇ। ਪਹਿਲਾ ਪੇਪਰ ਡਾ. ਸੁਰਜੀਤ ਬਰਾੜ ਅਤੇ ਦੂਜਾ ਡਾ. ਕਰਮਜੀਤ ਸਿੰਘ ਨੇ ਪੜ੍ਹਿਆ। ਦੋਹਾਂ ਵਿਦਵਾਨਾਂ ਨੇ ਪ੍ਰਿੰ. ਸੁਜਾਨ ਸਿੰਘ ਦੀਆਂ ਕਹਾਣੀਆਂ ਬਾਰੇ ਸਮ-ਦ੍ਰਿਸ਼ਟੀ ਨਾਲ ਲੇਖਾ ਜੋਖਾ ਕਰਦਿਆਂ ਕਿਹਾ ਕਿ 'ਸੁਜਾਨ ਸਿੰਘ ਦੀਆਂ ਕਹਾਣੀਆਂ ਸਮਾਜ ਦੀਆਂ ਸਮੱਸਿਆਵਾਂ ਨੂੰ ਸੁਹਜ ਸ਼ਾਸਤਰ ਦੇ ਮਾਪਦੰਡਾਂ ਅਨੁਸਾਰ ਪੇਸ਼ ਕਰਦੀਆਂ ਹਨ। ਪ੍ਰਿੰ. ਸਜਾਨ ਸਿੰਘ ਦੀ ਲੋਕ ਪੱਖੀ ਦ੍ਰਿਸ਼ਟੀ ਉਸ ਨੂੰ ਸਦਾ ਲਈ ਜਿਊਂਦਾ ਰਖੇਗੀ।'' ਪੇਪਰਾਂ ਉਤੇ ਡਾ. ਕੁਲਦੀਪ ਪੁਰੀ, ਬੋਧ ਸਿੰਘ ਘੁੰਮਣ, ਕੇਵਲ ਕਲੋਟੀ, ਕਰਨਜੀਤ ਸਿੰਘ ਦਿੱਲੀ ਅਤੇ ਬੀਬੀ ਪ੍ਰਕਾਸ਼ ਕੌਰ ਹਮਦਰਦ ਨੇ ਚਰਚਾ ਕੀਤੀ।

ਸਮਾਗਮ ਵਿਚ ਸੁਲੱਖਣ ਸਰਹੱਦੀ ਦੀ ਪੁਸਤਕ 'ਸਰਲ', 'ਪਿੰਗਲ ਅਤੇ ਅਰੂਜ', ਮੱਖਣ ਕੁਹਾੜ ਦਾ ਨਵਾਂ ਗਜ਼ਲ ਸੰਗ੍ਰਹਿ 'ਕੇਤਕੀ ਦੇ ਫੁੱਲ', ਅਸ਼ੋਕ ਚਰਨ ਆਲਮਗੀਰ ਦੀ ਪੁਸਤਕ 'ਵਿਸ਼ਵ ਇਤਿਹਾਸ ਦੇ ਹੀਰੋ', ਕੇਵਲ ਕਲੋਟੀ ਦੀ ਪੁਸਤਕ 'ਹੋਣੀ ਮਨੁੱਖੀ ਸਭਿਅਤਾ ਦੀ' ਅਤੇ ਤਲਵਿੰਦਰ ਸਿੰਘ ਦੀ ਪੁਸਤਕ 'ਪੰਜਾਬੀ ਗਜ਼ਲ ਦਾ ਮਾਣ ਸੁਲੱਖਣ ਸਰਹੱਦੀ' ਰਿਲੀਜ਼ ਕੀਤੀਆਂ ਗਈਆਂ।

ਸਮਾਗਮ ਵਿਚ ਕਹਾਣੀਕਾਰ ਸ੍ਰੀ ਜਰਨੈਲ ਸਿੰਘ ਕੈਨੇਡਾ ਨੂੰ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ ਅਤੇ ਸ੍ਰੀ ਸਾਂਵਲ ਧਾਮੀ ਨੂੰ ਪ੍ਰਿੰ. ਸੁਜਾਨ ਸਿੰਘ ਉਤਸ਼ਾਹ ਵਰਧਕ ਪੁਰਸਕਾਰ ਭੇਟ ਕੀਤਾ ਗਿਆ।



ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵਲੋਂ ਕਰਵਾਏ ਗਏ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਮਾਗਮ ਦੌਰਾਨ ਕਹਾਣੀਕਾਰ ਜਰਨੈਲ ਸਿੰਘ (ਕੈਨੇਡਾ) ਅਤੇ ਸਾਂਵਲ ਧਾਮੀ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼।

# ਕੁੜੀਆਂ ਨੂੰ ਕੁੱਖ ਵਿੱਚ ਮਰਨ ਤੋਂ ਬਚਾਉਣ ਲਈ ਹੋਕਾ

ਕੈਲਗਰੀ ( ਹਰਬੰਸ ਬੁੱਟਰ) ਦੂਸਰੇ ਮੁਲਕਾਂ ਵਿੱਚ ਆਕੇ ਵੀ ਪੰਜਾਬੀਆਂ ਨੇ ਭਾਵੇ ਆਪਣੇ ਤਿਓਹਾਰ ਮਨਾਉਣੇ ਨਹੀ ਛੱਡੇ ਪਰ ਪਰ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਵਿਰਸੇ ਪ੍ਰਤਿ ਫਿਕਰਮੰਦ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਅਤੇ ਲੋਹੜੀ ਦਾ ਤਿਓਹਾਰ ਮਨਾਉਣ ਲਈ ਇਕ ਸਮਾਗਮ ਵਾਈਟਹਾਰਨ ਕਮਿਓਨਟੀ ਹਾਲ ਵਿੱਚ 7 ਜਨਵਰੀ 2011 ਦੀ ਰਾਤ ਨੂੰ ਰਚਾਇਆ ਗਿਆ। " ਲੋਕ ਅਵਾਜ" ਅਖਬਾਰ ਦੇ ਮੁੱਖ ਸੰਪਾਦਕ ਜਰਨੈਲ ਬਸੋਤਾ, ਪ੍ਰਧਾਨ ਗੁਰਬਚਨ ਬਰਾੜ, ਜੋਗਿੰਦਰ ਸੰਘਾ ਮਹਿੰਦਰਪਾਲ, ਅਵਨਿੰਦਰ ਨੂਰ,ਬਲਵੀਰ ਗੋਰਾ, ਮਨਜੋਤ, ਦੀਪਸਿਖਾ, ਰੇਡੀਓ ਹੋਸਟ ਮਨਪ੍ਰੀਤ ਬਰਾੜ, ਗੁਰਚਰਨ ਕੌਰ ਥਿੰਦ ਅਤੇ ਲੋਕ ਗਾਇਕ ਰਾਜ ਰਣਯੋਧ ਨੇ ਜਿਥੇ ਆਪਣੀ ਗਾਇਕੀ ਰਾਹੀ ਰੰਗ ਬੰਨਿਆ ਉਥੇ ਬਾਕੀ ਬੁਲਾਰਿਆਂ ਨੇ ਧੀਆਂ ਨੂੰ ਕੁੱਖਾਂ ਵਿੱਚ ਮਰਨ ਤੋਂ ਬਚਾਉਣ ਵਾਲੀ ਮੁਹਿੰਮ ਦੀ ਹਮਾਇਤ ਕਰਦਿਆਂ ਪੁੱਤਾਂ ਤੋਂ ਪਹਿਲਾਂ ਧੀਆਂ ਦੀਆਂ ਲੋਹੜੀਆਂ ਮਨਾਉਣ ਵਾਲੀ ਗੱਲ ਉੱਤੇ ਜ਼ੋਰ ਦਿੱਤਾ। ਛੋਟੇ ਬੱਚਿਆਂ ਤੋਂ ਲੈਕੇ 90 ਸਾਲ ਤੱਕ ਦੀਆਂ ਸਾਡੀਆਂ ਬੁੱਢੀਆਂ ਮਾਤਾਂਵਾਂ ਨੇ ਗਿੱਧੇ ਦੇ ਪਿੜ ਵਿੱਚ ਰੰਗ ਬੰਨਿਆ। ਕੈਲਗਰੀ ਸਹਿਰ ਵਿੱਚ ਪਹਿਲੀ ਵਾਰ ਆਯੋਜਿਤ ਕੀਤਾ ਗਿਆ ਆਪਣੀ ਕਿਸਮ ਦਾ ਇਹ ਪ੍ਰੋਗ੍ਰਾਮ ਆਪਣੀ ਵੱਖਰੀ ਛਾਪ ਛੱਡ ਗਿਆ, ਜਿਸ ਦੀ ਸਮੁੱਚੇ ਪੰਜਾਬੀ ਭਾਈਚਾਰੇ ਵਿੱਚ ਚਰਚਾ ਹੋ ਰਹੀ ਹੈ।


## Matrimonial

### ਵਰ ਦੀ ਲੋੜ

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

Suitable match for hindu Khatri girl 25, 5'-3", M.A., B.Ed. status family, decent marrage, contact 0161-2880799, e-mail.: raman.mlp@gmail.com

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

ਖੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਖੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧੂ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

### ਕੰਨਿਆ ਦੀ ਲੋੜ

Diploma in Health Services Family Welfare, ਬਤੌਰ ਡਰਾਈਵਰ ਦੁਬਈ ਵਿੱਚ ਰਹਿ ਰਹੇ 25 ਸਾਲਾ ਪਗੜੀਧਾਰੀ ਜੱਟ ਸਿੱਖ 6'1'' ਸੋਹਣੇ-ਸੁਣੱਖੇ ਲੜਕੇ ਲਈ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕਨੇਡਾ ਪੱਕੇ ਤੌਰ ਤੇ ਰਹਿ ਰਹੀ ਹੈ। 780-263-7977/ 780-461-0701 ਜਾਂ tranum0701@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

--------------------

ਸੈਣੀ ਕਲੀਨ ਸ਼ੇਵ 28 ਸਾਲਾ ਪੰਜ ਫੁੱਟ ਚਾਰ ਇੰਚ ਤਿੰਨ ਸਾਲ ਤੋਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਸੰਪਰਕ : 403-351-1534

--------------------

ਕੰਬੋਜ ਸਿੱਖ 31 ਸਾਲਾ ਪੰਜ ਫੁੱਟ 9 ਇੰਚ ਇੰਗਲੈਂਡ ਵਿਚ ਵਰਕ ਪਰਮਿਟ 'ਤੇ ਰਹਿ ਰਹੇ ਕਲੀਨ ਸ਼ੇਵ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਚਾਹੀਦੀ ਹੈ। ਲੜਕੇ ਦਾ ਭਰਾ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿ ਰਿਹਾ ਹੈ। ਸੰਪਰਕ : 780-200-1791

--------------------

ਖੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

### ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2'' ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## Classified Plus

**Your guide to every search**

HOUSE FOR SALE/RENT

Sold

1100 Sq. ft. Half Duplex with Fully Finished Basement; Close to Bus Stop, School and other Amenities available for RENT/SALE in Millwoods. Contact 780 566 8532.

-----------

Newly Built 1950 Sq. Ft; Bi-level House with Fully Finished Basement, 2 Car Attached Garage. House is close to all Amenities, Anthony Henday (Ellerslie, Edmonton) Available for Sale/Rent. Contact 780 566 8532.

* * * *

**House for Sale by Owner**

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

**2 Story House For Sale By Owner In Leduc**

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

* Newly Built Bi-Level House with KEYLESS ENTRY for Sale

* Don't Miss this Great opportunity… Must See the House

* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door,

4 Bed Rooms with attached Baths on the Main Floor, 3 Kitchens (Main Kitchen has Granite Counter Tops), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, Enjoy Barbecue on the Large Deck. House has Stucco Exterior.

* Fully Finished 2 Basements having 2 Bedrooms 9' Ceiling and a Washroom each.

For details/appointments Contact 780 964 7001.

****



ਦੋ ਕਾਰਾਂ ਵਿਕਾਊ



ਬਹੁਤ ਹੀ ਵਧੀਆ ਹਾਲਤ ਵਿਚ 2007 Dodge Grand Caravan ਅਤੇ 2005 Chrysler ਵਿਕਾਊ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ : 780-566-8532

### NANNY Requried at Calgary

**ਕੈਲਗਰੀ ਵਿਖੇ ਨੈਨੀ ਦੀ ਜ਼ਰੂਰਤ**

**ਰਿਹਾਇਸ਼ ਦਾ ਪ੍ਰਬੰਧ ਹੋਵੇਗਾ**

Professional couple looking for a Nanny/Baby sitter for their 14 month old son. Generous compensation will be provided. If interested, please contact Charanpreet Kahlon @ 403-801-4024 or e-mail : chinubains@hotmail.com

## City Estates

**All Types of Property, Plots & Kothis available for Sale & Purchase in Chandigarh/Mohali.**

ਮੋਹਾਲੀ, ਚੰਡੀਗੜ੍ਹ, ਪੰਚਕੂਲਾ ਅਤੇ ਆਸ-ਪਾਸ ਸ਼ਹਿਰੀ ਅਤੇ ਪੇਂਡੂ ਜਾਇਦਾਦ ਖਰੀਦਣ/ਵੇਚਣ ਲਈ ਸੰਪਰਕ ਕਰੋ

For More Info Contact:
SCO 123, Phase 7, Mohali (Punjab)
**011 91 98147 11263 or 011 91 98729 73304**

# ਚੇਤੇ ਦੀ ਚੰਗੇਰ

# ਮੇਰਾ ਪਾਕਿਸਤਾਨ



ਸੁਖਦੇਵ ਸਿੱਧੂ

14-15 ਅਗਸਤ ਭਾਰਤੀ ਉਪ ਮਹਾਂਦੀਪ ਲਈ ਵੱਡੇ ਦਿਨ ਨੇ। ਏਹਨੀਂ ਦਿਨੀਂ ਅੰਗਰੇਜ਼ਾਂ ਤੋਂ ਖਹਿੜਾ ਛੁੱਟਾ ਸੀ। ਪਾਕਿਸਤਾਨ ਬਣਿਆਂ 60 ਸਾਲ ਹੋ ਗਏ ਆ। ਹਰ ਵਰ੍ਹੇ ਦੋਹੀਂ ਪਾਸੀਂ "ਜਸ਼ਨ" ਮਨਾਏ ਜਾਂਦੇ ਆ ਕਿ ਮੁਲਕ ਆਜ਼ਾਦ ਹੋ ਗਏ। ਫਿਰੰਗੀਆਂ ਤੋਂ ਜਾਨ ਛੁੱਟ ਗਈ। ਗੋਰਿਆਂ ਤੋਂ ਖਹਿੜਾ ਛੁੱਟਣ ਦੀ ਸਮਝ ਤਾਂ ਪੈਂਦੀ ਹੈ ਪਰ ਮੁਲਕ ਦੇ ਵਿੱਛ 'ਚ ਛੁਰੀ ਫੇਰ ਕੇ ਦੋ-ਤਿੰਨ ਡੱਕਰੇ ਕਰਨ ਦੀ ਕਿਹੜੀ ਖੁਸ਼ੀ ਹੋਈ? ਓਸ ਅਜਾਂਈਂ ਵਹਾਏ ਖੂਨ ਦੀ ਗੱਲ ਕਿਓਂ ਨਹੀਂ ਕਰਦਾ ਕੋਈ। ਇਹਦਾ ਸੋਗ ਕਿਓਂ ਨਹੀਂ?

ਮੇਰਾ ਜਨਮ ਰੌਲਿਆਂ ਤੋਂ ਨੌਂ ਦਸ ਸਾਲ ਬਾਅਦ ਦਾ ਹੈ। ਮੈਂ ਪਾਕਿਸਤਾਨ ਕਦੇ ਨਹੀਂ ਗਿਆ। ਨਕਸ਼ੇ ਤੇ ਹੀ ਦੇਖਿਆ ਹੈ। ਤਾਂ ਵੀ ਮੈਨੂੰ ਰੌਲਿਆਂ ਬਾਰੇ ਵਾਹਵਾ ਪਤਾ ਹੈ। ਮੇਰੇ ਲਈ ਇਹ ਕਿਸੇ ਹੱਦ ਤਕ ਅਭਿਮੰਨੂ ਦੇ ਚੱਕਰ-ਵਿਊ ਸੁਣਨ ਵਾਂਗੂੰ ਹੈ। ਆਪਣੇ ਪੁਰਖਿਆਂ ਤੋਂ ਪਾਕਿਸਤਾਨ ਬਣਨ ਦਾ ਦੁੱਖ ਸੁਣ ਸੁਣ ਕੇ ਮੈਂ ਇਹਦੇ ਬਹੁਤ ਨੇੜੇ ਹੋ ਗਿਆ ਹਾਂ। ਇਹ ਮੇਰੇ ਲਈ ਖ਼ਾਸ ਅਹਿਮੀਅਤ ਵਾਲਾ ਹੈ। ਨਿਮੋਸ਼ੀ ਵਾਲਾ ਹੈ। ਇਹ ਮੇਰੇ ਲਈ ਨਿੱਜ ਹੋਣਾ ਹੈ। ਮੇਰੇ ਘਰਦਿਆਂ ਨੂੰ ਗੁਰਬਤ ਦੇ ਬੂਥੇ 'ਚ ਧੱਕਣ ਵਾਲਾ।

ਮੇਰਾ ਬਾਬਾ ਸੀ ਰਾਮ ਸਿੰਘ ਵਲਦ ਭੋਲਾ ਸਿੰਘ। ਇਹ ਪਿੰਡ ਛੱਡ ਕੇ ਬਾਰ ਨੂੰ ਗਿਆ -ਮੁਰੱਬਿਆਂ ਦਾ ਮਾਲਕ ਬਣਨ। ਇਹਦਾ ਟੱਬਰ ਵੱਡਾ ਸੀ। ਅੱਠ-ਦਸ ਜੁਆਕਾਂ ਨਾਲ ਪੰਦਰਾਂ ਵੀਹ ਸਾਲ ਸੱਪਾਂ ਦੀਆਂ ਸਿਰੀਆਂ ਮਿੱਧ ਮਿੱਧ ਕੇ ਦੋ ਮੁਰੱਬਿਆਂ ਦੇ ਵਣਾਂ ਕਰੀਰਾਂ ਨੂੰ ਪੱਟ ਕੇ ਆਬਾਦ ਕੀਤਾ ਸੀ। ਵਾਹਵਾ ਮਾਲ ਡੰਗਰ ਸੀ। ਚੰਗੀ ਫਸਲ-ਬਾੜੀ ਹੋ ਜਾਂਦੀ ਸੀ। ਚੰਗੇ ਖਾਂਦੇ ਪੀਂਦੇ ਹੋ ਗਏ ਸੀ। ਵਰ੍ਹੇ ਛਮਾਹੀ ਇਕ ਦੋ ਧੀਆਂ ਦੇ ਵਿਆਹ ਕਰ ਦਿੰਦਾ। ਸ਼ਰੀਕ ਖਿਝਦੇ ਸੜਦੇ, ਝੁਰਦੇ ਰਹਿੰਦੇ। ਫੇਰ ਹੌਲੀ ਹੌਲੀ ਖਾਰ ਖਾਣ ਲੱਗ ਪਏ। ਬਾਬਾ, ਉਪਰੋਥਲੀ ਦੇ ਤੇਰ੍ਹਾਂ ਧੀਆਂ-ਪੁੱਤਾਂ ਦਾ ਬਾਪ ਸੀ। ਮੇਰਾ ਬਾਪ- ਹਜ਼ਾਰਾ ਸਿੰਘ- ਸੱਤਵੇਂ ਥਾਂ ਹੈ। ਇਹ ਦਸਦਾ ਹੈ ਕਿ "ਪੰਜ ਸੌ ਰੁਪਏ ਨੂੰ ਮੁਰੱਬਾ ਸੀ। ਬੜੀ ਮੋਟੀ ਜ਼ਮੀਨ ਸੀ। ਬੰਦਾ ਵੱਡ ਕੇ ਸੁੱਟਿਆ ਉੱਗ ਆਉਂਦਾ। ਓਦੋਂ ਫ਼ਸਲ ਵੀ ਸੰਨਵੀਂ ਹੀ ਕੱਢਦੇ ਸੀ। ਪਾਣੀ ਦੀ ਤੰਗੀ ਸੀ। ਅੱਜਕਲ ਤਾਂ ਧਰਤੀ ਨੂੰ ਯੂਰੀਏ-ਸੁਰੀਏ ਪਾ ਪਾ ਨਿਚੋੜੀ ਜਾਂਦੇ ਆ, ਇਹ ਵਿਚਾਰੀ ਕੀ ਕਰੇ"। ਇਹ ਗੱਲਾਂ ਕਰਦਾ ਕਰਦਾ ਇਹ ਦੁਖੀ ਹੋ ਜਾਂਦਾ ਹੈ। ਫਿਰ ਕਹਿੰਦਾ ਹੈ ਚਲੋ ਜਾਨ ਤਾਂ ਬਚੀ ਗਈ ਸੀ। ਕਦੇ ਕਦੇ ਕਹਿ ਦਿੰਦਾ, ਇਹੋ ਜਿਹੀ ਭੁੱਖ ਮਰੀ ਦੀ ਵੀ ਕਾਹਦੀ ਜ਼ਿੰਦਗੀ?

ਸਰਦੇ ਦਿਨਾਂ ਦੀ ਗੱਲ ਕਰਦਾ ਮੇਰਾ ਬਾਪ ਦਸਦਾ ਹੈ ਕਿ "ਇਕ ਵਾਰੀ ਕੋਈ ਪ੍ਰਾਹੁਣਾ ਮਿਲਣ ਚਲਾ ਗਿਆ ਤਾਂ ਇਨ੍ਹਾਂ ਨੇ ਮੰਜਾ ਬਿਸਤਰਾ ਕਰਕੇ ਸਿਰ੍ਹਾਣਾ ਦੇ ਦਿੱਤਾ। ਪ੍ਰਾਹੁਣੇ ਨੇ ਜਦੋਂ ਢੋਅ ਲਾਈ ਤਾਂ ਬੋਲਿਆ, ਸਿਰਹਾਣੇ ਲਈ ਰੂੰਅ ਮੁੜ ਗਿਆ ਸੀ ਜੋ ਕਾਗਤ ਵਿਚ ਪਾ ਤੇ। ਨੋਟਾਂ ਨਾਲ ਭਰਿਆ ਸਿਰਹਾਣਾ ਛੇਤੀ ਬਦਲ ਦਿੱਤਾ। ਓਦੋਂ ਅਸੀਂ ਕਿਹੜਾ ਕਿਸੇ ਨੇ ਬੈਂਕਾਂ ਦੇਖੀਆਂ ਸੀ"।

ਇਹ ਬਾਰ ਨੂੰ ਜਾਣ ਵੇਲ਼ੇ ਲੋਹੀਆਂ ਤੋਂ ਰੇਲ ਗੱਡੀ ਫੜਦੇ ਤੇ ਫਿਰੋਜ਼ਪੁਰ, ਹੁਸੈਨੀਵਾਲ, ਕਸੂਰ, ਸੱਖਰਰੋੜੀ ਦੇ ਪੁਲ ਥਾਣੀਂ ਰਾਏਵਿੰਡ ਤੋਂ 'ਗਾਂਹ ਪੱਤੋਕੀ, ਓਕਾੜਾ, ਸ਼ਾਹੀਵਾਲ ਜ਼ਿਲੇ ਵਿਚਦੀ ਹੜੱਪਾ, ਮੁਰਦਾਰ-ਕਾਫੀ ਤੋਂ ਚੀਚਾਵਤਨੀ ਤਸੀਲ ਥਾਣੀਂ ਹੋਕੇ ਜਿੰਦਾਰਾਮ ਕੋਟਲਾ ਦੇ ਲਾਗੇ ਚੱਕ ਨੰਬਰ 67 ਪਹੁੰਚ ਜਾਂਦੇ। ਇਹ ਗੱਡੀ ਅੱਗੇ ਮੀਆਂ ਚੰਨੂੰ ਰਾਂਹੀ ਮੁਲਤਾਨ ਨੂੰ ਜਾਂਦੀ ਸੀ। ਇਹ ਅਜੇ ਵੀ ਸ਼ਾਹੀਵਾਲ ਹੀ ਕਹਿੰਦੇ ਹਨ, ਗੋਰਿਆਂ ਇਹਦਾ ਨਾਂ ਮਿੰਟਗੁਮਰੀ ਧਰਿਆ ਸੀ। ਜਾਂ ਫਿਰ ਅੰਬਰਸਰ, ਅਟਾਰੀ ਥਾਂਣੀ ਲਾਹੌਰ ਤੇ ਫਿਰ ਰਾਏਵਿੰਡ ਰਾਹੀਂ ਘਰ ਪੁੱਜਦੇ। ਕਈ ਵਾਰ ਤਾਂ ਰੋਟੀ ਵੀ ਘਰੇ ਆ ਕੇ ਹੀ ਖਾਂਦੇ। ਪਹਿਲੀ ਵਾਰ ਇਹ ਤੁਰ ਕੇ ਗਏ ਸੀ। ਪੰਦਰਾਂ ਦਿਨਾਂ 'ਚ ਪਹੁੰਚੇ ਸੀ। ਇਹ ਰੂਟ ਮੈਨੂੰ ਦੂਣੀ ਦੇ ਪਹਾੜੇ ਵਾਂਗ ਯਾਦ ਹਨ। ਮੈਂ ਆਪਣੀ ਦਾਦੀ ਤੇ ਬਾਪ ਤੋਂ ਅਨੇਕਾਂ ਵਾਰ ਸੁਣੇ ਹੋਏ ਆ। ਇਨ੍ਹਾਂ ਪਿੱਛੇ ਚੰਗੀਆਂ ਯਾਦਾਂ ਵੀ ਹਨ - ਇਨਸਾਨੀਅਤ ਦੀਆਂ ਮਿਸਾਲਾਂ ਹਨ। ਆਪਸੀ ਸਾਂਝ ਦੀਆਂ। ਦੁਖ ਸੁਖ ਦੀਆਂ। ਔਖੇ-ਭੀੜੇ ਵੇਲੇ ਸਰ ਕਰਨ ਦੀਆਂ ਗੱਲਾਂ ਹਨ। ਜਾਣੀ ਭਲੇ ਵੇਲਿਆਂ ਦੀਆਂ ਗੱਲਾਂ।

ਜਦੋਂ ਮੈਨੂੰ ਮਹਿੰਜੋਦਾੜੋ ਤੇ ਹੜੱਪਾ ਦੀ ਸੱਭਿਅਤਾ ਦੀ ਸਿਫ਼ਤ ਦਾ ਪਤਾ ਲੱਗਾ ਤਾਂ ਮੈਂ ਆਪਣੇ ਬਾਪ ਨਾਲ ਸਾਂਝੀ ਕੀਤੀ ਤਾਂ ਓਹ ਝੱਟ ਬੋਲਿਆ, "ਹੜੱਪਾ ਨਹੀਂ, ਅੜੱਪਾ, ਅੜੱਪਾ। ਬੱਲੇ ਬੱਲੇ, ਓਹ ਤਾਂ ਥੇਹ ਸੀ। ਬਹੁਤ ਵੱਡਾ। ਕਈਆਂ ਪਿੰਡਾਂ ਜਿਡਾ। ਇਹ ਗੁਰਕ ਗਿਆ ਸੀ। ਇਹਦਾ ਟੇਸ਼ਨ ਸ਼ਾਹੀਵਾਲ ਤੇ ਚੀਚਾਵਤਨੀ ਦੇ ਵਿਚਾਲੇ ਆ।" ਮੈਨੂੰ ਆਪਣੇ ਨਵੇਂ ਗਿਆਨ ਤੇ ਨਿਮੋਸ਼ੀ ਹੋਈ।

ਚੱਕ ਨੰਬਰ 67 ਵਿਚ ਮੇਰੇ ਬਾਪ ਦਾ ਗੱਭਰੂ ਹੋਣਾ ਤੇ ਸ਼ਾਦੀ-ਸ਼ੁਦਾ ਹੋਣਾ ਰਹਿ ਗਿਆ ਹੈ। ਮੇਰੀ ਮਾਂ ਨੂੰ ਮੇਰਾ ਨਾਨਾ ਕੁਛ ਮਹੀਨੇ ਪਹਿਲਾਂ ਲੈ ਆਇਆ ਸੀ। ਓਦੂੰ ਕੁਛ ਮਹੀਨੇ ਪਹਿਲਾਂ ਬਾਬਾ ਮੇਰੀ ਤਾਈ ਨੂੰ ਵੀ ਛੱਡ ਗਿਆ ਸੀ।

ਮੈਂ ਕਈ ਵਾਰ ਕਹਿੰਦਾ ਹਾਂ ਤੁਸੀਂ ਪਾਕਿਸਤਾਨ ਜਾ ਆਓ। ਉਹ ਚੁੱਪ ਹੋ ਜਾਂਦਾ ਹੈ। ਮੂੰਹ ਦੂਸਰੇ ਪਾਸੇ ਕਰ ਲੈਂਦਾ ਹੈ, ਜਿਵੇਂ ਓਸ ਅੱਗ ਦੇ ਸੇਕ ਤੋਂ ਅਜੇ ਵੀ ਡਰਦਾ ਹੋਵੇ। ਫਿਰ ਆਖੇਗਾ ਓਥੇ ਕੋਈ ਹੁਣ ਤਾਂ ਪਛਾਣੂੰ ਵੀ ਨਾ। ਕੀ ਪਤਾ ਕੋਈ ਬਚਿਆ ਵੀ ਹੋਊ। ਉਹਨਾਂ ਦਿਨਾਂ ਨੂੰ ਯਾਦ ਕਰਦਾ ਮੇਰਾ ਬਾਪ ਰੋਣਹਾਕਾ ਹੋ ਜਾਂਦਾ ਹੈ। ਕੀ ਲੈਣਾ ਓਥੇ ਜਾ ਕੇ। ਖਾਧੀ-ਪੀਤੀ ਵੇਲੇ ਕਹੇਗਾ, ਕਿਹੜੇ ਵੇਲੇ ਯਾਦ ਕਰਾਤੇ। ਸਾਰੇ ਖਾਧੇ-ਪੀਤੇ ਦਾ ਸੁਆਦ ਜਾਂਦਾ ਕਰਤਾ। ਜਦੋਂ ਕਿਤੇ ਸੋਫ਼ੀ ਹੋਵੇ ਤਾਂ ਦੋਵੇਂ ਹੱਥ ਪਹਿਲਾਂ ਧਰਤੀ ਨੂੰ ਲਾ ਕੇ ਤੇ ਮਗਰੋਂ ਕੰਨਾਂ ਨੂੰ ਲਾਕੇ ਕਹਿੰਦਾ ਹੈ "ਹੇ ਸੱਚਿਆ ਪਾਤਸ਼ਾਹ ਓਹੋ ਜਿਹੇ ਦਿਨ ਤਾਂ ਕਿਸੇ ਵੈਰੀ ਦੁਸ਼ਮਣ ਤੇ ਵੀ ਨਾ ਲਿਆਂਵੀਂ। ਇਨਸਾਨ ਹੈਵਾਨ ਬਣ ਗਏ ਸਨ; ਚੰਗੇ ਭਲੇ ਖੁਸ਼ੀ-ਖੁਸ਼ਹਾਲੀ ਵਸਦੇ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਸੀ"। ਇਹ ਵਾਰਤਾ ਮੈਂ ਵਰ੍ਹਿਆਂ ਤੋਂ ਇੰਨ-ਬਿੰਨ ਦੇਖਦਾ-ਸੁਣਦਾ ਆਇਆਂ ਹਾਂ।



ਮੇਰੀ ਦਾਦੀ ਵੀ ਏਦਾਂ ਹੀ ਪਹਿਲਾਂ ਧਰਤੀ ਨੂੰ ਦੋਵੇਂ ਹੱਥ ਲਾਉਂਦੀ ਤੇ ਫਿਰ ਕੰਨਾਂ ਨੂੰ ਲਾਕੇ ਬਿਆਨ-ਵਾਰਤਾ ਸ਼ੁਰੂ ਕਰਦੀ ਹੁੰਦੀ ਸੀ। ਬਿਲਕੁਲ ਹਮੇਸ਼ਾਂ ਵਾਂਗ। ਮੈਨੂੰ ਪਤਾ ਹੈ ਕਿੱਥੇ ਇਹਨਾਂ ਨੇ ਹਉਕਾ ਭਰਨਾ ਹੈ। ਕਿੱਥੇ ਸਾਹ ਲੈਣਾ ਹੈ, ਤੇ ਕਿੱਥੇ ਜਾ ਕੇ ਰੁਕਣਾ। ਜਦੋਂ ਪ੍ਰਸੰਗ ਏਥੇ ਆਉਂਦਾ ਤਾਂ ਮੈਂ ਆਪਣੇ ਬਾਪ ਜਾਂ ਦਾਦੀ ਤੋਂ ਪੁੱਛਦਾ ਕਿ ਓਹੋ ਬੰਦੇ ਇਕ ਦਮ ਕਿੱਦਾਂ ਬਦਲ ਗਏ। ਬਹੁਤੀ ਧਾਰਮਿਕ ਬਿਰਤੀ ਵਾਲ਼ੀ ਮੇਰੀ ਦਾਦੀ ਕਹਿੰਦੀ ਹੁੰਦੀ ਸੀ ਕਿ ਇਨ੍ਹਾਂ ਤੋਂ ਕੋਈ ਭੁੱਲ ਹੋ ਗਈ ਸੀ। ਪਿਛਲੇ ਜਨਮਾਂ ਦਾ ਕੋਈ ਲੈਣ-ਦੇਣ ਹੀ ਹੋਊ, ਜੋ ਆਪਣੇ ਭੈਣਾਂ-ਭਰਾਵਾਂ (ਹਮਸਾਇਆਂ) ਦੇ ਹੀ ਤੁੱਕੇ ਉਡੌਣ ਤੁਰ ਪਏ ਸੀ। ਇਕ ਦੂਜੇ ਦੀਆਂ ਇੱਜ਼ਤਾਂ ਦੇ ਸਾਂਝੀ, ਓਹਨਾਂ ਹੀ ਇੱਜ਼ਤਾਂ ਦੀ ਖਿੱਲੀ ਉਡੌਂਦੇ, ਲਲਕਾਰੇ ਮਾਰਦੇ। ਉੱਪਰੋਂ ਅੱਲਾ ਹੂ ਅਕਬਰ ਤੇ ਵਾਹਿਗੁਰੂ ਜੀ ਕਾ ਖਾਲਸਾ ਦੇ ਜੈਕਾਰੇ ਛੱਡਦੇ।

ਉਹ ਫਿਰ ਕਹਿੰਦੀ ਕਿ ਪਹਿਲੋਂ ਸਾਡੇ ਬੰਦਿਆਂ ਨੇ ਹੀ ਮੁਸਲਮਾਨ ਧੀਆਂ-ਭੈਣਾਂ ਦੀ ਬਿੱਜਤੀ ਕੀਤੀ ਸੀ। ਮੈਂ ਸੁਆਲਾਂ ਦੇ ਢੇਰ ਲਾ ਦਿੰਦਾ, ਪਰ ਏਦੂੰ ਅੱਗੇ ਮੇਰੀ ਦਾਦੀ ਕੁਛ ਨਾ ਬੋਲਦੀ। ਚੁੱਪ ਕਰ ਜਾਂਦੀ। ਕਈ ਵਾਰੀ ਤਾਂ ਸਾਰਾ ਦਿਨ ਹੀ ਚੁੱਪ ਰਹਿੰਦੀ। ਜਦੋਂ ਉਹ ਖੁਸ਼ ਹੁੰਦੀ ਤਾਂ ਓਥੇ ਦੇ ਆਂਢ-ਗੁਆਂਢ ਬਾਰੇ ਗੱਲਾਂ ਕਰਦੀ; ਦਸਦੀ ਕਿ ਇਨ੍ਹਾਂ ਦੇ ਲਾਗੇ ਮੱਦੂ ਜਾਂਗਲੀ ਹੁੰਦਾ ਸੀ, ਪਤਾ ਨਹੀਂ ਹੁਣ ਸ਼ੈਤ ਪੂਰਾ ਈ ਹੋ ਗਿਆ ਹੋਊ। ਉਹਦੇ ਨਾਲ ਇਹਨਾਂ ਦਾ ਭਰੱਪਾ ਸੀ। ਉਹ ਇਨ੍ਹਾਂ ਦੇ ਪਸ਼ੂ ਵੀ ਚਾਰ ਲਿਆਉਂਦਾ, ਹੋਰ ਵੀ ਵੇਲੇ ਕੁਵੇਲੇ ਮਦਦ ਕਰਦਾ।

ਮੇਰਾ ਬਾਪ ਆਪਣੇ ਮਾਮੇ ਦੇ ਭਲਵਾਨ ਪੁੱਤ ਦੀਆਂ ਗੱਲਾਂ ਕਰਦਾ, "ਉਹਦਾ ਨਾਂ ਬੱਗਾ ਸੀ, ਬੜਾ ਤਕੜਾ ਸੀ। ਰੰਗ ਵੀ ਉਹਦਾ ਗੋਰਾ ਨਿਸ਼ੋਹ ਸੀ, ਅੰਗਰੇਜ਼ਾਂ ਵਰਗਾ"। ਇਹ ਪਿੱਛੇ ਹੀ ਰਹਿ ਗਏ ਸਨ। ਏਹ ਮੇਰੇ ਬਾਪ ਤੋਂ ਵੱਡਾ ਸੀ, ਮੇਰੇ ਤਾਏ ਦਾ ਹਾਣੀ। ਜਦੋਂ ਇਹਦਾ ਵਿਆਹ ਹੋਇਆ ਤਾਂ ਇਹਨੂੰ ਇਹਦੀਆਂ ਸਾਲੀਆਂ ਨੇ ਕੁੱਟ ਕੁੱਟ ਕੇ ਰੁਆ ਦਿੱਤਾ ਸੀ। ਮੇਰਾ ਬਾਪ ਖੁਸ਼ ਹੋ ਦੱਸ ਦਿੰਦਾ ਹੈ ਕਿ ਜਦੋਂ ਉਹ ਇਹਨੂੰ ਤੰਗ ਕਰਦਾ ਤਾਂ ਇਹ ਉਹਨੂੰ ਇਹ ਕਹਿ ਕੇ ਚੁੱਪ ਕਰਾ ਦਿੰਦਾ ਕਿ "ਵੱਡਾ ਭਲਵਾਨ ਬਣਿਆਂ ਫਿਰਦਾ, ਤੈਨੂੰ ਤਾਂ ਬੁੜ੍ਹੀਆਂ ਨੇ ਰੁਆ ਦਿੱਤਾ ਸੀ"।

ਉਠਾਲੇ ਦਾ ਸਮਾਂ ਇਨ੍ਹਾਂ ਦੀ ਦੁਖਦੀ ਰਗ ਹੈ। ਸਰਦੇ ਪੁਜਦੇ ਜ਼ਿਮੀਂਦਾਰ ਤਾਂ ਆਨੇ-ਬਹਾਨੇ ਓਥੋਂ ਬੋਰੀਆ-ਬਿਸਤਰਾ ਗੋਲ ਕਰ ਲਿਆਏ। ਪਰ ਹਮਾਤੜਾਂ ਨੂੰ ਸਲਾਹ ਦਿੱਤੀ ਕਿ ਰਿਆਸਤਾਂ ਹੀ ਬਦਲਦੀਆਂ ਹੁੰਦੀਆਂ, ਪਰਜਾ ਨਹੀਂ। ਏਸ ਕਰਕੇ ਜੇ ਮੁਲਕ ਬਦਲਿਆਂ ਵੀ ਤਾਂ ਆਪਾਂ ਨੂੰ ਫਰਕ ਨਹੀਂ ਪੈਣਾਂ। ਤੁਸੀਂ ਏਥੇ ਹੀ ਟਿਕੇ ਰਹੋ। ਬਾਬਾ ਏਦਾਂ ਹੀ ਮੰਨ ਗਿਆ।

ਜਦੋਂ ਰੌਲਾ ਪੈ ਗਿਆ, ਘਰਦਿਆਂ ਨੇ ਦੱਸਿਆ ਤਾਂ ਬਾਬੇ ਨੇ ਮੋਰ੍ਹਿਉਂ ਡਾਂਟਿਆ ਕਿ ਉਹ ਐਵੇਂ ਹਰ ਵੇਲੇ ਇਕੋ ਰਟ ਲਾਈ ਰਖਦੇ ਆ। ਫਿਰ ਸਿਰ ਤੇ ਹੀ ਆ ਪਈ, ਬਾਪ ਦਸਦਾ ਹੈ ਕਿ ਇਨ੍ਹਾਂ ਕੋਲ ਛਿੰਗੇ ਵਹਿੜਿਆਂ ਦੀਆਂ ਤਿੰਨ ਜੋਗਾਂ ਸੀ। ਕੁਝ ਮਹੀਨੇ ਪਹਿਲਾਂ ਇਨ੍ਹਾਂ ਨੂੰ ਉਨ੍ਹਾਂ ਦਾ ਤਿੰਨ ਤਿੰਨ ਸੌ ਮਿਲਦਾ ਸੀ। ਇਨ੍ਹਾਂ ਦੀਆਂ ਅੱਖਾਂ ਸਾਹਮਣੇ ਰੱਸੇ ਖੋਲ੍ਹ ਕੇ ਲੈ ਗਏ। ਮੱਝਾਂ ਵੀ ਲੈ ਗਏ। ਕਿਸੇ ਕੋਲੋਂ ਦੂਰ ਫਿੱਟੇ ਵੀ ਨਾ ਕਹਿ ਹੋਈ। ਜਦੋਂ ਸਿਰ ਲੁਕੌਣ ਨੂੰ ਮੱਦੂ ਜਾਂਗਲੀ ਇਨ੍ਹਾਂ ਨੂੰ ਆਪਣੇ ਘਰ ਲੈ ਗਿਆ ਤਾਂ ਮੁਸਲਮਾਨ, ਉਹਨੂੰ ਵੀ ਮਾਰਨ ਪੈ ਗਏ ਕਿ ਤੂੰ ਸਿੱਖਾਂ ਨੂੰ ਆਪਣੇ ਘਰ ਲੁਕੋਇਆ ਹੈ।

ਮੇਰਾ ਬਾਪ ਤੇ ਤਾਇਆ ਹੋਰ ਰਿਸ਼ਤੇਦਾਰਾਂ ਕੋਲ ਰੌਲੇ ਦੀ ਖ਼ਬਰ ਲੈਣ ਗਏ, ਘੇਰੇ ਗਏ ਸੀ। ਉਨ੍ਹਾਂ ਨੇ ਓਥੇ ਹੀ ਇਨ੍ਹਾਂ ਦੇ ਕੇਸ ਲਾਹ ਦਿੱਤੇ। ਬਾਬੇ ਦੀ ਜਾਨ ਮੁੱਠ 'ਚ ਆਈ ਹੋਈ ਸੀ। ਇਹਦੇ ਦੋ ਪੁੱਤਾਂ ਦਾ ਕੋਈ ਪਤਾ ਥਹੁ ਨਹੀਂ ਸੀ ਲੱਭਦਾ। ਧੀਆਂ ਨੂੰ 'ਕੱਲੀਆਂ ਛੱਡ ਆਪ ਲੱਭਣ ਜਾਣੋਂ ਰਿਹਾ। ਜੁਆਨ ਪੁੱਤਾਂ ਬਿਨਾਂ ਮੈਂ ਧੀਆਂ ਨੂੰ ਕੀ ਕਰਨਾ, ਉਹ ਕਹਿੰਦਾ। ਸਾਰਿਆਂ ਤੋਂ ਛੋਟਾ ਡੇਡ ਸਾਲ ਦਾ ਸੀ। ਧੀਆਂ ਨੂੰ ਆਪਣੇ ਹੱਥੀਂ ਮਾਰਨ ਦਾ ਮਨ ਵੀ ਬਣਾਇਆ ਲੁਕਦੇ ਲੁਕਾਉਂਦੇ ਬਿਨਾਂ ਕੇਸਾਂ ਤੋਂ ਘਰ ਆਏ ਬਾਪ ਤੇ ਤਾਏ ਵੱਲ ਬਾਬਾ ਔਂਰ੍ਹਾ ਔਂਰ੍ਹਾ ਦੇਖੇ, ਪਰ ਕਿਹਾ ਕੁਝ ਨਾ।

ਜਦੋਂ ਉਜੜੇ ਤਾਂ ਸਾਰਾ ਸਮਾਨ ਵਿਹੜੇ ਵਿਚਲੀ ਖੂਹੀ 'ਚ ਸੁੱਟ ਤਾ। ਰਾਹ ਵਿਚ ਦਾਦੀ ਪੜਦੇ ਨਾਲ ਆਪਣੇ ਡੇੜ੍ਹ ਸਾਲ ਦੇ ਪੁੱਤ ਨੂੰ ਵਾਹਣ 'ਚ ਢੀਮਾਂ ਦੇ ਢੇਰ ਓਹਲੇ ਬਿਠਾ ਆਈ। ਜਦੋਂ ਮੇਰੀ ਭੂਆ ਨੂੰ ਪਤਾ ਲੱਗਾ ਤਾਂ ਉਹ 'ਕੱਲੀ ਦੋ-ਤਿੰਨ ਮੀਲ ਪਿੱਛੇ ਜਾਕੇ ਚੁੱਕ ਲਿਆਈ। ਉਹ ਕਹਿੰਦੀ ਜੇ ਮਰਾਂਗੇ ਤਾਂ ਸਾਰੇ ਹੀ ਇਕੱਠੇ ਮਰਾਂਗੇ। ਇਹਨੂੰ 'ਕੱਲੀ ਜਾਨ ਨੂੰ ਕਿਓਂ ਛੱਡ ਜਾਈਏ। ਮੇਰੀ ਭੂਆ ਦੋ ਵੇਲੇ ਪਾਠ ਕਰਦੀ ਸੀ ਤੇ ਵਾਹਿਗੁਰੂ ਤੇ ਵੱਡਾ ਭਰੋਸਾ ਸੀ ਉਹਨੂੰ। ਉਹਦਾ ਕਹਿਣਾ ਸੀ ਕਿ ਸਾਡਾ ਵਾਲ ਵਿੰਗਾ ਨਹੀਂ ਹੋਣਾ। ਕਿਸੇ ਨੇ ਅੱਖ ਚੱਕ ਕੇ ਨਹੀਂ ਦੇਖਣਾ, ਸਾਡੇ ਵਲ। ਸਾਡਾ ਵਾਹਿਗੁਰੂ ਹੱਥ ਦੇ ਕੇ ਰੱਖਿਆ ਕਰੂਗਾ, ਸਾਡੀ।

ਉਦੋਂ ਝੱਖੜ ਬੜਾ ਆਇਆ ਸੀ। ਰੁੱਖ ਨਹਿਰਾਂ 'ਚ ਜਾ ਪਏ ਸਨ; ਉਨ੍ਹਾਂ 'ਚ ਫਸੀਆਂ, ਕੱਟੀਆਂ-ਵੱਢੀਆਂ ਲਾਸ਼ਾਂ ਸਨ ਜਾਂ ਲੱਤਾਂ, ਬਾਹਾਂ, ਸਿਰ ਤੇ ਧੜ। ਜੁਆਨ ਕੁੜੀਆਂ ਦੀਆਂ ਛਾਤੀਆਂ ਵੱਢੀਆਂ ਹੋਈਆਂ ਜਾਂ ਨੱਕ ਵੱਢੇ ਹੁੰਦੇ। ਲਾਸ਼ਾਂ ਡਾਫ ਮਾਰਦੀਆਂ। ਮਰੇ ਪਸ਼ੂਆਂ ਦੀ ਬੋਅ ਆਉਂਦੀ। ਬਾਪ ਦਸਦਾ ਹੈ ਕਿ ਓਦੋਂ ਦੋਹੀਂ ਪਾਸੀਂ ਹੱਈਆ (ਹੈਜ਼ਾ) ਪੈ ਗਿਆ ਸੀ। ਇਹ ਗੱਲਾਂ ਕਰਦਾ ਮੇਰਾ ਬਾਪ ਫੇਰ ਪਹਿਲਾਂ ਧਰਤੀ ਨੂੰ ਲਾ ਕੇ ਫਿਰ ਕੰਨਾਂ ਨੂੰ ਲਾਕੇ ਕਹਿੰਦਾ ਹੈ "ਤੋਬਾ ਤੋਬਾ, ਹੇ ਸੱਚਿਆ ਪਾਤਸ਼ਾਹ ਓਹੋ ਜਿਹੇ ਦਿਨ ਤਾਂ............। ਜੇ ਮੈਂ ਮੁੜ ਕੇ ਕੋਈ ਗੱਲ ਪੁੱਛ ਬੈਠਾਂ ਤਾਂ ਕਹਿੰਦਾ ਹੈ "ਲੈ..., ਤੈਨੂੰ ਦੱਸਿਆਂ ਤਾਂ ਹੈ"। ਅਸਲ 'ਚ ਉਹ ਇਹ ਗੱਲ ਛੇੜ ਕੇ ਖੁਸ਼ ਨਹੀਂ ਹੁੰਦਾ। ਅਜੇ ਵੀ ਕਦੇ ਟੈਲੀ ਤੇ ਮਨੁੱਖੀ-ਘਾਣ ਦੇਖ ਲਏ ਤਾਂ ਤਣ ਜਾਂਦਾ ਹੈ। ਨੇੜੇ ਹੋ ਕੇ ਦੇਖਣ ਲਗ ਪੈਂਦਾ ਹੈ। ਜੁਆਕਾਂ ਨੂੰ ਦਬਕ ਕੇ ਚੁਪ ਕਰਾ ਦਿੰਦਾ ਹੈ। ਓ ਹੋ ਹੋ ਹੋ ਇਹ ਭਾਣਾ ਕਿੱਥੇ ਵਰਤ ਗਿਆ, ਪੁੱਛਦਾ ਹੈ?

ਚੀਚਾਵਤਨੀ ਤੋਂ ਆ ਕੇ ਮਿੰਟਗੁਮਰੀ ਟੇਸ਼ਣ ਤੇ ਤਿੰਨ ਦਿਨ ਬੈਠ ਰਹੇ, ਲਾਹੌਰ ਜਾਣ ਲਈ। ਅੰਮ੍ਰਿਤਧਾਰੀ ਬਾਬੇ ਦੀ ਕੇਸ ਨਾ ਕਟਾਉਣ ਦੀ ਜ਼ਿੱਦ ਇਹਦੀਆਂ ਧੀਆਂ ਤੇ ਭੈਣ ਨੇ ਭੰਨੀ। ਏਨ੍ਹਾਂ ਤਰਲਾ ਮਾਰਿਆ, ਧੀਆਂ ਦੀ ਧਾੜ੍ਹ ਤੇਰੇ ਨਾਲ ਹੈ। ਤੇਰਾ ਕਰਕੇ ਇਹਨਾਂ ਨਾਲ ਕੋਈ ਧੱਕਾ ਹੋ ਜਊ।

ਅੱਗੇ ਜਿਹੜੀ ਗੱਡੀ ਤਿੰਨਾਂ ਘੰਟਿਆਂ ਵਿਚ ਲਾਹੌਰ ਲੱਗ ਜਾਂਦੀ ਸੀ, ਪੂਰੇ 24 ਘੰਟਿਆਂ 'ਚ ਪਹੁੰਚੀ। ਸਾਰੀ ਵਾਟ ਸਵਾਰੀਆਂ ਦੇ ਸਾਹ ਸੂਤੇ ਰਹੇ। ਚਿਹਰੇ ਪੀਲ਼ੇ ਭੂਕ। ਏਦੂੰ ਪਹਿਲੀ ਗੱਡੀ ਪੂਰੇ ਦੀ ਪੂਰੀ ਵੱਢ ਦਿੱਤੀ ਸੀ। ਜਿਥੇ ਗੱਡੀ ਖੜ੍ਹੀ ਹੋ ਜਾਂਦੀ, ਦੋ-ਦੋ ਤਿੰਨ-ਤਿੰਨ ਘੰਟੇ ਰੁਕੀ ਰਹਿੰਦੀ। ਲਾਹੌਰ ਪਹੁੰਚ ਕੇ ਤਿੰਨ ਦਿਨ ਵੱਡੇ ਸਾਰੇ ਕੈਂਪ 'ਚ ਬੈਠੇ ਰਹੇ। ਇਹ ਕਿਸੇ ਕਾਲਜ ਦੀ ਗਰਾਊਂਡ ਸੀ। ਏਥੇ ਏਨਾ ਮੁਲਕ 'ਕੱਠਾ ਹੋਇਆ ਸੀ ਕਿ ਰਹੇ ਰੱਬ ਦਾ ਨਾਂ। ਲੱਗੇ ਸਾਰੀ ਦੁਨੀਆਂ ਏਥੇ ਹੀ ਆ ਗਈ ਹੈ। ਜੰਗਲ ਪਾਣੀ ਦੀ ਬੜੀ ਔਖ। ਉੱਤੋਂ ਮਾਰੇ ਜਾਣ ਦਾ ਡਰ। ਭੁੱਖੇ ਨਿਆਣੇ ਕੁਰਬਲ ਕੁਰਬਲ ਕਰਦੇ। ਬੀਮਾਰ ਅੜ੍ਹਾਟ ਪਾਉਂਦੇ। ਬੀਬੀਆਂ, ਮਰਿਆਂ ਦੇ ਕੀਰਨੇ ਪਾਉਂਦੀਆਂ। ਸੁੱਤੇ ਉੱਭੜ ਉੱਭੜ ਕੇ ਉੱਠਦੇ। ਲਾਹੌਰੋਂ, ਮਿਲਟਰੀ ਦੇ ਟਰੱਕ ਅਟਾਰੀ ਥਾਣੀਂ ਅੰਮ੍ਰਿਤਸਰ ਵਿਚਦੀ ਹੋ ਕੇ ਜਲੰਧਰ ਛੱਡ ਜਾਂਦੇ। ਵਿਰਲੇ ਹੀ ਪੂਰੇ ਟੱਬਰਾਂ ਨਾਲ ਆਏ ਸੀ। ਦੇਖੋ ਰੱਬ ਦੇ ਰੰਗ, ਇਹ ਸਾਰਾ ਕਹਿਰ ਬੁੱਧ ਤੇ ਨਾਨਕ ਦੀਆਂ ਜੰਮਣ-ਭੋਆਂ ਤੇ ਹੀ ਹੋਇਆ ਹੈ।

ਜਦੋਂ ਇਹਨਾਂ ਨੂੰ ਜਲੰਧਰ ਦੇ ਕੰਪਨੀ ਬਾਗ ਚੌਕ ਲਾਹਿਆ, ਰਾਤ ਦੇ ਦਸ-ਗਿਆਰਾਂ ਵੱਜੇ ਸੀ। ਛੋਟੇ ਨਿਆਣੇ ਪਾਣੀ ਮੰਗਣ ਲੱਗੇ। ਬਾਬੇ ਨੇ ਪਰੇ ਹੋ ਕੇ ਚੌਕ 'ਚ ਦੂਸਰੇ ਪਾਸੇ ਮੂੰਹ ਕਰੀ ਖੜੇ ਪਹਿਰੇਦਾਰ ਨੂੰ ਕਿਹਾ, ਖਾਲਸਾ ਜੀ ਨਿਆਣੇ ਤਿਆਹੇ ਆ। ਪਾਣੀ ਦੀ ਸੇਵਾ ਕਰ ਦਿਓ। ਉਹਨੇ ਪਿੱਛੇ ਮੁੜ ਕੇ ਬੋਲਿਆ, ਓ ਤੂੰ ਰਾਮ ਸਿਓਂ ਆ? ਕੇਸਾਂ-ਦਾਹੜੀ ਤੋਂ ਬਿਨਾਂ ਓਹਨੇ ਬਾਬੇ ਨੂੰ ਪਛਾਣਿਆਂ ਹੀ ਨਾ। ਆਵਾਜ਼ ਪਛਾਣ ਲਈ ਸੀ। ਦੋਹਾਂ ਨੇ ਧਾਹ ਗਲਵਕੜੀ ਪਾਈ। ਫਿਰ ਕਿੰਨਾ ਚਿਰ ਦੋਵੇਂ ਰੋਂਦੇ ਰਹੇ। ਇਹ ਪਿੰਡ ਦਾ ਭਰੱਪੇ ਵਾਲਾ ਸੰਤਾ ਸਿਓਂ ਸੀ। ਇਹਨੇ ਬਾਬੇ ਨੂੰ ਦੱਸਿਆ ਕਿ "ਜਦੋਂ ਵੀ ਕੋਈ ਟਰੱਕ ਆਉਂਦਾ ਤਾਂ ਇਹ ਦੇਖਦਾ, ਕਿ ਸਾਡੇ ਬੰਦੇ ਕਦੋਂ ਆਉਣਗੇ। ਦਿਲ ਡਰ ਵੀ ਜਾਂਦਾ ਕਿਤੇ ਮਾੜੀ ਗੱਲ ਹੀ ਨਾ ਹੋ ਗਈ ਹੋਵੇ"। ਉਹ ਸਾਰੇ ਟੱਬਰ ਨੂੰ ਆਪਣੇ ਇੱਕ ਕਮਰੇ ਦੇ ਕੁਆਟਰ 'ਚ ਛੱਡ ਆਇਆ। ਰਾਸ਼ਨ ਪਾਣੀ ਦੇ ਕੇ ਕਹਿੰਦਾ ਖਾਓ ਪੀਓ, ਵਾਹਿਗੁਰੂ ਨੇ ਭਲੀ ਕੀਤੀ ਹੈ, ਸੁਖ-ਸੁਖਾਲੀ ਨਾਲ ਆ ਗਏ। ਹੁਣ ਕਿਸੇ ਦਾ ਡਰ ਨਹੀਂ। ਫਿਰ ਡਿਊਟੀ ਤੇ ਚਲਾ ਗਿਆ।

ਸਵੇਰੇ ਜਲੰਧਰੋਂ ਨਕੋਦਰ ਨੂੰ ਬੱਸ ਫੜੀ ਤੇ ਅੱਗੇ ਪਿੰਡ ਨੂੰ ਪੈਰੀਂ ਤੁਰ ਪਏ - ਸਿੱਧਾ ਮਹੇੜੂ, ਢਾਹੇ-ਮੰਢਿਆਲੇ ਥਾਣੀਂ। ਸਾਰੀ ਵਾਟ ਸੜਕ ਦੇ ਕੰਢ ਕੰਢੇ ਮੁਸਲਮਾਨਾਂ ਦੇ ਕਾਫ਼ਲੇ ਬੈਠੇ ਸਨ। ਓਂਜਣ ਲਈ। ਪਾਕਿਸਤਾਨ ਜਾਣ ਲਈ। ਜਿਨ੍ਹਾਂ ਦਾ ਜਾਨੀ ਨੁਕਸਾਨ ਹੋਇਆ ਸੀ ਉਹ ਕਾਫਲੇ ਨੂੰ ਬੁਰਾ-ਭਲਾ ਬੋਲਦੇ। ਉਹ ਸਹਿਮੇ ਹੋਏ ਸਨ। ਵਿਚਾਰੇ ਚੁੱਪ ਕਰਕੇ ਨੀਵੀਂ ਪਾ ਲੈਂਦੇ। ਕੁਝ ਫਿਸ ਪੈਂਦੇ। ਕੁਝ ਡੌਰ-ਭੌਰ ਹੀ ਝਾਕੀ ਜਾਂਦੇ। ਖੌਪੀਏ ਘਰ ਆਏ ਤਾਂ ਰੌਲਾ ਪੈ ਗਿਆ, ਰਾਮ ਸਿਓਂ ਕੇ ਆ ਗਏ, ਰਾਮ ਸਿਓਂ ਕੇ ਆ ਗਏ। ਲੋਕਾਂ ਨੇ ਮਰ ਮੁਕ ਗਏ ਸਮਝ ਕੇ ਕੋਠਿਆਂ ਤੇ ਕਬਜ਼ੇ ਕਰਨੇ ਸ਼ੁਰੂ ਕਰਤੇ ਸੀ। ਇਹ ਬਾਤ ਪਾਉਂਦਿਆਂ ਮੇਰੇ ਦਿਲ ਨੂੰ ਡੋਬੂ ਪੈਣ ਲਗ ਪੈਂਦੇ ਹਨ। ਮੈ ਸੋਚਦਾ ਹਾਂ ਜਿਨ੍ਹਾਂ ਇਹ ਸਾਰਾ ਕਹਿਰ ਸਿਰ ਤੇ ਝੱਲਿਆ ਹੈ, ਅੱਖੀਂ ਦੇਖਿਆ ਹੈ ਉਨ੍ਹਾਂ ਦੇ ਦਿਲ ਤੇ ਕੀ ਗੁਜ਼ਰਦੀ ਹੈ। □


# Best Truck Wash

**Your Mobile Wash Professionals Edmonton & Area**

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ। ਵਧੀਆ ਸਰਵਿਸ ਲਈ ਸੰਪਰਕ ਕਰੋ।

ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck **anywhere in** Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:

BIN: (780) 267-9102

CAM: (780) 238-8161

# NIRVANA

**Restaurant ✵ Lounge ✵ Hall**

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste......
I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**

**EMAIL: info@nirvanacalgary.com**



# ਨਵੀਂ ਦੁਨੀਆ ਦਾ ਇਕ ਸਾਲ ਦਾ ਸ.ਫਰ

## ਨਵੀਂ ਦੁਨੀਆ ਦੀਆਂ ਪੈੜਾਂ

ਨਵੀਂ ਦੁਨੀਆ ਨੇ ਇਕ ਸਾਲ ਦਾ ਪੰਧ ਤੈਅ ਕਰ ਲਿਆ ਹੈ। ਇਸ ਅਰਸੇ ਦੌਰਾਨ ਸਾਡੇ ਇਸ ਯਤਨ ਨੂੰ ਕਿੰਨੀ ਕੁ ਸਫਲਤਾ ਹਾਸਲ ਹੋਈ ਹੈ, ਇਸ ਗੱਲ ਦਾ ਨਿਰਣਾ ਕਰਨ ਲਈ ਅਸੀਂ ਯੋਗ ਅਧਿਕਾਰੀ ਨਹੀਂ ਹਾਂ। ਇਹ ਨਿਰਣਾ ਨਵੀਂ ਦੁਨੀਆ ਦੇ ਸੁੱਘੜ ਤੇ ਸੁਹਿਰਦ ਪਾਠਕਾਂ ਨੇ ਕਰਨਾ ਹੈ। ਅਸੀਂ ਸਿਰਫ ਉਸ ਵਾਅਦੇ ਦੀ ਪੂਰਤੀ/ਅਪੂਰਤੀ ਦਾ ਜਾਇਜ਼ਾ ਹੀ ਲੈ ਸਕਦੇ ਹਾਂ, ਜੋ ਸਾਡੇ ਵਲੋਂ ਪੰਜਾਬੀ ਪੱਤਰਕਾਰੀ ਦੇ ਦਰ ਦਸਤਕ ਦੇਣ ਲਗਿਆਂ ਨਵੀਂ ਦੁਨੀਆ ਦੇ ਪਹਿਲੇ ਸੰਪਾਦਕੀ ਵਿਚ ਕੀਤਾ ਗਿਆ ਸੀ। ਅਜੋਕੀ ਪੰਜਾਬੀ ਪੱਤਰਕਾਰੀ ਦਾ ਘੇਰਾ ਬਹੁਤ ਵਿਸ਼ਾਲ ਹੈ। ਅਸੀਂ ਇਸ ਖੇਤਰ ਵਿਚ ਇਸ ਵਚਨਬੱਧਤਾ ਨਾਲ ਪ੍ਰਵੇਸ਼ ਕੀਤਾ ਸੀ ਕਿ ਪੱਤਰਕਾਰੀ ਦੇ ਸਸ਼ਕਤ ਮਧਿਅਮ ਰਾਹੀਂ ਨਾਂ ਕੇਵਲ ਦੇਸ਼-ਦੁਨੀਆ ਦੇ ਲੋਕ-ਸਭਿਆਚਾਰ ਦੀ ਰਾਖੀ ਕੀਤੀ ਜਾਵੇਗੀ ਸਗੋਂ ਸਾਡਾ ਧਿਆਨ ਪ੍ਰਕਿਰਤਕ ਜੀਵਨ ਨੂੰ ਬਚਾਉਣ ਉਪਰ ਵੀ ਕੇਂਦਰਿਤ ਰਹੇਗਾ। ਨਵੀਂ ਦੁਨੀਆ ਦੇ ਅੰਕਾਂ ਵਿਚ ਅਸੀਂ ਦੁਨੀਆ ਭਰ ਦੇ ਸਮਾਜਿਕ, ਸਭਿਆਚਾਰਕ ਤੇ ਰਾਜਸੀ ਵਿਸ਼ਿਆਂ ਉਪਰ ਲੇਖ ਪ੍ਰਕਾਸ਼ਿਤ ਕੀਤੇ ਹਨ। ਨਾਲ ਹੀ ਅਸੀਂ ਮਨੁੱਖੀ ਵਾਤਾਵਰਣ ਨਾਲ ਜੁੜੇ ਮਾਮਲਿਆਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ। ਫਿਰ ਵੀ ਅਸੀਂ ਨਿਰਸੰਕੋਚ ਸਵੀਕਾਰ ਕਰਦੇ ਹਾਂ ਕਿ ਨਵੀਂ ਦੁਨੀਆਂ ਵਿਚ ਪ੍ਰਕਾਸ਼ਿਤ ਲੇਖ ਵਧੇਰੇ ਕਰ ਕੇ ਪੰਜਾਬ ਨਾਲ ਹੀ ਸਬੰਧਿਤ ਰਹੇ। ਭਵਿੱਖ ਵਿਚ ਅਸੀਂ ਖਿਆਲ ਰੱਖਾਂਗੇ ਕਿ ਲੇਖਾਂ ਦੇ ਵਿਸ਼ੇ ਅਜਿਹੇ ਹੋਣ, ਜਿਹੜੇ ਮੈਗਜ਼ੀਨ ਵਿਚ ਖੇਤਰੀ (ਪੰਜਾਬ) ਤੇ ਸੰਸਾਰ-ਪੱਧਰੀ ਜ਼ਿੰਦਗੀ ਦਾ ਸੰਤੁਲਿਤ ਪ੍ਰਭਾਵ ਪੈਦਾ ਕਰਨ।

ਮਨੁੱਖ ਤੇ ਉਸ ਦੇ ਵਾਤਾਵਰਣ ਦੇ ਨਿਰੰਤਰ ਤਬਦੀਲ ਹੁੰਦੇ ਰਹਿਣ ਦੀ ਗੱਲ ਵੀ ਅਸੀਂ ਆਪਣੇ ਪਹਿਲੇ ਸੰਪਾਦਕੀ ਵਿਚ ਕੀਤੀ ਸੀ। ਇਹ ਵੀ ਕਿਹਾ ਸੀ ਕਿ ਜ਼ਰੂਰੀ ਨਹੀਂ ਕਿ ਮਨੁੱਖ ਤੇ ਉਸ ਦੇ ਵਾਤਾਵਰਣ ਵਿਚ ਵਾਪਰ ਰਹੀ ਤਬਦੀਲੀ ਦੌਰਾਨ ਦੋਵਾਂ ਵਿਚਕਾਰ ਝਟਪਟ ਇਕਸੁਰਤਾ ਕਾਇਮ ਹੋ ਜਾਵੇ। ਮਨੁੱਖ ਵਿਚਾਰਸ਼ੀਲ ਪ੍ਰਾਣੀ ਹੋਣ ਕਾਰਨ ਹਰ ਤਬਦੀਲੀ ਨੂੰ ਫੌਰਨ ਅਤੇ ਇੰਨ-ਬਿੰਨ ਨਹੀਂ ਕਬੂਲਦਾ। ਅਜਿਹਾ ਕਰਨਾ ਮਨੁੱਖ ਦੇ ਹਿੱਤ ਵਿਚ ਵੀ ਨਹੀਂ ਹੁੰਦਾ। ਇਸ ਸਮੇਂ ਇੰਟਰਨੈੱਟ ’ਤੇ ਬੇਸ਼ੁਮਾਰ ਜਾਣਕਾਰੀ ਉਪਲੱਬਧ ਹੈ। ਫਿਰ ਵੀ ਇਹ ਜਾਣਕਾਰੀ ਅਜੋਕੇ ਮਨੁੱਖ ਨੂੰ ਕੋਈ ਸਾਰਥਕ ਦਿਸ਼ਾ ਦੇਣ ਵਿਚ ਅਸਮੱਰਥ ਹੈ। ਇਹ ਜਾਣਕਾਰੀ ਇਕ ਪਾਸੇ ਦੇਖਣ ਵਾਲੇ ਨੂੰ ਚਕਰਾ ਦਿੰਦੀ ਹੈ, ਦੂਜੇ ਪਾਸੇ ਇਸ ਨੇ ਪੱਤਰਕਾਰੀ ਦੀ ਮੌਲਿਕਤਾ ਵੀ ਨਸ਼ਟ ਕਰ ਦਿਤੀ ਹੈ। ਨਵੀਂ ਦੁਨੀਆ ’ਚ ਸਾਡੀ ਕੋਸ਼ਿਸ਼ ਰਹੀ ਹੈ ਕਿ ਇਸ ਵਿਚ ਪ੍ਰਕਾਸ਼ਿਤ ਸਮਗਰੀ ਇੰਟਰਨੈੱਟ ਦਾ ਪਰਛਾਵਾਂ ਮਾਤਰ ਨਾ ਹੋਵੇ। ਇਹ ਚਿੰਤਨ, ਖੋਜ ਤੇ ਵਿਸ਼ਲੇਸ਼ਣ ਉਪਰ ਅਧਾਰਤ ਹੋਵੇ ਅਤੇ ਪਾਠਕਾਂ ਲਈ ਸੁਝਾਅਪੂਰਣ ਵੀ ਹੋਵੇ।

ਜ਼ਿੰਮੇਵਾਰੀਆਂ ਤੇ ਜਵਾਹਦੇਹੀ ਤੋਂ ਮੁਕਤ ਪੱਤਰਕਾਰੀ ਨੇ ਇਸ ਖੇਤਰ ਨੂੰ ਪ੍ਰਦੂਸ਼ਿਤ ਕਰ ਰਖਿਆ ਹੈ। ਇਸ ਤਰ੍ਹਾਂ ਦੀ ਪੱਤਰਕਾਰੀ ਵਕਤੀ, ਵਿੱਤੀ ਜਾਂ ਖੋਖਲੀ ਸਫ਼ਲਤਾ ਤਾਂ ਹਾਸਲ ਕਰ ਲੈਂਦੀ ਹੈ ਪਰ ਸਭਿਆਚਾਰਕ ਗਿਰਾਵਟ ਨੂੰ ਵੀ ਜਨਮ ਦਿੰਦੀ ਹੈ। ਸਾਡੀ ਕੋਸ਼ਿਸ਼ ਰਹੀ ਹੈ ਕਿ ਨਵੀਂ ਦੁਨੀਆ ਦੇ ਮਧਿਅਮ ਰਾਹੀਂ ਨਰੋਈਆਂ ਤੇ ਉਸਾਰੂ ਕਦਰਾਂ ਕੀਮਤਾਂ ਦੀ ਪਹਿਰੇਦਾਰੀ ਕੀਤੀ ਜਾਵੇ, ਜਿਨ੍ਹਾਂ ਨੂੰ ਹਲਕੀ ਪੱਤਰਕਾਰੀ ਤੋਂ ਭਾਰੀ ਖਤਰਾ ਹੈ, ਅਸੀਂ ਅਜਿਹੀਆਂ ਲਿਖਤਾਂ ਪ੍ਰਕਾਸ਼ਿਤ ਕਰਨ ਨੂੰ ਹੀ ਤਰਜੀਹ ਦਿੱਤੀ ਹੈ, ਜਿਨ੍ਹਾਂ ਵਿਚ ਸਾਂਝੀਵਾਲਤਾ, ਧਰਮ ਨਿਰਪੱਖਤਾ ਤੇ ਭਾਈਚਾਰੇ ਦਾ ਸੁਨੇਹਾ ਦਿਤਾ ਗਿਆ ਹੋਵੇ। ਇਸ ਦਿਸ਼ਾ ਵਿਚ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ। ਮਸਲਨ ਅਸੀਂ ਦੂਸਰੀਆਂ ਭਾਸ਼ਾਵਾਂ ਦੇ ਅਨੁਵਾਦਿਤ ਸਾਹਿਤ ਨੂੰ ਨਵੀਂ ਦੁਨੀਆ ਵਿਚ ਬਹੁਤੀ ਥਾਂ ਨਹੀਂ ਦੇ ਸਕੇ। ਆਉਣ ਵਾਲੇ ਅੰਕਾਂ ਵਿਚ ਅਨੁਵਾਦਿਤ ਸਾਹਿਤ ਵਧੇਰੇ ਮਾਤਰਾ ਵਿਚ ਛਾਪਣ ਦਾ ਯਤਨ ਕਰਾਂਗੇ ਤਾਂ ਕਿ ਵਿਸ਼ਵ-ਸਮਾਜ ਨਾਲ ਸਾਡੀ ਸਾਂਝ ਹੋਰ ਪ੍ਰਫੁੱਲਤ ਹੋ ਸਕੇ।

ਸਾਡੇ ਪਾਠਕਾਂ, ਇਸ਼ਤਿਹਾਰਦਾਤਾਵਾਂ ਅਤੇ ਸਮੂਹ ਸਹਿਯੋਗੀਆਂ ਵਲੋਂ ਲਗਾਤਾਰ ਆਉਂਦੀਆਂ ਰਾਵਾਂ ਅਤੇ ਉਹਨਾਂ ਦੇ ਥਾਪੜੇ ਨੇ ਸਾਡੀ ਹਿੰਮਤ ਨੂੰ ਬਲ ਬਖਸ਼ਿਆ ਹੈ। ਭਾਵੇਂ ਅਸੀਂ ਸਿਨੇਮਾ, ਰੰਗਮੰਚ, ਖੇਡਾਂ, ਗੀਤ-ਸੰਗੀਤ ਬਾਰੇ ਫੀਚਰ ਅਕਸਰ ਪ੍ਰਕਾਸ਼ਿਤ ਕਰਦੇ ਰਹੇ ਹਾਂ, ਫਿਰ ਵੀ ਭਵਿੱਖ ਵਿਚ ਸਾਡੀ ਕੋਸ਼ਿਸ਼ ਰਹੇਗੀ ਕਿ ਸਭਿਆਚਾਰ ਨਾਲ ਜੁੜੇ ਇਨ੍ਹਾਂ ਪੱਖਾਂ ਉਪਰ ਸਥਾਈ ਫੀਚਰ ਸ਼ੁਰੂ ਕੀਤੇ ਜਾਣ। ਇਕ ਸਾਲ ਦਾ ਪੈਂਡਾ ਮਾਰ ਕੇ ਨਵੀਂ ਦੁਨੀਆ ਨੇ ਪੱਤਰਕਾਰੀ ਦੇ ਖੇਤਰ ਵਿਚ 'ਟਿਕਾਊ' ਹੋਣ ਦਾ ਭਰੋਸਾ ਪ੍ਰਾਪਤ ਕਰ ਲਿਆ ਹੈ। ਵਿਸ਼ਵਾਸ ਹੈ ਕਿ ਆਪਣੇ ਪਾਠਕਾਂ, ਇਸ਼ਤਿਹਾਰਦਾਤਾਵਾਂ ਅਤੇ ਸਮੂਹ ਸਹਿਯੋਗੀਆਂ ਦੇ ਵਡਮੁੱਲੇ ਸਾਥ ਸਦਕਾ ਕਾਫਲਾ ਬਣਕੇ ਅੱਗੇ ਵਧਣ ਦਾ ਸਾਡਾ ਸੁਪਨਾ ਵੀ ਜ਼ਰੂਰ ਸਾਕਾਰ ਹੋਵੇਗਾ।

**ਸੰਪਾਦਕੀ ਮੰਡਲ**



# Royal Executive Homes

## Town Houses in Wildwood

**Starting from: $ 289,900**

- Excellent Location
- Close to All Amenities.
- Transit Excess
- Affordable Prices

Selling very fast, book your unit now.




are now building

## wild wood TOWN HOUSES

For More Info Call:

**780-965-7390**
**780-906-4497**

*Golden Opportunity for first time home buyers and Investors.*




**Available from 1232 sq ft. to 1589 sq. ft. with attached Single and Double Garage. Starting price: $ 289,900**

**Unit A**




MAIN FLOOR AREA 597 Sq.F.
UPPER FLOOR AREA 992 Sq.F.
TOTAL LIVING AREA 1589 Sq.F.
GARAGE AREA 336 Sq.F.

**Unit B**




MAIN FLOOR AREA 498 Sq.F.
UPPER FLOOR AREA 734 Sq.F.
TOTAL LIVING AREA 1232 Sq.F.
GARAGE AREA 182 Sq.F.

**Unit C**




MAIN FLOOR AREA 524 Sq.F.
UPPER FLOOR AREA 780 Sq.F.
TOTAL LIVING AREA 1304 Sq.F.
GARAGE AREA 200 Sq.F.

wild wood TOWN HOUSES

**1820, 34th Ave Edmonton.**



# Supreme Pizza

## Punjabi Pizza

Menisa Plaza (on Millwood Road) 1079 Knottwood Road East NW Edmonton

**(780) 485-1213 or (780) 485-1231**

**Chicken Wings Hot, Honey Garlic**

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

**ਸੁਪਰੀਮ ਪੀਜ਼ਾ**

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

**ਪੰਜਾਬੀ ਸਟਾਈਲ ਪੀਜ਼ਾ**



**Delivery Hours**

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**Try Us Tonight For Best Deal In Town**

**3 For 1**
Any 3 Toppings
12" Medium - 14" Large

**Buy 1 Get 1 Free**

**List of Toppings**

Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**

BRIDGEPORT HOMES LTD.

**BEST PRICES IN TOWN**
**WE ASSURE BEATING MARKET PRICE**

**Now Lots available for big houses**
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



For more information call: **Dolly Chauhan @ 780-935-7718**